ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free

ਸਾਲ : 5 ਅੰਕ : 2 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਫਰਵਰੀ 2014



21 ਫ਼ਰਵਰੀ ਕੌਮਾਂਤਰੀ ਮਾਤ ਭਾਸ਼ਾ ਦਿਵਸ : ਭਾਸ਼ਾਈ ਅੰਦੋਲਨ ਚਲਾ ਰਹੇ ਬੰਗਾਲੀ ਲੋਕਾਂ ਦਾ ਪਾਕਿਸਤਾਨੀ ਫ਼ੌਜ ਵਲੋਂ ਕਤਲੇਆਮ ਕੀਤਾ ਗਿਆ।(1952)



ਅਲਬਰਟਾ ਦੇ ਪੰਜਾਬ ਤੇ ਮੇਘਾਲਿਆ ਨਾਲ ... ਪੰਨਾ-3



ਮਿਡ-ਡੇਅ ਮੀਲ ਦਾ ਅਧਿਆਪਕਾਂ 'ਤੇ ਪਾਇਆ ਜਾ ਰਿਹੈ ਬੋਝ ਪੰਨਾ-9



ਮੇਰੇ ਲਈ ਕਲਾ ਦੀ ਸੁਚੇਤ ਸਿਰਜਣਾ ਕਲਾ ਨਹੀਂ : ਆਨੰਦ ਪਟਵਰਧਨ ਪੰਨਾ-27



ਸਿਨੇਮਾ ਤੇ ਮਨੁੱਖੀ ਸਰੋਕਾਰ ਪੰਨਾ-46

# ਕਨੇਡਾ ਦੇ ਨਾਗਰਿਕਤਾ ਕਾਨੂੰਨ ਵਿੱਚ ਸੋਧ

**ਹਰ ਕੋਨੇ ਵਿੱਚ ਬਹਿਸ ਛਿੜੀ**

- ਲੈਂਲੀ ਰਿਕੋ ਨੇ ਕਿਹਾ : ਨਾਗਰਿਕਤਾ ਕਾਨੂੰਨ ਨਾਲ ਨਹੀਂ ਅਪਰਾਧੀਆਂ ਨੂੰ ਨੱਥ ਨਹੀਂ ਪਾਈ ਜਾ ਸਕਦੀ
- ਆਵਾਸੀਆਂ ਨੇ ਕਿਹਾ : ਸਰਕਾਰ ਭੇਦਭਾਵ ਵਾਲੀ ਨੀਤੀ 'ਤੇ ਉਤਰੀ



ਐਡਮਿੰਟਨ (ਨਦਬ) : ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਆਵਾਸ ਦੇ ਮਾਮਲੇ ਵਿੱਚ ਪੱਛਮੀ ਜਗਤ ਦੀਆਂ ਸਰਕਾਰਾਂ ਦੀ ਸੋਚ ਹਮੇਸ਼ਾ ਤੰਗ ਰਹੀ ਹੈ ਤੇ ਉਨ੍ਹਾਂ ਹਮੇਸ਼ਾ ਆਪਣੇ ਮੁਕਾਮੀ ਹਿੱਤਾਂ ਨੂੰ ਪਹਿਲ ਦਿੱਤੀ ਹੈ। ਪੱਛਮੀ ਜਗਤ ਦੀਆਂ ਸਰਕਾਰਾਂ ਦੇ ਇਸ ਤੰਗ ਨਜ਼ਰੀਏ ਵਿੱਚੋਂ ਕਾਮਾਗਾਟਾਮਾਰੂ ਵਰਗੇ ਦੁਖਾਂਤ ਪੈਦਾ ਹੋਏ ਹਨ। ਜੇ ਇਸ ਵਰਤਾਰੇ ਨੂੰ ਗਹੁ ਨਾਲ ਵਾਚੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਖੇਤਰ ਵਿੱਚ ਅਮਰੀਕਾ ਅਤੇ ਕਨੇਡਾ ਹੁਣ ਪੱਛਮੀ ਜਗਤ ਦੀ ਅਗਵਾਈ ਕਰ ਰਹੇ ਹਨ। ਇਸੇ ਸੰਦਰਭ ਵਿੱਚ ਹੀ ਪਿਛਲੇ ਦਿਨੀਂ ਕਨੇਡਾ ਦੀ ਸਰਕਾਰ ਵੱਲੋਂ ਨਾਗਰਿਕਤਾ ਕਾਨੂੰਨ ਵਿੱਚ ਸੋਧ ਕਰਨ ਦੇ ਬਹਾਨੇ ਸਦਨ ਵਿੱਚ ਬਿਲ ਸੀ 24 ਪੇਸ਼ ਕੀਤਾ ਗਿਆ ਹੈ।

☛ ਬਾਕੀ ਸਫ਼ਾ 5 'ਤੇ

## ਨਾਗਰਿਕਤਾ ਅਧਿਕਾਰ ਨਹੀਂ ਸਹੂਲਤ: ਕ੍ਰਿਸ਼ ਅਲੈਗਜ਼ੈਂਡਰ



ਆਵਾਸ ਮੰਤਰੀ ਕ੍ਰਿਸ਼ ਅਲੈਗਜ਼ੈਂਡਰ ਨੇ ਕਿਹਾ ਆਵਾਸੀਆਂ ਨੂੰ ਕਨੇਡਾ ਦੀ ਨਾਗਰਿਕਤਾ ਦਾ ਪੱਕਾ ਅਧਿਕਾਰ ਨਹੀਂ, ਸਗੋਂ ਇਹ ਉਨ੍ਹਾਂ ਨੂੰ ਸਰਕਾਰ ਵੱਲੋਂ ਦਿੱਤੀ ਗਈ ਸਹੂਲਤ ਹੈ। ਉਨ੍ਹਾਂ ਕਿਹਾ ਕਿ ਜੇਕਰ ਆਵਾਸੀ ਜ਼ਿਆਦਾ ਸਮਾਂ ਕਨੇਡਾ ਵਿੱਚ ਰਹਿਣਗੇ ਤਾਂ ਹੀ ਇੱਥੋਂ ਦੇ ਸੱਭਿਆਚਾਰ ਦਾ ਹਿੱਸਾ ਬਣਨਗੇ ਤੇ ਇੱਥੋਂ ਦੇ ਸਮਾਜ ਦੀ ਖੁਸ਼ਹਾਲੀ ਵਿੱਚ ਆਪਣਾ ਯੋਗਦਾਨ ਪਾ ਸਕਣਗੇ।

## ਨਵੀਆਂ ਸੋਧਾਂ

- ਬਿਲ ਦੀਆਂ ਮਹੱਤਵਪੂਰਨ ਸੋਧ ਅਨੁਸਾਰ ਨਵੇਂ ਆਏ ਆਵਾਸੀਆਂ ਲਈ 6 ਵਿੱਚੋਂ 4 ਸਾਲਾਂ ਦੀ ਰਿਹਾਇਸ਼ ਬਾਰੇ ਸਬੂਤ ਪੇਸ਼ ਕਰਨੇ ਜ਼ਰੂਰੀ ਹੋਣਗੇ ਜਦੋਂਕਿ ਮੌਜੂਦਾ ਕਾਨੂੰਨ ਅਨੁਸਾਰ ਇਹ ਸਮਾਂ 4 ਵਿੱਚੋਂ 3 ਸਾਲ ਦਾ ਹੈ।
- ਪ੍ਰਸਤਾਵਤ ਕਾਨੂੰਨ ਅਨੁਸਾਰ ਪੀ.ਆਰ ਹਾਸਲ ਕਰਨ ਵਾਲੇ ਵਿਅਕਤੀ ਨੂੰ ਸਾਲ 'ਚ 183 ਦਿਨ ਕਨੇਡਾ ਵਿੱਚ ਰਹਿਣਾ ਲਾਜ਼ਮੀ ਹੋਵੇਗਾ, ਇਹੀ ਨਹੀਂ ਇਸ ਸਮੇਂ ਦੌਰਾਨ ਸਭ ਤਰ੍ਹਾਂ ਦੇ ਟੈਕਸ ਭਰਨ ਦੀ ਸ਼ਰਤ ਵੀ ਲਾਜ਼ਮੀ ਰੱਖੀ ਗਈ ਹੈ।
- ਇਸ ਕਾਨੂੰਨ ਅਨੁਸਾਰ ਜਿਹੜੇ ਵਿਦਿਆਰਥੀ ਅਤੇ ਕਾਮੇ ਕੱਚੇ ਤੌਰ 'ਤੇ ਕਨੇਡਾ ਵਿੱਚ ਰਹਿ ਰਹੇ ਹਨ, ਉਹ ਬਹੁਤਾ ਚਿਰ ਨਹੀਂ ਰਹਿ ਸਕਣਗੇ।
- 14 ਤੋਂ 65 ਸਾਲਾਂ ਤਕ ਦੇ ਵਿਅਕਤੀਆਂ ਨੂੰ ਨਾਗਰਿਕਤਾ ਲੈਣ ਤੋਂ ਪਹਿਲਾਂ ਸਧਾਰਣ ਗਿਆਨ ਦਾ ਟੈਸਟ ਅਤੇ ਅੰਗਰੇਜ਼ੀ ਭਾਸ਼ਾ ਦਾ ਟੈਸਟ ਦੇਣਾ ਲਾਜ਼ਮੀ ਹੋਵੇਗਾ। ਜਦਕਿ ਪਹਿਲਾਂ ਇਹ ਉਮਰ 18 ਤੋਂ 54 ਸਾਲ ਸੀ।
- ਸ਼ਿਟੀਜ਼ਨਸ਼ਿਪ ਸਬੰਧੀ ਧੋਖਾਧੜੀ ਕਰਨ ਵਾਲਿਆਂ ਨੂੰ $1,00,000 ਜੁਰਮਾਨਾ ਤੇ ਇਕ ਸਾਲ ਦੀ ਕੈਦ ਹੋਵੇਗੀ। ਪਹਿਲਾਂ ਇਹ $1,000 ਜੁਰਮਾਨਾ ਤੇ ਇਕ ਸਾਲ ਦੀ ਕੈਦ ਸੀ।
- ਕਨੇਡਾ ਦੇ ਨਾਗਰਿਕ ਜਿਹੜੇ ਖ਼ਾਸ ਸੇਵਾਵਾਂ ਅਧੀਨ ਦੇਸ਼ ਤੋਂ ਬਾਹਰ ਕੰਮ ਕਰਦੇ ਹਨ, ਉਨ੍ਹਾਂ ਦੇ ਬੱਚਿਆਂ ਨੂੰ ਨਾਗਰਿਕਤਾ ਪਾਸ ਦਿੱਤੇ ਜਾਣਗੇ, ਇਹ ਕਾਨੂੰਨ ਗੋਦ ਲਏ ਬੱਚੇ 'ਤੇ ਵੀ ਲਾਗੂ ਹੋਵੇਗਾ।
- ਨਾਗਰਿਕਤਾ ਲੈਣ ਲਈ ਅਰਜ਼ੀ ਫੀਸ ਵਿਚ ਵੀ ਭਾਰੀ ਵਾਧਾ ਕੀਤਾ ਗਿਆ ਹੈ। ਇਹ ਫੀਸ ਹੁਣ $200 ਤੋਂ ਵਧਾ ਕੇ $400 ਕਰ ਦਿੱਤੀ ਗਈ ਹੈ।
- ਸਰਕਾਰ ਨੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਸ ਵਿਅਕਤੀ 'ਤੇ ਕਨੇਡਾ ਤੋਂ ਬਾਹਰ ਅਪਰਾਧਕ ਮਾਮਲੇ ਦਰਜ ਹਨ, ਉਸਨੂੰ ਕਿਸੇ ਵੀ ਹਾਲਤ ਵਿੱਚ ਨਾਗਰਿਕਤਾ ਨਾ ਦਿੱਤੀ ਜਾਵੇ।

# ਬਠਿੰਡਾ 'ਚ ਅਧਿਆਪਕਾਂ ਦਾ ਧਰਨਾ ਖ਼ਤਮ, ਬੱਚੀ ਦਾ ਸਸਕਾਰ

ਬਠਿੰਡਾ (ਨਦਬ) : ਈ.ਜੀ.ਐਸ. ਅਤੇ ਏ.ਆਈ.ਈ.ਈ. (ਈ.ਟੀ.ਟੀ.) ਯੂਨੀਅਨ ਦਾ ਸੰਘਰਸ਼ ਚੰਡੀਗੜ੍ਹ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗ ਤੋਂ ਬਾਅਦ ਖ਼ਤਮ ਹੋ ਗਿਆ। ਸਰਕਾਰ ਨੇ ਇਸ ਸੰਘਰਸ਼ ਦੌਰਾਨ ਠੰਢ ਨਾਲ ਮਰੀ ਬੱਚੀ ਰੂਥ ਦੇ ਪਿਤਾ ਨੂੰ ਸਰਕਾਰੀ ਨੌਕਰੀ, ਪਰਿਵਾਰ ਨੂੰ ਪੰਜ ਲੱਖ ਰੁਪਏ ਮੁਆਵਜਾ ਅਤੇ ਈ.ਟੀ.ਟੀ. ਕਰ ਚੁੱਕੇ ਏ.ਆਈ.ਈ.ਈ. ਅਤੇ ਈ.ਜੀ.ਐਸ. ਅਧਿਆਪਕਾਂ ਨੂੰ ਦੋ ਸਾਲ ਦੇ ਕੰਟਰੈਕਟ 'ਤੇ ਨੌਕਰੀ ਦੇਣ ਦੀਆਂ ਮੰਗਾਂ ਮੰਨ ਲਈਆਂ ਹਨ। ਸੱਤ ਦਿਨਾਂ ਦੇ ਅੰਦਰ ਇਨ੍ਹਾਂ ਨੂੰ ਨੌਕਰੀ 'ਤੇ ਨਿਯੁਕਤ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਈ.ਟੀ.ਟੀ. ਵਲੰਟੀਅਰਜ਼ ਨੂੰ ਪੰਜ ਹਜ਼ਾਰ ਅਤੇ ਈ.ਟੀ.ਟੀ. ਬੀ.ਐਸ. ਪਾਸ ਨਾ ਕਰਨ ਵਾਲੇ ਵਲੰਟੀਅਰਾਂ ਨੂੰ 2500 ਰੁਪਏ ਹਰ ਮਹੀਨੇ ਮਿਲਣਗੇ। ਮੀਟਿੰਗ ਤੋਂ ਬਾਅਦ ਯੂਨੀਅਨ ਦੀ ਮੁੱਖ



ਆਗੂ ਵੀਰਪਾਲ ਕੌਰ ਨੇ ਕਿਹਾ ਕਿ ਭਾਵੇਂ ਉਨ੍ਹਾਂ ਦੀ ਮੰਗ ਅਧਿਆਪਕਾਂ ਨੂੰ ਟੀਈਟੀ ਤੋਂ ਛੋਟ ਦੇ ਕੇ ਰੈਗੂਲਰ ਕਰਨ ਦੀ ਸੀ ਪਰ ਬੱਚੀ ਦਾ ਸਸਕਾਰ ਕਰਨ ਦੇ ਗੰਭੀਰ ਮੁੱਦੇ ਨੂੰ ਮੁੱਖ ਰਖਦਿਆਂ ਫਿਲਹਾਲ ਉਨ੍ਹਾਂ ਨੂੰ ਇਨ੍ਹਾਂ ਫ਼ੈਸਲਿਆਂ ਉਪਰ ਹਾਮੀ ਭਰਨੀ ਪਈ ਹੈ।

## ਏਕਨੂਰ ਦਾ ਸਸਕਾਰ

ਸਰਕਾਰ ਨਾਲ ਸਮਝੌਤਾ ਹੋਣ ਤੋਂ ਬਾਅਦ ਸੰਘਰਸ਼ ਦੌਰਾਨ ਦੌਰਾਨ ਠੰਢ ਨਾਲ ਦਮ ਤੋੜਨ ਵਾਲੀ 14 ਮਹੀਨੇ ਦੀ ਬੱਚੀ ਏਕਨੂਰ ਦਾ ਸਸਕਾਰ ਬਠਿੰਡਾ ਵਿਖੇ ਕਰ ਦਿੱਤਾ ਗਿਆ। ਬੱਚੀ ਦੀ ਦੇਹ ਤਿੰਨ ਦਿਨਾਂ ਤੋਂ ਸੰਘਰਸ਼ ਵਾਲੀ ਥਾਂ 'ਤੇ ਫਰੀਜ਼ਰ ਵਿੱਚ ਰੱਖੀ ਹੋਈ ਸੀ।

Super Visa
Medical Insurance
• ਸੁਪਰ ਵੀਜ਼ਾ ਐਪਲੀਕੇਸ਼ ਲਈ ਮੈਡੀਕਲ ਇੰਸ਼ੋਰੈਂਸ ਲੈਣਾ ਜ਼ਰੂਰੀ।
• ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For mor information please call
JASVIR DEOL 780-465-6900
JESSIE SINGH 403-830-7007

LUTHRA LAW GROUP
FREE CASE EVALUTION

■ Personal Injuries Representation
■ Real Estate Transactions
■ Immigration Law
■ Residential Real Estate Transactions
■ Criminal Case
■ Family Law Dispute & Mediation Service
■ Commercial Litigation
Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-466-4660 Fax : 780-463-4205

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖ਼ਰੀਦਣ ਲਈ
ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
REALTY EXECUTIVES

780-994-1600 (Cell)
780-450-6300 (24 Hrs)
Fax : 780-450-6670
Nusrat Ali Akhtar
Email : aakhtar@realtyexecutives.com
4107-99 St NW, Edmonton


3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Sweg Deol
Land Parcels Available in throughout Alberta
A.L.L. Stars Realty Ltd.,
312 Saddlebace Road, T6J 4R7
Cell : (780) 951-9873 Bus: (780) 434-4700


Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
ਰਘੁਬੀਰ ਸਿੰਘ ਭੰਡਾਲ : 780-554-9192
ਜਸਪਾਲ ਸਿੰਘ ਭੰਡਾਲ : 403-226-7136
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly,Multi-Cultural, Solution Oriented Staff, Community Supporter

ALL INDIA
RESTAURANT & SWEETS

Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca



# Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

780 485 1213 or 780 485 1231

Try Us Tonight For Best Deal
In Town
3 For 1
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

✪ Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

Fax: 780-406-6797

Email: ranjit_pawar@hotmail.com

# POWAR HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਊਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Contact At:
Ph: 780-695-6595

# A & K INSULATION & DRYWALL LTD.
Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

Rana : 780-245-5191 Joga : 780-245-5192

# PRITPAL KOONER
CGA PROFESSIONAL CORPORATION
Certified General Accountant

Professional Accounting & Tax Services



- Complete Accounting & Book-keeping
- Personal & Corporate Taxation
- Financial Statement Preparation

ਟੈਕਸ ਸੰਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਕਾਲ ਕਰੋ।

Ph:(780) 469-4985
Fax: (780) 469-4926

Unit# 218, 4128A-97 Street, Edmonton, AB T6E 5Y6

Email: pritpal@koonercpa.com Web: www.koonercpa.com

# EAGLEROCK GOLF COURSE
50549, RANGE ROAD 234 EDMONTON, AB

* ਜਨਮ ਦਿਨ , ਲੇਡੀਜ ਸੰਗੀਤ ਵਿਆਹ-ਸ਼ਾਦੀਆਂ ਪਾਰਟੀਆਂ 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ *

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

780 660 4090

# ALPHA
Tent Rentals
All Events Big or Small

We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





**ਮਾਮਲਾ : ਕਾਮਾਗਾਟਾ ਮਾਰੂ ਯਾਦਗਾਰ ਦਾ ਅਪਮਾਨ**

# ਮੁਆਫ਼ੀਨਾਮੇ ਦੇ ਪਰਪੰਚ ਵਿਰੁੱਧ ਰੋਸ



ਵੈਨਕੂਵਰ (ਨਦਬ) : ਕਾਮਾਗਾਟਾਮਾਰੂ ਜਹਾਜ਼ ਦੇ ਦੁਖਾਂਤ ਸਬੰਧੀ ਬਣੀ ਯਾਦਗਾਰ ਦੇ ਅਪਮਾਨ ਦਾ ਮਾਮਲਾ ਸੁਲਝਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਭਾਰਤੀ ਭਾਈਚਾਰੇ ਵਿਚ ਇਸ ਗੱਲੋਂ ਰੋਸ ਹੈ ਕਿ ਜਿਥੇ ਦੋਸ਼ੀ ਗੋਰੇ ਨੌਜਵਾਨ ਦੀ ਮਾਨਸਿਕ ਹਾਲਤ ਦਾ ਬਹਾਨਾ ਬਣਾ ਕੇ ਉਹਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਉਥੇ ਉਹਦੇ ਮੁਆਫ਼ੀਨਾਮੇ ਦਾ ਵੀ ਪਰਪੰਚ ਹੀ ਰਚਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਦੋਸ਼ੀ ਵਿਅਕਤੀ ਵਲੋਂ ਦਿੱਤਾ ਗਿਆ ਲਿਖਤੀ ਮੁਆਫ਼ੀਨਾਮਾ ਵੈਨਕੂਵਰ ਪੁਲੀਸ ਦੇ ਮੁਖੀ ਜਿੰਮ ਚੂ ਨੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਬੀ.ਸੀ. ਖ਼ਾਲਸਾ ਦਰਬਾਰ ਵੈਨਕੂਵਰ, ਪੰਜਾਬੀ ਮਾਰਕੀਟ ਵੈਨਕੂਵਰ ਅਤੇ ਸ਼ਹੀਦ ਭਾਈ ਮੇਵਾ ਸਿੰਘ ਸੁਸਾਇਟੀ ਕਨੇਡਾ ਦੇ ਆਗੂਆਂ ਨੂੰ ਸੌਂਪਿਆ ਹੈ।

☛ ਬਾਕੀ ਸਫ਼ਾ 5 'ਤੇ

# ਅਲਬਰਟਾ ਦੇ ਪੰਜਾਬ ਤੇ ਮੇਘਾਲਿਆ ਨਾਲ ਖੇਤੀਬਾੜੀ ਤੇ ਵਪਾਰਕ ਸਮਝੌਤਿਆਂ ਵਿਰੁੱਧ ਲਾਮਬੰਦੀ ਦਾ ਸੱਦਾ



ਨਵੀਂ ਦਿੱਲੀ (ਨਦਬ) : ਲੰਘੇ ਦਿਨੀਂ ਕਨੇਡਾ ਦੇ ਅਲਬਰਟਾ ਸੂਬੇ ਅਤੇ ਭਾਰਤ ਦੇ ਪੰਜਾਬ ਅਤੇ ਮੇਘਾਲਿਆ ਸੂਬਿਆਂ ਵਿਚਾਲੇ ਖੇਤੀਬਾੜੀ ਅਤੇ ਵਪਾਰਕ ਖੇਤਰ ਵਿਚ ਹੋਏ ਦੁਵੱਲੇ ਸਮਝੌਤਿਆਂ ਨੂੰ ਲੈ ਕੇ ਬਹੁਤ ਸਾਰੇ ਸ਼ੰਕੇ ਖੜੇ ਹੋ ਗਏ ਹਨ। ਇਨ੍ਹਾਂ ਸਮਝੌਤਿਆਂ ਨਾਲ ਪੰਜਾਬ ਅਤੇ ਮੇਘਾਲਿਆ ਦੇ ਖੇਤੀਬਾੜੀ ਅਤੇ ਵਪਾਰਕ ਹਿੱਤਾਂ ਨੂੰ ਲੱਗਣ ਵਾਲੀ ਭਾਰੀ ਸੱਟ ਦਾ ਚਰਚਾ ਹੁਣ ਆਮ ਹੋਣ ਲੱਗਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਥੇ ਅਲਬਰਟਾ ਸਰਕਾਰ ਦਾ ਇਹ ਦਾਅਵਾ ਹੈ ਕਿ ਇਨ੍ਹਾਂ ਸਮਝੌਤਿਆਂ ਨਾਲ ਉਥੋਂ ਦੇ ਕਿਸਾਨਾਂ ਅਤੇ ਵਪਾਰੀਆਂ ਨੂੰ ਵੱਡੇ ਲਾਭ ਮਿਲਣੇ ਹਨ; ਉਥੇ ਪੰਜਾਬ ਅਤੇ ਮੇਘਾਲਿਆ ਸਰਕਾਰਾਂ ਦਾ ਦਾਅਵਾ ਹੈ ਕਿ ਇਹਦੇ ਨਾਲ ਇਨ੍ਹਾਂ ਸੂਬਿਆਂ ਦੇ ਕਿਸਾਨਾਂ ਅਤੇ ਵਪਾਰੀਆਂ ਦੀ ਚਾਂਦੀ ਹੋਣ ਵਾਲੀ ਹੈ। ਪੰਜਾਬ ਅਤੇ ਮੇਘਾਲਿਆ ਦੇ ਖੇਤੀ ਅਤੇ ਵਪਾਰਕ ਖੇਤਰ ਵਿਚ ਇਹੀ ਸਵਾਲ ਪੁੱਛੇ ਜਾ ਰਹੇ ਹਨ ਕਿ ਦੋਵੇਂ ਪਾਸੀਂ ਲਾਭ ਕਿਵੇਂ ਹੋ ਸਕਦਾ ਹੈ।

☛ ਬਾਕੀ ਸਫ਼ਾ 41 'ਤੇ

# 14 ਸਾਲਾਂ ਵਿਚ 741 ਬੱਚਿਆਂ ਦੀ ਮੌਤ

**ਮਨਮੀਤ ਭੁੱਲਰ ਨੇ ਕਿਹਾ :**

**ਚਾਈਲਡ ਵੈਲਫ਼ੇਅਰ ਸਿਸਟਮ ਵਿਚ ਸੁਧਾਰਾਂ ਦੀ ਲੋੜ**

ਐਡਮਿੰਟਨ (ਨਦਬ) : ਸਰਕਾਰਾਂ ਪਰਿਵਾਰ ਅਤੇ ਬੱਚਿਆਂ ਦੀ ਭਲਾਈ ਨੂੰ ਲੈ ਕੇ ਭਾਵੇਂ ਕਿੰਨੇ ਵੀ ਦਮਗਜੇ ਮਾਰਨ ਪਰ ਵੱਖ-ਵੱਖ ਏਜੰਸੀਆਂ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੇ ਜਾਂਦੇ ਅੰਕੜੇ ਅਕਸਰ ਸਰਕਾਰਾਂ ਦੀ ਪੋਲ ਖੋਲ੍ਹ ਦਿੰਦੇ ਹਨ। ਪਿਛਲੇ ਦਿਨੀਂ ਸਾਡੇ ਸੂਬੇ ਵਿਚ ਵੀ ਅਜਿਹਾ ਹੀ ਵਾਪਰਿਆ ਹੈ। ਮਨੁੱਖੀ ਸੇਵਾਵਾਂ ਬਾਰੇ ਨਵੇਂ ਬਣੇ ਮੰਤਰੀ ਮਨਮੀਤ ਸਿੰਘ ਭੁੱਲਰ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਚੌਦਾਂ ਸਾਲਾਂ ਵਿਚ 741 ਅਜਿਹੇ ਬੱਚਿਆਂ ਦੀ ਮੌਤ ਹੋਈ ਹੈ, ਜਿਨ੍ਹਾਂ ਦਾ ਸਬੰਧ ਚਾਈਲਡ ਵੈਲਫ਼ੇਅਰ ਸਿਸਟਮ ਨਾਲ ਹੈ। ਮੰਤਰੀ ਦੁਆਰਾ ਇਨ੍ਹਾਂ ਬੱਚਿਆਂ ਬਾਰੇ ਹੋਰ ਕਿਸੇ ਤਰ੍ਹਾਂ ਦੀ ਜਾਣਕਾਰੀ ਨਸ਼ਰ ਨਹੀਂ ਕੀਤੀ ਗਈ, ਹਾਲਾਂਕਿ ਉਨ੍ਹਾਂ ਨੇ ਵਾਅਦਾ ਕੀਤਾ ਹੈ ਕਿ ਇਸ ਖੇਤਰ ਵਿਚ ਉਹ ਨਵੇਂ ਯੁਗ ਦਾ ਆਰੰਭ ਕਰਨਗੇ। ਇੱਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਅਖ਼ਬਾਰ ਵਿਚ 145 ਬੱਚਿਆਂ ਦੀ ਮੌਤ ਦੀ ਰਿਪੋਰਟ ਛਪੀ ਸੀ, ਜਿਨ੍ਹਾਂ ਦਾ ਪਾਲਣ ਪੋਸ਼ਣ ਸਿੱਧੇ ਤੌਰ 'ਤੇ ਸਰਕਾਰ ਕਰ ਰਹੀ ਸੀ। ਪਰ ਮਨਮੀਤ ਭੁੱਲਰ ਦੁਆਰਾ ਜਿਹੜੇ ਹੁਣ ਅੰਕੜੇ ਜਾਰੀ ਕੀਤੇ ਗਏ ਹਨ, ਇਸ ਤਰ੍ਹਾਂ ਦੇ ਭਿਆਨਕ ਅੰਕੜੇ ਸੂਬੇ ਵਿਚ ਪਹਿਲਾਂ ਕਦੇ ਸਾਹਮਣੇ ਨਹੀਂ ਆਏ। ਮਨਮੀਤ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਇਸ ਖੇਤਰ ਦੀ ਜਾਣਕਾਰੀ ਲੋਕਾਂ ਨੂੰ ਦਿੱਤੀ ਜਾਵੇ ਤਾਂ ਜੋ ਅਸਲ ਸਥਿਤੀ ਦਾ ਅੰਦਾਜ਼ਾ ਲਾ ਕੇ ਸਮੱਸਿਆਵਾਂ ਨਾਲ ਨਜਿੱਠਿਆ ਜਾ ਸਕੇ।

☛ ਬਾਕੀ ਸਫ਼ਾ 41 'ਤੇ

# ਪੋਸਟਲ ਕਾਮਿਆਂ ਵਲੋਂ ਪ੍ਰਸਤਾਵਤ ਤਬਦੀਲੀਆਂ ਖ਼ਿਲਾਫ਼ ਰੈਲੀ

ਓਟਵਾ : ਸੈਂਕੜੇ ਪੋਸਟਲ ਕਾਮਿਆਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਡਾਊਨਟਾਊਨ ਵਿਚ ਰੈਲੀ ਕੀਤੀ। ਇਨ੍ਹਾਂ ਕਾਮਿਆਂ ਦਾ ਕਹਿਣਾ ਹੈ ਕਿ ਸ਼ਹਿਰਾਂ ਵਿਚ ਘਰ ਘਰ ਜਾ ਕੇ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬੰਦ ਕਰਨ 'ਤੇ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਕੱਢਣ ਤੋਂ ਇਲਾਵਾ ਕਨੇਡਾ ਪੋਸਟ ਦੀ ਆਰਥਕ ਹਾਲਤ ਨੂੰ ਸਹੀ ਕਰਨ ਲਈ ਕਈ ਹੋਰ ਰਾਹ ਹਨ, ਜਿਨ੍ਹਾਂ ਨੂੰ ਅਪਨਾਇਆ ਜਾਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਦਸੰਬਰ ਵਿਚ ਕਨੇਡਾ ਪੋਸਟ ਨੇ ਇਹ ਐਲਾਨ ਕੀਤਾ ਸੀ ਕਿ ਅਗਲੇ ਪੰਜ ਸਾਲਾਂ ਵਿਚ ਉਹ ਸ਼ਹਿਰਾਂ ਵਿਚ ਘਰ ਘਰ ਜਾ ਕੇ ਡਾਕ ਵੰਡਣ ਦਾ ਕੰਮ ਬੰਦ ਕਰ ਦੇਵੇਗੀ। ਇਸ ਦੀ ਥਾਂ ਉੱਤੇ ਪੇਂਡੂ ਇਲਾਕਿਆਂ ਵਿਚ ਜਿਵੇਂ ਕਮਿਊਨਿਟੀ ਮੇਲਬਾਕਸ ਸਿਸਟਮ ਹੁੰਦਾ ਹੈ ਉਸ ਤਰ੍ਹਾਂ ਦਾ ਸਿਸਟਮ ਸ਼ੁਰੂ ਕੀਤਾ ਜਾਵੇਗਾ।

☛ ਬਾਕੀ ਸਫ਼ਾ 41 'ਤੇ

## ਕਨੇਡਾ ਪੋਸਟ ਦੇ ਸੀ.ਈ.ਓ. ਨੇ ਮੰਗੀ ਮੁਆਫ਼ੀ

ਕਨੇਡਾ ਪੋਸਟ ਦੇ ਸੀ.ਈ.ਓ. ਦੀਪਕ ਚੋਪੜਾ ਨੇ ਆਖਿਆ ਕਿ ਦਸੰਬਰ ਵਿਚ ਆਏ ਬਰਫ਼ੀਲੇ ਤੂਫ਼ਾਨ ਦੇ ਆਪਣੇ ਅਮਲੇ ਉੱਤੇ ਪਏ ਅਸਰ ਕਾਰਨ ਕਰਾਊਨ ਕਾਰਪੋਰੇਸ਼ਨ ਕਨੇਡੀਅਨਾਂ ਨੂੰ ਡਾਕ ਤਾਰ ਮਿਲਣ ਵਿਚ ਹੋਣ ਵਾਲੀ ਦੇਰ ਬਾਰੇ ਦੱਸਣਾ ਭੁੱਲ ਹੀ ਗਈ। ਚੋਪੜਾ ਨੇ ਆਖਿਆ ਕਿ ਇਸ ਲਈ ਉਹ ਆਪਣੇ ਗਾਹਕਾਂ ਤੋਂ ਮੁਆਫ਼ੀ ਮੰਗਦੇ ਹਨ। ਛੁੱਟੀਆਂ ਦੇ ਸੀਜ਼ਨ ਵਿਚ ਕਾਰਪੋਰੇਸ਼ਨ ਨੂੰ ਡਲਿਵਰੀ ਸਬੰਧੀ ਹੋਣ ਵਾਲੀਆਂ ਦਿੱਕਤਾਂ ਬਾਰੇ ਅਕਸਰ ਚੁੱਪ ਰਹਿਣ ਵਾਲੇ ਚੋਪੜਾ ਨੇ ਆਖਿਆ ਕਿ ਕਨੇਡਾ ਪੋਸਟ ਆਪਣੇ ਗਾਹਕਾਂ ਨਾਲ ਸੰਚਾਰ ਕਰਨ ਦਾ ਅਹਿਮ ਕਦਮ ਚੁੱਕਣਾ ਭੁੱਲ ਗਈ।

☛ ਬਾਕੀ ਸਫ਼ਾ 41 'ਤੇ


SAHARA INSURANCE GROUP

ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਕਾਲ ਕਰੋ



Truck Loan Insurance

DEEP GREWAL
204-996-2571

Life Insurance
Mortgage Insurance
Disability Insurance
Visitor Insurance
RESP, RRSP
Retirement Planning
Dental Insurance



Unit # F-10, 1833 INKSTER BLVD, WINNIPEG, MB R2X 1R3
Fax: (204) 480-8708 deepgrewal12@gmail.com www.saharainsurancegroup.ca

Maple DENTAL CLINIC

ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।



Cosmetic and preventive Dentistry including:
Cleaning — Crowns & Bridges
Invisalign — Partial & Full Dentures
Fillings — Sports & Night Guards
Root Canals — Teeth Whitening
TMJ — Extractions

Take Home Whitening Kits
with new patient exams & cleaning !

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 8 am to 2 pm

Dr. Sandeep Dhaliwal
DMD

4444-36 Ave NW Edmonton, AB T6L 3S1 780-440-5001 www. mapledentalclinic.ca Email : mapledent@shaw.ca

# ਅਲਬਰਟਾ ਵਾਸੀਆਂ ਦੀ ਸਿਹਤ ਸਬੰਧੀ ਅੰਕੜਿਆਂ ਵਾਲਾ ਲੈਪਟਾਪ ਚੋਰੀ

### ਕੰਪਨੀ ਵਲੋਂ ਸਮੇਂ ਸਿਰ ਜਾਣਕਾਰੀ ਨਾ ਦਿੱਤੇ ਜਾਣ 'ਤੇ ਸਿਹਤ ਮੰਤਰੀ ਖ਼ਫ਼ਾ



ਐਡਮਿੰਟਨ (ਨਦਬ) : ਪਿਛਲੇ ਦਿਨੀਂ ਸੂਬੇ ਦੇ ਸਿਹਤ ਮੰਤਰੀ ਫਰੈਡ ਹਰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਤੰਬਰ 2013 ਵਿਚ ਮੈਡੀਕਲ ਕਲੀਨਿਕ ਤੋਂ ਲੈਪਟਾਪ ਚੋਰੀ ਹੋਇਆ ਸੀ, ਜਿਸ ਵਿਚ ਲਗਭਗ 620000 ਅਲਬਰਟਾ ਵਾਸੀਆਂ ਦੀ ਸਿਹਤ ਨਾਲ ਸਬੰਧਤ ਅੰਕੜੇ ਬਿਨਾਂ ਕਿਸੇ ਵਿਸ਼ੇਸ਼ ਕੋਡ ਤੋਂ ਦਰਜ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਮੈਡੀਸੈਂਟਰਜ਼ ਫੈਮਿਲੀ ਹੈਲਥ ਕਲੀਨਿਕ ਦੇ ਵਾਈਸ ਪ੍ਰੈਜ਼ੀਡੈਂਟ ਦਾ ਖ਼ਤ ਪ੍ਰਾਪਤ ਹੋਇਆ, ਜਿਸ ਵਿਚ ਉਨ੍ਹਾਂ ਨੇ ਇਸ ਮਾਮਲੇ ਦੀ ਪੜਤਾਲ ਅਲਬਰਟਾ ਦੇ ਪ੍ਰਾਈਵੇਸੀ ਕਮਿਸ਼ਨਰ ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਗੁੱਸੇ ਦਾ ਇਜ਼ਹਾਰ ਕਰਦਿਆਂ ਕਿਹਾ, 'ਮੈਂ ਇਸ ਗੱਲ ਤੋਂ ਖ਼ਫ਼ਾ ਹਾਂ ਕਿ ਕੰਪਨੀ ਵਲੋਂ ਮੈਨੂੰ ਜਾਂ ਵਿਭਾਗ ਨੂੰ ਚੋਰੀ ਦੀ ਜਾਣਕਾਰੀ ਤੁਰੰਤ ਕਿਉਂ ਨਹੀਂ ਦਿੱਤੀ ਗਈ, ਜਦੋਂਕਿ ਉਨ੍ਹਾਂ ਲਈ ਅਜਿਹਾ ਤੁਰੰਤ ਕਰਨਾ ਬਣਦਾ ਸੀ। ਉਨ੍ਹਾਂ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪ੍ਰਾਈਵੇਸੀ ਕਮਿਸ਼ਨਰ ਨੂੰ ਹਦਾਇਤ ਦਿੱਤੀ ਹੈ ਕਿ ਇਸ ਮਾਮਲੇ ਦੀ ਪੂਰਨ ਤੌਰ 'ਤੇ ਜਾਂਚ ਕਰੇ ਤੇ ਇਸ ਬਾਰੇ ਜਾਣਕਾਰੀ ਹਾਸਲ ਕਰੇ ਕਿ ਕੰਪਨੀ ਵਲੋਂ ਸਾਨੂੰ ਇੰਨੀ ਪਛੜ ਕੇ ਜਾਣਕਾਰੀ ਕਿਉਂ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਲੈਪਟਾਪ ਵਿਚ ਨਾਂ, ਜਨਮ ਤਰੀਕ, ਸੂਬਾਈ ਹੈਲਥ ਕਾਰਡ ਨੰਬਰ, ਬਿਲਿੰਗ ਕੋਡ ਅਤੇ ਰੋਗ ਲੱਛਣ ਦਰਜ ਸਨ। ਲੈਪਟਾਪ 26 ਸਤੰਬਰ ਨੂੰ ਚੋਰੀ ਹੋਇਆ ਤੇ ਅਕਤੂਬਰ ਤਕ ਚੋਰ ਨਹੀਂ ਫੜਿਆ ਗਿਆ। ਮੰਤਰੀ ਨੇ ਕਿਹਾ ਕਿ ਇਸ ਸਮੇਂ ਦੌਰਾਨ ਕੰਪਨੀ ਵਲੋਂ ਐਡਮਿੰਟਨ ਪੁਲੀਸ ਅਤੇ ਪ੍ਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਵਿਚ ਰਿਪੋਰਟ ਲਿਖਵਾਉਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਹੋਇਆ ਇਸ ਤੋਂ ਇਹ ਮਾਮਲਾ ਸ਼ੱਕੀ ਜਾਪਦਾ ਹੈ। ਮੈਡੀਸੈਂਟਰਜ਼ ਦੇ ਮੈਡੀਕਲ ਅਫ਼ਸਰ ਡਾ. ਆਰਿਫ਼ ਭੀਮਜੀ ਨੇ ਇਸ ਮਾਮਲੇ ਸਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਿਚ ਉਨ੍ਹਾਂ ਲੋਕਾਂ ਬਾਰੇ ਜਾਣਕਾਰੀ ਸੀ, ਜਿਹੜੇ ਮਈ 2011 ਤੋਂ 19 ਸਤੰਬਰ 2013 ਵਿਚਕਾਰ ਐਡਮਿੰਟਨ ਅਤੇ ਕੈਲਗਰੀ ਦੇ ਮੈਡੀਸੈਂਟਰ ਕਲੀਨਿਕਾਂ ਵਿਚ ਆਏ। ਭੀਮਜੀ ਨੇ ਦੱਸਿਆ ਕਿ ਇਸ ਲੈਪਟਾਪ ਦੀ ਵਰਤੋਂ ਆਈ ਟੀ ਸਲਾਹਕਾਰ ਵਲੋਂ ਕੀਤੀ ਜਾਂਦੀ ਸੀ। ਰਿਪੋਰਟ ਨਾ ਲਿਖਵਾਉਣ ਬਾਰੇ ਉਨ੍ਹਾਂ ਸਫ਼ਾਈ ਦਿੰਦਿਆਂ ਕਿਹਾ ਕਿ ਕੰਪਨੀ ਚਾਹੁੰਦੀ ਸੀ ਕਿ ਜਾਂਚ ਅੰਦਰੂਨੀ ਪੱਧਰ 'ਤੇ ਕੀਤੀ ਜਾਵੇ ਤਾਂ ਜੋ ਕੰਪਿਊਟਰ ਵਿਚਲੇ ਅੰਕੜੇ ਗੁਪਤ ਰਹਿਣ। ਇਸ ਮਾਮਲੇ ਵਿਚ ਪੁਲੀਸ ਦਾ ਕਹਿਣਾ ਹੈ ਕਿ ਅਜੇ ਤਕ ਲੈਪਟਾਪ ਪ੍ਰਾਪਤ ਨਹੀਂ ਹੋਇਆ ਹੈ ਤੇ ਇਸ ਕਰ ਕੇ ਇਹ ਜਾਂਚ ਜਾਰੀ ਰਹੇਗੀ।

ਪ੍ਰਾਈਵੇਸੀ ਕਮਿਸ਼ਨਰ ਦਾ ਇਸ ਮਾਮਲੇ ਵਿਚ ਕਹਿਣਾ ਹੈ ਕਿ ਅਜੇ ਤਕ ਲੈਪਟਾਪ ਵਿਚਲੀ ਜਾਣਕਾਰੀ ਦੀ ਕੋਈ ਦੁਰਵਰਤੋਂ ਨਹੀਂ ਕੀਤੀ ਗਈ, ਹੋ ਸਕਦਾ ਹੈ ਕਿ ਭਵਿੱਖ ਵਿਚ ਚੋਰ ਵਲੋਂ ਦੁਰਵਰਤੋਂ ਕੀਤੀ ਜਾਵੇ। ਕੰਪਨੀ ਵਲੋਂ ਗਾਹਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਬੈਂਕ ਅਕਾਊਂਟ ਅਤੇ ਕਰੈਡਿਟ ਕਾਰਡ ਆਦਿ ਚੈੱਕ ਕਰ ਲੈਣ ਤੇ ਜੇ ਇਸ ਮਾਮਲੇ ਵਿਚ ਕੋਈ ਸ਼ੱਕ ਹੈ ਤੁਰੰਤ ਰਿਪੋਰਟ ਦਰਜ ਕਰਵਾਉਣ। ਇਸ ਮਾਮਲੇ ਵਿਚ ਮੈਡੀਸੈਂਟਰ ਦੇ ਫੋਨ ਨੰਬਰ 780-484-874 'ਤੇ ਅਤੇ ਈਮੇਲ info@medicentres.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਵਾਈਲਡ ਰੋਜ਼ ਦੇ ਆਗੂ ਡੇਨੀਅਲ ਸਮਿਥ ਦਾ ਕਹਿਣਾ ਹੈ ਕਿ ਸਰਕਾਰ ਇਸ ਮਾਮਲੇ ਵਿਚ ਕੁਝ ਨਹੀਂ ਕਰ ਰਹੀ ਜਦੋਂਕਿ ਸਿੱਧੇ ਤੌਰ 'ਤੇ ਇਹ ਸੰਚਾਰ ਦੁਰਵਰਤੋਂ ਦਾ ਮਾਮਲਾ ਹੈ ਤੇ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਪਹਿਲਾਂ ਵੀ ਦੇਖਣ ਵਿਚ ਆਏ ਹਨ। 2007 ਵਿਚ ਡਾਊਨਟਾਊਨ ਐਡਮਿੰਟਨ ਦੇ ਕੈਪੀਟਲ ਹੈਲਥ ਦਫ਼ਤਰ ਵਿਚੋਂ ਵੀ ਲੈਪਟਾਪ ਚੋਰੀ ਹੋਇਆ ਸੀ, ਇਸ ਲੈਪਟਾਪ ਵਿਚ ਲਗਭਗ ਵੀਹ ਹਜ਼ਾਰ ਵਿਅਕਤੀਆਂ ਬਾਰੇ ਨਿੱਜੀ ਜਾਣਕਾਰੀ ਸੀ। ਸਾਲ ਪਹਿਲਾਂ ਵੀ ਲੈਪਟਾਪ ਚੋਰੀ ਦੀ ਅਜਿਹੀ ਘਟਨਾ ਵਾਪਰੀ ਸੀ, ਇਸ ਵਿਚ ਡਾਕਟਰਾਂ ਦੇ ਵਿੱਤੀ ਅਸਾਸਿਆਂ ਬਾਰੇ ਜਾਣਕਾਰੀ ਸੀ। ਇਸ ਤੋਂ ਇਲਾਵਾ 2009 ਵਿਚ ਫਾਈਲਾਂ ਗੁੰਮ ਹੋਣ ਦੀ ਘਟਨਾ ਵਾਪਰੀ ਸੀ। ਵਾਰ-ਵਾਰ ਵਾਪਰ ਰਹੀਆਂ ਇਹ ਘਟਨਾਵਾਂ ਸਿੱਧ ਕਰਦੀਆਂ ਹਨ ਕਿ ਸੂਬਾ ਵਾਸੀਆਂ ਦੀ ਨਿੱਜੀ ਜਾਣਕਾਰੀ ਸੁਰੱਖਿਅਤ ਨਹੀਂ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਰਕਾਰ ਇਨ੍ਹਾਂ ਘਟਨਾਵਾਂ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਨਹੀਂ ਹੈ, ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਹੁਣ ਤਕ ਅਜਿਹੀਆਂ ਘਟਨਾਵਾਂ 'ਤੇ ਰੋਕ ਲਾਈ ਜਾ ਸਕਦੀ ਸੀ।

### ਕਨੇਡੀਅਨ ਇੰਸਟੀਟਿਊਟ ਫਾਰ ਹੈਲਥ ਵੱਲੋਂ ਰਿਪੋਰਟ ਜਾਰੀ

## ਸਿਹਤ ਖੇਤਰ ਵਿੱਚ ਸੁਧਾਰਾਂ ਲੋੜ

ਵਿਨੀਪੈਗ (ਨਦਬ) : ਕਨੇਡੀਅਨ ਇੰਸਟੀਟਿਊਟ ਫਾਰ ਹੈਲਥ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਕਨੇਡਾ ਦੂਸਰੇ ਦੇਸ਼ਾਂ ਦੇ ਮੁਕਾਬਲੇ ਸਿਹਤ ਦੇ ਖੇਤਰ ਵਿੱਚ ਚੰਗੀ ਸਥਿਤੀ ਵਿੱਚ ਹੈ। ਜੇਕਰ ਕਨੇਡਾ ਦੇ ਸੂਬਿਆਂ ਵਿੱਚੋਂ ਕਾਰਗੁਜ਼ਾਰੀ ਦੇਖੀ ਜਾਵੇ ਤਾਂ ਮੈਨੀਟੋਬਾ ਦੀ ਕਾਰਗੁਜ਼ਾਰੀ ਇਸ ਖੇਤਰ ਵਿੱਚ ਚੰਗੀ ਰਹੀ ਹੈ। ਇਸ ਖੇਤਰ ਵਿੱਚ ਕਨੇਡਾ ਦੇ ਸੂਬਿਆਂ ਦਾ ਤਿੰਨ ਦਰਜਨ ਦੇਸ਼ਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ, ਜਿਸਦੇ ਆਧਾਰ 'ਤੇ ਇੰਸਟੀਟਿਊਟ ਵੱਲੋਂ ਇਹ ਰਿਪੋਰਟ ਜਾਰੀ ਕੀਤੀ ਗਈ ਹੈ। ਰੋਗਾਂ ਨੂੰ ਰੋਕਣ ਅਤੇ ਕੈਂਸਰ ਦੇ ਇਲਾਜ਼ ਵਿੱਚ ਕਨੇਡਾ ਦੂਜੇ ਦੇਸ਼ਾਂ ਤੋਂ ਅੱਗੇ ਹੈ। ਪਰ ਰਿਪੋਰਟ ਮੁਤਾਬਕ ਜੇਕਰ ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਮਰੀਜ਼ ਦੀ ਸੁਰੱਖਿਆ ਨੂੰ ਲੈ ਕੇ ਕਨੇਡਾ ਦੀ ਸਥਿਤੀ ਕਮਜ਼ੋਰ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਰਟ ਅਟੈਕ ਦੇ ਮਰੀਜ਼ਾਂ ਨੂੰ ਇੱਥੇ ਸੰਭਾਲ ਲਿਆ ਜਾਂਦਾ ਹੈ ਪਰ ਜੇਕਰ ਸਟਰੋਕ ਹੋਵੇ ਤਾਂ ਸਥਿਤੀ ਵਿਗੜ ਜਾਂਦੀ ਹੈ। ਇਸ ਤਰ੍ਹਾਂ ਹੀ ਮੈਨੀਟੋਬਾ ਦੀ ਸਥਿਤੀ ਹੈ, ਸਿਹਤ ਸਬੰਧੀ ਰੋਗਾਂ ਦੇ ਕੁੱਝ ਇਲਾਜ਼ਾਂ ਵਿੱਚ ਇਹ ਅੱਗੇ ਹੈ ਤੇ ਕੁੱਝ ਵਿੱਚ ਇਸਦੀ ਸਥਿਤੀ ਨਾਜ਼ੁਕ ਹੈ। ੳ ਵਜੋਂ ਜੇਕਰ ਔਰਤਾਂ ਵਿੱਚ ਸਰਵਾਈਕਲ ਕੈਂਸਰ ਦੀ ਗੱਲ ਆਉਂਦੀ ਹੈ ਤਾਂ ਮੈਨੀਟੋਬਾ ਸਾਰਿਆਂ ਸੂਬਿਆਂ ਵਿੱਚ ਚੰਗੀ ਸਥਿਤੀ ਵਿੱਚ ਹੈ। ਇਸ ਖੇਤਰ ਵਿੱਚ ਸਿਰਫ਼ ਅਮਰੀਕਾ ਇਸਨੂੰ ਪਛਾੜਦਾ ਹੈ, ਪਰ ਜਦੋਂ ਮਰੀਜ਼ ਦੀ ਸੁਰੱਖਿਆ ਦਾ ਮਾਮਲਾ ਆਉਂਦਾ ਹੈ ਤਾਂ ਇਹ ਪਛੜ ਜਾਂਦਾ ਹੈ। ਇਸ ਤਰ੍ਹਾਂ ਦੀ ਹੀ ਸਥਿਤੀ ਹੋਰ ਖੇਤਰਾਂ ਵਿੱਚ ਹੈ। ਇਸ ਰਿਪੋਰਟ ਨੂੰ ਭਾਵੇਂ ਅਸੀਂ ਕੁੱਲ ਮਿਲਾ ਕੇ ਚੰਗੀ ਰਿਪੋਰਟ ਕਹਿ ਸਕਦੇ ਹਾਂ, ਪਰ ਫੇਰ ਵੀ ਇਸ ਖੇਤਰ ਵਿੱਚ ਸੂਬੇ ਵਜੋਂ ਮੈਨੀਟੋਬਾ ਨੂੰ ਅਤੇ ਇੱਕ ਰਾਸ਼ਟਰ ਵਜੋਂ ਕਨੇਡਾ ਨੂੰ ਸੁਧਾਰ ਕਰਨ ਦੀ ਲੋੜ ਹੈ।


**Progressive Peoples Foundation of Edmonton**

(An Umbrella organization comprising Punjabi Cultural Association of Edmonton, Maple Leaf Writers Foundation of Edmonton, Punjabi Art Association of Edmonton, Secular Peoples of Edmonton)

Orgnizes

**3rd International Women's Day**

**ਤੀਸਰਾ ਅੰਤਰਾਸ਼ਟਰੀ ਔਰਤ ਦਿਵਸ**




**Sunday, March 9, 2014**

**Time : 2 PM**

**Punjabi Cultural Association Hall #101, 9158 – 23 Avenue Edmonton**

**Subject : Significance of International Women Day**

ਅਸੀਂ ਸਾਰੀਆਂ ਭੈਣਾਂ ਨੂੰ ਅਪੀਲ ਕਰਦੇ ਹਾਂ ਕਿ ਆਓ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਸਮਾਜਕ ਵਿਕਾਸ ਅੰਦਰ ਔਰਤ ਦੇ ਇਤਿਹਾਸਕ ਰੋਲ ਅਤੇ ਅਜੋਕੀਆਂ ਪ੍ਰਸਥਿਤੀਆਂ ਅੰਦਰ ਔਰਤ ਦੀ ਦਸ਼ਾ ਅਤੇ ਦਿਸ਼ਾ ਬਾਰੇ ਮਹੱਤਵਪੂਰਨ ਤੇ ਵਿਚਾਰ-ਵਟਾਂਦਰਾ ਕਰੀਏ।

**ਹੋਰ ਜਾਣਕਾਰੀ ਲਈ ਫ਼ੋਨ ਕਰੋ :**

ਬਖ਼ਸ਼ ਸੰਘਾ : 780-461-7528, ਊਸ਼ਾ ਭੱਚੂ : 780-487-2295, ਜਸਵਿੰਦਰ : 780-233-2795, ਟਿੱਪੀ ਗਿੱਲ : 780-465-4716, ਗੁਰਮੀਤ ਰੰਧਾਵਾ : 780-466-1757, ਅਰਵਿੰਦ ਸੇਖੋਂ : 780-965-9508, ਦਮਨਜੀਤ 587-879-7404, ਪਲਵਿੰਦਰ ਅਠਵਾਲ : 587-988-3466, ਪਰਦੀਪ ਮਾਨ 780-450-2688, ਜਗਜੀਤ ਦਿਓਲ : 780-995-9525


## ਪੀ.ਏ.ਯੂ. ਐਲੂਮਨੀ ਐਸੋਸੀਏਸ਼ਨ ਦੀ ਸਲਾਨਾ ਪਾਰਟੀ

ਐਡਮਿੰਟਨ (ਨਦਬ) : ਪੀ ਏ ਯੂ ਐਲੂਮਨੀ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਪਾਰਟੀ ਕੀਤੀ ਜਾ ਰਹੀ ਹੈ। ਇਹ ਪਾਰਟੀ 22 ਫਰਵਰੀ 2014 ਨੂੰ ਸ਼ਾਮ 6:30 ਵਜੇ ਪੀ. ਸੀ. ਏ. ਹਾਲ (#101, 9158 – 23 ਐਵੀਨਿਊ ਐਡਮਿੰਟਨ) ਵਿਖੇ ਕੀਤੀ ਜਾਵੇਗੀ। ਪੀ. ਏ. ਯੂ. ਨਾਲ ਸਬੰਧਤ ਸਾਰੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪਾਰਟੀ ਵਿੱਚ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ। ਜ਼ਿਆਦਾ ਜਾਣਕਾਰੀ ਲਈ ਵਿਪਨ ਬਾਂਸਲ (780-983-7506), ਬਿੱਕਰ ਗਿੱਲ (780-993-1463) ਜਾਂ ਪਰਮਿੰਦਰ ਧਾਲੀਵਾਲ (780-994-1886) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕਨੇਡਾ ਸਭ ਤੋਂ ਪਿੱਛੇ

ਟੋਰਾਂਟੋ (ਨਦਬ) : ਓਈਸੀਡੀ ਦੇਸ਼ਾਂ ਵਿਚ ਹੈਲਥ ਕੇਅਰ ਦੇ ਮਾਮਲੇ ਵਿਚ ਕਨੇਡਾ ਸਭ ਤੋਂ ਪਿੱਛੇ ਹੈ। ਰਿਪੋਰਟ ਅਨੁਸਾਰ, ਤੁਰੰਤ ਮਰੀਜ਼ ਨੂੰ ਆਪਣੇ ਪਰਿਵਾਰਕ ਡਾਕਟਰ ਕੋਲ ਮਿਲਣ ਲਈ ਸਮੇਂ ਦੇ ਮਾਮਲੇ ਵਿਚ 11 ਦੇਸ਼ਾਂ ਦੇ ਵਿਚਕਾਰ ਪਿਛਲੇ ਦਰਜਾ ਦਿੱਤਾ ਗਿਆ। ਕਾਮਨਵੈਲਥ ਫੰਡ ਦੇ 2013 ਦੀ ਸਿਹਤ ਨੀਤੀ ਸਰਵੇਖਣ ਅਨੁਸਾਰ 2004 ਤੋਂ ਬਾਅਦ ਕਨੇਡਾ ਵਿਚ ਉਡੀਕ ਸਮੇਂ ਵਿਚ ਕੋਈ ਸੁਧਾਰ ਨਹੀਂ ਹੋਇਆ ਹੈ। ਇਹ ਨਤੀਜੇ ਹੈਲਥ ਕੌਂਸਲ ਕਨੇਡਾ ਵਲੋਂ ਰਿਪੋਰਟ ਵਿਚ ਛਾਪੇ ਗਏ ਹਨ। ਇਸ ਰਿਪੋਰਟ ਵਿਚ ਲੋਕਲ ਡਾਕਟਰ ਦਾ ਉਡੀਕ ਸਮਾਂ, ਐਮਰਜੈਂਸੀ ਉਡੀਕ ਸਮਾਂ, ਸਿਹਤ ਸੰਭਾਲ, ਸਕਰੀਨਿੰਗ ਪ੍ਰੋਗਰਾਮ ਬਾਰੇ ਸਰਵੇਖਣ ਕੀਤਾ ਗਿਆ ਸੀ।

ਰਿਪੋਰਟ ਅਨੁਸਾਰ ਕਨੇਡਾ ਵਿਚ 31-46% ਲੋਕਾਂ ਦਾ ਕਹਿਣਾ ਸੀ ਕਿ ਲੋਕਲ ਡਾਕਟਰ ਨੂੰ ਉਸ ਦਿਨ ਹੀ ਮਿਲਿਆ ਜਾ ਸਕਦਾ ਹੈ ਜਦ ਕਿ ਜਰਮਨੀ ਵਿਚ 76% ਅਤੇ ਨਿਊਜ਼ੀਲੈਂਡ ਵਿਚ 72% ਲੋਕ ਉਸੇ ਦਿਨ ਡਾਕਟਰ ਨੂੰ ਮਿਲ ਲੈਂਦੇ ਹਨ। ਅੰਦਾਜ਼ਨ 47 ਕਨੇਡੀਅਨਾਂ ਦਾ ਕਹਿਣਾ ਹੈ ਕਿ ਲੋਕਲ ਡਾਕਟਰ ਨਾ ਮਿਲਣ ਕਰ ਕੇ ਉਨ੍ਹਾਂ ਨੂੰ ਐਮਰਜੈਂਸੀ ਜਾਣਾ ਪੈਂਦਾ ਹੈ। 15% ਕਨੇਡੀਅਨ ਦਾ ਕੋਈ ਵੀ ਪਰਿਵਾਰਕ ਡਾਕਟਰ ਨਹੀਂ ਹੈ। ਐਮਰਜੈਂਸੀ ਉਡੀਕ ਸਮੇਂ ਵਿਚ ਕਨੇਡਾ ਸਭ ਤੋਂ ਪਿਛੇ ਹੈ ਜਿਥੇ 26% ਮਰੀਜ਼ਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਐਮਰਜੈਂਸੀ ਵਿਚ ਚਾਰ ਘੰਟੇ ਤੋਂ ਵੀ ਜ਼ਿਆਦਾ ਉਡੀਕ ਕਰਨੀ ਪੈਂਦੀ ਹੈ ਜਦ ਕਿ ਹਾਲੈਂਡ ਵਿਚ ਸਿਰਫ਼ 1% ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਚਾਰ ਘੰਟੇ ਉਡੀਕ ਕਰਨੀ ਪੈਂਦੀ ਹੈ। 60 % ਕਨੇਡੀਅਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਹੈਲਥ ਸਿਸਟਮ ਬਹੁਤ ਵਧੀਆ ਹੈ। ਇਸ ਸਰਵੇਖਣ ਵਿਚ 11 ਦੇਸ਼ਾਂ ਨੇ ਭਾਗ ਲਿਆ ਸੀ ਜੋ ਮਾਰਚ ਤੋਂ ਜੂਨ 2013 ਤੱਕ ਕਰਵਾਇਆ ਗਿਆ ਸੀ।

# ਐਨਡੀਪੀ ਨੇ ਪੀਸੀ ਸਰਕਾਰ ਵਿਰੁੱਧ ਵਿੱਢੀ ਮੁਹਿੰਮ

## ਸਰਕਾਰ ਲੋਕਾਂ ਦੇ ਹਿੱਤਾਂ ਨੂੰ ਪਹਿਲ ਦੇਵੇ: ਬਰੇਨ ਮੈਸਨ

ਐਡਮਿੰਟਨ (ਨਦਬ) : ਅਲਬਰਟਾ ਵਿਚ ਨਿਊ ਡੈਮੋਕਰੇਟਿਕ ਪਾਰਟੀ ਵਲੋਂ ਪਰਿਵਾਰ ਭਲਾਈ ਨਾਲ ਸਬੰਧਤ ਮਸਲਿਆਂ ਨੂੰ ਲੈ ਕੇ ਸਰਕਾਰ ਖ਼ਿਲਾਫ ਮੁਹਿੰਮ ਵਿੱਢੀ ਹੋਈ ਹੈ। ਐਨਡੀਪੀ ਵਲੋਂ ਹੋ ਰਹੇ ਲਗਾਤਾਰ ਹਮਲਿਆਂ ਕਾਰਨ ਪੀਸੀ ਸਰਕਾਰ ਘਿਰੀ ਮਹਿਸੂਸ ਕਰ ਰਹੀ ਹੈ। ਐਨਡੀਪੀ ਵਲੋਂ ਜੀਵਨ ਮਿਆਰ ਨੂੰ ਉੱਚਾ ਚੁੱਕਣ ਲਈ ਵਿੱਢੀ ਗਈ ਇਸ ਮੁਹਿੰਮ ਦਾ ਮੀਡੀਆ ਅਤੇ ਲੋਕਾਂ ਵਲੋਂ ਵੀ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਤਹਿਤ ਘੱਟ ਪੈਨਸ਼ਨਾਂ, ਸਰਕਾਰੀ ਨੌਕਰੀ ਕਰਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ 'ਤੇ ਕੱਟ ਅਤੇ ਵਧਦੀ ਮਹਿੰਗਾਈ ਨੂੰ ਮੁੱਖ ਮੁੱਦਿਆਂ ਵਜੋਂ ਚੁਣਿਆ ਗਿਆ ਹੈ।

ਇਸ ਮੁਹਿੰਮ ਬਾਰੇ ਐਨਡੀਪੀ ਆਗੂ ਬਰੇਨ ਮੈਸਨ ਦਾ ਕਹਿਣਾ ਹੈ ਕਿ ਪੀਸੀ ਸਰਕਾਰ 'ਤੇ ਹੁਣ ਇਹ ਭਰੋਸਾ ਕਰਨਾ ਬੇਕਾਰ ਹੈ ਕਿ ਉਹ ਆਮ ਲੋਕਾਂ ਦੀ ਭਲਾਈ ਲਈ ਕੁਝ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਨੇਡਾ ਪੈਨਸ਼ਨ ਪਲਾਨ ਤਹਿਤ ਕੀਤੇ ਜਾਣ ਵਾਲੇ ਸੁਧਾਰਾਂ ਤੋਂ ਕਿਨਾਰਾ ਕਰ ਲਿਆ ਹੈ। ਸਰਕਾਰ ਦੀ ਕੋਸ਼ਿਸ਼ ਇਹ ਹੈ ਕਿ ਮੁਲਾਜ਼ਮਾਂ ਨੂੰ ਘੱਟ ਤੋਂ ਘੱਟ ਤਨਖ਼ਾਹਾਂ ਦਿੱਤੀਆਂ ਜਾਣ, ਇਸ ਤੋਂ ਇਲਾਵਾ ਰਿਟਾਇਰਮੈਂਟ ਸਕਿਊਰਟੀ ਨੂੰ ਲੈ ਕੇ ਵੀ ਸਰਕਾਰ ਦੀ ਨੀਅਤ ਵਿਚ ਖੋਟ ਹੈ। ਹਾਲਾਤ ਅਜਿਹੇ ਹੋ ਚੁੱਕੇ ਹਨ ਕਿ ਹੁਣ ਸਰਕਾਰ ਦੇ ਇਸ ਤਾਨਾਸ਼ਾਹੀ ਵਾਲੇ ਰਵੱਈਏ ਤੋਂ ਲੋਕ ਤੰਗ ਆ ਚੁੱਕੇ ਹਨ। ਮੈਸਨ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਲੋਕਾਂ ਦੀ ਆਵਾਜ਼ ਸੁਣ ਕੇ ਕੰਮ ਕਰੇ।

ਇਸ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਐਨਡੀਪੀ ਵਲੋਂ ਵੈਬਸਾਈਟ act.albertandp.ca ਵੀ ਜਾਰੀ ਕੀਤੀ ਗਈ ਹੈ, ਜਿਸ ਰਾਹੀਂ ਐਨਡੀਪੀ ਨੇ ਸਰਕਾਰ ਦੀਆਂ ਖ਼ਾਮੀਆਂ ਨੂੰ ਜੱਗ ਜ਼ਾਹਰ ਕੀਤਾ ਹੈ। ਮਿੱਥੀ ਗਈ ਯੋਜਨਾ ਅਨੁਸਾਰ ਬਹਾਰ ਦੀ ਰੁੱਤ ਤੋਂ ਪਹਿਲਾਂ ਐਨਡੀਪੀ ਦੇ ਵਿਧਾਇਕ ਇਨ੍ਹਾਂ ਮਸਲਿਆਂ ਨੂੰ ਲੈ ਕੇ ਸਿੱਧੇ ਤੌਰ 'ਤੇ ਲੋਕਾਂ ਵਿਚ ਵੀ ਜਾਣਗੇ।

# ਕੁਦਰਤੀ ਆਫਤਾਂ ਕਾਰਨ ਹੋਏ ਨੁਕਸਾਨ ਲਈ ਦਿੱਤੇ ਗਏ 3.2 ਅਰਬ ਡਾਲਰ

ਓਟਵਾ (ਨਦਬ) : ਕੁਦਰਤੀ ਆਫਤਾਂ ਦੀ ਮਾਰ ਸਹਿਣ ਕਾਰਨ ਕਨੇਡਾ ਵਿਚਲੀਆਂ ਇੰਸ਼ੋਰੈਂਸ ਕੰਪਨੀਆਂ ਨੂੰ 2013 ਵਿਚ 3.2 ਅਰਬ ਡਾਲਰ ਅਦਾ ਕਰਨੇ ਪਏ। ਇਹ ਜਾਣਕਾਰੀ ਇੰਸ਼ੋਰੈਂਸ ਇੰਡਸਟਰੀ ਐਸੋਸੀਏਸ਼ਨ ਵਲੋਂ ਦਿੱਤੀ ਗਈ। ਸੋਮਵਾਰ ਨੂੰ ਇੰਸ਼ੋਰੈਂਸ ਬਿਊਰੋ ਆਫ ਕਨੇਡਾ ਨੇ ਆਖਿਆ ਕਿ 2013 ਵਿਚ ਸਭ ਤੋਂ ਵੱਧ ਰਕਮ ਇੰਸ਼ੋਰੈਂਸ ਦੇ ਰੂਪ ਵਿਚ ਦੇਣੀ ਪਈ। ਪਿਛਲੇ ਸਾਲ ਕਨੇਡਾ ਪੂਰੀ ਤਰ੍ਹਾਂ ਕੁਦਰਤੀ ਆਫਤਾਂ ਨਾਲ ਝੰਬਿਆ ਰਿਹਾ। ਜੂਨ ਮਹੀਨੇ ਵਿਚ ਦੱਖਣੀ ਅਲਬਰਟਾ ਵਿਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਕਾਰਨ 1.74 ਅਰਬ ਡਾਲਰ ਦੀ ਰਕਮ ਆਰਥਕ ਮਦਦ ਵਜੋਂ ਦਿੱਤੀ ਗਈ। ਇੰਸ਼ੋਰੈਂਸ ਦੇ ਰੂਪ ਵਿਚ ਹੋਰਨਾਂ ਕੁਦਰਤੀ ਆਫਤਾਂ ਲਈ ਦਿੱਤੀ ਗਈ ਰਕਮ ਵਿਚ ਜੁਲਾਈ ਦੇ ਮਹੀਨੇ ਟੋਰਾਂਟੋ ਵਿਚ ਆਏ ਹੜ੍ਹ, ਦਸੰਬਰ ਦੇ ਮਹੀਨੇ ਓਨਟਾਰੀਓ ਤੇ ਪੂਰਬੀ ਕਨੇਡਾ ਵਿਚ ਆਇਆ ਬਰਫੀਲਾ ਤੂਫਾਨ ਤੇ ਜੂਨ ਦੇ ਮਹੀਨੇ ਕਿਊਬਿਕ ਤੇ ਓਨਟਾਰੀਓ ਵਿਚ ਆਏ ਤੂਫਾਨ ਤੇ ਮੀਂਹ ਵਰਗੀਆਂ ਘਟਨਾਵਾਂ ਸ਼ਾਮਲ ਹਨ, ਜਿਨ੍ਹਾਂ ਸਦਕਾ ਹੋਏ ਨੁਕਸਾਨ ਵਾਸਤੇ ਕ੍ਰਮਵਾਰ 940 ਮਿਲੀਅਨ ਡਾਲਰ, 225 ਮਿਲੀਅਨ ਡਾਲਰ ਅਤੇ 250 ਮਿਲੀਅਨ ਡਾਲਰ ਦੀ ਆਰਥਕ ਸਹਾਇਤਾ ਦਿੱਤੀ ਗਈ। ਆਈਬੀਸੀ ਤੇ ਵੈਸਟਰਨ ਤੇ ਪੈਸੇਫਿਕ ਰੀਜਨ ਲਈ ਵਾਈਸ ਪ੍ਰੈਜ਼ੀਡੈਂਟ ਬਿੱਲ ਐਡਮਸ ਨੇ ਆਖਿਆ ਕਿ ਅਲਬਰਟਾ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਦਰੁਸਤ ਕੀਤੇ ਜਾਣ ਦੀ ਅਜੇ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਈਬੀਸੀ ਵਲੋਂ ਆਏ ਬਿਆਨ ਵਿਚ ਆਖਿਆ ਗਿਆ ਕਿ ਇੰਸ਼ੋਰੈਂਸ ਇੰਡਸਟਰੀ ਨਾ ਸਿਰਫ ਕੁਦਰਤੀ ਆਫਤਾਂ ਦੀ ਮਾਰ ਸਹਿਣ ਵਾਲੇ ਲੋਕਾਂ ਦੀ ਮਦਦ ਲਈ ਨਵੇਂ ਰਾਹ ਲੱਭ ਰਹੀ ਹੈ, ਸਗੋਂ ਉਨ੍ਹਾਂ ਦੇ ਅਸਰ ਨੂੰ ਘਟਾਉਣ ਦਾ ਹੀਲਾ ਵੀ ਲੱਭ ਰਹੀ ਹੈ। ਮਿਸਾਲ ਵਜੋਂ ਆਈਬੀਸੀ ਵਲੋਂ ਪਿੱਛੇ ਜਿਹੇ ਇਹ ਖੁਲਾਸਾ ਕੀਤਾ ਗਿਆ ਸੀ ਕਿ ਉਹ ਪੇਸ਼ੀਨਿਗੋਈ ਸਬੰਧੀ ਅਜਿਹੇ ਸੰਦਾ ਦੀ ਭਾਲ ਕਰ ਰਹੇ ਹਨ, ਜਿਨ੍ਹਾਂ ਰਾਹੀਂ ਮਿਊਂਸਪੈਲਿਟੀਆਂ ਨੂੰ ਆਪਣੀਆਂ ਕਮਜ਼ੋਰੀਆਂ ਪਹਿਲਾਂ ਪਤਾ ਲਾਏ ਜਾਣ ਵਿਚ ਮਦਦ ਮਿਲੇਗੀ। ਇਨ੍ਹਾਂ ਸੰਦਾਂ ਰਾਹੀਂ ਮਿਉਂਸਪਲ ਇੰਜਨੀਅਰ ਬੁਨਿਆਦੀ ਢਾਂਚੇ, ਵਾਤਾਵਰਣ ਡਾਟਾ ਤੇ ਅਤੀਤ ਦੇ ਆਪਣੇ ਇੰਸ਼ੋਰੈਂਸ ਸਬੰਧੀ ਕਲੇਮਾਂ ਦੀ ਪਛਾਣ ਕਰ ਕੇ ਦਿੱਕਤਾਂ ਸਮਝ ਸਕਣਗੇ।

ਸਫ਼ਾ ਇਕ ਦੀ ਬਾਕੀ

## ਕਨੇਡਾ ਦੇ ਨਾਗਰਿਕਤਾ ਕਾਨੂੰਨ ਵਿੱਚ ਸੋਧ

ਜਿਸ ਅਧੀਨ ਆਵਾਸ ਦੇ ਮਾਮਲੇ ਵਿੱਚ ਕਨੇਡਾ ਦੀ ਸਰਕਾਰ ਨੇ ਸਾਰੀਆਂ ਸ਼ਕਤੀਆਂ ਆਪਣੇ ਕੋਲ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਬਿਲ ਰਾਹੀਂ ਜਿੱਥੇ ਨਾਗਰਿਕਤਾ ਦੀ ਮਰਿਆਦਾ ਨੂੰ ਬਹਾਲ ਕੀਤਾ ਜਾਵੇਗਾ, ਉੱਥੇ ਨਾਲ ਹੀ ਲਾਲ ਫੀਤਾਸ਼ਾਹੀ ਅਤੇ ਬੈਕਲਾਗ ਨੂੰ ਵੀ ਘਟਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਮੌਜੂਦਾ ਨਾਗਰਿਕਤਾ ਐਕਟ 1970 'ਚ ਹੋਂਦ ਵਿੱਚ ਆਇਆ ਸੀ ਤੇ ਉਸ ਤੋਂ ਬਾਅਦ ਹੁਣ ਪਹਿਲੀ ਵਾਰ ਸੋਧ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਪ੍ਰਸਤਾਵਤ ਬਿਲ ਨੂੰ ਲੈ ਕੇ ਕਨੇਡਾ ਦੇ ਹਰ ਕੋਨੇ ਵਿੱਚ ਬਹਿਸ ਛਿੜੀ ਹੋਈ ਹੈ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਇਸ ਬਿਲ ਪ੍ਰਤੀ ਆਪਣਾ ਵਿਰੋਧ ਜ਼ਾਹਿਰ ਕੀਤਾ ਹੈ ਤੇ ਇਸਨੂੰ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ ਹੈ। ਇਨ੍ਹਾਂ ਸੰਸਥਾਵਾਂ ਦਾ ਕਹਿਣਾ ਹੈ ਕਿ ਬਿਲ ਵਿੱਚ ਉਨ੍ਹਾਂ ਵਿਵਾਦਤ ਮਸਲਿਆਂ ਨੂੰ ਵਿਚਾਰਿਆ ਹੀ ਨਹੀਂ ਗਿਆ, ਜਿਨ੍ਹਾਂ ਦੀ ਮੌਜੂਦਾ ਸਮਿਆਂ ਵਿੱਚ ਸਖ਼ਤ ਜ਼ਰੂਰਤ ਸੀ ਸਗੋਂ ਇਸਦੀ ਥਾਂ 'ਤੇ ਸਰਕਾਰ ਨੇ ਆਵਾਸੀਆਂ 'ਤੇ ਆਪਣੀ ਮਰਜ਼ੀ ਥੋਪਣ ਦੀ ਕੋਸ਼ਿਸ਼ ਕੀਤੀ ਹੈ।

ਕਨੇਡੀਅਨ ਕੌਂਸਲ ਫਾਰ ਰਿਫਊਜ਼ੀ ਦੇ ਪ੍ਰਧਾਨ ਲੌਲੀ ਰਿਕੋ ਦਾ ਕਹਿਣਾ ਹੈ ਕਿ ਅਪਰਾਧੀਆਂ ਨਾਲ ਨਾਗਰਿਕਤਾ ਕਾਨੂੰਨ ਰਾਹੀਂ ਨਹੀਂ ਨਿਪਟਿਆ ਜਾ ਸਕਦਾ, ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਵੱਖਰੇ ਕਾਨੂੰਨ ਪਹਿਲਾਂ ਤੋਂ ਮੌਜੂਦ ਹਨ। ਉਨ੍ਹਾਂ ਕਿਹਾ ਕਿ ਅਸਲ ਵਿੱਚ ਸਰਕਾਰ ਇਸ ਮਾਮਲੇ ਵਿੱਚ ਦੋਹਰੇ ਮਾਪਦੰਡ ਅਪਣਾ ਰਹੀ ਹੈ ਤੇ ਆਵਾਸੀਆਂ ਨਾਲ ਸਿੱਧੇ ਤੌਰ 'ਤੇ ਭੇਦਭਾਵ ਕਰ ਰਹੀ ਹੈ।

ਇਸ ਬਿਲ ਨੂੰ ਲੈ ਕੇ ਆਵਾਸੀਆਂ ਦਾ ਕਹਿਣਾ ਹੈ ਕਿ ਸਰਕਾਰ ਸਪੱਸ਼ਟ ਤੌਰ 'ਤੇ ਉਨ੍ਹਾਂ ਨਾਲ ਭੇਦਭਾਵ ਕਰ ਰਹੀ ਹੈ ਤੇ ਦੁੱਖ ਵਾਲੀ ਗੱਲ ਇਹ ਹੈ ਕਿ ਇਹ ਸਭ ਕੁੱਝ ਸੋਚੀ ਸਮਝੀ ਨੀਤੀ ਤਹਿਤ ਕੀਤਾ ਜਾ ਰਿਹਾ ਹੈ। ਇੱਕ ਵਿਅਕਤੀ ਨੇ ਇਸ ਮਾਮਲੇ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਅਸਲ ਵਿੱਚ ਸਰਕਾਰ ਇਹ ਚਾਹੁੰਦੀ ਹੈ ਕਿ ਜਿਹੜਾ ਵਿਅਕਤੀ ਸਮਾਜਕ ਜਾਂ ਸਿਹਤ ਸੇਵਾਵਾਂ ਲਈ ਟੈਕਸ ਨਹੀਂ ਦਿੰਦਾ, ਉਸਨੂੰ ਕਿਸੇ ਤਰ੍ਹਾਂ ਦੀ ਕੋਈ ਸਹੂਲਤ ਨਾ ਦਿੱਤੀ ਜਾਵੇ, ਹਾਲਾਂਕਿ ਅਜਿਹੀਆਂ ਸੁਵਿਧਾਵਾਂ ਨਿਰਸੁਆਰਥ ਸਭ ਲੋਕਾਂ ਲਈ ਬਰਾਬਰ ਤਿਆਰ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਕਨੇਡਾ ਦੀ ਸਰਕਾਰ ਇਹ ਸਭ ਕੁੱਝ ਅਮਰੀਕਾ ਦੀ ਸਰਕਾਰ ਦੀ ਤਰਜ਼ 'ਤੇ ਕਰ ਰਹੀ ਹੈ।

ਸਫ਼ਾ 3 ਦੀ ਬਾਕੀ

## ਮੁਆਫ਼ੀਨਾਮੇ ਦੇ...

ਇਸ ਮਾਮਲੇ 'ਤੇ ਭਾਰਤੀ ਭਾਈਚਾਰੇ ਦੇ ਚਿੰਤਨਸ਼ੀਲ ਹਲਕਿਆਂ ਵਿਚ ਸਵਾਲ ਉਠ ਰਹੇ ਹਨ ਕਿ ਕੀ ਕਾਮਾਗਾਟਾ ਮਾਰੂ ਯਾਦਗਾਰ ਦਾ ਅਪਮਾਨ ਦਾ ਮੁੱਦਾ ਏਨਾ ਛੋਟਾ ਹੈ ਕਿ ਕਿਸੇ ਵੀ ਚਾਰ ਵਿਅਕਤੀਆਂ ਨੂੰ ਮੁਆਫ਼ੀਨਾਮਾ ਫੜਾ ਕੇ ਇਸ ਨੂੰ ਹੱਲ ਕੀਤਾ ਜਾ ਸਕਦਾ ਹੈ?

ਕਾਮਾਗਾਟਾ ਮਾਰੂ ਦਾ ਦੁਖਾਂਤ ਸਮੁੱਚੇ ਭਾਰਤੀ ਭਾਈਚਾਰੇ ਦੀ ਅਣਖ ਨਾਲ ਜੁੜਿਆ ਦੁਖਾਂਤ ਸੀ ਨਾ ਕਿ ਸਿਰਫ਼ ਇਕ ਬਰਾਦਰੀ ਦਾ ਦੁਖਾਂਤ। ਨਾਲ ਹੀ ਇਹ ਸਵਾਲ ਵੀ ਉਠ ਰਹੇ ਹਨ ਕਿ ਜੇ ਦੋਸ਼ੀ ਵਿਅਕਤੀ ਮਾਨਸਿਕ ਰੋਗੀ ਹੈ ਤਾਂ ਫਿਰ ਉਹ ਕਨੇਡਾ ਵਰਗੇ ਵਿਕਸਤ ਮੁਲਕ ਵਿਚ ਖੁਲ੍ਹੇਆਮ ਕਿਵੇਂ ਘੁੰਮ ਸਕਦਾ ਹੈ? ਇਸ ਘਟਨਾ ਤੋਂ ਬਾਅਦ ਵੀ ਕੀ ਉਸ ਨੂੰ ਕਿਸੇ ਮਾਨਸਿਕ ਰੋਗਾਂ ਵਾਲੇ ਹਸਪਤਾਲ ਪਹੁੰਚਾਇਆ ਗਿਆ ਜਾਂ ਨਹੀਂ? ਭਾਰਤੀ ਭਾਈਚਾਰੇ ਵਿਚ ਇਹ ਮੰਗ ਉਠ ਰਹੀ ਹੈ ਕਿ ਦੋਸ਼ੀ ਵਿਅਕਤੀ ਵਿਰੁੱਧ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇ।

Emergency Service
24x7
Free Estimate
with Treatment
GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਡਰਾਈਵਰਾਂ ਦੀ ਲੋੜ

ਏ.ਕੇ. ਨਿੱਝਰ ਟਰੱਕਿੰਗ ਲਿਮ. ਕੰਪਨੀ ਨੂੰ ਲੌਂਗ ਹਾਲ, ਸੈਂਡ ਐਂਡ ਗਰੈਵਲ ਟਰੱਕਾਂ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ। ਵਧੀਆ ਤਨਖ਼ਾਹ।



ਸੰਪਰਕ : 780-271-5061
Email : v.nijjar@yahoo.ca



ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਣੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ
780-995-4461

# ਹਰ ਖੇਤਰ 'ਚ ਹਾਰਪਰ ਸਰਕਾਰ ਦੀ ਪਹੁੰਚ ਨਾਂਹ-ਪੱਖੀ : ਜਸਟਿਨ ਟਰੂਡੋ



ਐਡਮਿੰਟਨ (ਕਿਰਤਮੀਤ) : ਕਨੇਡਾ ਵਿਚ 2015 'ਚ ਹੋਣ ਵਾਲੀਆਂ ਫ਼ੈਡਰਲ ਚੋਣਾਂ ਲਈ ਪਾਰਟੀ ਫ਼ੰਡ ਇਕੱਠਾ ਕਰਨ ਦੀ ਮੁਹਿੰਮ 'ਤੇ ਚੜ੍ਹੇ ਫ਼ੈਡਰਲ ਵਿਰੋਧੀ ਆਗੂ ਜਸਟਿਨ ਟਰੂਡੋ ਨੇ ਸਟੀਫ਼ਨ ਹਾਰਪਰ ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਹੈ ਕਿ ਸਾਡੇ ਮੁਲਕ ਵਿਚ ਸਟੀਫ਼ਨ ਹਾਰਪਰ ਦੀ ਅਗਵਾਈ ਵਿਚ ਉਹ ਸਰਕਾਰ ਚੱਲ ਰਹੀ ਹੈ ਜਿਹੜੀ ਪੂਰੀ ਤਰ੍ਹਾਂ ਹਰ ਮੁਹਾਜ਼ 'ਤੇ ਫ਼ੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਅਜਿਹੀ ਸਰਕਾਰ ਹੈ ਜਿਹੜੀ ਸਿਰਫ਼ ਮੂੰਹ ਮੁਲ੍ਹਾਜਾ ਰੱਖ ਰਹੀ ਹੈ ਪਰ ਆਪਣਾ ਇਕ ਵੀ ਟੀਚਾ ਹਾਲੇ ਤਕ ਇਸ ਸਰਕਾਰ ਨੇ ਪੂਰਾ ਨਹੀਂ ਕੀਤਾ। ਲੰਘੀ 23 ਜਨਵਰੀ ਨੂੰ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਜਸਟਿਨ ਟਰੂਡੋ ਨੇ ਸਾਫ਼ ਲਫ਼ਜ਼ਾਂ 'ਚ ਕਿਹਾ ਕਿ ਹਾਰਪਰ ਸਰਕਾਰ ਦੀ ਪਹੁੰਚ ਕਨੇਡੀਅਨ ਆਰਥਕਤਾ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਅਜਿਹੀ ਸਰਕਾਰ ਹੈ, ਜਿਸ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਕੀਸਟੋਨ ਐਕਸਐਲ ਪਾਈਲਾਈਨ ਲਈ ਸਹਿਮਤੀ ਦੇਣ ਤੋਂ ਰੋਕ ਦਿੱਤਾ ਹੈ ਅਤੇ ਨਾਲ ਹੀ ਆਈਸਲੈਂਡ ਬਾਰੇ ਕੌਮਾਂਤਰੀ ਪੱਧਰ 'ਤੇ ਨਾਂਹਪੱਖੀ ਪਹੁੰਚ ਅਪਣਾਈ ਹੈ ਤੇ ਵਾਤਾਵਰਣ ਬਚਾਉਣ ਦੇ ਮਾਮਲਿਆਂ ਵਿਚ ਵੀ ਇਹ ਸਰਕਾਰ ਸਿਰਫ਼ ਜ਼ੁਬਾਨ ਖ਼ਰਚੀ ਹੀ ਕਰਦੀ ਹੈ। ਪੱਤਰਕਾਰਾਂ ਦੇ ਨਾਲ-ਨਾਲ ਉਨ੍ਹਾਂ ਆਪਣੇ ਪਾਰਟੀ ਹਮਦਰਦਾਂ ਦੀ ਰੈਲੀ ਨੂੰ ਵੀ ਸੰਬੋਧਨ ਕੀਤਾ ਅਤੇ ਵਿਸਥਾਰ 'ਚ ਗੱਲ ਕਰਦਿਆਂ ਆਪਣੇ ਪਿਤਾ ਵਲੋਂ ਉਲੀਕੇ ਗਏ ਕੌਮੀ ਊਰਜਾ ਪ੍ਰੋਗਰਾਮ ਬਾਰੇ ਵੀ ਕੁਝ ਗੱਲਾਂ ਕੀਤੀਆਂ ਅਤੇ ਨਾਲ ਹੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਪਹੁੰਚ ਹਰ ਮੁੱਦੇ 'ਤੇ ਬੜੀ ਸਪੱਸ਼ਟ ਅਤੇ ਸਾਰਥਕ ਹੈ। ਉਹ ਸਮਝਦੇ ਹਨ ਕਿ ਆਈਸਲੈਂਡ ਵਰਗੇ ਮੁੱਦੇ ਜੋ ਕਨੇਡੀਅਨ ਆਰਥਕਤਾ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ, ਨੂੰ ਹੱਲ ਕਰਨਾ ਬੇਹੱਦ ਜ਼ਰੂਰੀ ਹੈ ਅਤੇ ਵਾਤਾਵਰਨ ਦੀ ਸੁਰੱਖਿਆ ਪਹਿਲੇ ਏਜੰਡੇ ਵਿਚ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਵਿਰੋਧੀ ਜੋ ਮਰਜ਼ੀ ਕਹੀ ਜਾਣ ਪਰ ਸਾਡੀਆਂ ਪਹਿਲ ਕਦਮੀਆਂ ਵਿਚ ਵਾਤਾਵਰਣ ਸੁਰੱਖਿਆ ਬੇਹੱਦ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਕੰਜ਼ਰਵੇਟਿਵ ਪਾਰਟੀ ਅਤੇ ਐਨ.ਡੀ.ਪੀ. ਵਾਲੇ ਆਪੋ-ਆਪਣੀ ਸਿਆਸਤ ਖੇਡ ਰਹੇ ਹਨ ਪਰ ਸਾਡੀ ਫ਼ਿਰਕਮੰਦੀ ਕਨੇਡੀਅਨ ਆਵਾਮ ਪ੍ਰਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਵਿਰੋਧੀ ਇਹ ਸਮਝਣ ਤੋਂ ਇਨਕਾਰੀ ਹਨ ਕਿ ਇਸ ਸਦੀ ਵਿਚ ਆਰਥਕਤਾ ਅਤੇ ਵਾਤਾਵਰਣ ਲਈ ਕਿਹੜੀਆਂ ਚੀਜ਼ਾਂ ਵਧੇਰੇ ਸਹੀ ਹਨ।

# ਵਾਈ-ਫ਼ਾਈ ਰਾਹੀਂ ਹਵਾਈ ਯਾਤਰੀਆਂ 'ਤੇ ਰੱਖੀ ਜਾ ਰਹੀ ਹੈ ਨਜ਼ਰ

ਟੌਰਾਂਟੋ (ਨਦਬ) : ਅਮਰੀਕਾ ਦੇ ਵ੍ਹਿਸਲਬਲੋਅਰ ਐਡਵਰਡ ਸਨੋਅਡਨ ਵੱਲੋਂ ਦਸਤਾਵੇਜ਼ ਜਾਰੀ ਕਰਕੇ ਆਖਿਆ ਗਿਆ ਹੈ ਕਿ ਕੈਨੇਡਾ ਦੀ ਇਲੈਕਟ੍ਰੌਨਿਕ ਸਪਾਇ ਏਜੰਸੀ ਕੈਨੇਡਾ ਦੇ ਮੁੱਖ ਏਅਰਪੋਰਟ ਉੱਤੇ ਦਿੱਤੀ ਜਾਣ ਵਾਲੀ ਮੁਫਤ ਇੰਟਰਨੈੱਟ ਸਹੂਲਤ ਤੋਂ ਹੀ ਹਜ਼ਾਰਾਂ ਸਧਾਰਨ ਏਅਰਲਾਈਨ ਯਾਤਰੀਆਂ ਦੀਆਂ ਵਾਇਰਲੈੱਸ ਡਿਵਾਇਸਾਂ ਨੂੰ ਟਰੈਕ ਕਰਨ ਸਬੰਧੀ ਜਾਣਕਾਰੀ ਦੀ ਵਰਤੋਂ ਕਰਕੇ ਉਨ੍ਹਾਂ ਉੱਤੇ ਨਜ਼ਰ ਰੱਖਦੀ ਹੈ। ਦਸਤਾਵੇਜ਼ਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਸਾਈਬਰ ਸਕਿਊਰਿਟੀ ਨਾਲ ਸਬੰਧਤ ਕੈਨੇਡਾ ਦੇ ਇੱਕ ਅਧਿਕਾਰੀ ਨੇ ਆਖਿਆ ਕਿ ਕਮਿਊਨਿਕੇਸ਼ਨਜ਼ ਸਕਿਊਰਿਟੀ ਅਸਟੈਬਲਿਸਮੈਂਟ ਕੈਨੇਡਾ (ਸੀਐਸਈਸੀ) ਦੀ ਇਹ ਕਾਰਵਾਈ ਲੱਗਭਗ ਗੈਰਕਾਨੂੰਨੀ ਹੈ। ਰੋਨਾਲਡ ਡੇਬਰਟ ਨੇ ਆਖਿਆ ਕਿ ਇਸ ਤਰ੍ਹਾਂ ਦੀ ਕੋਈ ਵਜ੍ਹਾ ਨਹੀਂ ਲੱਗਦੀ ਜਿਸ ਕਾਰਨ ਇਸ ਨੂੰ ਗੈਰਕਾਨੂੰਨੀ ਨਾ ਠਹਿਰਾਇਆ ਜਾ ਸਕੇ। ਇਹ ਖੁਫੀਆ ਏਜੰਸੀ ਵਿਦੇਸ਼ਾਂ ਤੋਂ ਆਉਣ ਵਾਲੀਆਂ ਫੋਨ ਕਾਲਜ਼ ਤੇ ਇੰਟਰਨੈੱਟ ਟਰੈਫਿਕ ਰਾਹੀਂ ਵਿਦੇਸ਼ੀ ਖੁਫੀਆ ਜਾਣਕਾਰੀ ਇੱਕਠੀ ਕਰਦੇ ਲੱਗਦੇ ਹਨ ਤੇ ਇਸ ਉੱਤੇ ਕੈਨੇਡੀਅਨਾਂ ਜਾਂ ਕੈਨੇਡਾ ਵਿੱਚ ਰਹਿਣ ਵਾਲਿਆਂ ਵਿੱਚੋਂ ਕਿਸੇ ਨੂੰ ਵੀ ਵਾਰੰਟ ਤੋਂ ਬਿਨਾਂ ਨਿਸ਼ਾਨਾ ਬਣਾਏ ਜਾਣ ਉੱਤੇ ਰੋਕ ਹੈ। ਪਰ ਦੂਜੇ ਪਾਸੇ ਸੀਐਸਈਸੀ ਦਾ ਇਹ ਵੀ ਕਹਿਣਾ ਹੈ ਕਿ ਮੈਟਾਡਾਟਾ ਇੱਕਠਾ ਕਰਨ ਦਾ ਉਨ੍ਹਾਂ ਨੂੰ ਕਾਨੂੰਨੀ ਅਧਿਕਾਰੀ ਹੈ ਤੇ ਉਹ ਇਹ ਸੱਭ ਕੈਨੇਡੀਅਨਾਂ ਦੀ ਰੱਖਿਆ ਲਈ ਹੀ ਕਰ ਰਹੇ ਹਨ। ਏਜੰਸੀ ਇਹ ਵੀ ਆਖਦੀ ਹੈ ਕਿ ਨਾ ਤਾ ਕੈਨੇਡੀਅਨਾਂ ਵੱਲੋਂ ਕੀਤੀ ਜਾਣ ਵਾਲੀ ਗੱਲਬਾਤ ਉੱਤੇ ਨਜ਼ਰ ਰੱਖੀ ਜਾਂਦੀ ਸੀ ਤੇ ਨਾ ਹੀ ਨਜ਼ਰ ਰੱਖੀ ਜਾ ਰਹੀ ਹੈ। ਨਾ ਹੀ ਉਨ੍ਹਾਂ ਸਬੰਧੀ ਕੋਈ ਜਾਣਕਾਰੀ ਇੱਕਠੀ ਕੀਤੀ ਜਾਂ ਵਰਤੀ ਜਾ ਰਹੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਦਸਤਾਵੇਜ਼ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸੀਐਸਈਸੀ ਅਮਰੀਕਾ ਦੀ ਨੈਸ਼ਨਲ ਸਕਿਊਰਿਟੀ ਏਜੰਸੀ ਨਾਲ ਰਲ ਕੇ ਨਵਾਂ ਤਕਨਾਲੋਜੀ ਵਿਕਸਤ ਕਰ ਰਹੀ ਹੈ ਜਿਸ ਨੂੰ ਗੇਮ ਚੇਂਜਿੰਗ ਨਾਂ ਦਿੱਤਾ ਗਿਆ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਭਵਿੱਖ ਵਿੱਚ ਸੀਐਸਈਸੀ ਅਮਰੀਕਾ, ਬ੍ਰਿਟੇਨ, ਨਿਊਜ਼ੀਲੈਂਡ ਤੇ ਆਸਟਰੇਲੀਆ, ਜਿਨ੍ਹਾਂ ਨੂੰ ਤਥਾ ਕਥਿਤ ਫਾਈਵ ਆਈਜ਼ ਇੰਟੈਲੀਜੈਂਸ ਨੈੱਟਵਰਕ ਆਖਿਆ ਜਾਂਦਾ ਹੈ, ਨਾਲ ਨਵੀਂ ਤਕਨਾਲੋਜੀ ਤੇ ਜਾਣਕਾਰੀ ਸਾਂਝੀ ਕਰਨ ਦੀ ਯੋਜਨਾ ਵੀ ਰੱਖਦੀ ਹੈ।

# ਲੱਕੀ ਦੀਵਾਨਾ ਨੂੰ ਸਦਮਾ, ਮਾਤਾ ਦਾ ਦੇਹਾਂਤ



ਐਡਮਿੰਟਨ (ਨਦਬ) : ਗੀਤਕਾਰ ਲੱਕੀ ਦੀਵਾਨਾ ਦੀ ਮਾਤਾ ਅੰਗਰੇਜ਼ ਕੌਰ ਬੜਿੰਗ ਦਾ ਸੰਖੇਪ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ। ਉਹ ਇਸ ਵਕਤ ਰਿਜ਼ਾਇਨਾ ਵਿਖੇ ਰਹਿ ਰਹੇ ਸਨ ਜਿਥੇ ਉਨ੍ਹਾਂ ਆਖ਼ਰੀ ਸਾਹ ਲਿਆ। 2005 ਵਿਚ ਕਨੇਡਾ ਆਏ ਮਾਤਾ ਅੰਗਰੇਜ਼ ਕੌਰ ਆਪਣੇ ਪੂਰੇ ਪਰਿਵਾਰ ਸਮੇਤ ਇਥੇ ਰਹਿ ਰਹੇ ਸਨ। ਉਨ੍ਹਾਂ ਦੇ ਇਕ ਫ਼ਰਵਰੀ ਨੂੰ ਕੀਤੇ ਗਏ ਸਸਕਾਰ ਮੌਕੇ ਪਰਿਵਾਰ ਮੈਂਬਰ ਅਤੇ ਸਕੇ ਸਬੰਧੀ ਹਾਜ਼ਰ ਸਨ। ਅਦਾਰਾ 'ਨਵੀਂ ਦੁਨੀਆ' ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ। ਲੱਕੀ ਦੀਵਾਨਾ ਨਾਲ ਦੁੱਖ ਸਾਂਝਾ ਕਰਨ ਲਈ 780-667-6744 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਮਾਜ ਸੇਵਿਕਾ ਅਵਤਾਰ ਕੌਰ ਬਿਲਗਾ ਦਾ ਦੇਹਾਂਤ



ਬੇਕਰਜ਼ਫ਼ੀਲਡ (ਨਦਬ) : ਉੱਘੀ ਸਮਾਜ ਸੇਵਿਕਾ ਬੀਬੀ ਅਵਤਾਰ ਕੌਰ ਬਿਲਗਾ ਦਾ ਅੰਤਮ ਸਸਕਾਰ ਲੰਘੀ 18 ਜਨਵਰੀ ਨੂੰ ਇਥੋਂ ਦੇ ਗਰੀਨ ਲਾਅ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਪਰਿਵਾਰਕ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਤੋਂ ਇਲਾਵਾ ਅਮਰੀਕਾ, ਕਨੇਡਾ ਦੇ ਸਾਹਿਤਕ, ਸਮਾਜਕ ਅਤੇ ਰਾਜਨੀਤਕ ਹਲਕਿਆਂ ਵਿਚ ਕੰਮ ਕਰਦੇ ਸਰਗਰਮ ਸਰਕਰਦਾ ਆਗੂ ਸਾਹਿਬਾਨ ਹਾਜ਼ਰ ਸਨ। ਬੀਬੀ ਅਵਤਾਰ ਕੌਰ ਦਾ ਲੰਘੀ 8 ਜਨਵਰੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਰਨ ਦੇਹਾਂਤ ਹੋ ਗਿਆ ਸੀ। ਬੀਬੀ ਅਵਤਾਰ ਕੌਰ ਪੰਜਾਬ ਦੀ ਖੱਬੇਪੱਖੀ ਅਧਿਆਪਕ ਲਹਿਰ ਦੇ ਸਾਬਕਾ ਆਗੂ ਅਤੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਬਣੀ ਸੰਸਥਾ ਇੰਡੋ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਆਗੂ ਗਿਆਨ ਸਿੰਘ ਬਿਲਗਾ ਦੀ ਸੁਪਤਨੀ ਸਨ। ਬੀਬੀ ਅਵਤਾਰ ਕੌਰ ਨੇ 71 ਸਾਲ ਦੇ ਆਪਣੇ ਜੀਵਨ ਕਾਲ ਵਿਚ ਜਿਥੇ ਆਪਣੇ ਜੀਵਨ ਸਾਥੀ ਗਿਆਨ ਸਿੰਘ ਬਿਲਗਾ ਨਾਲ ਕਦਮ ਦਰ ਕਦਮ ਹਰ ਮੁਸੀਬਤ ਨੂੰ ਝੱਲਦਿਆਂ ਸੰਘਰਸ਼ਮਈ ਜੀਵਨ ਹੰਢਾਇਆ; ਉਥੇ ਨਿੱਜੀ ਤੌਰ 'ਤੇ ਖ਼ੁਦ ਵੀ ਸਦਾ ਹੀ ਦਰਿਆਦਿਲੀ ਦਾ ਪੁੰਜ ਬਣਦਿਆਂ ਨਿਆਸਰਿਆਂ ਤੇ ਬੇਸਹਾਰਾ ਲੋਕਾਂ ਦੀ ਹਰ ਔਖੀ ਘੜੀ ਬਾਂਹ ਫੜੀ। ਉਨ੍ਹਾਂ ਬਹੁਤ ਸਾਰੇ ਗ਼ਰੀਬ ਬੱਚਿਆਂ ਨੂੰ ਆਪਣੇ ਖ਼ਰਚੇ 'ਤੇ ਪੜ੍ਹਾਇਆ ਅਤੇ ਵਿਆਹ ਵੀ ਕੀਤੇ। ਬੀਬੀ ਅਵਤਾਰ ਕੌਰ ਬਿਲਗਾ ਆਪਣੇ ਪਿਛੇ ਪਤੀ ਗਿਆਨ ਸਿੰਘ ਬਿਲਗਾ, ਬੇਟਾ ਮਨਦੀਪ ਸਿੰਘ, ਨੂੰਹ ਹਰਵਿੰਦਰ ਕੌਰ, ਦੋ ਧੀਆਂ ਸਰਬਜੀਤ ਅਤੇ ਮਿਨੀ ਤੋਂ ਇਲਾਵਾ ਦੋ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਬੀਬੀ ਅਵਤਾਰ ਕੌਰ ਦਾ ਜਨਮ 4 ਜੁਲਾਈ 1942 ਨੂੰ ਮਾਤਾ ਹਰਬੰਸ ਕੌਰ ਅਤੇ ਪਿਤਾ ਸਤਨਾਮ ਸਿੰਘ ਦੇ ਘਰ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ਰੀਂਹ ਵਿਚ ਹੋਇਆ। ਉਹ ਪਰਿਵਾਰ ਵਿਚ ਸਭ ਤੋਂ ਵੱਡੀ ਧੀ ਸੀ। ਉਹ ਸੱਤਵੀਂ ਜਮਾਤ ਵਿਚ ਹੀ ਪੜ੍ਹਦੇ ਸਨ ਕਿ ਉਨ੍ਹਾਂ ਦੀ ਮਾਤਾ ਕਿਸੇ ਨਾਮੁਰਾਦ ਬਿਮਾਰੀ ਕਰਕੇ ਚੱਲਣ-ਫਿਰਨ ਤੋਂ ਰਹਿ ਗਏ ਜਿਸ ਕਰ ਕੇ ਉਨ੍ਹਾਂ ਨੂੰ ਸਕੂਲ ਦੀ ਪੜ੍ਹਾਈ ਵਿੱਚੇ ਛੱਡਣੀ ਪਈ। ਆਪਣੇ ਛੋਟੇ ਭੈਣ- ਭਰਾਵਾਂ ਲਈ ਉਨ੍ਹਾਂ ਦੀ ਇਹ ਵੱਡੀ ਕੁਰਬਾਨੀ ਸੀ। ਉਨ੍ਹਾਂ ਦਾ ਛੋਟਾ ਭਰਾ ਸੁਰਿੰਦਰ ਸਿੰਘ ਇੰਜੀਨੀਅਰ ਹੈ ਅਤੇ ਉਨ੍ਹਾਂ ਦਾ ਸ਼ੁਮਾਰ ਕੀਨੀਆ ਦੇ ਚੋਟੀ ਦੇ ਵਿਅਕਤੀਆਂ ਵਿਚ ਹੁੰਦਾ ਹੈ। ਸੁਰਿੰਦਰ ਸਿੰਘ ਦੀ ਇਕ ਬੇਟੀ ਕੀਨੀਆ ਦੀ ਪਾਰਲੀਮੈਂਟ ਮੈਂਬਰ ਹੈ।

ਅੰਤਮ ਸਸਕਾਰ ਮੌਕੇ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ ਦੇ ਮੈਂਬਰ, ਗ਼ਦਰ ਪਾਰਟੀ ਵੇਲੇ ਸਰਗਰਮ ਰਹੀਆਂ ਸੰਸਥਾਵਾਂ ਦੇ ਅਹੁਦੇਦਾਰ, ਰੈਡ ਇੰਡੀਅਨ ਦੇ ਅਹੁਦੇਦਾਰ, ਰਿਪਬਲੀਕਿਨ ਪਾਰਟੀ ਬੇਕਰਜ਼ਫ਼ੀਲਡ ਦੇ ਪ੍ਰਧਾਨ ਡੀਨ ਹੈਡਲੌਕ, ਗੁਰਦੀਪ ਸਿੰਘ ਅਣਖੀ, ਟੀਚਰਜ਼ ਐਸੋਸੀਏਸ਼ਨ ਵਲੋਂ ਮਿਸ ਸਿੰਡੀ, ਵਿਲਸਨ ਗੁਰੂ ਘਰਾਂ ਵਲੋਂ ਮਨਜੀਤ ਸਿੰਘ, ਪੋਤਾ ਇਮਰਨਜੀਤ, ਦੋਹਤਾ ਸੁਮੇਲ ਸਿੰਘ ਭੋਗਲ, 'ਨਵੀਂ ਦੁਨੀਆ' ਵਲੋਂ ਜਸਵੀਰ ਦਿਓਲ, ਰਮਾਕਾਂਤ ਡਾਬਰ, ਸੁਰਿੰਦਰ ਮੰਡਾਲੀ, ਕੁਲਵੰਤ ਢੇਸੀ, ਰਤਨ ਸਿੰਘ ਢੇਸੀ, ਸੁਮਿੱਤਰ ਉਪਲ, ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

ਸੀ ਪੀ ਐਮ ਪੰਜਾਬ ਦੇ ਸੱਕਤਰ ਸਾਥੀ ਮੰਗਤ ਰਾਮ ਪਾਸਲਾ, ਗੌਰਮਿੰਟ ਟੀਚਰ ਯੂਨੀਅਨ ਦੇ ਨਿਧੜਕ ਆਗੂ ਰਹੇ ਸਾਥੀ ਤਰਲੋਚਨ ਸਿੰਘ ਰਾਣਾ ਅਤੇ ਸੀ ਪੀ ਐਮ ਪੰਜਾਬ ਦੇ ਸਕਤਰੇਤ ਮੈਂਬਰਾਂ ਸਾਥੀ ਹਰਕੰਵਲ ਸਿੰਘ, ਕੁਲਵੰਤ ਸਿੰਘ ਸੰਧੂ ਅਤੇ ਮਾਸਟਰ ਰਘਬੀਰ ਸਿੰਘ ਨੇ ਬੀਬੀ ਅਵਤਾਰ ਕੌਰ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਅਦਾਰਾ 'ਨਵੀਂ ਦੁਨੀਆ' ਦੀ ਸਮੁੱਚੀ ਟੀਮ ਬੀਬੀ ਅਵਤਾਰ ਕੌਰ ਦੇ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਸਾਥੀ ਬਿਲਗਾ ਜੀ ਨਾਲ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੈ। ਬਿਲਗਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ +91-661-397-7330 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟੋਨੀ ਥਿੰਦ ਨੂੰ ਸਦਮਾ, ਨੌਜਵਾਨ ਪੁੱਤਰ ਦੀ ਮੌਤ



ਐਡਮਿੰਟਨ (ਨਦਬ) : ਬੇਹੱਦ ਮਿਲਾਪੜੇ ਸੁਭਾਅ ਵਾਲੇ ਨੌਜਵਾਨ ਹਰਮਨ ਥਿੰਦ ਦਾ 23 ਸਾਲ ਦੀ ਉਮਰ ਵਿਚ ਹੀ ਦੇਹਾਂਤ ਹੋ ਗਿਆ। ਹਰਮਨ ਐਡਮਿੰਨ ਸ਼ਹਿਰ ਦੇ ਰਿਐਲਟਰ ਟੋਨੀ ਥਿੰਦ ਦਾ ਬੇਟਾ ਸੀ। ਪਿਛਲੇ ਕੁਝ ਸਮੇਂ ਤੋਂ ਹਰਮਨ ਕੈਂਸਰ ਦੀ ਬਿਮਾਰੀ ਤੋਂ ਪੀੜਤ ਸੀ। ਹਰਮਨ ਦੀ ਦੋਸਤੀ ਦਾ ਘੇਰਾ ਬਹੁਤ ਵਿਸ਼ਾਲ ਸੀ। ਹਰੇਕ ਮਿਲਣ ਵਾਲੇ ਉਹ ਹਮੇਸ਼ਾ ਸਤਿਕਾਰ ਤੇ ਆਦਰ ਨਾਲ ਮਿਲਦਾ ਸੀ। ਉਸ ਦੇ ਦੋਸਤ ਅਜੇ ਵੀ ਉਸ ਦੇ ਹਸਮੁੱਖ ਚਿਹਰੇ ਨੂੰ ਨਹੀਂ ਭੁੱਲ ਸਕੇ। 19 ਜਨਵਰੀ ਨੂੰ ਸ਼ੇਅਰਵੁੱਡ ਪਾਰਕ ਸਥਿਤ ਪਾਰਕ ਪਲੇਸ ਫਿਊਨਰਲ ਹੋਮ ਵਿਖੇ ਜਦੋਂ ਉਸ ਦਾ ਅੰਤਮ ਸਸਕਾਰ ਕੀਤਾ ਗਿਆ ਤਾਂ ਉਸ ਸਮੇਂ ਹਰੇਕ ਹਾਜ਼ਰੀਨ ਦੀ ਅੱਖ ਨਮ ਸੀ। ਉਸ ਦੇ ਅਚਾਨਕ ਵਿਛੋੜੇ ਨਾਲ ਜਿਥੇ ਪਰਿਵਾਰ ਗਹਿਰੇ ਸਦਮੇ ਵਿਚ ਹੈ, ਉਥੇ ਹੀ ਹਰਮਨ ਦੀ ਭਰ ਜਵਾਨੀ ਵਿਚ ਹੋਈ ਮੌਤ ਨੇ ਰਿਸਤੇਦਾਰਾਂ ਨੂੰ ਵੀ ਝੰਜੋੜ ਕੇ ਰੱਖ ਦਿੱਤਾ। ਅਦਾਰਾ 'ਨਵੀਂ ਦੁਨੀਆ' ਥਿੰਦ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਹਮਦਰਦੀ ਪ੍ਰਗਟ ਕਰਦਾ ਹੈ। ਥਿੰਦ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਟੋਨੀ ਥਿੰਦ ਦੇ ਫ਼ੋਨ 780-445-8607 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਧੂ ਪਰਿਵਾਰ ਨੂੰ ਸਦਮਾ, ਨੌਜਵਾਨ ਪੁੱਤਰ ਦੀ ਮੌਤ



ਕੈਲਗਰੀ (ਨਦਬ) : ਕੈਲਗਰੀ ਸ਼ਹਿਰ ਦੇ ਰਹਿਣ ਵਾਲੇ ਨੌਜਵਾਨ ਹਰਪਾਲ ਸਿੰਘ ਸਿੱਧੂ ਉਰਫ ਪਾਲਾ (32 ਸਾਲ) ਸਪੁੱਤਰ ਕੁਲਦੀਪ ਸਿੰਘ ਦੀ ਪਿਛਲੇ ਦਿਨੀਂ ਮੌਤ ਹੋ ਗਈ। ਜ਼ਿਲ੍ਹਾ ਮੋਗਾ ਦੇ ਪਿੰਡ ਬੁਕਣਵਾਲਾ ਦਾ ਜੰਮਪਲ ਹਰਪਾਲ ਸਿੰਘ ਪਿਛਲੇ 12 ਸਾਲਾ ਤੋਂ ਆਪਣੇ ਪਰਿਵਾਰ ਸਮੇਤ ਕੈਲਗਰੀ ਰਹਿ ਰਿਹਾ ਸੀ। ਇਥੇ ਉਸ ਦਾ ਆਪਣਾ ਕਾਰੋਬਾਰ ਸੀ। ਹਾਦਸੇ ਵਾਲੀ ਰਾਤ ਉਹ ਆਪਣੇ ਕੰਮ 'ਤੇ ਗਿਆ ਹੋਇਆ ਸੀ ਤੇ ਉਸ ਦੇ ਕੰਮ ਵਾਲੀ ਵੈਨ ਨੂੰ ਅੱਗ ਲੱਗ ਗਈ। ਪਰ ਅਜੇ ਤੱਕ ਹਰਪਾਲ ਸਿੰਘ ਦੀ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਮ੍ਰਿਤਕ ਆਪਣੇ ਪਿਛੇ ਧਰਮ ਪਤਨੀ ਅਤੇ ਲੜਕਾ ਛੱਡ ਗਿਆ ਹੈ। ਇਹ ਹਾਦਸਾ 16 ਅਵੀਨਿਊ ਨੇੜੇ ਗਾਰਡਨ ਰੋਡ 'ਤੇ ਵਾਪਰਿਆ, ਜਿਥੇ ਗੱਡੀ ਸੜ ਕੇ ਸੁਆਹ ਹੋ ਗਈ। ਅਦਾਰਾ 'ਨਵੀਂ ਦੁਨੀਆ' ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਹਮਦਰਦੀ ਪ੍ਰਗਟ ਕਰਦਾ ਹੈ। ਦੁੱਖ ਸਾਂਝਾ ਕਰਨ ਲਈ ਪਰਮਜੀਤ ਕੌਰ ਨਾਲ 403-681-3145 ਜਾਂ ਰਾਜ ਨਾਲ 403-568-4995 'ਤੇ ਸੰਪਰਕ ਕੀਤਾ ਜਾ ਸਕਦਾ ਹੈ।

J. Oza & Associates
Immigration Services
Office : 204-480-1891, 204-227-0720
Unit 10 – 998 Keewatin Street, Winnipeg

- PNP
- Family & Spouse Sponsership
- Super/ Vistor Visa
- Study & Work Permit
- Affidavits
- Free Passport Photo with all secvices
- ਇਮੀਗਰੇਸ਼ਨ ਅਤੇ ਪਾਸਪੋਰਟ ਫੋਟੋ ਲਈ ਮਿਲੋ

Email : info@thecicg.com

Licensed Immigration Advocate & Practitioner

Member of ICCRC & Commissioner for Oaths.

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਬੰਧਕੀ ਕਮੇਟੀ ਨੇ ਸੰਵਿਧਾਨ ਦੀਆਂ ਉਡਾਈਆਂ ਧੱਜੀਆਂ : ਪਾਲ ਸਿੰਘ

## ਗੁਰਦੁਆਰਾ ਪ੍ਰਬੰਧਕ ਕਮੇਟੀ ਮੀਡੀਆ ਸਾਹਮਣੇ ਪੱਖ ਪੇਸ਼ ਕਰਨ ਤੋਂ ਇਨਕਾਰੀ

ਬੀਤੇ 17 ਦਸੰਬਰ 2013 ਨੂੰ ਮਹਾਰਾਜਾ ਬੈਕਿੰਟ ਹਾਲ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਕਮੇਟੀ ਦੇ ਰਹਿ ਚੁੱਕੇ ਸਾਬਕਾ ਪ੍ਰਬੰਧਕਾਂ ਅਤੇ ਮੈਬਰਾਂ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਗੁਰਦੁਆਰੇ ਦੇ ਮੌਜੂਦਾ ਪ੍ਰਬੰਧਕਾਂ ਉਪਰ (ਗੁਰਦੁਆਰੇ ਦੇ) ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਸੰਗੀਨ ਦੋਸ ਲਾਏ ਸਨ। ਇਹਨਾਂ ਦੋਸਾਂ ਦੇ ਸਬੰਧ ਵਿੱਚ ਉਹਨਾਂ ਵੱਲੋਂ ਇਕ ਪ੍ਰੈਸ ਨੋਟ ਵੀ ਜਾਰੀ ਕੀਤਾ ਗਿਆ ਸੀ ਜਿਸ ਨਾਲ ਦੋਸਾਂ ਦੀ ਪੁਸ਼ਟੀ ਕਰਨ ਲਈ ਕੁਝ ਕਾਗਜ਼ਾਤ ਵੀ ਸਬੂਤ ਵੱਜੋਂ ਪੱਤਰਕਾਰਾਂ ਨੂੰ ਪੇਸ਼ ਕੀਤੇ ਗਏ ਸਨ। ਇਸ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੇ ਦੋਸ਼ ਲਾਉਣ ਵਾਲੀ ਧਿਰ ਨੂੰ ਸਬੰਧਤ ਮਸਲਿਆਂ 'ਤੇ ਤਿੱਖੇ ਸਵਾਲ ਵੀ ਕੀਤੇ, ਜਿਨ੍ਹਾਂ ਦਾ ਜਵਾਬ ਦਿੰਦਿਆ ਉਹਨਾਂ ਨੇ ਕਿਹਾ ਕਿ ਸਾਡੇ ਵੱਲੋਂ ਲਾਏ ਹਰ ਦੋਸ਼ ਦਾ ਠੋਸ ਦਸਤਾਵੇਜ਼ੀ ਸਬੂਤ ਹੈ।

ਮਸਲਾ ਸੰਜੀਦਾ ਤੇ ਸਿੱਧੇ ਤੌਰ 'ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਸੰਸਥਾ) ਦੀ ਮਾਣ ਮਰਿਯਾਦਾ ਨਾਲ ਜੁੜਿਆ ਹੋਣ ਕਰਕੇ ਅਤੇ ਸੰਗਤਾਂ ਦੀਆਂ ਇਸ ਸੰਸਥਾ ਨਾਲ ਦਿਲੀ ਭਾਵਨਾਵਾਂ ਜੁੜੀਆਂ ਹੋਣ ਨੂੰ ਧਿਆਨ 'ਚ ਰੱਖਦਿਆਂ, ਭਾਈਚਾਰੇ ਦੇ ਵਡੇਰੇ ਹਿੱਤਾਂ ਦੀ ਖਾਤਰ ਮੀਡੀਏ ਨੇ ਆਪਸ ਵਿੱਚ ਮਿਲ ਬੈਠ ਕੇ ਇਸ ਨੂੰ ਸੁਲਝਾਉਣ ਲਈ ਯਤਨ ਵੀ ਕੀਤਾ ਜੋ ਦੋਹਾਂ ਧਿਰਾਂ ਦੇ ਲੋੜੀਂਦੇ ਸਹਿਯੋਗ ਦੀ ਅਣਹੋਂਦ ਕਰਕੇ ਨੇਪਰੇ ਨਾ ਚੜ੍ਹ ਸਕਿਆ। ਇਸ ਯਤਨ ਦੇ ਚੱਲਦਿਆਂ ਕੁਝ ਲੋਕਾਂ ਵੱਲੋਂ ਮੀਡੀਏ ਦੇ ਡਰ ਜਾਣ ਜਾਂ ਪੱਖਪਾਤ ਕਰਨ ਬਾਰੇ ਵੀ ਤਰ੍ਹਾਂ-ਤਰ੍ਹਾਂ ਦੀਆਂ ਟਿਪਣੀਆਂ ਕੀਤੀਆਂ ਗਈਆਂ ਪਰ ਮੀਡੀਏ ਨੇ ਆਪਣੀ ਸੁਹਿਰਦ ਕੋਸ਼ਿਸ਼ ਇਮਾਨਦਾਰੀ ਨਾਲ ਜਾਰੀ ਰੱਖੀ। ਜਦੋਂ ਆਪਸ 'ਚ ਮਿਲ ਬੈਠ ਕੇ ਮਸਲਾ ਸੁਲਝਾਉਣ ਦੀਆਂ ਕੋਸ਼ਿਸ਼ਾਂ ਸਿਰੇ ਨਾ ਚੜ੍ਹੀਆਂ ਤਾਂ ਅਖ਼ੀਰ ਮੀਡੀਏ ਨੇ ਪ੍ਰਬੰਧਕਾਂ ਨੂੰ ਪ੍ਰੈਸ ਕਾਨਫਰੰਸ਼ 'ਚ ਉਹਨਾਂ 'ਤੇ ਲਾਏ ਗਏ ਦੋਸਾਂ ਦਾ ਜਵਾਬ ਦੇ ਕੇ ਐਡਮਿੰਟਨ ਵਾਸੀਆਂ ਨੂੰ ਸੁਚੇਤ ਕਰਨ ਦੀ ਬੇਨਤੀ ਕੀਤੀ ਅਤੇ ਉਹਨਾਂ ਦੇ ਕਹਿਣ 'ਤੇ ਪ੍ਰੈਸ ਕਾਨਫਰੰਗ 'ਚ ਉਠੇ ਸਵਾਲ ਲਿਖਤੀ ਰੂਪ 'ਚ (ਪ੍ਰੈਸ ਨੋਟ ਦੀ ਕਾਪੀ ਸਮੇਤ) ਉਹਨਾਂ ਨੂੰ ਦਿੱਤੇ ਗਏ; ਜਿਸ ਦੇ ਜਵਾਬ 'ਚ ਪ੍ਰਬੰਧਕਾਂ ਨੇ ਕਿਹਾ ਕਿ ਦੋਸ ਲਾਉਣ ਵਾਲੀ ਧਿਰ ਦੇ ਇਹਨਾਂ ਸਾਰੇ ਸਵਾਲਾਂ ਦੇ ਜਵਾਬ ਉਹਨਾਂ (ਪ੍ਰਬੰਧਕਾਂ) ਦੇ ਵਕੀਲ ਵੱਲੋਂ ਲਿਖਤੀ ਰੂਪ 'ਚ ਦੇ ਦਿਤੇ ਗਏ ਹਨ। ਇਸ ਜਵਾਬ ਤੋਂ ਬਾਅਦ ਮੀਡੀਆ ਹਾਲੀ ਆਪਣੇ ਪੱਧਰ 'ਤੇ ਇਸ ਬਾਰੇ ਜਾਨਣ ਦੀ ਕੋਸ਼ਿਸ਼ ਵਿੱਚ ਹੀ ਸੀ ਕਿ ਦੋਸ ਲਾਉਣ ਵਾਲੀ ਧਿਰ ਨੇ ਮਿਤੀ 27 ਜਨਵਰੀ 2014 ਨੂੰ ਇੱਕ ਹੋਰ ਪ੍ਰੈਸ ਕਾਨਫਰੰਸ਼ ਕਰਕੇ ਆਪਣਾ ਪੱਖ ਦੁਬਾਰਾ ਰੱਖਿਆ ਜਿਸ ਵਿੱਚ ਉਹਨਾਂ ਨੇ ਪੁਰਾਣੇ ਦੋਸ ਫਿਰ ਦੁਹਰਾਏ ਅਤੇ 8 ਸਤੰਬਰ 2013 ਦੀ ਸਾਲਾਨਾ ਜਨਰਲ ਬਾਡੀ ਦੀ ਮੀਟਿੰਗ 'ਚ ਪਾਸ ਨਾ ਹੋਏ ਮਤਿਆਂ ਨੂੰ ਜੋ ਗਲਤ ਤਰੀਕੇ ਨਾਲ ਰਜ਼ਿਸਟ੍ਰਾਰ ਕੋਲ ਦਰਜ ਕਰਵਾਏ ਗਏ ਸਨ, ਮੁਤਾਬਕ ਹੀ ਗੁਰਦੁਆਰਾ ਪ੍ਰਬੰਧ ਚਲਾਉਣ ਦੀ ਗੱਲ ਕਹੀ। ਇਸ ਤੋਂ ਇਲਾਵਾ ਉਹਨਾਂ ਮੀਡੀਏ ਵੱਲੋਂ ਉਹਨਾਂ ਦੀ ਪਹਿਲੀ ਪ੍ਰੈਸ਼ ਕਾਨਫਰੰਸ ਬਾਰੇ ਖ਼ਬਰ ਨਾ ਪ੍ਰਕਾਸ਼ਤ ਕਰਨ ਜਾਂ ਏਅਰ ਕਰਨ ਬਾਰੇ ਸਵਾਲ ਵੀ ਉਠਾਇਆ; ਜਿਸਦੇ ਜਵਾਬ 'ਚ ਮੀਡੀਏ ਨੇ ਉਹਨਾਂ ਨੂੰ ਆਪਣੇ ਵੱਲੋਂ ਕੀਤੀ ਜਾ ਰਹੀ ਕੋਸ਼ਿਸ਼ ਬਾਰੇ ਜਾਣੂ ਕਰਵਾਇਆ।

ਜਦੋਂ ਮੀਡੀਏ ਨੇ ਉਹਨਾਂ ਨੂੰ ਪੁੱਛਿਆ ਕਿ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਜਿਹੜੇ ਸਵਾਲ ਤੁਸੀਂ ਮੀਡੀਏ 'ਚ ਰੱਖੇ ਸਨ, ਉਹਨਾਂ ਦਾ ਜਵਾਬ ਪ੍ਰਬੰਧਕਾਂ ਦੇ ਵਕੀਲ ਵੱਲੋਂ ਤੁਹਾਨੂੰ ਲਿਖਤੀ ਤੌਰ 'ਤੇ ਦਿਤਾ ਜਾ ਚੁੱਕਾ ਹੈ, ਇਸਦੇ ਬਾਵਜੂਦ ਵੀ ਤੁਸੀਂ ਫਿਰ ਇਹ ਸਵਾਲ ਦੁਬਾਰਾ ਕਿਉਂ ਉਠਾ ਰਹੇ ਹੋ? ਤਾਂ ਉਹਨਾਂ ਕਿਹਾ ਸਾਡੇ ਸਵਾਲਾਂ ਦਾ ਕੋਈ ਜਵਾਬ ਨਹੀ ਮਿਲਿਆ ਜੇਕਰ ਕਿਸੇ ਸਵਾਲ ਦਾ ਜਵਾਬ ਮਿਲਿਆਂ ਵੀ ਹੈ ਤਾਂ ਉਹ ਬਹੁਤ ਹੀ ਗੋਲ-ਮੋਲ ਕਰਕੇ ਦਿਤਾ ਗਿਆ ਹੈ, ਇਸ ਕਰਕੇ ਅਸੀਂ ਇਸ ਮਸਲੇ ਨੂੰ ਕਿਸੇ ਕਾਨੂੰਨੀ ਪ੍ਰਕਿਆ 'ਚ ਲਿਜਾਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਹਿੱਤਾਂ ਲਈ ਸੰਗਤਾਂ 'ਚ ਰੱਖਣਾ ਚਾਹੁੰਦੇ ਹਾਂ, ਅਸੀਂ ਨਹੀਂ ਚਾਹੁੰਦੇ ਕਿ ਕੌਮ ਦਾ ਧਨ ਅਤੇ ਕੀਮਤੀ ਸਮਾਂ ਕਿਸੇ ਕਾਨੂੰਨੀ ਪ੍ਰਕਿਰਿਆ ਤੇ ਅਜਾਈਂ ਲੱਗੇ। ਦੁਬਾਰਾ ਕੀਤੀ ਪ੍ਰੈਸ ਕਾਨਫਰੰਸ ਤੋਂ ਬਾਅਦ ਮੀਡੀਏ ਨੇ ਇੱਕ ਵਾਰ ਫਿਰ ਮਸਲੇ ਦੀ ਗੰਭੀਰਤਾ ਨੂੰ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ, (ਪੰਜਾਬੀ ਮੀਡੀਆਂ ਐਸੋਸੀਏਸ਼ਨ ਵੱਲੋਂ) ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਤੀ ਬੇਨਤੀ ਕਰਕੇ ਮਸਲੇ ਨੂੰ ਸੁਲਝਾਉਣ ਜਾਂ ਵਾਰ-ਵਾਰ ਦੁਹਰਾਏ ਜਾ ਰਹੇ ਦੋਸਾਂ ਦਾ ਉੱਤਰ ਦੇ ਕੇ ਸੰਗਤਾਂ ਨੂੰ ਸੁਚੇਤ ਕਰਨ ਲਈ ਕਿਹਾ। ਇਸ ਲਈ ਮੀਡੀਏ ਨੇ ਪ੍ਰਬੰਧਕ ਸਾਹਿਬਾਨਾਂ ਨੂੰ 31 ਜਨਵਰੀ 2014 ਨੂੰ ਸ਼ਾਮੀ ਸਾਢੇ ਚਾਰ ਵਜੇ ਦਾ ਮਿਲਣ ਦਾ ਸਮਾਂ ਦਿਤਾ ਸੀ ਪਰ ਪ੍ਰਬੰਧਕ ਸਾਹਿਬਾਨਾਂ ਨੇ ਇਹਨਾਂ ਦੋਸਾਂ ਦੇ ਜੁਆਬ ਦੇਣ ਤੋਂ ਇਨਕਾਰ ਕਰ ਦਿਤਾ। ਕਮੇਟੀ ਪ੍ਰਬੰਧਕਾਂ ਵੱਲੋਂ ਮਸਲੇ ਨੂੰ ਸੰਜੀਦਗੀ ਨਾਲ ਨਾ ਲੈਣ 'ਤੇ ਮੀਡੀਏ ਨੂੰ ਹੈਰਾਨੀ ਹੋਈ।

ਪ੍ਰੈਸ ਕਾਨਫਰੰਸ 'ਚ ਉਠਾਏ ਗਏ ਸਵਾਲਾਂ ਦੇ ਸਬੰਧ 'ਚ ਜਾਰੀ ਕੀਤੇ ਦੋਵੇ ਪ੍ਰੈਸ ਨੋਟ ਹੇਠ ਲਿਖੇ ਹਨ:

ਸਹੀ

ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਐਡਮਿੰਟਨ

## First Press Release Note Dec 17, 2013

"ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ॥

**ਪ੍ਰਬੰਧਕਾਂ ਨੇ ਗੁਰਦੁਆਰੇ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ**

**ਸੰਗਤਾਂ ਨੂੰ ਬੋਲੇ ਕੋਰੇ ਝੂਠਾਂ ਤੋਂ ਪਰਦਾ ਚੁੱਕਿਆ**

ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਵਲੋਂ 13 ਸਤੰਬਰ 2013 ਨੂੰ ਅਖਬਾਰਾਂ ਵਿਚ ਛਪਾਈ ਗਈ ਝੂਠੀ ਖਬਰ ਤੋਂ ਪਰਦਾ ਉਸ ਵਕਤ ਚੁੱਕਿਆ ਗਿਆ ਜਦੋਂ ਇਸ ਪ੍ਰਤੀ ਸੰਗਤਾਂ ਅਤੇ ਮੈਂਬਰਾਂ ਵਲੋਂ ਸਬੂਤ ਮੰਗੇ ਗਏ ਅਤੇ ਸਾਢੇ ਤਿੰਨ ਮਹੀਨੇ ਬਾਅਦ ਵੀ ਪ੍ਰਬੰਧਕ ਇੱਕ ਵੀ ਗੱਲ ਦਾ ਜਵਾਬ ਦੇਣ ਤੋਂ ਅਸਮਰਥ ਰਹੇ

ਅਖਬਾਰਾਂ ਵਿਚ ਛਪੀ ਇਸ ਖਬਰ ਵਿਚ ਸੰਗਤਾਂ ਨੂੰ ਗੁੰਮਰਾਹ ਕਰਨ ਦੇ ਮਕਸਦ ਨਾਲ ਇਹ ਦੱਸਿਆ ਗਿਆ ਕਿ "ਗੁਰਦੁਆਰਾ ਸੰਵਿਧਾਨ ਵਿਚ ਕੁਝ ਜ਼ਰੂਰੀ ਸੋਧਾਂ ਕੀਤੀਆਂ ਗਈਆਂ" ਜੋ ਕਿ ਸਰਾਸਰ ਝੂਠ ਹੈ ਕਿਉਂਕਿ

1 ਵਿਧਾਨ ਦੀ ਸੋਧ ਲਈ (ਆਰਟੀਕਲ 10 ਅਨੁਸਾਰ) ਪਈਆਂ ਵੋਟਾਂ ਲੋੜੀਂਦੀ ਗਿਣਤੀ ਤੋਂ ਘੱਟ ਸਨ। ਮੌਜੂਦਾ ਸੰਵਿਧਾਨ ਦੇ ਮੁਤਾਬਕ ਇਸ ਵਿਚ ਹਾਜ਼ਰ ਮੈਂਬਰਾਂ ਦੀਆਂ 2/3 ਲੋੜੀਂਦੀਆਂ ਵੋਟਾਂ ਨਾਲ ਕੋਈ ਵੀ ਮਤਾ ਪਾਸ ਨਹੀਂ ਹੋ ਸਕਿਆ ਅਤੇ ਇਸ ਦੀ ਪੁਸ਼ਟੀ ਖੁਦ ਇਸ ਮੀਟਿੰਗ ਦੇ ਕੀਤੇ ਹੋਏ ਇਹਨਾਂ ਦੇ ਹੀ ਰਿਕਾਰਡ ਕਰਦੇ ਹਨ। ਮੀਟਿੰਗ ਵਿਚ ਹਾਜ਼ਰ 129 ਵਿਚੋਂ ਮਤਾ ਪਾਸ ਕਰਨ ਦੇ ਲਈ 86 ਵੋਟਾਂ ਦੀ ਲੋੜ ਸੀ ਪਰ ਇਸ ਦੇ ਹੱਕ ਵਿਚ ਕੁੱਲ 73 ਵੋਟਾਂ ਪਈਆਂ।

2 ਇਸ ਮੀਟਿੰਗ ਵਿਚ ਵਿਚ ਤਿੰਨ ਮਤੇ ਪੇਸ਼ ਕੀਤੇ ਅਤੇ ਸੰਵਿਧਾਨ ਅਨੁਸਾਰ ਹਰ ਇੱਕ ਮਤੇ ਤੇ ਵਖਰੀ ਵਖਰੀ ਬਹਿਸ ਅਤੇ ਵੋਟ ਹੋਣੀ ਚਾਹੀਦੀ ਹੈ ਪਰ ਇਹਨਾਂ ਮਤਿਆਂ ਨੂੰ ਇੱਕਠੇ ਕਰਕੇ ਇੱਕੋ ਵੋਟ ਪਾਈ ਗਈ ਅਤੇ ਹਾਜ਼ਰ ਮੈਂਬਰਾਂ ਦੀਆਂ 2/3 ਲੋੜੀਂਦੀਆਂ ਵੋਟਾਂ ਨਾਲ ਇਹ ਤਿੰਨੇ ਮਤੇ ਪਾਸ ਨਹੀਂ ਹੋ ਸਕੇ। ਇਹਨਾਂ ਤਿੰਨਾਂ ਤਰਮੀਮਾਂ ਉਪਰ ਵੱਖ-ਵੱਖ ਵੋਟ ਕਰਵਾਉਣ ਦੀ ਥਾਂ, ਇਕੋ ਵੋਟ ਰਾਹੀਂ ਹੀ ਤਿੰਨਾਂ ਤਰਮੀਮਾਂ ਨੂੰ ਰੱਦ ਜਾਂ ਕਬੂਲ ਕਰਨ ਲਈ ਮੈਂਬਰਾਂ ਨੂੰ ਪ੍ਰਬੰਧਕੀ ਕਮੇਟੀ ਵਲੋਂ ਚੁਣੇ ਗਏ ਚੇਅਰਮੈਨ ਨੇ ਮਜਬੂਰ ਕੀਤਾ।

3 ਸਾਲਾਨਾ ਜਨਰਲ ਬਾਡੀ ਦੀ ਇਸ ਮੀਟਿੰਗ ਵਿਚ ਖਾਲਸਾ ਸਕੂਲ ਐਸੋਸੀਏਸ਼ਨ ਬਾਰੇ ਮਤਾ ਪੇਸ਼ ਕਰਨਾ ਆਪਣੇ ਆਪ ਵਿਚ ਹੀ ਪ੍ਰਬੰਧਕਾਂ ਵਲੋਂ ਸੰਵਿਧਾਨ ਦੀ ਘੋਰ ਉਲੰਘਣਾ ਹੈ ਕਿਉਂਕਿ ਖਾਲਸਾ ਸਕੂਲ ਐਸੋਸੀਏਸ਼ਨ ਇੱਕ ਵਖਰੀ ਸੰਸਥਾ, ਜਿਸ ਦਾ ਸੰਵਿਧਾਨ, ਬੈਂਕ ਖਾਤਾ, ਮੈਂਬਰਸ਼ਿਪ ਅਤੇ ਪ੍ਰਬੰਧਕੀ ਢਾਂਚਾ ਵੀ ਵਖਰਾ ਹੈ ਪਰ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਸਹੁੰ ਚੁੱਕ ਕੇ ਆਪਣੇ ਅਹੁਦੇ ਸੰਭਾਲਣ ਵਾਲੇ ਪ੍ਰਬੰਧਕਾਂ ਨੇ ਹਾਜ਼ਰ ਮੈਂਬਰਾਂ ਨੂੰ ਸ਼ਰੇਆਮ ਕੋਰਾ ਝੂਠ ਬੋਲਦਿਆਂ ਇਹ ਦੱਸਿਆ ਕਿ ਇਹ ਐਸੋਸੀਏਸ਼ਨ ਗੁਰਦੁਆਰੇ ਦਾ ਅਨਿਖੜਵਾਂ ਹਿੱਸਾ ਹੈ

4 ਸੋਧਾਂ ਨੂੰ ਜ਼ਰੂਰੀ ਦੱਸਣਾ ਵੀ ਇੱਕ ਕੋਰਾ ਝੂਠ ਹੈ ਕਿਉਂਕਿ ਕੌਨਫਲਿਕਟ ਆਫ਼ ਇਨਟ੍ਰਸਟ (Conflict of Interest) ਦੀ ਧਾਰਾ ਜੋ ਕਿ ਗੁਰੂਦੁਆਰਾ ਸਾਹਿਬ ਦੇ ਹਿੱਤਾਂ ਨੂੰ ਬਚਾਉਣ ਲਈ ਅਤਿ ਜ਼ਰੂਰੀ ਹੈ, ਨੂੰ ਕਢਣਾ ਬੇਲੋੜਾ ਅਤੇ ਗਿਣੀ ਮਿਥੀ ਸਾਜਿਸ਼ ਦੇ ਅਧੀਨ ਕੀਤਾ ਗਿਆ ਹੈ ਨਾ ਕਿ ਗੁਰਦੁਆਰੇ ਦੇ ਹਿਤਾਂ ਨੂੰ ਧਿਆਨ ਵਿਚ ਰੱਖਕੇ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੇ ਵਿਧਾਨ ਵਿਚ ਤਿੰਨ ਤਰਮੀਮਾਂ ਪੇਸ਼ ਕੀਤੀਆਂ ਗਈਆਂ। ਆਰਟੀਕਲ-1, ਅਤੇ ਆਰਟੀਕਲ-4 ਸਬੰਧੀ ਬਹਿਸ ਬਿਲਕੁੱਲ ਨਹੀਂ ਹੋਈ। ਆਰਟੀਕਲ-5 ਵਿਚੋਂ ਕੌਨਫਲਿਕਟ ਆਫ਼ ਇਨਟ੍ਰਸਟ (Conflict of Interest) ਦੀ ਪ੍ਰੀਭਾਸ਼ਾ ਕੱਢਣ ਦੀ ਲੋੜ ਬਾਰੇ ਮੈਂਬਰਾਂ ਵਲੋਂ ਵਾਰ ਵਾਰ ਪੁੱਛਣ 'ਤੇ ਪ੍ਰਬੰਧਕਾਂ ਵਲੋਂ ਕੋਈ ਜਵਾਬ ਨਹੀਂ ਮਿਲਿਆ। ਨਾ ਹੀ ਇਸ ਪ੍ਰੀਭਾਸ਼ਾ ਨੂੰ ਕੱਢਣ ਦੀ ਲੋੜ ਲਈ, ਸਾਲਾਨਾ ਜਨਰਲ ਮੀਟਿੰਗ ਤੋਂ ਪਹਿਲਾਂ, ਪ੍ਰਬੰਧਕ ਕਮੇਟੀ ਨੇ ਆਪਣੀ ਕਿਸੇ ਮੀਟਿੰਗ ਵਿਚ ਕੋਈ ਮਤਾ ਪਾਸ ਕੀਤਾ ਹੈ। ਇਸ ਪ੍ਰੀਭਾਸ਼ਾ ਨੂੰ ਕੱਢਣ ਲਈ ਜ਼ਿਆਦਾਤਰ 'ਸਕੂਲ ਐਸੋਸਿਏਸ਼ਨ' (ਐਡਮਿੰਟਨ ਖਾਲਸਾ ਸਕੂਲ ਐਜੂਕੇਸ਼ਨਲ ਐਸੋਸੀਏਸ਼ਨ) ਦੇ ਅਹੁਦੇਦਾਰ ਹੀ ਜ਼ਿਦ ਕਰ ਰਹੇ ਸਨ। ਇਥੇ ਇਹ ਵੀ ਧਿਆਨ ਯੋਗ ਹੈ ਕਿ ਪਿਛਲੇ ਦਹਾਕੇ ਵਿਚ ਸਕੂਲ ਐਸੋਸੀਏਸ਼ਨ ਦੇ ਅਹੁਦੇਦਾਰ ਹੀ ਗੁਰਦੁਆਰਾ ਸਾਹਿਬ ਦੀਆਂ ਮਹੱਤਵਪੂਰਨ ਪ੍ਰਬੰਧਕੀ ਪੁਜੀਸ਼ਨਾਂ ਦੇ ਕੰਟਰੋਲ ਵਿਚ ਰਹੇ ਹਨ। ਜਿਹਨਾਂ ਅਹੁਦੇਦਾਰਾਂ ਦੇ ਰਾਹ ਵਿਚ ਕਿਸੇ ਸੰਸਥਾ ਦੇ ਕੌਨਫਲਿਕਟ ਆਫ਼ ਇਨਟ੍ਰਸਟ (Conflict of Interest) ਦੇ ਨਿਯਮ ਦੀ ਪ੍ਰੀਭਾਸ਼ਾ ਅੜਿਕਾ ਹੈ, ਉਹਨਾਂ ਤੋਂ ਪ੍ਰਬੰਧ ਵਿਚ ਇਮਾਨਦਾਰੀ ਦੀ ਕੀ ਆਸ ਰੱਖੀ ਜਾ ਸਕਦੀ ਹੈ।



ਇਸ ਸਬੰਧੀ ਪ੍ਰਬੰਧਕ ਕਮੇਟੀ ਨੂੰ ਲਿਖਤੀ ਸ਼ਿਕਾਇਤਾਂ ਵੀ ਕੀਤੀਆਂ ਗਈਆਂ। ਪਰ ਕੋਈ ਜਵਾਬ ਨਾਂ ਮਿਲਣ ਕਰਕੇ ਛੇ ਹਫਤੇ ਬਾਦ, ਵਿਧਾਨ ਅਨੁਸਾਰ ਐਡਵਾਈਜ਼ਰੀ ਕਮੇਟੀ ਨੂੰ ਅਪੀਲ ਕੀਤੀ ਗਈ। ਐਡਵਾਈਜ਼ਰੀ ਕਮੇਟੀ ਨੇ ਸਾਡੀਆਂ ਸ਼ਿਕਾਇਤਾਂ ਨੂੰ ਵਾਜਬ ਕਿਹਾ ਹੈ ਅਤੇ ਪ੍ਰਬੰਧਕ ਕਮੇਟੀ ਨੂੰ ਇਸ ਸੰਬੰਧੀ ਯੋਗ ਕਾਰਵਾਈ ਕਰਨ ਦੀ ਹਦਾਇਤ ਵੀ ਕੀਤੀ ਹੈ। ਪਰ ਨਤੀਜਾ ਕੁੱਝ ਵੀ ਨਹੀਂ। ਇਸ ਸਬੰਧ ਵਿਚ ਪੁਰਾਣੇ ਪ੍ਰਬੰਧਕਾਂ ਦੀ ਇਕ ਮੀਟਿੰਗ ਵਿਚ ਇਹ ਮਸਲਾ ਸੁਲਝਾਣ ਲਈ ਦੁਬਾਰਾ ਇਹਨਾਂ ਮਤਿਆਂ ਸਬੰਧੀ ਮੀਟਿੰਗ ਕਰਵਾ ਕੇ ਵੋਟ ਕਰਵਉਣ ਦਾ ਵੀ ਸੁਝਾਅ ਆਇਆ ਸੀ, ਪਰ ਮੌਜੂਦਾ ਪ੍ਰਬੰਧਕ ਕਮੇਟੀ ਨੇ ਉਸ 'ਤੇ ਵੀ ਕੋਈ ਗੌਰ ਨਹੀ ਕੀਤਾ ।

**ਖਾਲਸਾ ਸਕੂਲ ਦੀ ਬਿਲਡਿੰਗ ਸੰਬੰਧੀ ਮਤੇ ਦਾ ਪਿਛੋਕੜ :**

ਬੜੇ ਚਿਰਾਂ ਤੋਂ ਗੁਰੂ ਘਰ ਵਿਚ ਪੰਜਾਬੀ ਅਤੇ ਗੁਰਮਤਿ ਦੀਆਂ ਕਲਾਸਾ ਚਲਦੀਆਂ ਰਹੀਆਂ ਹਨ। ਏਸੇ ਮਕਸਦ ਦੀ ਪੂਰਤੀ ਲਈ ਗੁਰੂ ਘਰ ਦੇ ਪਿਛਲੇ ਪਾਸੇ ਮੁੱਢਲੀ ਇਮਾਰਤ ਸਿੱਖ ਫੈਡਰੇਸ਼ਨ ਆਫ ਐਡਮਿੰਟਨ ਦੀ ਸਹਾਇਤਾ ਨਾਲ ਬਣਾਈ ਗਈ ਸੀ। ਸਾਲ 2001 ਦੇ ਸ਼ੁਰੂ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਾਈਵੇਟ ਖਾਲਸਾ ਸਕੂਲ ਚਾਲੂ ਕਰਨ ਤੇ ਵਿਚਾਰ ਕੀਤੀ। ਸਕੂਲ ਦਾ ਵਿਧਾਨ ਅਤੇ ਨਾਮ ਰਜਿਸਟਰ ਕਰਨ ਦੀ ਲੋੜ ਵਿਚਾਰੀ ਗਈ। ਨਾਮ ਐਡਮਿੰਟਨ ਖਾਲਸਾ ਸਕੂਲ ਰਖਣ ਦਾ ਫੈਸਲਾ ਹੋਇਆ। ਅਗੇ ਲਈ ਸਕੂਲ ਦੀ ਜ਼ੁੰਮੇਵਾਰੀ ਸਬ-ਕਮੇਟੀ ਨੂੰ ਦਿਤੀ ਗਈ।

**ਨੋਟ:** ਸਬ-ਕਮੇਟੀ ਨੇ ਐਡਮਿੰਟਨ ਖਾਲਸਾ ਸਕੂਲ ਐਜੂਕਸ਼ਨਲ ਐਸੋਸੀਏਸ਼ਨ ਦਾ ਨਾਮ ਰਜਿਸਟਰ ਕਰਵਾ ਕੇ ਵਿਧਾਨ ਬਣਾ ਲਿਆ, ਪਰ ਵਿਧਾਨ ਵਿਚ ਗੁਰਦੁਆਰੇ ਦੇ ਰੋਲ ਦਾ ਕੋਈ ਵੇਰਵਾ ਨਹੀਂ ਸੀ ਅਤੇ ਨਾਂ ਹੀ ਗੁਰਦੁਆਰਾ ਸਾਹਿਬ ਦੇ ਕਿਸੇ ਵੀ ਜਨਰਲ ਇਜਲਾਸ ਵਿਚ ਇਸ ਵਿਧਾਨ ਦੀ ਪ੍ਰਵਾਨਗੀ ਲਈ ਗਈ। ਸਕੂਲ ਐਸੋਸੀਏਸ਼ਨ ਵਲੋਂ ਗੁਰਦਆਰੇ ਦੀਆਂ ਸਹੂਲਤਾਂ ਅਤੇ ਸਹਾਇਤਾ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ, ਪਰ ਸਕੂਲ ਐਸੋਸੀਏਸ਼ਨ ਕਿਸੇ ਵੀ ਤਰ੍ਹਾਂ ਗੁਰਦੁਆਰਾ ਸਾਹਿਬ ਨੂੰ ਜਵਾਬਦੇਹ (accountable) ਨਹੀਂ ਹੈ।

8 ਸਤੰਬਰ, 2013 ਦੀ ਸਾਲਾਨਾ ਜਨਰਲ ਮੀਟਿੰਗ ਵਿਚ ਖਾਲਸਾ ਸਕੂਲ ਐਸੋਸੀਏਸ਼ਨ ਬਾਰੇ ਗੈਰ ਸੰਵਿਧਾਨਿਕ ਮਤੇ ਨੂੰ ਹੇਠਾਂ ਲਿਖੀਆਂ ਲਾਈਨਾਂ ਲਿਖਣ ਤੋਂ ਬਾਅਦ ਵਿਚ ਮੈਂਬਰਾਂ ਤੋਂ ਵੋਟ ਪੁਆਈ ਗਈ ਜੋ ਕਿ ਲੋੜੀਂਦੀਆਂ ਵੋਟਾਂ ਨਾਂ ਮਿਲ ਸਕਣ ਕਰਕੇ ਫੇਲ੍ਹ ਹੋ ਗਿਆ ਅਤੇ ਇਹਨਾਂ ਲਿਖੀਆਂ ਸ਼ਰਤਾਂ 'ਤੇ ਅਜੇ ਤੱਕ ਕੋਈ ਵੀ ਕੰਮ ਨਹੀਂ ਕੀਤਾ ਗਿਆ।

"This resolution is subject to approval by the professional lawyer and accountant of the Gurdwara to protect the interest the Gurdwara and its members in the long run."

ਇਸ ਸਾਲਾਨਾ ਜਨਰਲ ਮੀਟਿੰਗ ਤੋਂ ਬਾਅਦ ਕਈ ਤਰ੍ਹਾਂ ਦੇ ਸਵਾਲ ਲਿਖਤੀ ਰੂਪ ਵਿਚ ਪ੍ਰਬੰਧਕ ਕਮੇਟੀ ਨੂੰ ਆਉਣੇ ਸ਼ੁਰੂ ਹੋ ਗਏ।

- ਸਕੂਲ ਐਸੋਸੀਏਸ਼ਨ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾ ਦੇ ਦੋਨਾਂ ਕਮੇਟੀਆਂ ਵਿਚ ਬੈਠ ਕੇ ਫੈਸਲੇ ਲੈਣ ਨਾਲ conflict of interest ਦਾ ਕਾਨੂਨੀ ਮੁੱਦਾ।
- ਦੋਨਾਂ ਸੰਸਥਾਵਾਂ ਦੇ ਵਖਰੇ ਮਕਸਦ, ਵਖਰੇ ਵਿਧਾਨ, ਵਖਰੇ ਚੈਰੀਟੇਬਲ ਤੇ ਰਜਿਸਟਰੇਸ਼ਨ ਨੰਬਰ ਹੋਣ ਸਦਕਾ, ਕਨੂੰਨੀ ਤੌਰ ਅਨਿੱਖੜਵਾਂ ਅੰਗ ਕਿਵੇਂ ਹਨ?
- ਗੁਰਦੁਆਰਾ ਸਾਹਿਬ ਦੇ ਵਿਧਾਨ ਅਨੁਸਾਰ: The Prabandhak Committee shall have full control of the management, maintenance, operation, and care of the lands and premises held by the organization. ਫਿਰ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਬਿਲਡਿੰਗ ਬਣਾ ਕੇ ਖਾਲਸਾ ਸਕੂਲ ਐਸੋਸੀਏਸ਼ਨ ਨੂੰ ਦੇਣਾ ਕਿਸ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਵਿਧਾਨ ਅਨੁਸਾਰ ਹੈ ਅਤੇ ਵਿਧਾਨ ਅਨੁਸਾਰ ਰਹੇਗਾ?

ਇਸ ਤਰ੍ਹਾਂ ਦੇ ਹੋਰ ਵੀ ਕਈ ਸਵਾਲ ਲਿਖਤੀ ਰੂਪ ਵਿਚ ਆਏ। ਪਰ ਪ੍ਰਬੰਧਕ ਕਮੇਟੀ ਨੇ ਕੋਈ ਜਵਾਬ ਵਿਧਾਨ ਅਨੁਸਾਰ ਛੇ ਹਫਤਿਆਂ ਅੰਦਰ ਨਹੀਂ ਦਿੱਤਾ।

ਪ੍ਰਬੰਧਕੀ ਕਮੇਟੀ ਦੇ ਇਸ ਤਾਨਾਸ਼ਾਹੀ ਵਤੀਰੇ ਨੂੰ ਮੁੱਖ ਰਖਦਿਆਂ ਸ਼ਿਕਾਇਤ ਕਰਤਾ ਮੈਂਬਰਾਂ ਨੇ ਮਜਬੂਰਨ ਕਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਲਈ ਫੈਸਲਾ ਕੀਤਾ ਹੈ ਜੋ ਕਿ ਕਿਸੇ ਸਮੇਂ ਵੀ ਸ਼ੁਰੂ ਕੀਤੀ ਜਾ ਸਕਦੀ ਹੈ ਪਰ ਉਸ ਤੋਂ ਪਹਿਲਾਂ ਸੂਝਵਾਨ ਸੱਜਣਾਂ ਨੇ ਇਸ ਬਾਰੇ ਆਖਰੀ ਵਾਰੀਂ ਇਸ ਮੁੱਦੇ ਨੂੰ ਸੁਲਝਾਉਣ ਦਾ ਉਪਰਾਲਾ ਕੀਤਾ ਜਿਸ ਵਿਚ ਗੁਰਦੁਆਰਾ ਪ੍ਰਬੰਧ ਵਿਚ ਰਹਿ ਚੁੱਕੇ ਸਾਰੇ ਸਾਬਕਾ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ ਅਤੇ ਇੱਕ ਵਿਸ਼ੇਸ਼ ਮੀਟਿੰਗ ਰਾਹੀਂ ਹੇਠ ਲਿਖਿਆ ਉਪਰਾਲਾ ਕੀਤਾ ਗਿਆ

"ਅੱਜ ਇੱਕ ਦਸੰਬਰ 2013 ਨੂੰ ਗੁਰਦੁਆਰਾ ਸਿੰਘ ਸਭਾ ਦੀ ਮੌਜੂਦਾ ਸਥਿਤੀ 'ਤੇ ਵਿਚਾਰ ਲੈਣ ਲਈ ਪੁਰਾਣੇ ਪ੍ਰਬੰਧਕਾਂ ਅਤੇ ਐਡਵਾਈਜ਼ਰੀ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਵਿਚ ਹੇਠ ਲਿਖਿਆ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

8 ਸਤੰਬਰ 2013 ਨੂੰ ਸਲਾਨਾ ਜਨਰਲ ਮੀਟਿੰਗ ਵਿਚ ਪੇਸ਼ ਕੀਤੇ ਗਏ ਮਤਿਆਂ ਬਾਰੇ ਕਾਨੂੰਨੀ ਕਾਰਵਾਈ ਜਾਂ ਅਦਾਲਤੀ ਕਾਰਵਾਈ ਤੋਂ ਬਚਣ ਲਈ ਦੁਬਾਰਾ ਸਪੈਸ਼ਲ ਜਨਰਲ ਬਾਡੀ ਦੀ ਮੀਟਿੰਗ ਸੱਦੀ ਜਾਵੇ, ਇਹ ਸਾਰੇ ਮਤੇ ਦੋ ਹਫਤੇ ਪਹਿਲਾਂ ਮੈਂਬਰਾਂ ਨੂੰ ਵੇਰਵੇ ਸਹਿਤ ਵਿਚਾਰ ਲਈ ਦਿੱਤੇ ਜਾਣ ਤਾਂ ਕਿ ਗੁਰੁਦਆਰਾ ਸਾਹਿਬ ਦਾ ਪ੍ਰਬੰਧ ਵਿਧਾਨ ਅਨੁਸਾਰ ਠੀਕ ਚੱਲ ਸਕੇ। ਹਰ ਮਤੇ 'ਤੇ ਵਖਰੇ ਵਖਰੇ ਵੋਟ ਕਰਵਾਏ ਜਾਣ ਅਤੇ ਵੋਟ ਸੀਕਰਟ ਬੈਲਟ (secret ballot) ਰਾਹੀਂ ਹੋਵੇ। ਇਹ ਮੀਟਿੰਗ 12 ਜਨਵਰੀ 2014 ਤੋਂ ਪਹਿਲਾਂ ਬੁਲਾਈ ਜਾਵੇ। ਇਸ ਮਤੇ 'ਤੇ 30 ਤੋਂ ਜ਼ਿਆਦਾ ਸਾਬਕਾ ਕਮੇਟੀ ਮੈਂਬਰਾਂ ਵਲੋਂ ਲਿਖਤੀ ਪ੍ਰਵਾਨਗੀ ਹੈ ਜਿਨ੍ਹਾਂ ਵਿਚ ਸਾਬਕਾ ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਵੀ ਮੌਜੂਦ ਸਨ।

ਅੱਜ ਦੀ ਬੁਲਾਈ ਇਹ ਪ੍ਰੈਸ ਕਾਨਫਰੰਸ ਗੁਰਦੁਆਰੇ ਦੇ ਕੁਝ ਤਾਨਾਸ਼ਾਹ ਪ੍ਰਬੰਧਕਾਂ ਦੇ ਅੜੀਅਲ ਸੁਭਾਅ ਕਾਰਨ ਹੋਣ ਵਾਲੇ ਸੁਭਾਵਕ ਆਰਥਕ ਅਤੇ ਅਧਿਆਤਮਕ ਨੁਕਸਾਨ ਨੂੰ ਰੋਕਣ ਲਈ ਗੁਰਦੁਆਰੇ ਦੇ ਮੈਂਬਰਾਂ ਅਤੇ ਸੁਹਿਰਦ ਸਜਣਾਂ ਵਲੋਂ ਸਿਖ ਸੰਗਤ ਦੀ ਕਚਿਹਰੀ ਵਿਚ ਆਖਰੀ ਉਪਰਾਲਾ ਹੈ।

ਇਹਨਾਂ ਸਵਾਲਾਂ ਸੰਬਧੀ ਅਸੀਂ ਕਿਸੇ ਵੀ ਵਿਚਾਰ ਮੰਚ ਜਾਂ ਰੇਡੀਓ ਟਾਕ ਸ਼ੋਅ 'ਤੇ ਵਿਧਾਨ ਅਨੁਸਾਰ ਵਿਚਾਰ ਲਈ ਹਾਜਰ ਹਾਂ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥

Press Statement Released by:
Paul Singh Grewal, Amarjit Singh Grewal,
Manjit Kaur Bains, Parminder Singh Khuber
Paul Singh Grewal, (780) 450-2733
PaulSinghGrewal@Gmail.com

## 2nd Press Note on Jan 27, 2014

"ਗੁਰਦੁਆਰਾ ਪ੍ਰਬੰਧਕੀ ਕਮੇਟੀ ਅਜੇ ਵੀ ਮੀਡੀਆ ਨੂੰ ਝੂਠ ਬੋਲਣ ਤੋਂ ਗੁਰੇਜ਼ ਨਹੀਂ ਕਰ ਰਹੀ। ਲਉ ਉਸ ਦੇ ਸਬੂਤ। ਕਮੇਟੀ ਵਲੋਂ ਇਹ ਕਲੇਮ ਕੀਤਾ ਜਾ ਰਿਹਾ ਹੈ ਕਿ ਜੀ ਸਾਡੇ ਵਕੀਲ ਨੇ ਸਾਰੇ ਸੁਆਲਾਂ ਦੇ ਜਵਾਬ ਦੇ ਦਿੱਤੇ ਹਨ

- ਅਕਤੂਬਰ 10, 2013 ਨੂੰ ਸਰਦਾਰ ਕੁਲਮੀਤ ਸਿੰਘ ਸੰਘਾ ਵਲੋਂ ਕਮੇਟੀ ਕੋਲ ਸ਼ਿਕਾਇਤ ਦਰਜ਼ ਕੀਤੀ ਗਈ ਕੇ ਗੁਰਦੁਆਰੇ ਦੀ ਕਮੇਟੀ ਖਾਲਸਾ ਸਕੂਲ ਦੇ ਖਰਚਿਆਂ ਨੂੰ ਸਬਸੀਡਾਈਜ਼ ਕਰ ਰਹੀ ਹ। ਪ੍ਰਬੰਧਕੀ ਕਮੇਟੀ ਸੰਵਿਧਾਨ ਦੀਆਂ ਉਹ ਧਾਰਾਵਾਂ ਦੱਸੇ ਜਿਨ੍ਹਾਂ ਅਨੁਸਾਰ ਇਸ ਨੂੰ ਐਸਾ ਕਰਨ ਦੀ ਖੁੱਲ੍ਹ ਹੈ। ਸੋ ਪ੍ਰਬੰਧਕੀ ਕਮੇਟੀ ਦਾ ਇਹ ਕਹਿਣਾ ਕਿ ਸਾਡੇ ਵਕੀਲ ਨੇ ਇਸ ਦਾ ਜਵਾਬ ਦੇ ਦਿੱਤਾ ਹੈ, ਸਰਾ ਸਰ ਝੂਠ ਹੈ। ਜੇ ਇਹ ਸਚੇ ਹਨ ਤਾ ਦਿਖਾਉ ਉਹ ਲਿਖਤੀ ਜਵਾਬ ਜਿਹੜਾ ਇਹਨਾਂ ਦੇ ਵਕੀਲ ਨੇ ਦਿੱਤਾ ਹੈ?
- ਪ੍ਰਬੰਧਕੀ ਕਮੇਟੀ ਇਸ ਗੱਲ ਦਾ ਜਵਾਬ ਦੇਵੇ ਕਿ ਕੀ ਇਹ ਖਾਲਸਾ ਸਕੂਲ ਦੇ ਖਰਚਿਆਂ ਨੂੰ ਸਬਸੀਡਾਈਜ਼ ਕਰ ਰਹੀ ਹੈ ਜਾਂ ਨਹੀਂ?
- 10 ਨਵੰਬਰ 2013 ਨੂੰ ਪ੍ਰਬੰਧਕੀ ਕਮੇਟੀ ਨੂੰ ਲਿਖਤੀ ਸ਼ਿਕਾਇਤ ਵਿਚ ਜਨਰਲ ਬਾਡੀ ਦੇ Chairman (ਮੀਤ ਸੱਕਤਰ) ਵਲੋਂ ਸਾਬਕਾ ਪ੍ਰਧਾਨ ਪਰਮਿੰਦਰ ਸਿੰਘ ਖੁੱਬੜ ਅਤੇ ਪਾਲ ਸਿੰਘ ਗਰੇਵਾਲ ਨਾਲ ਗੁਰਦੁਆਰੇ ਦੇ ਬਾਹਰ ਸੰਗਤਾਂ ਦੀ ਹਜੂਰੀ ਵਿਚ ਲੜਾਈ ਕਰਨ ਅਤੇ ਭੱਦੀ ਭਾਸ਼ਾ ਵਰਤਣ ਦੇ ਬਾਵਜੂਦ ਅੱਜ ਤੱਕ ਕੋਈ ਲਿਖਤੀ ਕਾਰਵਾਈ ਨਹੀਂ ਕੀਤੀ ਗਈ ਅਤੇ ਨਾਂ ਹੀ ਕੋਈ ਜਵਾਬ ਦਿੱਤਾ ਗਿਆ ਹੈ? ਜੇ ਪ੍ਰਬੰਧਕੀ ਕਮੇਟੀ ਸਚ ਬੋਲਦੀ ਹੈ ਤਾਂ ਇਸ ਦਾ ਸਬੂਤ ਪੇਸ਼ ਕਰੇ?
- ਪ੍ਰਬੰਧਕੀ ਕਮੇਟੀ ਨੇ ਅਖਬਾਰਾਂ ਵਿਚ ਖਬਰਾਂ ਲਗਵਾਈਆਂ ਸਨ ਕਿ ਸੰਵਿਧਾਨ ਵਿਚ ਸੋਧਾਂ ਕੀਤੀਆਂ ਗਈਆਂ ਹਨ ਪਰ ਕੀ ਇਹ ਸਚ ਸੀ? ਬਿਲਕੁਲ ਨਹੀਂ ਕਿਉਂਕਿ ਇਹ Edmonton ਦੀਆਂ ਨੂੰ ਸੰਗਤਾਂ ਨੂੰ ਬੋਲਿਆ ਗਿਆ ਕੋਰਾ ਝੂਠ ਸੀ। ਇਹਨਾਂ ਦੇ ਵਕੀਲ ਵਲੋਂ ਉਹਨਾਂ ਮਤਿਆਂ ਨੂੰ ਨਕਾਰਾ ਮੰਨਿਆ ਗਿਆ ਹੈ ਸੋ ਪ੍ਰਬੰਧਕੀ ਕਮੇਟੀ ਦਿਖਾਏ ਉਸ ਖਬਰ ਨੂੰ ਜਿਸ ਅਨੁਸਾਰ ਉਹਨਾਂ ਹੀ ਅਖਬਾਰਾਂ ਵਿਚ ਇਸ ਦੀ ਸ਼ਰੇਆਮ ਸਚਾਈ ਅਤੇ ਸੋਧ ਪੇਸ਼ ਕੀਤੀ ਗਈ ਹੈ?
- ਪ੍ਰਬੰਧਕੀ ਕਮੇਟੀ ਨੇ 15 ਸਤੰਬਰ ਤੋਂ ਲੈ ਕੇ 4 ਅਕਤੂਬਰ, 2013 ਤੱਕ ਧੜਾ ਧੜ ਸ਼ਿਕਾਇਤਾਂ ਵਿਚ ਸੰਵਿਧਾਨ ਦੀਆਂ ਧਾਰਾਵਾਂ ਦੀਆਂ ਧੱਜੀਆਂ ਉਡਾਉਣ ਦਿਆਂ ਦੋਸ਼ਾਂ ਦੇ ਬਾਵਜੂਦ ਬਿਨਾਂ ਕਿਸੇ ਕਾਰਵਾਈ ਕੀਤੇ ਗੈਰ ਕਾਨੂਨੀਂ ਤਰੀਕੇ ਨਾਲ ਮਤੇ ਪਾਸ ਹੋਣ ਦੇ ਐਲਾਨ ਨੂੰ ਅਲਬਰਟਾ ਸਰਕਾਰ ਕੋਲ ਦਰਜ ਕਰਵਾਇਆ। ਕੀ ਇਹਨਾਂ ਦੇ ਵਕੀਲ ਵਲੋਂ ਇਹਨਾਂ ਸਾਰਿਆਂ ਮਤਿਆਂ ਨੂੰ ਨਕਾਰਾ ਮੰਨ ਲੈਣ ਦੇ ਬਾਵਜੂਦ 24 ਜਨਵਰੀ 2014 ਤੱਕ ਗੈਰ ਕਾਨੂੰਨੀ ਸੰਵਿਧਾਨ ਹੀ ਦਰਜ ਕਰਵਾਇਆ ਹੋਇਆ ਹੈ। ਪ੍ਰਬੰਧਕੀ ਕਮੇਟੀ ਇਸ ਦਾ ਸਬੂਤ ਪੇਸ਼ ਕਰੇ ਕਿ ਇਸ ਨੇ ਅਲਬਰਟਾ ਸਰਕਾਰ ਕੋਲ ਆਪਣੀ ਮੂਰਖਤਾਈ ਜਾਂ ਚਤੁਰਾਈ ਨਾਲ ਪੇਸ਼ ਕੀਤੇ ਗੈਰ ਕਨੂਨੀ ਸੰਵਿਧਾਨ ਦੀਆਂ ਸੋਧਾਂ ਨੂੰ 24 ਜਨਵਰੀ 2014 ਤੋਂ ਪਹਿਲਾਂ ਤੱਕ ਵਾਪਸ ਲਿਆ ਹੈ ਕਿ ਨਹੀਂ?
- Conflict of Interest ਦੀ ਧਾਰਾ ਉਸੇ ਤਰ੍ਹਾਂ ਹੀ ਬਰਕਰਾਰ ਹੋਣ ਦੇ ਬਾਵਜੂਦ ਪ੍ਰਬੰਧਕੀ ਕਮੇਟੀ ਦੇ ਕੁਝ ਮੈਂਬਰ ਖਾਲਸਾ ਸਕੂਲ ਦੇ ਬੋਰਡ ਮੈਂਬਰ ਥਾਪੇ ਗਏ ਹਨ ਤਾਂ ਕਿ ਸੰਗਤਾਂ ਨੂੰ ਗੁੰਮਰਾਹ ਕੀਤਾ ਜਾ ਸਕੇ ਕਿ ਇਹ ਇਹ ਦੋਨੇਂ ਸੰਸਥਾਵਾਂ ਇੱਕ ਮਿੱਕ ਹਨ ਪਰ ਇਹ ਗੁਰਦੁਆਰੇ ਦੇ ਸੰਵਿਧਾਨ ਦੀ ਘੋਰ ਉਲੰਘਣਾ ਹੈ ਪ੍ਰਬੰਧਕੀ ਕਮੇਟੀ ਇਸ ਦਾ ਸਬੂਤ ਦੇਵੇ ਕਿ ਇਸ ਨੇ ਉਸ ਪ੍ਰਤੀ ਕਿਹੜਾ ਜਵਾਬ ਦਿੱਤਾ ਹੈ ਅਤੇ ਕੀ ਐਕਸ਼ਨ ਲਿਆ ਹੈ?
- ਜਨਰਲ ਬਾਡੀ ਦੇ Chairman ਨੇ ਜਨਰਲ ਬਾਡੀ ਦੀ ਮੀਟਿੰਗ ਤੋਂ ਬਾਅਦ ਪ੍ਰਬੰਧਕੀ ਕਮੇਟੀ ਦੀਆਂ ਗੈਰ ਕਾਨੂੰਨੀ ਕਾਰਵਾਈਆਂ (ਜੋ ਕਿ ਬਾਅਦ ਵਿਚ ਇਹਨਾਂ ਦੇ ਵਕੀਲ ਨੇ ਵੀ ਗੈਰ ਕਾਨੂੰਨੀ ਮੰਨ ਲਈਆਂ ਹਨ) ਦੇ ਖਿਲਾਫ਼ ਕੀਤੀ ਸ਼ਿਕਾਇਤ ਨੂੰ ਸ਼ਰੇਆਮ ਗੁਰਦੁਆਰੇ ਦੇ ਦਰਬਾਰ ਵਿਚ ਹੀ ਪਾੜ ਕੇ ਸੁੱਟ ਦਿੱਤਾ ਸੀ। ਪ੍ਰਬੰਧਕੀ ਕਮੇਟੀ ਉਸ ਦੇ ਖਿਲਾਫ਼ ਅੱਜ ਤੱਕ ਕੀਤੀ ਅਨੁਸ਼ਾਸ਼ਨ ਵਾਲੀ ਕਾਰਵਾਈ ਦਾ ਕੋਈ ਵੀ ਸਬੂਤ ਦੇਵੇ? ਜੇ ਨਹੀਂ ਤਾਂ ਗੁਰਦੁਆਰੇ ਦੀ ਕਮੇਟੀ ਦੱਸੇ ਕਿ ਐਸੇ ਜਾਹਲ, ਹੰਕਾਰੀ ਅਤੇ ਬੇਵਕੂਫ਼ ਇਨਸਾਨਾਂ ਨੂੰ ਪ੍ਰਬੰਧਕੀ ਢਾਂਚੇ ਵਿਚ ਲਗਾ ਕੇ ਸਿਖੀ ਦਾ ਕਿਹੜਾ ਪ੍ਰਚਾਰ ਕਰ ਰਹੀ ਹੈ?

Relased on Jan 27, 2014 by:
Paul Singh Grewal (780) 450-2733
Paul SinghGrewal@Gmail.com
Parminder Singh Khuber, Amarjit Singh Grewal"

# What is the Rush?

Devon Bath

Imagine this: you're a professional football player playing in the National Football League (NFL), in the physical prime of your life, and all of a sudden your career is over. Not from a lack of talent or inability to understand the schemes or concepts.But because your employer is concerned about and looking to avoid future lawsuits,from former players over concussion injuries that went undiagnosed, like the one they settled on in August of this year for $765 million. Needless to say the NFL rule changes to prevent player concussions have had a negative on how the game is played and is also putting players in immediate danger of career ending leg and lower body injuries.I'm sure there were alternative methods they could have looked in to like improving the protective gear players wear, or at least increasing the padding worn on the lower body. I think the NFL should have used a little patience and forethought before making it a penaltyto lower the crown of your helmet to initiate contact (for the full details of the rule please see notes attached at back).I understand that it is quite a large sum to pay, but to force players to put their immediate well being and lively hood in jeopardy is wrong and unfair. I just can't see why they were so quick to act on such an important issue.

First of all prohibiting players from lowering their helmets to initiate contact essentially forces offensive players to run into opposing players standing straight up which leaves their lower sternum and abdomen area unprotected. Not only that, defensive players are now forced to attack or tackle the lower half of a players body for fear of being penalized, or if the league deems necessary, fined or suspended. These guys already put life and limb on the line every Sunday during the season for their respective teams and the league in general. Now the league wants them to do it without being able to shield themselves from contact? Players on defense are taught through out their amateur careers that when you go in for a tackle you lower your shoulder (which automatically lowers your head) and aim between the waist and shoulders. Now they get to the pro level and they are asked to try and tackle 200lbs plus men running at full speed with arm tackles or from what I've seen dangerous low tackles; where a player attacks the shin area of the opposing player .Conversely offensive players are unable to protect themselves from oncoming collisions. Not being able to lower the helmet means they can not drop their shoulder pad level to absorb some of the impact, which leaves their torso and knee to waist region open for devastating hits as well as injury.

Just take a look at any one of the NFL's teams injured reserve list and you can see the effects. Reggie Wayne (WR), Dustin Keller (TE), Jeremy Maclin (WR), Sidney Rice (WR) and Sam Bradford (QB), this is just a few notable players who have had their season or career shortened due to lower body injuries. Concussions only make up 5% of all injuries, with fractures and dislocations at 25%, and the other 70% fromstrains, sprains, and bruises. So why the NFL would create a rule that increases the likely hood of these more common injuries is just mind boggling. I understand concussions are a serious matter and I'm not down playing that. I just don't understand the logic behind the rule; let's curb the long term injuries that are minimal compared to others and add more immediate career ending ones. Not to mention the rule doesn't completely eliminate the concussion issue, football is a contact sport so injuries are bound to happen. It was a haste decision that I'm sure the league will pay for down the road whether it is more lawsuits or players refusing to jeopardize their health to make plays either way it will have a negative effect on the game. Maybe the league should have looked into improving the existingenforcements on padding worn or even improving it.

Considering the current rules regarding mandatory safety apparel, the league was quick to act on the helmet-to-helmet contact issue, but neglected to make it mandatory to wear shoulder, hip, orknee pads. That is such hypocrisy. The first thing they should have done was make all safety equipment mandatory. Then they should have looked in to improving the padding worn. And finally if that all failed to decrease concussion injuries they could look at changing the rules. To just bypass all that was a critical error on the leagues part.Basically what they did was put a band-aid on the concussion issue and opened up another can of injuries.

Well do you still want to be an NFL player knowing that they have their pocket book in mind before your health? Me neither. It was just too quick a decisionon such a major factor of the game and only time will tell what the true effects of this will be. It wouldn't surprise me the slightest if in the near future they implemented the equipment changes stated above. But I guess we will have to wait and see.

# When Teenagers Lie

Lisa Medoff

All teens lie, and that is because all people lie. We often do it in the service of sparing the feelings of others, but sometimes we lie for selfish reasons, such as making ourselves look good in the eyes of others. Teens are no different. As with many other adolescent behaviors that can be frustrating to parents, such as arguing, teens do not necessarily lie more—they just get better at it!Many teens leave out information, rather than explicitly lie, as they become increasingly protective of their privacy and learn what will upset parents and cause conflict. Just as in all other relationships, where we all feel the need to present our best selves, to avoid conflict and protect privacy, the occasional lie can be either ignored or briefly addressed, and there is usually no cause for concern.

However, some teens many engage in lying on a more constant basis, which can damage familial relations. It's important to try to understand and correct the underlying issues that can lead to lying, as lying is often a symptom of a larger problem. Such underlying issues can include jealously, frustration, anger, and concern about letting a parent down. Reasons for lying can also be more practical, such as to gain attention, escape punishment, or impress others.The teenage years are a time when children push for independence and separation from parents, which may include a drop in both spending time with parents and in sharing thoughts and feelings with them. Teens tend to prefer to spend more time with their friends, and in doing so, may engage in activities that they feel they have to hide from parents, especially if they feel that their parents may see those behaviors as risky or inappropriate.

Due to development in their brains, teens are able to think about abstract issues, such as morality and responsibility, and in musing upon such concepts; they may begin to believe that their parents' conceptions of these ideas are quite different from their own, which leads to questioning of parental authority. Also due to developments in the brain, teens become much better at anticipating what others will be thinking, and as a result, are better able to come up with a response, or in some cases, a plausible lie.Some ideas for dealing with teenagers who lie include:

Take a moment to calm down and think about what option suits the individual situation, as well as what you would like your child to learn. For example, if your child is lying to get attention, you may want to teach her that she will not get this attention by ignoring the lie. If you hear your child lying to her friends, you may want to address it directly, such as saying, "When I hear you telling lies to your friends, it makes me worry that you'll feel embarrassed when they find out what you said isn't true. Have you thought about what you'll do then?" If your child is lying to you to get out of being punished, show him that not only are the consequences more severe for lying than for the original misdeed, but that he is breaking down your trust in him. Help your child think about why lying is wrong while fostering thinking skills, such as perspective taking, and empathy for others, by asking questions such as, "Why do you think I am upset that you lied to me?" "How you feel when you are lied to?" and "How could your lie have hurt someone?"Discussions about the concepts of honesty and trust need to be ongoing throughout adolescence. Say to your child, "When you lie, I can't trust you to be on your own, and I am responsible for keeping you safe. I can't do that if I don't have all of the information that I need." Talk about the importance of honesty and trust in other relationships, not just in your own.

Enforce clear limits and rules, but keep them reasonable so that you are not setting up unrealistic expectations. Be willing to negotiate on matters that are important to your teen so that he knows you are extending your trust to him. You do not necessarily have to alter the rules after a discussion with your teen, but listen to his argument with an open mind. Give your teen the benefit of the doubt. Do not set up an adversarial relationship where you are constantly trying to catch your child in a lie. Unless you have reasons to be concerned, such as major changes in school performance or social life, or evidence of lying to cover up dangerous behaviors, accept what your child says at face value until you have reason to be suspicious or worried.

Try to understand the underlying issues behind why your teen is lying, and address those issues. Start by thinking about when the lying started, what seems to trigger lying, what your teen tends to lie about and to whom. Make it safe to tell the truth in your house. Constantly let your child know that there is nothing that she could do that would make you stop loving her, and that it is never too late to ask for your help with a problem. If your teen comes clean about a misbehavior, calmly and respectfully make it clear that you are unhappy with the behavior, but appreciate the truth. Do not let the original behavior go without consequences, but consider lessening them slightly for telling the truth. With their newly developed thinking skills and their attention to social details, teens are experts at picking up on hypocrisy, especially in the adults that are trying to enforce rules with them. Do not expect your teen to refrain from lying if you cannot do so, including those little white lies. Try to be honest as much as you can, and when you are not, be willing to discuss the situation with your teen. If your teen seems to be engaging in a consistent pattern of lying, especially about situations that might place him in danger, enlist the help of a mental health professional.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਸਾਂਝਾ ਮੋਰਚਾ ਕਰ ਸਕਦਾ ਹੈ ਬਾਦਲਾਂ ਨਾਲ ਸਮਝੌਤਾ: ਬਰਨਾਲਾ

ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਜੇ ਜ਼ਰੂਰਤ ਪਈ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨਾਲ ਗਠਜੋੜ ਕਰ ਕੇ ਸਾਂਝਾ ਮੋਰਚਾ ਚੋਣਾਂ ਵਿਚ ਉੱਤਰ ਸਕਦਾ ਹੈ। ਇਸ ਸਬੰਧੀ ਦੋਵੇਂ ਪਾਰਟੀਆਂ ਵਿਚਕਾਰ ਗੱਲਬਾਤ ਜਾਰੀ ਹੈ ਜਿਸ ਦੇ ਨਤੀਜੇ ਛੇਤੀ ਹੀ ਸਾਹਮਣੇ ਆਉਣਗੇ। ਇਹ ਖ਼ੁਲਾਸਾ ਸਾਂਝਾ ਮੋਰਚਾ ਦੇ ਸਰਪ੍ਰਸਤ ਸੁਰਜੀਤ ਸਿੰਘ ਬਰਨਾਲਾ ਨੇ ਅੱਜ ਸਮਾਣਾ ਵਿਖੇ ਸਮਾਜ ਸੇਵਕ ਮਦਨ ਅਗਰਵਾਲ ਦੇ ਨਿਵਾਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।



ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਸਾਂਝਾ ਮੋਰਚਾ ਸਮਝੌਤਾ ਹੋਣ ਤੋਂ ਬਾਅਦ ਹੀ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰੇਗਾ। ਉਨ੍ਹਾਂ ਇੱਥੇ ਟਿਕਟਾਂ ਦੀ ਵੰਡ ਬਾਰੇ ਕਿਹਾ ਕਿ ਇਸ ਸਬੰਧੀ ਕੋਈ ਫੈਸਲਾ ਨਹੀਂ ਹੋਇਆ ਪਰ ਮੀਟਿੰਗਾਂ ਦਾ ਦੌਰ ਜਾਰੀ ਹੈ, ਸਿੱਟੇ ਜਲਦ ਹੀ ਬਾਹਰ ਆਉਣਗੇ। ਬਰਨਾਲਾ ਨੇ ਇਥੇ ਸਪਸ਼ਟ ਕੀਤਾ ਕਿ ਉਹ ਲੋਕ ਸਭਾ ਚੋਣਾਂ ਵਿਚ ਬਤੌਰ ਉਮੀਦਵਾਰ ਨਹੀਂ ਉੱਤਰਨਗੇ ਪਰ ਉਨ੍ਹਾਂ ਦੇ ਪਰਿਵਾਰ ਦਾ ਇਕ ਮੈਂਬਰ ਉਮੀਦਵਾਰ ਜ਼ਰੂਰ ਹੋਵੇਗਾ।

ਇਸ ਮੌਕੇ ਬਰਨਾਲਾ ਦੀ ਪਤਨੀ ਅਤੇ ਸ਼੍ਰੋਮਣੀ ਅਕਾਲੀ ਦਲ ਬਰਨਾਲਾ ਦੀ ਪ੍ਰਧਾਨ ਸੁਰਜੀਤ ਕੌਰ ਬਰਨਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰਨ ਬਾਰੇ ਸਾਂਝੇ ਮੋਰਚੇ ਨੇ ਵਿਚਾਰ ਕੀਤਾ ਸੀ ਪਰ ਆਮ ਆਦਮੀ ਪਾਰਟੀ ਦੀ ਅਸਲ ਸਚਾਈ ਬਾਹਰ ਆ ਰਹੀ ਹੈ ਅਤੇ ਪੰਜਾਬ ਵਿਚ ਇਸ ਸਮੇਂ ਇਸ ਪਾਰਟੀ ਦਾ ਕੋਈ ਆਧਾਰ ਨਹੀਂ ਹੈ। ਇਹ ਤਾਂ ਦਿੱਲੀ ਤੱਕ ਹੀ ਸੀਮਤ ਹੈ। ਇਸ ਲਈ ਫਿਲਹਾਲ ਆਮ ਆਦਮੀ ਪਾਰਟੀ ਬਾਰੇ ਵਿਚਾਰ ਕਰਨਾ ਕੋਈ ਸਮਝਦਾਰੀ ਨਹੀਂ ਹੋਵੇਗੀ। ਇਥੇ ਪਾਰਟੀ ਦੇ ਸੀਨੀਅਰ ਆਗੂ ਬਲਦੇਵ ਮਾਨ ਨੇ ਕਿਹਾ ਕਿ ਕੇਜਰੀਵਾਲ ਨੂੰ ਕਾਂਗਰਸ ਵਿਰੋਧੀ ਹਵਾ ਨੇ ਦਿੱਲੀ ਵਿਖੇ ਜਿਤਾਇਆ ਹੈ, ਜਦੋਂ ਕਿ ਪੰਜਾਬ ਵਿਚ ਇਹੋ ਜਿਹੀ ਕੋਈ ਹਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਇਸ ਸਮੇਂ ਦਿੱਲੀ ਵਿਖੇ ਇਸ ਕਦਰ ਫਸ ਚੁੱਕੇ ਹਨ, ਕਿ ਦਿੱਲੀ ਤੋਂ ਬਾਹਰ ਆ ਕੇ ਪਾਰਟੀ ਦਾ ਵਿਸਥਾਰ ਕਰਨਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ ਹੈ। ਇਸ ਲਈ ਸਾਂਝਾ ਮੋਰਚਾ ਕੇਜਰੀਵਾਲ ਦੀ ਪਾਰਟੀ ਨਾਲ ਫਿਲਹਾਲ ਸਮਝੌਤਾ ਨਹੀਂ ਕਰ ਰਿਹਾ ਹੈ। ਇਸ ਨਵੀਂ ਰਾਜਸੀ ਪਹਿਲਕਦਮੀ 'ਤੇ ਪੀਪੀਪੀ ਦੇ ਸੀਨੀਅਰ ਮੀਤ ਪ੍ਰਧਾਨ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤੇ ਦੀ ਗੱਲ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਇਹ ਫੈਸਲਾ ਸੁਰਜੀਤ ਸਿੰਘ ਬਰਨਾਲਾ ਦਾ ਨਿੱਜੀ ਹੋ ਸਕਦਾ ਹੈ। ਇਸ ਨਾਲ ਸਾਂਝੇ ਮੋਰਚੇ ਦਾ ਕੋਈ ਲੈਣ ਦੇਣ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਬਰਨਾਲਾ ਇੰਜ ਕਰਦੇ ਹਨ ਤਾਂ ਉਨ੍ਹਾਂ ਨੂੰ ਸਾਂਝੇ ਮੋਰਚੇ ਤੋਂ ਬਾਹਰ ਕੱਢ ਦਿੱਤਾ ਜਾਵੇਗਾ।

ਇਸ ਸਬੰਧੀ ਸੀਪੀਆਈ (ਐਮ) ਦੇ ਸੂਬਾ ਸਕੱਤਰ ਚਰਨ ਸਿੰਘ ਵਿਰਦੀ ਨੇ ਕਿਹਾ ਕਿ ਸੁਰਜੀਤ ਸਿੰਘ ਬਰਨਾਲਾ ਦੇ ਇਸ ਬਿਆਨ ਨਾਲ ਸਾਂਝਾ ਮੋਰਚਾ ਇਤਫ਼ਾਕ ਨਹੀਂ ਰੱਖਦਾ ਹੈ। ਇਹ ਬਿਆਨ ਉਨ੍ਹਾਂ ਦਾ ਨਿੱਜੀ ਹੋ ਸਕਦਾ ਹੈ।

ਇਸ ਦੌਰਾਨ ਹੀ ਸੀਪੀਆਈ ਦੇ ਰਾਸ਼ਟਰੀ ਐਗਜੈਕਟਿਵ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਨਾਲ ਕਿਸੇ ਤਰ੍ਹਾਂ ਦੇ ਸਮਝੌਤੇ ਦਾ ਸੁਆਲ ਹੀ ਪੈਦਾ ਨਹੀਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੁਰਜੀਤ ਸਿੰਘ ਬਰਨਾਲਾ ਦੇ ਬਿਆਨ ਨਾਲ ਉਹ ਵੀ ਇਤਫ਼ਾਕ ਨਹੀਂ ਰੱਖਦੇ।

## ਬਠਿੰਡਾ ਤੋਂ ਚੋਣ ਲੜਾਉਣ ਲਈ ਕੈਪਟਨ ਦਾ ਨਾਂ ਸਭ ਤੋਂ ਅੱਗੇ



ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੂੰ ਲੋਕ ਸਭਾ ਚੋਣਾਂ 'ਚ ਘੇਰਨ ਲਈ ਕਾਂਗਰਸ ਵਲੋਂ ਯਤਨ ਤੇਜ਼ ਹੋ ਗਏ ਹਨ। ਪੰਜਾਬ ਕਾਂਗਰਸ ਕਮੇਟੀ ਦੀ ਮੀਟਿੰਗ 'ਚ ਇਕ ਰਾਇ ਬਣੀ ਕਿ ਕਾਂਗਰਸ ਦੇ ਵੱਡੇ ਆਗੂਆਂ ਨੂੰ ਮੈਦਾਨ 'ਚ ਉਤਰਨਾ ਚਾਹੀਦਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਠਿੰਡਾ ਹਲਕੇ ਤੋਂ ਚੋਣ ਲੜਾਉਣ ਦੀ ਸੰਭਾਵਨਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਕਾਂਗਰਸ ਸੂਤਰਾਂ ਨੇ ਦੱਸਿਆ ਕਿ ਕਮੇਟੀ 'ਚ ਇਸ ਗੱਲ ਨੂੰ ਲੈ ਕੇ ਸਹਿਮਤੀ ਸੀ ਕਿ ਕੈਪਟਨ ਸਮੇਤ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ, ਸਾਬਕਾ ਪ੍ਰਧਾਨ ਰਾਜਿੰਦਰ ਕੌਰ ਭੱਠਲ ਅਤੇ ਸ਼ਮਸ਼ੇਰ ਸਿੰਘ ਦੂਲੋਂ ਅਤੇ ਸੰਸਦ ਮੈਂਬਰ ਮਹਿੰਦਰ ਸਿੰਘ ਕੇਪੀ ਨੂੰ ਲੋਕ ਸਭਾ ਚੋਣ ਲੜਨੀ ਚਾਹੀਦੀ ਹੈ। ਸੀਨੀਅਰ ਕਾਂਗਰਸ ਆਗੂ ਪੀਸੀ ਚਾਕੋ ਦੀ ਚੇਅਰਮੈਨੀ ਹੇਠ ਹੋਈ ਮੀਟਿੰਗ ਦੌਰਾਨ ਪੰਜ ਪਾਰਲੀਮਾਨੀ ਹਲਕਿਆਂ ਤੋਂ ਤਿੰਨ ਤੋਂ ਪੰਜ ਉਮੀਦਵਾਰਾਂ ਦੀ ਸੂਚੀ ਨੂੰ ਅੰਤਿਮ ਰੂਪ ਦਿੱਤਾ ਗਿਆ। ਇਹ ਹਲਕੇ ਬਠਿੰਡਾ, ਅੰਮ੍ਰਿਤਸਰ, ਫਰੀਦਕੋਟ, ਫਿਰੋਜ਼ਪੁਰ ਅਤੇ ਖਡੂਰ ਸਾਹਿਬ ਹਨ। ਇੱਥੋਂ ਪਿਛਲੀਆਂ ਚੋਣਾਂ 'ਚ ਕਾਂਗਰਸ ਉਮੀਦਵਾਰ ਹਾਰੇ ਸਨ। ਬਾਕੀ ਅੱਠ ਸੀਟਾਂ 'ਤੇ ਉਮੀਦਵਾਰਾਂ ਬਾਰੇ ਫੈਸਲਾ ਸੰਸਦ ਇਜਲਾਸ ਖ਼ਤਮ ਹੋਣ ਮਗਰੋਂ ਲਿਆ ਜਾਵੇਗਾ। ਇਕ ਸੀਨੀਅਰ ਕਾਂਗਰਸ ਆਗੂ ਨੇ ਦੱਸਿਆ ਕਿ ਚੋਣ ਕਮੇਟੀ ਦੇ ਸਾਰੇ 29 ਮੈਂਬਰਾਂ ਨੂੰ ਪੰਜ ਮੈਂਬਰਾਂ ਦੇ ਨਾਂ ਦੱਸਣ ਲਈ ਕਿਹਾ ਗਿਆ ਸੀ। ਬਠਿੰਡਾ ਤੋਂ ਕੈਪਟਨ ਦੇ ਨਾਲ ਸਾਬਕਾ ਵਿੱਤ ਮੰਤਰੀ ਸੁਰਿੰਦਰ ਸਿੰਗਲਾ ਅਤੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਦੇ ਨਾਂ ਵੀ ਸੁਝਾਏ ਗਏ ਹਨ। ਕਾਂਗਰਸ ਆਗੂ ਨੂੰ ਜਦ ਪੁੱਛਿਆ ਗਿਆ ਕਿ ਜੇਕਰ ਕੈਪਟਨ ਲੋਕ ਸਭਾ ਚੋਣ ਲੜਦੇ ਹਨ ਤਾਂ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਵੀ ਮੈਦਾਨ 'ਚ ਹਨ। ਇਸ ਨਾਲ ਇਕੋ ਪਰਿਵਾਰ 'ਚ ਦੋ-ਦੋ ਉਮੀਦਵਾਰ ਹੋ ਜਾਣਗੇ ਤਾਂ ਉਨ੍ਹਾਂ ਕਿਹਾ ਕਿ ਇਸ ਨਾਲ ਕੋਈ ਮੁਸ਼ਕਲ ਨਹੀਂ ਆਵੇਗੀ ਕਿਉਂਕਿ ਇਸ ਸਮੇਂ ਵੀ ਉਹ ਵਿਧਾਇਕ ਹਨ ਅਤੇ ਉਨ੍ਹਾਂ ਦੀ ਪਤਨੀ ਸੰਸਦ ਮੈਂਬਰ ਹੈ। ਸਕਰੀਨਿੰਗ ਕਮੇਟੀ ਦੀ ਛੇਤੀ ਹੀ ਇਕ ਹੋਰ ਮੀਟਿੰਗ ਹੋਵੇਗੀ ਅਤੇ ਕੇਂਦਰੀ ਚੋਣ ਕਮੇਟੀ ਨੂੰ ਅੰਤਿਮ ਸੂਚੀ ਭੇਜਣ ਤੋਂ ਪਹਿਲਾਂ ਨਾਵਾਂ 'ਚ ਹੋਰ ਕਟੌਤੀ ਕੀਤੀ ਜਾਵੇਗੀ।

## ਜੇ ਹੁਕਮ ਹੋਇਆ ਤਾਂ ਲੁਧਿਆਣਾ ਤੋਂ ਚੋਣ ਲੜਾਂਗਾ: ਫੂਲਕਾ

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਤੇ ਇਨਸਾਫ ਲਈ ਲੜਾਈ ਲੜ ਰਹੇ ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹੋ ਸਕਦੇ ਹਨ।

ਫੂਲਕਾ ਨੇ ਖ਼ੁਲਾਸਾ ਕੀਤਾ ਕਿ ਜੇਕਰ 'ਆਪ' ਨੇ ਉਨ੍ਹਾਂ ਨੂੰ ਚੋਣ ਲੜਨ ਲਈ ਹੁਕਮ ਕੀਤਾ ਤਾਂ ਉਹ ਲੁਧਿਆਣਾ ਨੂੰ ਤਰਜੀਹ ਦੇਣਗੇ ਅਤੇ ਉਥੋਂ ਹੀ ਚੋਣ ਲੜਨੀ ਪਸੰਦ ਕਰਨਗੇ। ਉਹ ਲੁਧਿਆਣਾ ਵਿਚ ਹੀ ਪੜ੍ਹੇ ਲਿਖੇ ਹਨ ਅਤੇ ਉੱਥੇ ਉਨ੍ਹਾਂ ਦੇ ਦੋਸਤ, ਮਿੱਤਰ ਵੀ ਜ਼ਿਆਦਾ ਹਨ। ਸੀਨੀਅਰ ਵਕੀਲ ਨੇ ਆਖਿਆ ਕਿ 'ਆਪ' ਵਲੋਂ ਦੋ ਹਫ਼ਤਿਆਂ ਵਿਚ ਪੰਜਾਬ ਬਾਰੇ ਆਪਣੀ ਰਣਨੀਤੀ ਅਤੇ ਯੋਜਨਾ ਦਾ ਖ਼ੁਲਾਸਾ ਕਰ ਦਿੱਤਾ ਜਾਵੇਗਾ। ਜੇਕਰ ਪਾਰਟੀ ਵਲੋਂ ਉਨ੍ਹਾਂ ਨੂੰ ਚੋਣ ਮੁਹਿੰਮ ਦਾ ਹਿੱਸਾ ਬਣਾਇਆ ਗਿਆ ਤਾਂ ਉਹ ਚੋਣ ਨਹੀਂ ਲੜਨਗੇ ਅਤੇ ਪਾਰਟੀ ਲਈ ਪ੍ਰਚਾਰ ਕਰਨਗੇ। ਉਨ੍ਹਾਂ ਕਿਹਾ ਕਿ ਅੰਤਿਮ ਫੈਸਲਾ ਪਾਰਟੀ ਨੇ ਕਰਨਾ ਹੈ ਅਤੇ ਉਹ ਚੋਣ ਲੜਨ ਲਈ ਤਿਆਰ ਹਨ।



ਵਕੀਲ ਫੂਲਕਾ ਨੇ ਬਠਿੰਡਾ ਵਿਚ 'ਆਪ' ਦੇ ਕਾਰਕੁਨਾਂ ਨਾਲ ਰਾਬਤਾ ਵੀ ਕਾਇਮ ਕੀਤਾ। ਉਨ੍ਹਾਂ ਦਿੱਲੀ ਦੰਗਿਆਂ ਦੇ ਮਾਮਲੇ 'ਤੇ ਬਣਾਈ ਐਸ.ਆਈ.ਟੀ. ਸਬੰਧੀ ਅਸਿੱਧੇ ਢੰਗ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਿੰਦਿਆ। ਉਨ੍ਹਾਂ ਆਖਿਆ ਕਿ ਜੋ ਲੋਕ ਅੱਜ ਐਸ.ਆਈ.ਟੀ. ਦਾ ਵਿਰੋਧ ਕਰ ਰਹੇ ਹਨ, ਉਹ ਅਸਲ ਵਿਚ ਦਿੱਲੀ ਦੰਗਿਆਂ ਦੇ ਮੁਲਜ਼ਮਾਂ ਦੇ ਪੱਖ ਵਿਚ ਭੁਗਤ ਰਹੇ ਹਨ ਅਤੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਦੋਂ ਮੁੱਖ ਮੰਤਰੀ ਵਲੋਂ ਕੀਤੇ ਜਾ ਰਹੇ ਵਿਰੋਧ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਇਸ ਬਾਰੇ ਬਾਦਲ ਤੋਂ ਹੀ ਪੁੱਛਿਆ ਜਾਵੇ। ਉਨ੍ਹਾਂ ਆਖਿਆ ਕਿ ਸ਼ੁਰੂ ਤੋਂ ਹੀ ਕਾਂਗਰਸ ਤੋਂ ਬਿਨਾਂ ਬਾਕੀ ਪਾਰਟੀਆਂ ਨੇ ਐਸ.ਆਈ.ਟੀ. ਬਣਾਏ ਜਾਣ ਦੀ ਮੰਗ ਕੀਤੀ ਹੈ। ਇਹ ਭੁਲੇਖੇ ਖੜ੍ਹੇ ਕਰ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਐਸ.ਆਈ.ਟੀ. ਬਣਨ ਨਾਲ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੇਗੀ। ਅਸਲੀਅਤ ਇਹ ਹੈ ਕਿ ਜੋ ਪੁਰਾਣੇ ਕੇਸ ਬੰਦ ਹੋ ਗਏ ਸਨ, ਉਹ ਮੁੜ ਖੁੱਲ੍ਹਣਗੇ ਤੇ ਇਨਸਾਫ ਦੀ ਆਸ ਬਣੇਗੀ। ਇਸ ਮੌਕੇ 'ਆਪ' ਦੇ ਆਗੂ ਅੰਮ੍ਰਿਤਪਾਲ ਸਿੰਘ ਵੀ ਹਾਜ਼ਰ ਸਨ।

## ਮਿਡ-ਡੇਅ ਮੀਲ ਦਾ ਅਧਿਆਪਕਾਂ 'ਤੇ ਪਾਇਆ ਜਾ ਰਿਹੈ ਬੋਝ

ਸਰਕਾਰੀ ਸਕੂਲਾਂ ਵਿਚ ਚੱਲ ਰਹੀ ਮਿੱਡ-ਡੇਅ ਮੀਲ ਸਕੀਮ ਆਖਰੀ ਸਾਹਾਂ 'ਤੇ ਹੈ। ਸਰਕਾਰ ਵਲੋਂ ਇਸ ਯੋਜਨਾ ਲਈ ਸਕੂਲਾਂ ਨੂੰ ਲੋੜੀਂਦੀ ਰਾਸ਼ੀ ਨਹੀਂ ਭੇਜੀ ਜਾ ਰਹੀ। ਇਕੱਲੇ ਜ਼ਿਲ੍ਹਾ ਪਟਿਆਲਾ ਵਿਚ ਦੋ ਕਰੋੜ ਰੁਪਏ ਅਧਿਆਪਕਾਂ ਦੀਆਂ ਜੇਬਾਂ ਵਿਚੋਂ ਖਰਚ ਹੋ ਚੁੱਕੇ ਹਨ ਅਤੇ ਦੁਕਾਨਦਾਰਾਂ ਦਾ ਉਧਾਰ ਵੀ ਖੜ੍ਹਾ ਹੈ। ਦੁਕਾਨਦਾਰਾਂ ਦਾ ਕਰਜ਼ਾ ਮੋੜਨ ਤੋਂ ਅਧਿਆਪਕਾਂ ਨੇ ਹੱਥ ਖੜ੍ਹੇ ਕਰ ਦਿੱਤੇ ਹਨ। ਇਸ ਕਾਰਨ ਕਈ ਸਕੂਲਾਂ ਨੇ ਤਾਂ ਦੁਪਹਿਰ ਦਾ ਖਾਣਾ ਹੀ ਬੰਦ ਕਰ ਦਿੱਤਾ ਹੈ ਅਤੇ ਕਈ ਬੰਦ ਕਰਨ ਬਾਰੇ ਸੋਚ ਰਹੇ ਹਨ।



ਕੇਂਦਰ ਸਰਕਾਰ ਵਲੋਂ ਪੰਜਾਬ ਸਰਕਾਰ ਨਾਲ ਮਿਲ ਕੇ 75/25 ਦੇ ਅਨੁਪਾਤ ਨਾਲ ਇਹ ਸਕੀਮ ਚਲਾਈ ਜਾ ਰਹੀ। ਪੰਜਾਬ ਸਰਕਾਰ ਵਲੋਂ ਆਪਣਾ ਬਣਦਾ ਹਿੱਸਾ ਨਾ ਪਾਏ ਜਾਣ ਕਾਰਨ ਇਹ ਸਕੀਮ ਡਾਵਾਂਡੋਲ ਹੋ ਗਈ ਹੈ। ਨਾਭਾ ਇਲਾਕੇ ਦੇ ਸਕੂਲਾਂ ਨੂੰ ਤਿੰਨ ਮਹੀਨਿਆਂ ਤੋਂ ਗਰਾਂਟ ਨਹੀਂ ਮਿਲੀ ਹੈ। ਇਹ ਰਾਸ਼ੀ ਤਕਰੀਬਨ 30 ਲੱਖ ਰੁਪਏ ਬਣਦੀ ਹਨ। ਪਟਿਆਲਾ ਜ਼ਿਲ੍ਹੇ ਵਿਚ ਮਿੱਡ-ਡੇਅ ਮੀਲ ਦਾ ਇਕ ਮਹੀਨੇ ਦਾ ਖਰਚਾ ਤਕਰੀਬਨ ਇਕ ਕਰੋੜ ਰੁਪਏ ਬਣਦਾ ਹੈ। ਪੂਰੇ ਪੰਜਾਬ ਵਿਚ ਇਸ ਸਕੀਮ ਅਧੀਨ 21 ਲੱਖ ਬੱਚੇ ਆਉਂਦੇ ਹਨ, ਜਿਨ੍ਹਾਂ ਦਾ ਮਹੀਨੇ ਦਾ ਖਰਚਾ 22 ਕਰੋੜ ਰੁਪਏ ਬਣਦਾ ਹੈ। ਇਸ ਤਰ੍ਹਾਂ ਪੰਜਾਬ ਸਰਕਾਰ ਸੂਬੇ ਦੇ 50 ਕਰੋੜ ਤੋਂ ਵੀ ਜ਼ਿਆਦਾ ਅਧਿਆਪਕਾਂ ਅਤੇ ਦੁਕਾਨਦਾਰਾਂ ਦੀ ਕਰਜ਼ਾਈ ਹੋ ਗਈ ਹੈ। ਸਾਲ 2011-12 ਦੌਰਾਨ ਕੇਂਦਰ ਸਰਕਾਰ ਵਲੋਂ 175.62 ਕਰੋੜ ਰੁਪਏ ਦੀ ਗਰਾਂਟ ਭੇਜੀ ਗਈ ਸੀ, ਜਿਸ ਵਿਚ 25 ਫੀਸਦੀ ਦੇ ਹਿਸਾਬ ਨਾਲ ਪੰਜਾਬ ਸਰਕਾਰ ਵਲੋਂ 50.82 ਕਰੋੜ ਰੁਪਏ ਪਾਏ ਜਾਣੇ ਸਨ। ਇਸ ਤਰ੍ਹਾਂ ਇਹ ਰਾਸ਼ੀ 226.68 ਕਰੋੜ ਰੁਪਏ ਬਣਦੀ ਸੀ ਪਰ ਇਸ ਰਾਸ਼ੀ ਵਿਚੋਂ ਸਿਰਫ 162.68 ਕਰੋੜ ਰੁਪਏ ਹੀ ਖਰਚੇ ਗਏ। ਸੈਸ਼ਨ 2013-14 ਵਿਚ ਵੀ ਸਰਕਾਰ ਨੇ ਆਪਣੇ ਹਿੱਸੇ ਦੀ 25 ਫੀਸਦੀ ਗਰਾਂਟ ਦਾ ਹਿੱਸਾ ਨਹੀਂ ਪਾਇਆ। ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਹਾਲਤ ਸੱਪ ਦੇ ਮੂੰਹ ਵਿਚ ਕੋਹੜ-ਕਿਰਲੀ ਵਾਲੀ ਹੋ ਗਈ ਹੈ ਕਿਉਂਕਿ ਅਧਿਕਾਰੀਆਂ ਨੇ ਜ਼ਬਾਨੀ ਹਦਾਇਤਾਂ ਕੀਤੀਆਂ ਹਨ ਕਿ ਮਿੱਡ-ਡੇਅ ਮੀਲ ਕਿਸੇ ਵੀ ਹਾਲਤ ਵਿਚ ਬੰਦ ਨਹੀਂ ਹੋਣੀ ਚਾਹੀਦੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਇਸ ਸਕੀਮ ਦਾ ਵਿਰੋਧ ਕਰਦੇ ਆ ਰਹੇ ਹਨ ਜਦੋਂ ਕਿ ਪੰਜਾਬ ਵਿਚ ਬੱਚਿਆਂ ਦੀ ਸਿਹਤ ਬਾਰੇ ਅੰਕੜੇ ਹੈਰਾਨ ਕਰਨ ਵਾਲੇ ਹਨ।

ਇਸ ਬਾਰੇ ਸਿੱਖਿਆ ਵਿਕਾਸ ਮੰਚ ਦੇ ਜਨਰਲ ਸਕੱਤਰ ਰਾਜੇਸ਼ ਕੁਮਾਰ ਦਾਨੀ ਨੇ ਕਿਹਾ ਕਿ ਅਧਿਆਪਕ ਆਪਣੀਆਂ ਜੇਬਾਂ 'ਚੋਂ ਮਿੱਡ-ਡੇਅ ਮੀਡ 'ਤੇ ਹੋਰ ਖਰਚ ਕਰਨ ਤੋਂ ਬੇਵੱਸ ਹਨ। ਸਰਕਾਰ ਨੇ ਜਨਵਰੀ ਮਹੀਨੇ ਦੀ ਕੁਝ ਦਿਨਾਂ ਦੀ ਹੀ ਗਰਾਂਟ ਜਾਰੀ ਕੀਤੀ ਸੀ ਉਸ ਤੋਂ ਬਾਅਦ ਕੋਈ ਵੀ ਗਰਾਂਟ ਸਕੂਲਾਂ 'ਚ ਨਹੀਂ ਆਈ। ਮਿੱਡ-ਡੇਅ ਮੀਲ ਦੇ ਜ਼ਿਲ੍ਹਾ ਮੈਨੇਜਰ ਰਣਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਵਲੋਂ ਜਨਵਰੀ ਮਹੀਨੇ ਦੀ 18 ਦਿਨਾਂ ਦੀ ਰਾਸ਼ੀ ਭੇਜੀ ਗਈ ਸੀ, ਜਿਸ ਨੂੰ ਸਕੂਲਾਂ 'ਚ ਵੰਡ ਦਿੱਤਾ ਗਿਆ ਸੀ ਪਰ ਅਜੇ ਫਰਵਰੀ ਦੀ ਗਰਾਂਟ ਆਉਣੀ ਬਾਕੀ ਹੈ। ਜਦੋਂ ਵੀ ਸਰਕਾਰ ਇਹ ਰਾਸ਼ੀ ਜਾਰੀ ਕਰੇਗੀ, ਉਦੋਂ ਹੀ ਸਕੂਲਾਂ ਨੂੰ ਭੇਜ ਦਿੱਤੀ ਜਾਵੇਗੀ।

## 'ਸਮਾਧੀ' 'ਚ ਲੀਣ ਡੇਰਾ ਮੁਖੀ ਨੂੰ ਜ਼ੈੱਡ ਸੁਰੱਖਿਆ ਕਿਸ ਲਈ!

ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਬਾਨੀ ਆਸ਼ੂਤੋਸ਼ ਨੂੰ ਜ਼ੈੱਡ ਸੁਰੱਖਿਆ ਮਿਲੀ ਹੋਈ ਹੈ। ਇਸ ਜ਼ੈੱਡ ਸੁਰੱਖਿਆ ਵਿਚ ਪੰਜਾਬ ਪੁਲੀਸ ਤੇ ਸੀਆਰਪੀਐਫ ਦੇ ਜਵਾਨ ਤਾਇਨਾਤ ਹਨ। ਜ਼ੈੱਡ ਸੁਰੱਖਿਆ ਵਿਚ ਤਾਇਨਾਤ ਜਵਾਨਾਂ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਜਿਸ ਦੀ ਸੁਰੱਖਿਆ ਲਈ ਉਨ੍ਹਾਂ ਨੂੰ ਤਾਇਨਾਤ ਕੀਤਾ ਗਿਆ ਹੈ ਉਹ ਜਿਉਂਦਾ ਹੈ ਜਾਂ ਨਹੀਂ। ਜਦਕਿ ਡੇਰੇ ਵਲੋਂ ਵਾਰ-ਵਾਰ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਉਹ ਡੂੰਘੀ ਸਮਾਧੀ ਵਿਚ ਹਨ। ਜ਼ਿਕਰਯੋਗ ਹੈ ਕਿ 90 ਵਿਆਂ ਤੋਂ ਡੇਰੇ ਦੇ ਮੁਖੀ ਆਸ਼ੂਤੋਸ਼ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਚਲੇ ਆ ਰਹੇ ਹਨ। ਉਨ੍ਹਾਂ ਦੀ ਜਾਨ ਨੂੰ ਖਤਰਾ ਦੇਖਦਿਆਂ ਹੀ ਜ਼ੈੱਡ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਗਈ ਸੀ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਨੂਰਮਹਿਲ ਦੇ ਡੇਰੇ ਨਾਲ ਸਿੱਖ ਜਥੇਬੰਦੀਆਂ ਦਾ ਸਿੱਧਾ ਟਕਰਾਅ ਹੋ ਚੁੱਕਾ ਹੈ। ਉਨ੍ਹਾਂ ਨੂੰ ਪਹਿਲਾਂ ਜ਼ੈੱਡ ਪਲੱਸ ਸੁਰੱਖਿਆ ਛਤਰੀ ਮੁਹੱਈਆ ਕਰਵਾਈ ਗਈ ਸੀ ਪਰ ਹਾਲਾਤ ਸੁਧਰਨ ਤੋਂ ਬਾਅਦ ਇਸ ਨੂੰ ਜ਼ੈੱਡ ਕਰ ਦਿੱਤਾ ਗਿਆ ਸੀ। ਪੁਲੀਸ ਸੂਤਰਾਂ ਨੇ ਦੱਸਿਆ ਕਿ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਬਾਨੀ ਆਸ਼ੂਤੋਸ਼ ਨੂੰ ਮੁਹੱਈਆ ਜ਼ੈੱਡ ਸੁਰੱਖਿਆ ਛਤਰੀ ਹੇਠ ਉਨ੍ਹਾਂ ਦੇ ਨੂਰਮਹਿਲ ਤੇ ਦਿੱਲੀ ਦੇ ਡੇਰੇ ਆਉਂਦੇ ਹਨ। ਦਿੱਲੀ ਵਿਚਲੇ ਡੇਰੇ ਦੀ ਸੁਰੱਖਿਆ ਲਈ ਦਿੱਲੀ ਪੁਲੀਸ ਤੇ ਕੇਂਦਰੀ ਏਜੰਸੀਆਂ ਜ਼ਿੰਮੇਵਾਰ ਹੁੰਦੀਆਂ ਹਨ ਜਦਕਿ ਪੰਜਾਬ ਦੇ ਡੇਰੇ ਨੂਰਮਹਿਲ ਵਿਚ ਪੰਜਾਬ ਸਰਕਾਰ ਤੇ ਕੇਂਦਰੀ ਏਜੰਸੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਪੁਲੀਸ ਸੂਤਰਾਂ ਦਾ ਕਹਿਣਾ ਸੀ ਕਿ ਡੇਰਾ ਮੁਖੀ ਬਾਰੇ ਪਤਾ ਨਹੀਂ ਚੱਲ ਰਿਹਾ ਕਿ ਉਹ ਸਮਾਧੀ ਵਿਚ ਹਨ ਜਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ। ਜਾਣਕਾਰੀ ਅਨੁਸਾਰ ਨੂਰਮਹਿਲ ਦੇ ਡੇਰੇ ਵਿਚ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਨੇ ਮੰਗਲਵਾਰ ਤੇ ਬੁੱਧਵਾਰ ਦੀ ਰਾਤ ਨੂੰ ਆਪਣੇ ਉੱਚ ਅਧਿਕਾਰੀਆਂ ਨੂੰ ਆਸ਼ੂਤੋਸ਼ ਮਹਾਰਾਜ ਬਾਰੇ ਸੂਚਨਾ ਦੇ ਦਿੱਤੀ ਸੀ। ਜ਼ੈੱਡ ਸੁਰੱਖਿਆ 'ਚ ਤਾਇਨਾਤ ਅਧਿਕਾਰੀਆਂ ਨੂੰ ਵੀ ਉਨ੍ਹਾਂ ਦਾ ਸਰੀਰ ਦੇਖਣ ਦੀ ਆਗਿਆ ਨਹੀਂ ਦਿੱਤੀ ਗਈ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




# Lunch & Dinner Buffet





# ALL INDIA

RESTAURANT & SWEETS

780-463-7770 • 4249 – 23 Ave Edmonton, AB T6L 5Z8 • www.allindiarestaurant.ca

# A-WIN Insurance

**What we Offer**

- Home
- Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage
- E & O Insurance

ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

ਹਰ ਤਰ੍ਹਾਂ ਦੀ **ਇੰਸ਼ੋਰੈਂਸ** ਲਈ ਫ਼ੋਨ ਕਰੋ

Quick Quotes When You Need Them



Discounts up to 60% Payment Options available

## Western Canada's

Biggest Brokers Team, designed to serve Canadian's with solutions for your personal and professional insurance needs.

## When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.







A-WIN: MAKING LIFE EASY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।

We Provide Services In English, Punjabi, Hindi & Urdu.

PROVIDING PEACE OF MIND 100 YEAR & BEYOND
SMI SASKATCHEWAN MUTUAL INSURANCE COMPANY

**Edmonton: 780-465-6900**
ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਮਨਿੰਦਰ ਕੌਰ, ਜ਼ੌਸ਼ ਡੈਨੀਅਲ, ਅਮਨ ਖਰੌੜ

**Calgary: 403-775-2100**
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominiums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates

ADVANCED Roofing Systems Ltd

Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

**Gurkeerat Holding Ltd.**

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

**G DRIVING SCHOOL LTD.**

Authorised teach Certification Course

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu

Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

Gurcharan Singh Garcha (M.Sc. M.Ed.)

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com

**PIZZA 99**

*Serving for over 16 years*

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.

All kind of Stucco Acrylic & Rain Screen

Harinder Dhaliwal (780) 297-9165

**EconoLodge BY CHOICE HOTELS**

**Red Deer Econo Lodge Inn & Suites**

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca

Varinder Sidhu
President

37433 Highway 2 South, East Side Gasoline Alley
Red Deer, Alberta T4E 1B3

**$299,900**

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000

ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

CONSERVATIVE PARTY OF CANADA NOMINATION ELECTIONS 2014

for 2015 Federal Elections



Vote & Support



Mohinder
BANGA

Running for
Nomination Elections 2014
From Edmonton-Wetaskiwin
as a Member of Parliament (MP)
for Conservative Party of Canada

Iqbal Mahal @ 780-995-7035, Kashmir Gill @ 780-951-2772
or Mohinder Banga @ 780-913-1820




S&M MEATS
Quality with Taste

Takeout
Catering Services Available

ਦਿਲਾਵਰ ਸਿੰਘ ਸਮਰਾ

Open 7 DAYS a Week



Ph : (403) 280-1926

Unit 208, 30
Country Hills Landing
NW Calgary, AB

# ਭਾਸ਼ਾ ਅਤੇ ਸਭਿਆਚਾਰਕ ਨੀਤੀ ਲਈ ਲੋਕ ਅੰਦੋਲਨ ਖੜਾ ਕਰਨ ਦਾ ਸੱਦਾ





ਜਲੰਧਰ (ਨਦਬ)– ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ) ਵੱਲੋਂ ਕਰਵਾਏ ਗਏ ਪੰਜਾਬੀ ਭਾਸ਼ਾ ਸੰਮੇਲਨ ਨੂੰ ਸੰਬੋਧਨ ਕਰਦਿਆਂ ਲੇਖਕ ਆਗੂਆਂ ਨੇ ਪੰਜਾਬ ਅਤੇ ਨਾਲ ਲਗਦੇ ਹਰਿਆਣਾ, ਦਿੱਲੀ ਤੇ ਕੇਂਦਰ ਪ੍ਰਸ਼ਾਸਤ ਰਾਜ ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਦੀ ਹੋ ਰਹੀ ਬੇਕਦਰੀ ਉੱਪਰ ਡਾਢੀ ਚਿੰਤਾ ਤੇ ਫ਼ਿਕਰ ਜਾਹਰ ਕਰਦਿਆਂ ਸੱਦਾ ਦਿੱਤਾ ਹੈ ਕਿ ਪੰਜਾਬੀ ਭਾਸ਼ਾ ਨੂੰ ਸਹੀ ਥਾਂ ਦਿਵਾਉਣ ਲਈ ਅਮਲੀ ਪੱਧਰ 'ਤੇ ਕਾਰਵਾਈ ਆਰੰਭ ਕੀਤੀ ਜਾਵੇ ਅਤੇ ਸਮੂਹ ਪੰਜਾਬੀ ਤੇ ਚਿੰਤਕ ਇਸ ਕੰਮ ਲਈ ਹੰਭਲਾ ਮਾਰਨ। ਆਗੂਆਂ ਅਤੇ ਚਿੰਤਕਾਂ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ ਭਾਵੇਂ ਰਾਜ ਭਾਸ਼ਾ ਕਾਨੂੰਨ ਬਣਾ ਦਿੱਤਾ ਹੈ ਪਰ ਸਰਕਾਰੀ ਕੰਮਕਾਜ ਵਿਚ ਅਜੇ ਵੀ ਅੰਗਰੇਜ਼ੀ ਭਾਰੂ ਹੈ । ਉਨ੍ਹਾਂ ਦੀ ਮੰਗ ਸੀ ਕਿ ਪੰਜਾਬੀ ਵਿਚ ਕੰਮ ਨਾ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਲਈ ਟ੍ਰਿਬਿਊਨਲ ਦੀ ਸਥਾਪਨਾ ਹੋਵੇ । ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ: ਜੁਗਿੰਦਰ ਸਿੰਘ ਪੁਆਰ, ਹਰਭਜਨ ਸਿੰਘ ਹੁੰਦਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਸੜਕਨਾਮਾ, ਸੁਖਵਿੰਦਰ ਸਿੰਘ ਸੰਘਾ, ਡਾ: ਸੁਖਦੇਵ ਸਿੰਘ ਸਿਰਸਾ ਅਤੇ ਡਾ: ਸੁਰਜੀਤ ਸਿੰਘ ਭੱਟੀ ਆਦਿ ਸ਼ਾਮਲ ਸਨ।

ਕੇਂਦਰੀ ਸਭਾ ਦੇ ਕਾਰਜਕਾਰੀ ਜਨਰਲ ਸੱਕਤਰ ਸੁਰਿੰਦਰਪ੍ਰੀਤ ਘਣੀਆ ਵਲੋਂ ਸਮਾਗਮ ਦੀ ਸੁਰੂਆਤ ਕਰਦਿਆਂ ਸਾਬਕਾ ਜਨਰਲ ਸੱਕਤਰ ਮਰਹੂਮ ਤਲਵਿੰਦਰ ਸਿੰਘ ਨੂੰ ਸ਼ਰਧਾਂਜਲੀ ਦੇਣ ਹਿੱਤ 2 ਮਿੰਟ ਮੌਨ ਰਖਵਾਇਆ ਗਿਆ। ਉਪਰੰਤ ਉੱਘੇ ਪੰਜਾਬੀ ਵਿਦਵਾਨ ਡਾ: ਕਰਮਜੀਤ ਸਿੰਘ ਨੇ ਪੰਜਾਬੀ ਭਾਸ਼ਾ ਅਤੇ ਬੋਲੀ ਪ੍ਰਤੀ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਮਝ ਪੇਸ਼ ਕਰਦਿਆਂ ਕਿਹਾ ਕਿ ਪੰਜਾਬੀ ਨੂੰ ਸਹੀ ਰੂਪ 'ਚ ਪੰਜਾਬ ਵਿਚ ਲਾਗੂ ਕਰਾਉਣ ਲਈ ਇਕ ਵਿਸ਼ੇਸ਼ ਭਾਸ਼ਾ ਅਤੇ ਸਭਿਆਚਾਰਕ ਨੀਤੀ ਦਾ ਹੋਣਾ ਬਹੁਤ ਜ਼ਰੂਰੀ ਹੈ, ਜਿਸ ਲਈ ਸਰਕਾਰ ਤੇ ਸਮੂਹ ਪੰਜਾਬੀਆਂ ਨੂੰ ਇਕ ਅੰਦੋਲਨ ਖੜ੍ਹਾ ਕਰਨਾ ਚਾਹੀਦਾ ਹੈ ਜੋ ਕਿ ਸਮੇਂ ਦੀ ਮੰਗ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪਕੁਲਪਤੀ ਡਾ: ਜੋਗਿੰਦਰ ਸਿੰਘ ਪੁਆਰ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਜੀਵਨ ਦੇ ਵੱਖ-ਵੱਖ ਪੱਖਾਂ ਵਿਚ ਲਾਗੂ ਕਰਨ ਲਈ ਸਥਾਪਤ ਅਦਾਰੇ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਭਾਸ਼ਾ ਵਿਭਾਗ, ਟੈਕਸ ਬੁੱਕ ਬੋਰਡ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆਦਿ ਪੰਜਾਬੀ ਭਾਸ਼ਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਬੁਨਿਆਦੀ ਸਮੱਗਰੀ ਦੀ ਤਿਆਰੀ ਲਈ ਕੰਮ ਸਿਰੇ ਚਾੜ੍ਹਨ ਅਤੇ ਲੋੜ ਪੈਣ 'ਤੇ ਇਸ ਕੰਮ ਦੀ ਰਹਿਨੁਮਾਈ ਲਈ ਪੰਜਾਬ ਪੱਧਰ 'ਤੇ ਉੱਚ ਪੱਧਰੀ ਕਮੇਟੀ ਦੀ ਸਥਾਪਨਾ ਕੀਤੀ ਜਾਵੇ। ਦੇਸ਼ ਭਗਤ ਯਾਦਗਾਰ ਟਰੱਸਟ ਅਤੇ ਸੀ ਪੀ ਐਮ ਪੰਜਾਬ ਵਲੋਂ ਬੋਲਦਿਆਂ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਬੋਲੀ ਦਾ ਮਸਲਾ ਸਿਰਫ਼ ਲੇਖਕਾਂ ਦਾ ਮਸਲਾ ਹੀ ਨਹੀਂ ਹੈ ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਕੂਮਤ ਦੀ ਭਾਸ਼ਾ ਅੰਗਰੇਜ਼ੀ ਹੈ, ਇਸੇ ਲਈ ਲੋਕ ਭਾਸ਼ਾ ਨੂੰ ਖ਼ਤਰਾ ਹੈ ਤੇ ਆਪਣੀ ਭਾਸ਼ਾ ਨੂੰ ਬਚਾਉਣ ਲਈ ਲੋਕਾਂ ਨੂੰ ਲੇਖਕ ਭਾਈਚਾਰੇ ਨਾਲ ਖਲੋਣਾ ਹੀ ਪਵੇਗਾ। ਜਾਗ੍ਰਿਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਨੇ ਪੰਜਾਬੀ ਨੂੰ ਲਾਗੂ ਕਰਵਾਉਣ ਲਈ ਅਮਲੀ ਕਦਮ ਚੁੱਕਣ ਉੱਪਰ ਜ਼ੋਰ ਦਿੱਤਾ ਤੇ ਇਸ ਕੰਮ ਲਈ ਲੋਕਾਂ ਦੀ ਸ਼ਮੂਲੀਅਤ ਦਾ ਸੱਦਾ ਦਿੱਤਾ। ਲੇਖਕ ਆਗੂਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 10+2 ਤੱਕ ਨਿੱਜੀ ਸਕੂਲਾਂ ਦੇ ਮਾਲਕਾਂ ਨੂੰ ਬਾਹਰ ਕੱਢਿਆ ਜਾਵੇ ਤਾਂ ਹੀ ਪੰਜਾਬੀ ਨੂੰ ਸੂਬੇ ਵਿਚ ਪੂਰੀ ਮਾਨਤਾ ਮਿਲ ਸਕੇਗੀ। ਮੰਚ ਦੇ ਪ੍ਰਧਾਨ ਪ੍ਰੋ: ਪਿਆਰਾ ਸਿੰਘ ਭੋਗਲ ਨੇ ਵੀ ਸੰਬੋਧਨ ਕੀਤਾ। ਸਮਾਗਮ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪ੍ਰੋ: ਅਵਤਾਰ ਸਿੰਘ ਜੌੜਾ ਨੂੰ ਗਿਆਨੀ ਹੀਰਾ ਸਿੰਘ ਦਰਦ ਜਥੇਬੰਦਕ ਪੁਰਸਕਾਰ ਅਤੇ ਡਾ: ਕਰਮਜੀਤ ਸਿੰਘ ਨੂੰ ਡਾ: ਰਵਿੰਦਰ ਰਵੀ ਆਲੋਚਨਾ ਪੁਰਸਕਾਰ ਦਿੱਤਾ ਗਿਆ, ਜਿਸ ਵਿਚ ਨਕਦ ਰਾਸ਼ੀ, ਸਨਮਾਨ ਚਿੰਨ੍ਹ ਅਤੇ ਲੋਈ ਭੇਟ ਕੀਤੀ ਗਈ।

ਇਸ ਭਾਸ਼ਾ ਸੰਮੇਲਨ ਵਿਚ ਉਕਤ ਤੋਂ ਇਲਾਵਾ ਡਾ: ਸੁਖਦੇਵ ਸਿੰਘ ਸਿਰਸਾ, ਮਖੱਣ ਕੁਹਾੜ, ਡਾ ਅਨੂਪ ਸਿੰਘ, ਸ੍ਰੀਮਤੀ ਸੁਰਿੰਦਰ ਕੌਰ, ਕਵਿੱਤਰੀ ਸੁਰਿੰਦਰਜੀਤ ਕੌਰ, ਸ਼ਾਇਰਾ ਅਰਵਿੰਦਰ ਕੌਰ ਕਾਕੜਾ, ਕਹਾਣੀਕਾਰ ਦੀਪਦਵਿੰਦਰ, ਦੇਵ ਦਰਦ, ਸੁਮੀਤ ਸਿੰਘ, ਚਮਕ ਸੁਰਜੀਤ, ਕਹਾਣੀਕਾਰ ਗੁਰਮੀਤ ਕੜਿਆਲਵੀ, ਰਣਜੀਤ ਸਰਾਂਵਾਲੀ, ਡਾ: ਜਸਪਾਲ ਜੀਤ, ਨਾਵਲਕਾਰ ਕੇਵਲ ਕਲੋਟੀ, ਮਦਨ ਵੀਰਾ, ਕਰਮ ਸਿੰਘ ਵਕੀਲ, ਰਜਿੰਦਰ ਪ੍ਰਦੇਸੀ, ਭਗਵੰਤ ਰਸੂਲਪੁਰੀ, ਸੰਧੂ ਵਰਿਆਣਵੀ, ਡਾ: ਬਲਬੀਰ ਸਿੰਘ ਸੈਣੀ, ਸੁਨੀਲਮ ਮੰਡ, ਡਾ: ਸੁਰਜੀਤ ਬਰਾੜ, ਕੁਲਦੀਪ ਸਿੰਘ ਬੇਦੀ, ਭੁਪਿੰਦਰ ਸੰਧੂ, ਮੋਹਨ ਲਾਲ ਫਿਲੌਰੀਆ, ਪ੍ਰੇਮ ਗੋਰਖੀ, ਡਾ: ਸ਼ਮਸ਼ੇਰ ਮੋਹੀ, ਜਸਵੰਤ ਹਾਂਸ, ਹਰਬੰਸ ਸਿੰਘ ਅਖਾੜਾ, ਸੁਖਦੇਵ ਸਿੰਘ ਕੌਮੀ, ਗੁਲਜ਼ਾਰ ਸਿੰਘ ਪੰਧੇਰ, ਜਗਰੂਪ ਸਿੰਘ, ਨਿਰਮਲ ਅਰਪਨ, ਦੀਪ ਨਿਰਮੋਹੀ, ਰੇਸ਼ਮ ਸਿੰਘ, ਡਾ: ਨਰੇਸ਼ ਕੁਮਾਰ, ਰਾਮ ਆਸਰਾ, ਪ੍ਰੋ: ਸਤਪਾਲ ਸਿੰਘ ਅਤੇ ਧਰਮਿੰਦਰ ਸਿੰਘ ਔਲਖ ਸਮੇਤ ਸੈਂਕੜੇ ਸਾਹਿਤਕਾਰਾਂ ਨੇ ਸਮਾਰੋਹ ਵਿਚ ਸ਼ਮੂਲੀਅਤ ਕੀਤੀ ।

# ਪੰਜਾਬੀ ਲਿਖਾਰੀ ਸਭਾ ਦੀ ਜਨਵਰੀ ਮਹੀਨੇ ਦੀ ਮੀਟਿੰਗ




ਕੈਲਗਰੀ (ਸੁੱਖਪਾਲ ਪਰਮਾਰ): ਪੰਜਾਬੀ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਦੇ ਦਫਤਰ ਵਿਚ ਹੋਈ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਮੀਤ ਪ੍ਰਧਾਨ ਤ੍ਰਲੋਚਨ ਸੈਂਭੀ, ਜੋਗਿੰਦਰ ਸੰਘਾ ਅਤੇ ਕੈਲਗਰੀ ਦੇ ਜਾਣੇ ਪਛਾਣੇ ਰੇਡਿਓ ਹੋਸਟ ਜਗਪ੍ਰੀਤ ਸ਼ੇਰਗਿੱਲ ਬੈਠੇ। ਸਭਾ ਵਿਚ ਜਨਰਲ ਸਕੱਤਰ ਸੁਖਪਾਲ ਪਰਮਾਰ ਨੇ ਸਭ ਨੂੰ ਜੀ ਆਇਆਂ ਕਿਹਾ। ਸਰੂਪ ਮੰਡੇਰ ਨੇ ਆਪਣੀ ਕਵੀਸ਼ 'ਨਵਾਂ ਸਾਲ ਮੁਬਾਰਕ ਸਭ ਨੂੰ ਸੁਣਾ ਕੇ ਹਾਜ਼ਰੀ ਲੁਆਈ। ਸਭਾ ਵਿਚ ਪਹਿਲੀ ਵਾਰ ਆਏ ਅਮਿਤ ਭੋਪਾਲ ਨੇ ਵੀ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਵੀਜਾ ਰਾਮ ਨੇ ਆਪਣੀ ਗ਼ਜ਼ਲ 'ਯਾਦਾਂ ਦਾ ਇਕ ਸਾਗਰ ਆਇਆ' ਸੁਣਾ ਕੇ ਵਾਹ-ਵਾਹ ਖੱਟੀ। ਰਵੀ ਪ੍ਰਕਾਸ਼ ਜਨਾਗਲ ਨੇ ਸੰਤ ਰਾਮ ਉਦਾਸੀ ਦਾ ਗੀਤ 'ਅਜੇ ਹੋਇਆ ਨਾ ਨਜ਼ਾਰਾ ਤੇਰੀ ਦੀਦ ਦਾ, ਅਸਾਂ ਮਸਾਂ ਹੀ ਲੰਘਾਇਆ ਚੰਨ ਈਦ ਦਾ' ਸੁਣਾਇਆ। ਕੈਲਗਰੀ ਦੇ ਖਾਲਸਾ ਢਾਡੀ ਜਥੇ ਵਲੋਂ ਲੇਖਕ ਗੁਰਚਰਨ ਹੇਅਰ ਦੀ ਲਿਖੀ ਢਾਡੀ ਵਾਰ 'ਸਿਰ ਦੇ ਅੰਮ੍ਰਿਤ ਦੀ ਦਾਤ ਲਈ, ਅਸੀਂ ਐਵੇਂ ਨਹੀਂ ਸਰਾਦਰ ਬਣੇ' ਸੁਣਾਈ। ਗੁਰਮੀਤ ਕੌਰ ਸਰਪਾਲ ਨੇ ਜ਼ਿੰਦਗੀ ਨੂੰ ਵਧੀਆ ਬਣਾਉਣ ਬਾਰੇ ਜਾਣਕਾਰੀ ਦਿੱਤੀ ਅਤੇ ਨਵੇਂ ਸਾਲ ਦੀ ਵਧਾਈ ਪੇਸ਼ ਕੀਤੀ। ਬਲਜਿੰਦਰ ਸੰਘਾ ਨੇ ਮਿੰਨੀ ਕਹਾਣੀ ਸੁਣਾਈ। ਜ਼ੋਰਾਵਰ ਬਾਂਸਲ ਨੇ ਖੁੱਲ੍ਹੀ ਕਵਿਤਾ, ਜਗਵੰਤ ਗਿੱਲ ਨੇ ਕਵਿਤਾ, ਜੋਗਿੰਦਰ ਸੰਘਾ ਨੇ ਕਹਾਣੀ ਸੁਣਾਈ। ਸਭਾ ਦੇ ਦੂਸਰੇ ਭਾਗ ਵਿਚ ਗੀਤਕਾਰ ਬਲਵੀਰ ਗੋਰਾ ਨੇ ਗੀਤ, ਕਮਲਜੀਤ ਸ਼ੇਰਗਿੱਲ ਨੇ ਵੀ ਆਪਣੀ ਰਚਨਾ ਸੁਣਾਈ। ਤ੍ਰਲੋਚਨ ਸੈਂਭੀ ਨੇ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਬਾਰੇ ਗੀਤ 'ਅਸੀਂ ਲੋਕਾ ਵਾਂਗੂੰ ਪੁੱਤ ਨੀ ਵਿਆਉਣੇ, ਜੀਤੋ ਪੀ ਲਈ ਪਾਣੀ ਵਾਰ ਕੇ' ਸੁਾਣਇਆ। ਹਰਮਿੰਦਰ ਕੋਰ ਢਿੱਲੋਂ, ਅਮੀਸ਼ਾ ਸਾਹਿਲ, ਗੁਰਚਰਨ ਹੇਅਰ, ਰਣਜੀਤ ਮਿਨਹਾਸ (ਸੋਮੇ), ਅਵੀ ਕੌਰ, ਹਰਕਮਲ ਸਹਿਲ, ਸੁਖਮਿੰਦਰ ਤੂਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਤ੍ਰਲੋਚਨ ਸੈਂਭੀ ਅਤੇ ਬਲਵੀਰ ਗੋਰੇ ਨੇ ਮਾਲਵੇ ਦਾ ਰੰਗ ਕਰਨੈਲ ਪਾਰਸ ਦੀ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ' ਸੁਣਾਈ। ਪਵਨਦੀਪ ਕੌਰ, ਹਰਭਜਨ ਸਿੰਘ, ਬਲਬੀਰ ਸਿੰਘ, ਸੁਰਿੰਦਰ ਚੀਮਾ, ਸਿਮਰ ਚੀਮਾ, ਬਲਵੀਰ ਕੁੰਦਨ, ਰਣਜੀਤ ਲਾਡੀ (ਗੋਬਿੰਦਪੁਰੀ) ਹਰਬਿੰਦ ਸਿੰਘ, ਇਕਬਾਲ ਸਿੰਘ, ਪ੍ਰਿਤਪਾਲ ਸਿੰਘ ਵੀ ਹਾਜ਼ਰ ਸਨ। ਫਰਵਵਰੀ ਮਹੀਨੇ ਦੀ ਮੀਟਿੰਗ 16 ਤਰੀਕ ਨੂੰ ਕੋਸੋ ਦੇ ਦਫ਼ਤਰ ਹੋਵੇਗੀ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਨਵੇਂ ਸਾਲ ਦੀ ਇਕੱਤਰਤਾ




ਕੈਲਗਰੀ (ਇਕਬਾਲ) : ਅਰਪਨ ਲਿਖਾਰੀ ਸਭਾ ਦੀ ਨਵੇਂ ਸਾਲ ਦੀ ਪਹਿਲੀ ਮੀਟਿੰਗ ਕੋਸੋ ਹਾਲ ਵਿਚ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਹੋਈ। ਡਾ. ਹਰਭਜਨ ਸਿੰਘ ਢਿੱਲੋਂ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲੀ। ਸਭਾ ਦੇ ਪ੍ਰਧਾਨ ਸਤਨਾਮ ਸਿੰਘ ਅਤੇ ਕੇਹਰ ਸਿੰਘ ਸਿੱਧੂ ਪ੍ਰਧਾਨਗੀ ਮੰਡਲ 'ਚ ਸ਼ਾਮਲ ਹੋਏ। ਕੁਲਦੀਪ ਕੌਰ ਘਟੌੜਾ ਨੇ ਆਪਣੀ ਕਵਿਤਾ ਸੁਣਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਹ ਕਵਿਤਾ ਕੁਦਰਤ ਰਾਣੀ ਦਾ ਸੁੰਦਰ ਵਰਨਣ ਕਰਦੀ ਸੀ। ਕਮਲਜੀਤ ਕੌਰ ਸ਼ੇਰਗਿੱਲ ਨੇ 'ਭ੍ਰਿਸ਼ਟਾਚਾਰ' ਬਾਰੇ ਕਵਿਤਾ, ਸਰੂਪ ਸਿੰਘ ਮੰਡੇਰ ਨੇ ਨਵੇਂ ਸਾਲ ਬਾਰੇ ਕਵਿਤਾ ਕਵੀਸ਼ਰੀ ਰੰਗ ਵਿੱਚ ਰੰਗ ਕੇ ਸੁਣਾਈ। ਪਰਮਿੰਦਰ ਗਰੇਵਾਲ ਨੇ ਹਮੇਸ਼ਾ ਦੀ ਤਰ੍ਹਾਂ ਕੁਝ ਸੁੰਦਰ ਸ਼ੇਅਰ ਅਤੇ ਚੰਗੀ ਸਿਹਤ ਲਈ ਸੁਝਾਅ ਦਿੱਤੇ। ਅਜੈਬ ਸਿੰਘ ਸੇਖੋਂ ਨੇ ਵੀ ਨਵੇਂ ਸਾਲ ਵਿਚ ਕੁਝ ਨਵਾਂ ਕਰਨ ਦੀ ਪ੍ਰੇਰਨਾਦਾਇਕ ਕਵਿਤਾ ਸਾਂਝੀ ਕੀਤੀ।

ਕੇਸਰ ਸਿੰਘ ਨੀਰ ਨੇ ਗ਼ਜ਼ਲ, ਸੁਖਵਿੰਦਰ ਸਿੰਘ ਤੂਰ ਨੇ ਸੰਤ ਰਾਮ ਉਦਾਸੀ ਦੀ ਕਵਿਤਾ ਸੁਣਾਈ। ਡਾ. ਲਖਬੀਰ ਸਿੰਘ ਰਿਆੜ ਹੋਰਾਂ ਨੇ ਚੰਗੇ ਸਾਹਿਤ ਬਾਰੇ ਗੱਲ ਕਰਦਿਆਂ ਆਖਿਆ ਕਿ ਸਾਨੂੰ ਮਾੜੇ ਸਾਹਿਤ ਅਤੇ ਮਿਆਰੀ ਸਾਹਿਤ ਵਿਚ, ਇਸੇ ਤਰ੍ਹਾਂ ਲੱਚਰ ਮਿਆਰੀ ਕਲਚਰ ਨੂੰ ਅਤੇ ਮਿਆਰੀ ਕਲਚਲ ਵਿਚਲੇ ਫ਼ਰਕ ਨੂੰ ਸਮਝਣ ਦੀ ਅੱਜ ਦੇ ਸਮੇਂ ਦੀ ਲੋੜ ਹੈ। ਸਾਨੂੰ ਵੀ ਇਹ ਜਾਣਕਾਰੀ ਇੱਥੇ ਦੇਣੀ ਚਾਹੀਦੀ ਹੈ।

ਦੂਜੇ ਦੌਰ ਵਿਚ ਸਟੇਜ ਦੀ ਕਾਰਵਾਈ ਇਕਬਾਲ ਖ਼ਾਨ ਨੇ ਨਿਭਾਈ। ਮਾ. ਪ੍ਰਸ਼ੋਤਮ ਭਾਰਦਵਾਜ ਨੇ ਜਗਮੀਤ ਸਿੰਘ ਭਲੂਰ ਦੀ ਲਿਖੀ ਕਵਿਤਾ ਸੁਣਾਈ। ਕੇਹਰ ਸਿੰਘ ਸਿੱਧੂ ਨੇ ਆਪਣੇ ਅਨੁਭਵ ਸਾਂਝੇ ਕੀਤੇ। ਪ੍ਰਭਦੇਵ ਗਿੱਲ ਹੋਰਾਂ ਨੇ ਆਪਣੇ ਜੀਵਨ ਦੀ ਹਾਸਰਸ ਘਟਨਾ ਸੁਣਾ ਕੇ ਲੋਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰ ਦਿੱਤਾ। ਮਨਜੋਤ ਗਿੱਲ ਨੇ ਵੀ ਭਾਰਤ ਯਤਰਾ ਬਾਰੇ ਗੱਲਬਾਤ ਸਾਂਝੀ ਕੀਤੀ। ਇਕਬਾਲ ਖ਼ਾਨ ਨੇ ਕਵਿਤਾ ਅਤੇ ਸਰੂਪ ਸਿੰਘ ਮੰਡੇਰ ਨੇ ਗੁਰੂ ਗੋਬਿੰਦ ਸਿੰਘ ਦੇ ਜਨਮ-ਦਿਨ ਬਾਰੇ 'ਵਾਰ ਛੰਦ' ਸੁਣਾਏ। ਅਖ਼ੀਰ ਵਿਚ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਪੰਜਾਬ ਵਿਚ ਆਪਣੇ ਨਾਲ ਵਾਪਰੀ ਭ੍ਰਿਸ਼ਟਾਚਾਰ ਦੀ ਦਾਸਤਾਨ ਨੂੰ ਸਾਂਝਾ ਕੀਤਾ।







# ਵਿਵਸਥਾ ਬਦਲਿਆਂ ਹੀ ਬਦਲੇਗੀ ਆਮ ਆਦਮੀ ਦੀ ਹੋਣੀ

ਮੱਖਣ ਕੁਹਾੜ
+91-95013-65522
makhansinghkohar@gmail.com



ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਜਦ ਦਸੰਬਰ 2013 ਦੇ ਦੂਜੇ ਹਫ਼ਤੇ ਦੇ ਸ਼ੁਰੂ ਵਿਚ ਮਿਲੇ ਤਾਂ ਉਹ ਸਿਵਾਏ ਦਿੱਲੀ ਤੋਂ ਕਿਸੇ ਤਰ੍ਹਾਂ ਵੀ ਹੈਰਾਨੀ ਵਾਲੇ ਨਹੀਂ ਸਨ। ਸਿਆਸੀ ਪੰਡਤਾਂ ਵੀ ਮੂੰਹ ਵਿਚ ਉਂਗਲਾਂ ਪਾ ਲਈਆਂ। ਅਰਵਿੰਦਰ ਕੇਜਰੀਵਾਲ ਤੇ ਉਸਦੇ ਸਾਥੀਆਂ ਨੇ ਸਾਲ ਤੋਂ ਘੱਟ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਬਣਾਈ, ਪਹਿਲੀ ਵਾਰ ਵੋਟਾਂ ਲਈ ਲੋਕਾਂ ਵਿਚ ਗਿਆ ਤੇ 70 ਵਿਚੋਂ 28 ਸੀਟਾਂ ਲੈ ਗਿਆ। ਉਸ ਦੇ ਹੱਥ ਕਿਹੜੀ ਐਸੀ ਗਿੱਦੜ ਸਿੰਗੀ ਆ ਗਈ ਕਿ ਪਹਿਲੀ ਹੀ ਛਾਲ ਵਿਚ ਐਨਾ ਅੱਗੇ ਵੱਧ ਗਿਆ। ਕਿਉਂ ਕਾਂਗਰਸ ਨੂੰ ਵਾਰ-ਵਾਰ 'ਬਿਨਾਂ ਸ਼ਰਤ - ਬਿਨਾਂ ਸ਼ਰਤ' ਕਹਿ ਕੇ ਉਸ ਨੂੰ ਸਰਕਾਰ ਬਣਾਉਣ ਲਈ ਸਮਰਥਨ ਦੇਣਾ ਪਿਆ?

ਦਰਅਸਲ ਪਹਿਲੀ ਗੱਲ ਤਾਂ ਇਹ ਸੀ ਕਿ ਲੋਕ ਬਹੁਤ ਦੇਰ ਤੋਂ ਵਾਰੀ-ਵਾਰੀ ਕਾਂਗਰਸ ਅਤੇ ਬੀ ਜੇ ਪੀ ਦੀ ਅਗਵਾਈ ਵਿੱਚ ਬਦਲ-ਬਦਲ ਕੇ ਆ ਰਹੀਆਂ ਸਰਕਾਰਾਂ ਤੋਂ ਬਹੁਤ ਹੀ ਆਤਰ ਆ ਚੁੱਕੇ ਹਨ। ਦੋਵੇਂ ਹੀ ਸਰਕਾਰਾਂ ਸਿਰੇ ਦੀਆਂ ਭ੍ਰਿਸ਼ਟ ਹਨ। ਇਨ੍ਹਾਂ 'ਚੋਂ ਕੋਈ ਵੀ ਘੱਟ ਨਹੀਂ ਹੈ। ਚਾਹੇ ਕੇਂਦਰ ਹੋਵੇ ਜਾਂ ਰਾਜ ਸਰਕਾਰ ਦੋਹਾਂ ਦੀਆਂ ਸਰਕਾਰਾਂ ਨੇ ਖ਼ੂਬ ਲੁੱਟਿਆ ਵੀ ਹੈ ਤੇ ਕੁੱਟਿਆ ਵੀ। ਆਮ ਆਦਮੀ ਦਾ ਕੋਈ ਇਕ ਵੀ ਮਸਲਾ ਹੱਲ ਨਹੀਂ ਕੀਤਾ। ਬੇਰੁਜ਼ਗਾਰੀ ਦੋਹਾਂ ਹੀ ਸਰਕਾਰਾਂ ਸਮੇਂ ਪਹਿਲਾਂ ਤੋਂ ਵਧੇਰੇ ਵਧੀ ਹੈ। ਮਹਿੰਗਾਈ ਵੀ ਦੋਹਾਂ ਦੀਆਂ ਸਰਕਾਰਾਂ ਵੇਲੇ ਵਧਦੀ ਰਹੀ ਹੈ। ਪੁਲੀਸ ਜਬਰ ਤੇ ਫਿਰਕਾਪ੍ਰਸਤ ਹਿੰਸਾ ਤੋਂ ਵੀ ਦੋਹਾਂ ਦੀਆਂ ਵਾਰੀਆਂ ਵਿਚ ਠੱਲ ਨਹੀਂ ਪਈ। ਕਾਰਪੋਰੇਟ ਸੈਕਟਰ ਨੂੰ ਹੋਰ ਖੁਸ਼ ਕਰਨ ਲਈ, ਉਸ ਦੇ ਮੁਨਾਫ਼ਿਆਂ ਵਿਚ ਹੋਰ ਵਾਧਾ ਕਰਨ ਲਈ, ਸਾਮਰਾਜ ਪੱਖੀ ਨਵੀਆਂ ਆਰਥਕ ਨੀਤੀਆਂ ਲਾਗੂ ਕਰਨ ਲਈ, ਪੈਨਸ਼ਨਾਂ ਬੰਦ ਕਰਨ ਲਈ, ਐਫ਼.ਡੀ.ਆਈ. ਦੀ ਆਮਦ ਲਈ ਤੇ ਨਿੱਜੀਕਰਨ ਨੂੰ ਵਧਾਉਣ ਲਈ, ਠੇਕੇ 'ਤੇ ਅਤੇ ਨਿਗੂਣੀਆਂ ਤਨਖ਼ਾਹਾਂ ਨਾਲ ਭਰਤੀ ਕਰਨ ਨੂੰ ਤਰਜੀਹ ਦੇਣ ਲਈ, ਜਨਤਕ ਖੇਤਰ ਦਾ ਤੇਜ਼ੀ ਨਾਲ ਭੋਗ ਪਾਉਣ ਲਈ, ਅੰਧ ਵਿਸ਼ਵਾਸ ਫੈਲਾਉਣ ਲਈ ਦੋਹਾਂ ਹੀ ਸਰਕਾਰਾਂ ਵਿਚ ਕੋਈ ਫ਼ਰਕ ਨਹੀਂ ਹੈ। ਇਨ੍ਹਾਂ ਦੋਹਾਂ ਦੀਆਂ ਭਾਈਵਾਲ ਖੇਤਰੀ ਤੇ ਹੋਰ ਸਿਆਸੀ ਪਾਰਟੀਆਂ ਵੀ ਉਨ੍ਹਾਂ ਹੀ ਜਮਾਤਾਂ ਦੀ ਤਰਜ਼ਮਾਨੀ ਕਰਦੀਆਂ ਹਨ, ਜਿਨ੍ਹਾਂ ਦੀ ਕਾਂਗਰਸ ਅਤੇ ਬੀ ਜੇ ਪੀ ਕਰ ਰਹੀ ਹੈ। ਐਸੀ ਹਾਲਤ ਵਿਚ ਆਮ ਆਦਮੀ ਕੋਈ ਹੋਰ ਬਦਲ ਸਾਹਮਣੇ ਨਾ ਹੋਣ ਦੀ ਸੂਰਤ ਵਿਚ ਜਾਂ ਤਾਂ ਵੋਟ ਹੀ ਨਹੀਂ ਪਾਉਂਦਾ ਜਾਂ ਗੁੱਸਾ ਕੱਢਣ ਲਈ ਰਾਜ ਕਰ ਰਹੀ ਪਾਰਟੀ ਦੇ ਵਿਰੋਧੀ ਗਠਜੋੜ ਨੂੰ ਵੋਟ ਪਾਉਣ ਲਈ ਮਜਬੂਰ ਹੁੰਦਾ ਰਿਹਾ ਹੈ। ਪਰ ਦਿੱਲੀ ਵਿਚ ਉਨ੍ਹਾਂ ਨੂੰ ਇਕ ਬਦਲ ਨਜ਼ਰ ਆਇਆ ਜੋ ਹੁਣ ਤੱਕ ਪਰਖਿਆ ਨਹੀਂ ਗਿਆ ਸੀ।

ਏਸ ਲਈ ਆਮ ਆਦਮੀ ਨੇ ਨਵੀਂ ਬਣੀ ਪਾਰਟੀ ਨੂੰ ਇਕ ਵਧੀਆ ਬਦਲ ਵਜੋਂ ਵੇਖਿਆ ਤੇ ਉਸ ਨੂੰ ਵੱਡੀ ਪੱਧਰ 'ਤੇ ਵੋਟਾਂ ਨਾਲ ਨਿਵਾਜਿਆ। ਦਿੱਲੀ ਦੇ ਆਮ ਆਦਮੀ ਨੇ ਭਾਰਤ ਦੇ ਚੋਣਾਂ ਤੋਂ ਬੇਮੁਖ ਹੋਏ ਲੋਕਾਂ ਦਾ ਇਹ ਮਿਹਣਾ ਵੀ ਧੋ ਦਿੱਤਾ ਹੈ ਕਿ ਆਮ ਆਦਮੀ ਵਿਕਾਊ ਹੁੰਦੇ ਹਨ ਅਤੇ ਬਹੁਤ ਸਾਰੇ ਸਿਆਸੀ ਪ੍ਰਭੂਆਂ ਨੂੰ ਵੀ ਇਹ ਦਰਸਾ ਦਿੱਤਾ ਹੈ ਕਿ ਉਹ ਸਿਰਫ਼ ਪੈਸੇ ਅਤੇ ਹੋਰ ਭ੍ਰਿਸ਼ਟ ਅਤੇ ਅਨੈਤਿਕ ਹੱਥ ਕੰਢਿਆਂ ਦੇ ਸਹਾਰੇ ਹੀ ਵੋਟਾਂ ਨਹੀਂ ਲੈ ਸਕਦੇ। ਵੋਟਾਂ ਲੈਣ ਲਈ ਆਮ ਆਦਮੀ ਵਾਸਤੇ ਕੁਝ ਨਾ ਕੁਝ ਕਰਨਾ ਹੀ ਪਵੇਗਾ। ਕੇਜਰੀਵਾਲ ਦੀ ਇਹ ਵੀ ਬਹਾਦਰੀ ਹੈ ਕਿ ਜਦ ਅੰਨਾ ਹਜ਼ਾਰੇ ਦੇ ਕਿਰਨ ਬੇਦੀ ਵਰਗੇ ਕਈ ਭਾਈਵਾਲ ਮੋਦੀ ਨਾਲ ਜਾ ਖਲੋਤੇ ਹਨ ਤਾਂ ਇਸ ਨੇ ਮੋਦੀ-ਰਾਹੁਲ ਦੋਹਾਂ ਤੋਂ ਬਰਾਬਰ ਦੀ ਦੂਰੀ ਰੱਖੀ ਹੋਈ ਹੈ। ਦੂਜਾ ਕਾਰਨ ਇਹ ਵੀ ਹੈ ਕਿ ਅਰਵਿੰਦ ਕੇਜਰੀਵਾਲ ਦਾ ਨਿਜੀ ਜੀਵਨ ਇਕ ਆਦਰਸ਼ਵਾਦੀ ਵਿਅਕਤੀ ਵਾਲਾ ਹੈ। ਅੰਨਾ ਹਜ਼ਾਰੇ ਦੇ ਨਾਲ ਰਹਿੰਦਿਆਂ ਉਸ ਨੇ ਆਪਣੇ ਆਦਰਸ਼ ਨੂੰ ਨਹੀਂ ਤਿਆਗਿਆ ਤੇ ਸਿਆਸਤ ਵਿਚ ਆਉਣ ਦਾ ਫ਼ੈਸਲਾ ਕੀਤਾ। ਭਾਰਤੀ ਸਿਆਸਤ ਦੇ ਭ੍ਰਿਸ਼ਟਤੰਤਰ ਤੋਂ ਨਿਰਾਸ਼ ਹੋਏ ਲੋਕਾਂ ਨੂੰ ਜਿਵੇਂ ਇਕ ਯੋਗ ਸਹਾਰਾ ਮਿਲਿਆ ਤੇ ਲੋਕ ਉਠ ਖੜੇ ਹੋਏ।

ਆਮ ਆਦਮੀ ਪਾਰਟੀ ਨੇ ਦਿੱਲੀ ਸਰਕਾਰ ਬਣਾਉਣ ਲਈ ਬਾਹਰੋਂ ਤੇ ਅੰਦਰੋਂ ਦੋਹਾਂ ਪਾਸਿਆਂ ਤੋਂ ਪੈਂਦੇ ਦਬਾਅ ਕਾਰਨ ਕਾਂਗਰਸ ਦੀ 'ਬਿਨਾਂ ਸ਼ਰਤ' ਹਮਾਇਤ ਲੈ ਕੇ ਸਰਕਾਰ ਬਣਾਉਂਦਿਆਂ ਹੀ ਹੁਣ ਤੀਕ ਵਾਅਦਿਆਂ ਮੁਤਾਬਕ ਕਈ ਕਾਰਜ ਕੀਤੇ ਹਨ। 700 ਲਿਟਰ ਤਕ ਮੁਫ਼ਤ ਪਾਣੀ, ਬਿਜਲੀ ਦਾ 400 ਯੂਨਿਟ ਤੀਕ ਅੱਧਾ ਰੇਟ, ਬਿਜਲੀ ਕੰਪਨੀ ਦੇ ਪੁਰਾਣੇ ਹਿਸਾਬ-ਕਿਤਾਬ ਦਾ ਲੇਖਾ ਜੋਖਾ (ਆਡਿਟ), ਰੈਣ ਬਸੇਰੇ ਸੁਧਾਰਨੇ ਅਤੇ ਰਿਸ਼ਵਤ ਵਿਰੁੱਧ ਆਮ ਆਦਮੀ ਨੂੰ ਤਕੜਿਆਂ ਕਰਨ ਲਈ ਹੈਲਪ ਲਾਈਨ ਨੰਬਰ ਦੇਣਾ। ਮੰਤਰੀਆਂ ਦੇ ਆਮ ਆਦਮੀ ਬਣੇ ਰਹਿਣਾ, ਲਾਲ ਬੱਤੀ ਕਲਚਰ ਖ਼ਤਮ ਕਰਨਾ, ਲੋਕਾਂ ਦੀਆਂ ਆਮ ਸ਼ਿਕਾਇਤਾ ਸੁਣ ਕੇ ਨਿਪਟਾਰੇ ਕਰਨ ਹਿੱਤ ਹੈਲਪ ਲਾਈਨਾ ਜਾਰੀ ਕਰਨੀਆਂ ਆਦਿ ਵਧੀਆ ਪੱਖ ਹਨ। ਪਰ ਕੀ ਲੋਕਪ੍ਰਿਅ ਨਾਅਰਿਆਂ ਤੇ ਵਾਅਦਿਆਂ ਦੇ ਅੱਧੇ-ਅਧੂਰੇ ਅਮਲ ਨਾਲ ਮੌਜੂਦਾ ਭਾਰਤੀ ਸਿਆਸੀ ਪ੍ਰਣਾਲੀ ਦੇ ਤਹਿਤ ਅਵਾਮ ਦੀ ਤਕਦੀਰ ਬਦਲੀ ਜਾ ਸਕਦੀ ਹੈ? ਕੁੱਝ ਮਾਮਲੇ ਵਧੇਰੇ ਵਿਆਖਿਆ ਦੀ ਮੰਗ ਕਰਦੇ ਹਨ।




ਹੁਣ ਆਮ ਆਦਮੀ ਪਾਰਟੀ ਵਲੋਂ ਸਾਰੇ ਹਿੰਦੁਸਤਾਨ ਵਿਚ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਆਪਣੇ ਉਮੀਦਵਾਰ ਖੜੇ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਸ ਨਾਲ ਰਾਜ ਕਰ ਰਹੀਆਂ ਰਵਾਇਤੀ ਪਾਰਟੀਆਂ, ਯੂ.ਪੀ.ਏ. ਤੇ ਐਨ.ਡੀ.ਏ. ਵਿਚ ਖਲਬਲੀ ਮੱਚ ਗਈ ਹੈ। ਭਾਰਤ ਦੀਆਂ ਸਾਰੀਆਂ ਕੌਮੀ ਤੇ ਖੇਤਰੀ ਪਾਰਟੀਆਂ ਭੈਅ-ਭੀਤ ਹਨ। ਕਾਂਗਰਸ ਦੇ 'ਯੁਵਰਾਜ' ਰਾਹੁਲ ਗਾਂਧੀ ਨੂੰ 'ਆਮ ਆਦਮੀ ਪਾਰਟੀ' ਦੇ ਭ੍ਰਿਸ਼ਟਾਚਾਰ ਵਿਰੋਧੀ ਕਾਰਜਾਂ ਤੇ ਭਾਵਨਾਵਾਂ ਦੀ ਸ਼ਲਾਘਾ ਕਰਨੀ ਪਈ ਹੈ। ਭਾਰਤੀ ਜਨਤਾ ਪਾਰਟੀ ਦੀ ਦਿਸ਼ਾ ਨਿਰਦੇਸ਼ਤ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੂੰ ਵੀ ਕਹਿਣਾ ਪਿਆ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ 'ਆਮ ਆਦਮੀ ਪਾਰਟੀ' ਦੀ ਸ਼ਕਤੀ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ ਤੇ ਉਸ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਭਾਰਤ ਦਾ ਸਮੁੱਚਾ ਇਲੈਕਟ੍ਰਾਨਿਕ ਮੀਡੀਆ ਆਪਣਾ ਕੈਮਰਾ ਤੇ ਮਾਈਕ ਲੈ ਕੇ ਹੁਣ ਕੇਜਰੀਵਾਲ ਦੇ ਨਾਲ-ਨਾਲ ਹੀ ਰਹਿੰਦਾ ਹੈ। ਇਹ ਉਹੀ ਮੀਡੀਆ ਹੈ ਜਿਸ ਨੇ ਅੰਨਾ ਹਜ਼ਾਰੇ ਦੇ ਦਿੱਲੀ ਵਿਖੇ ਭੁੱਖ ਹੜਤਾਲ ਵੇਲੇ ਵੀ ਉਸ ਨੂੰ ਖ਼ੂਬ ਕਵਰੇਜ ਦਿੱਤੀ ਸੀ ਤੇ ਸਾਰੀ ਦੁਨੀਆ ਵਿਚ ਅੰਨਾ ਹਜ਼ਾਰੇ -ਅੰਨਾ ਹਜ਼ਾਰੇ ਹੀ ਹੋ ਗਈ ਸੀ। ਹੁਣ ਉਸੇ ਤਰ੍ਹਾਂ ਕੇਜਰੀਵਾਲ ਦੀ ਹਨੇਰੀ ਝੁਲਾਈ ਜਾ ਰਹੀ ਹੈ। ਅਜਿਹਾ ਕਿਉਂ ਹੈ? ਭਾਰਤ ਦਾ ਹਰ ਸੁਹਿਰਦ ਸ਼ਹਿਰੀ ਤੇ ਬੁਧੀਜੀਵੀ ਜੋ ਆਮ ਆਦਮੀ ਦੇ ਦੁੱਖਾਂ ਨੂੰ ਦੂਰ ਕਰਨ ਲਈ ਹਮੇਸ਼ਾ ਸੋਚਦਾ ਰਹਿੰਦਾ ਹੈ, ਉਹ ਹੁਣ ਵੀ ਉਹ ਲਗਾਤਾਰ ਸੋਚ ਰਿਹਾ ਹੈ, ਦੂਰ ਅੰਦੇਸ਼ੀ ਹੈ। ਉਹ ਚਕਾਚੌਂਧ ਰੌਸ਼ਨੀਆਂ ਤੋਂ ਅੱਖਾਂ ਚੁੰਧਿਆ ਕੇ ਅੱਖਾਂ ਮੀਚ ਕੇ ਨਹੀਂ ਬੈਠਾ। ਸਭ ਕੁਝ ਦੇਖ ਰਿਹਾ ਹੈ। ਜਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦਾ ਦੂਜਾ ਪ੍ਰਮੁੱਖ ਆਗੂ ਪ੍ਰਸ਼ਾਂਤ ਭੂਸ਼ਣ ਕਸ਼ਮੀਰ ਵਿਚ ਜਾਂਦਾ ਹੈ ਤਾਂ ਹੋਰ ਬੋਲੀ ਬੋਲਦਾ ਹੈ ਜਿਸ ਤੋਂ ਕੇਜਰੀਵਾਲ ਨੂੰ ਕਿਨਾਰਾਕਸ਼ੀ ਕਰਨੀ ਪੈਂਦੀ ਹੈ ਤੇ ਉਸ ਦੇ ਨਿੱਜੀ ਵਿਚਾਰ ਕਹਿ ਕੇ ਪੱਲਾ ਝਾੜਨਾ ਪੈਂਦਾ ਹੈ। ਪ੍ਰਸ਼ਾਂਤ ਭੂਸ਼ਣ ਨੂੰ ਵੀ ਮੁਕਰਨਾ ਪੈਂਦਾ ਹੈ ਤਦ ਸੁਹਿਰਦ ਬੁੱਧੀਜੀਵੀ ਦੀ ਵੀ ਅੱਖ ਫ਼ਰਕਦੀ ਹੈ। ਏਸ ਪਾਰਟੀ ਦਾ ਕੋਈ ਵਿਧਾਨ ਨਹੀਂ ਬਣਿਆ। ਕੋਈ ਵੀ ਨੀਤੀ ਨਹੀਂ ਬਣੀ। ਉਸ ਦੀ ਵਿਦੇਸ਼ ਨੀਤੀ ਕੀ ਹੋਵੇਗੀ। ਗੁਆਂਢੀ ਮੁਲਕਾਂ ਨਾਲ ਸਬੰਧ ਕਿਵੇਂ ਦੇ ਹੋਣਗੇ। ਉਸ ਦੀ ਸਾਮਰਾਜੀ ਨਿਰਦੇਸ਼ਤ ਨਵ ਉਦਾਰਵਾਦੀ ਨੀਤੀਆਂ, ਜੋ ਐਨ.ਡੀ.ਏ. ਤੇ ਯੂ.ਪੀ.ਏ. ਦੋਹਾਂ ਨੇ ਅਪਣਾ ਰੱਖੀਆਂ ਹਨ ਅਤੇ ਜਿਹੜੀਆਂ ਲੋਕਾਂ ਦੇ ਘਾਣ ਦਾ ਮੁੱਖ ਕਾਰਨ ਹਨ ਓਸ ਪ੍ਰਤੀ ਆਮ ਆਦਮੀ ਪਾਰਟੀ ਦੀ ਕੀ ਪਹੁੰਚ ਹੋਵੇਗੀ, ਜਨਤਕ ਅਦਾਰਿਆਂ ਦੇ ਤੇਜ਼ੀ ਨਾਲ ਹੋ ਰਹੇ ਨਿੱਜੀਕਰਨ, ਠੇਕਾ ਭਰਤੀ, ਐਫ਼.ਡੀ.ਆਈ. ਦਾ ਪਰਚੂਨ ਖੇਤਰ, ਬੀਮਾ ਬਰਾਂਡ ਕਾਸਟਿੰਗ ਤੇ ਪ੍ਰਿੰਟ ਮੀਡੀਆ, ਗੱਲ ਕੀ ਹਰ ਅਹਿਮ ਤੋਂ ਅਹਿਮ ਖੇਤਰ ਵਿਚ ਪ੍ਰਵੇਸ਼ ਆਦਿ ਬਾਰੇ ਕੀ ਨਜ਼ਰੀਆ ਹੈ? ਮਹਿੰਗਾਈ ਨੂੰ ਕਿਵੇਂ ਦੂਰ ਕੀਤਾ ਜਾ ਸਕੇਗਾ, ਬੇਰੁਜ਼ਗਾਰੀ ਨੂੰ ਵੀ ਠੱਲ ਕਿਵੇਂ ਪਵੇਗੀ, ਰੁਜ਼ਗਾਰ ਨੂੰ ਮੌਲਿਕ ਅਧਿਕਾਰਾਂ ਵਿਚ ਸ਼ਾਮਲ ਕਰਨ ਪ੍ਰਤੀ ਕੀ ਪਹੁੰਚ ਹੈ? ਆਮ ਆਦਮੀ ਨੂੰ ਖਾਸ ਸਹੂਲਤਾਂ ਦੇਣ ਲਈ ਫ਼ੰਡ ਕਿਥੋਂ ਲਏ ਜਾਣਗੇ। ਵੱਡੇ ਸਨਅਤੀ ਘਰਾਣਿਆਂ ਨੂੰ ਟੈਕਸਾਂ ਵਿਚ ਦਿੱਤੀ ਜਾ ਰਹੀ ਛੋਟ ਤੇ ਲੁੱਟਣ ਦੀ ਸਹੂਲਤ ਬਾਰੇ ਆਮ ਆਦਮੀ ਪਾਰਟੀ ਦਾ ਕੀ ਨਜ਼ਰੀਆ ਹੋਵੇਗਾ? ਸਮਾਜਵਾਦ ਬਾਰੇ ਕੀ ਵਿਚਾਰ ਹਨ ਤੇ ਸਾਮਰਾਜ ਬਾਰੇ ਕੀ। ਅਜਿਹੇ ਅਨੇਕਾਂ ਤੌਖਲੇ ਹਨ ਜਿਨ੍ਹਾਂ ਨੂੰ ਦੂਰ ਕੀਤੇ ਬਿਨਾਂ ਆਮ ਆਦਮੀ ਪਾਰਟੀ ਬਾਰੇ ਧੁੰਦੂਕਾਰਾ ਜਿਹਾ ਪਨਪਣਾ ਕੁਦਰਤੀ ਹੈ?

ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮੌਜੂਦਾ ਪ੍ਰਬੰਧ ਨੂੰ ਕਾਇਮ ਰੱਖਦੇ ਹੋਏ ਕੀ ਮਹਿੰਗਾਈ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਹੋਰ ਸਾਰੇ ਰੋਗ ਦੂਰ ਹੋ ਸਕਣਗੇ? ਇਹ ਸਾਰੀਆਂ ਬੁਰਾਈਆਂ ਤਾਂ ਮੌਜੂਦਾ ਵਿਵਸਥਾ ਦੀਆਂ ਪਰਪੱਕ ਨਿਸ਼ਾਨੀਆਂ ਹਨ। ਜਿਨ੍ਹਾਂ ਪੱਛਮੀ, ਉਤਰੀ ਅਮਰੀਕਾ ਤੇ ਹੋਰ ਸਾਮਰਾਜੀ ਵਿਕਸਤ ਅਮੀਰ ਮੁਲਕਾਂ ਵਿਚ ਏਹੋ ਹੀ ਭਾਰਤ ਵਰਗਾ ਸਰਮਾਏਦਾਰੀ ਪ੍ਰਬੰਧ ਹੈ, ਉਥੇ ਵੀ ਮਹਿੰਗਾਈ ਤੇ ਬੇਰੁਜ਼ਗਾਰੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਭ੍ਰਿਸ਼ਟਾਚਾਰ ਸਾਰੇ ਹੀ ਵਿਕਸਤ ਦੇਸ਼ਾਂ ਵਿਚ ਮੌਜੂਦ ਹੈ ਭਾਵੇਂ ਕਿ ਉਹ ਉਪਰਲੇ ਪੱਧਰ 'ਤੇ ਵਧੇਰੇ ਹੈ ਅਤੇ ਉਹ ਇਸ ਨੂੰ 'ਲਾਬਿੰਗ' ਕਹਿ ਕੇ ਪ੍ਰਿਭਾਸ਼ਤ ਕਰ ਲੈਂਦੇ ਹਨ। ਉਹ ਸੁੱਖ ਸਹੂਲਤਾਂ ਜੋ ਸਮਾਜਵਾਦੀ ਸੋਵੀਅਤ ਯੂਨੀਅਨ ਵੇਲੇ ਇਨ੍ਹਾਂ ਵਿਕਸਤ ਤੇ ਸਾਮਰਾਜੀ ਮੁਲਕਾਂ ਨੂੰ ਮਜਬੂਰੀ ਵਸ ਦੇਣੀਆਂ ਪਈਆਂ ਸਨ, ਉਹ ਸਭ ਹੁਣ ਖੁੱਸ ਰਹੀਆਂ ਹਨ। ਮੰਦੇ ਦੀ ਵੱਧ ਰਹੀ ਮਾਰ ਪਤਾ ਨਹੀਂ ਕਦੋਂ ਅਚਿੰਤੇ ਬਾਜ਼ ਵਾਂਗ ਇਨ੍ਹਾਂ ਮੁਲਕਾਂ ਨੂੰ ਘੇਰ ਲਵੇ ਤੇ ਸਾਰਾ ਆਰਥਕ ਬੋਝ ਉਥੋਂ ਦੇ ਆਮ ਆਦਮੀ 'ਤੇ ਪੈ ਜਾਵੇ। ਫੇਰ ਇਹ ਕੋਈ ਵੀ ਸੂਝਵਾਨ, ਬੁੱਧੀ ਜੀਵੀ ਸਿਆਸੀ ਪੰਡਤ ਇਹ ਕਿਵੇਂ ਯਕੀਨ ਕਰ ਲਵੇ ਕਿ ਏਸ ਪ੍ਰਬੰਧ ਨੂੰ ਬਦਲੇ ਬਗ਼ੈਰ ਹੀ ਇਹ ਸਾਰੇ ਮਸਲਿਆਂ ਦਾ ਹੱਲ ਹੋ ਜਾਵੇਗਾ ਤੇ 'ਆਮ ਆਦਮੀ' ਨੂੰ 'ਆਮ ਆਦਮੀ ਪਾਰਟੀ' ਰਾਹੀਂ ਇੰਜ ਹੀ 'ਆਮ ਸਹੂਲਤਾਂ' ਤੇ ਸਾਰੇ ਸੁਖ ਮਿਲ ਜਾਣਗੇ! ਜਿਥੋਂ ਤੀਕ ਮੀਡੀਏ ਦੀ ਤਵੱਜੋਂ ਦੀ ਆਮ ਆਦਮੀ ਪਾਰਟੀ ਵੱਲ ਸਵੱਲੀ ਨਜ਼ਰ ਰੱਖੇ ਜਾਣ ਦਾ ਸਵਾਲ ਹੈ ਤੇ ਉਹ ਵੀ ਸਿਰਫ਼ ਏਸ ਕਰਕੇ ਕਿ ਕੇਜਰੀਵਾਲ ਨੇ ਭ੍ਰਿਸ਼ਟਾਚਾਰ ਖ਼ਤਮ ਕਰ ਦੇਣਾ ਹੈ। ਪਰ ਇਹ ਕਈ ਤਰ੍ਹਾਂ ਦੇ ਸ਼ੰਕੇ ਜਾਹਰ ਕਰਦਾ ਹੈ। ਜੇ ਅਜਿਹਾ ਹੀ ਹੁੰਦਾ ਤਾਂ ਪੱਛਮੀ ਬੰਗਾਲ, ਕੇਰਲਾ ਤੇ ਤ੍ਰਿਪੁਰਾ ਵਿਚ ਖੱਬੀਆਂ ਪਾਰਟੀਆਂ ਬਾਰੇ ਹੋਰ ਕੋਈ ਕੁਝ ਵੀ ਕਹਿ ਲਵੇ ਪਰ ਭ੍ਰਿਸ਼ਟਾਚਾਰ ਦਾ ਦੋਸ਼ ਉਨ੍ਹਾਂ 'ਤੇ ਕਦੇ ਨਹੀਂ ਲੱਗਾ। ਫੇਰ ਏਹੀ ਮੀਡੀਆ ਉਨ੍ਹਾਂ ਤੋਂ ਕਿਉਂ ਨਿਰੰਤਰ ਹੀ ਬੇਮੁਖ ਹੋਇਆ ਰਿਹਾ ਹੈ, ਜਦ ਕਿ ਉਸ ਦੇ ਮੰਤਰੀ ਵੀ ਸਾਦਾ ਹੀ ਰਹਿੰਦੇ ਰਹੇ ਹਨ। ਇਹ ਗੱਲ ਪੱਥਰ 'ਤੇ ਲੀਕ ਵਾਂਗ ਹੈ ਕਿ ਵਿਵਸਥਾ ਆਪਣੀ ਹੋਂਦ ਕਾਇਮ ਰੱਖਣ ਲਈ ਕਿਸੇ ਵੀ ਵੱਡੇ ਤੋਂ ਵੱਡੇ 'ਮਹਾਂਪੁਰਖ' ਦੀ ਕੁਰਬਾਨੀ ਦੇ ਸਕਦੀ ਹੈ। ਜੇ ਕੇਜਰੀਵਾਲ ਏਸ ਵਿਵਸਥਾ ਦੀ ਮਜਬੂਤੀ ਨੂੰ ਕਾਇਮ ਰੱਖਣ ਲਈ ਉਸ ਦੀ ਮਦਦ ਕਰਦਾ ਹੈ ਤਾਂ ਉਸ ਨੂੰ ਹੋਰ ਕੀ ਚਾਹੀਦਾ ਹੈ? ਹਾਂ ਖੱਬੀਆਂ ਪਾਰਟੀਆਂ (ਹੁਣ ਵੀ ਹਰ ਤਰ੍ਹਾਂ ਦੀਆਂ ਸਾਰੀਆਂ ਹੀ) ਆਪਣੀ ਵੱਖੋ-ਵਖਰੀ ਹੋਂਦ ਕਾਇਮ ਰੱਖਕੇ ਵੀ ਘੱਟੋ ਘੱਟ ਪ੍ਰੋਗਰਾਮ ਤੇ ਅਮਲ ਏਕਤਾ ਰਾਹੀਂ ਆਮ ਆਦਮੀ ਲਈ ਸੰਘਰਸ਼ ਨਹੀਂ ਕਰਦੀਆਂ ਤਾਂ ਆਮ ਆਦਮੀ ਤੇ ਇਤਿਹਾਸ ਕਦੇ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ। ਇਹ ਗੱਲ ਪੱਕੀ ਹੈ ਕਿ ਇਸ ਵਿਵਸਥਾ ਦੇ ਚਲਦਿਆਂ ਭਾਰਤ ਦੇ ਆਮ ਆਦਮੀ ਦੀ ਹੋਣੀ ਬਦਲਣ ਵਾਲੀ ਨਹੀਂ ਹੈ। ਇਸ ਵਿਵਸਥਾ ਨੂੰ ਬਦਲਣ ਲਈ ਸੰਘਰਸ਼ ਹੀ ਇਕੋ ਇਕ ਰਾਹ ਹੈ, ਜਿਸ ਨੂੰ ਅਪਣਾਉਣਾ ਹੀ ਹੋਵੇਗਾ। ਆਮ ਆਦਮੀ ਨੂੰ ਦੱਸਣਾ ਹੋਵੇਗਾ ਕਿ ਉਨ੍ਹਾਂ ਦੇ ਮਸਲਿਆਂ ਦਾ ਇਕੋ ਇਕ ਹੱਲ ਸੰਘਰਸ਼ ਹੀ ਹੈ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
■ INDIVIDUAL TAX RETURNS
■ INCORPORATION OF COMPANIES
■ PAYROLL, T4 SLIPS
■ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ
ਜਾਣੇ-ਪਛਾਣੇ ਅਕਾਊਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34

Kapil Sharma

ਨਵੀਂ ਦੁਨੀਆ

## ਸੰਪਾਦਕੀ

# ਅਵਾਮ ਦੀ ਤਾਕਤ

ਭਾਰਤ ਵਿਚ ਨਵੀਂ ਸਰਕਾਰ ਦੇ ਗਠਨ ਲਈ ਚੋਣਾਂ ਦਾ ਪਿੜ ਬਝੱਣਾ ਸ਼ੁਰੂ ਹੋ ਗਿਆ ਹੈ। ਭਾਰਤ ਦੀ ਸਤਾ ਸਿਆਸਤ ਅਜਕਲ੍ਹ ਸੁਪਨੇ ਵੇਚ ਰਹੀ ਹੈ। ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਜਿੱਥੇ 'ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ ਦਾ ਘਿਸਿਆ ਪਿਟਿਆ ਰਾਗ ਅਲਾਪ ਰਹੇ ਹਨ; ਉਥੇ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਨਰਿੰਦਰ ਮੋਦੀ ਨਵੇਂ ਭਾਰਤ ਦਾ ਸੁਪਨਾ ਦਿਖਾ ਕੇ ਆਮ ਜਨ ਨੂੰ ਭਰਮਾਉਣ ਵਿਚ ਲੱਗੇ ਹੋਏ ਹਨ। ਰਵਾਇਤੀ ਖੱਬੀਆਂ ਪਾਰਟੀਆਂ ਇਕ ਵਾਰ ਫੇਰ ਖੇਤਰੀ ਪਾਰਟੀਆਂ ਨੂੰ ਤੀਜੇ ਮੋਰਚੇ ਦੇ ਨਾਂਅ 'ਤੇ ਇੱਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਵਿਚ ਹਨ। ਲੱਗਪਗ ਸਾਰੀਆਂ ਸਿਆਸੀ ਧਿਰਾਂ ਦੀ ਇਹ ਕਸਰਤ ਕੁਲ ਮਿਲਾ ਕੇ ਚੁਣਾਵੀ ਤਮਾਸ਼ੇ ਤੋਂ ਅੱਗੇ ਜਾਂਦੀ ਨਹੀਂ ਦਿਖਾਈ ਦੇ ਰਹੀ। ਭਾਰਤ ਦਾ ਸਾਧਾਰਨ ਬੰਦਾ ਇਸ ਚੁਣਾਵੀ ਜੋੜ-ਤੋੜ ਨੇ ਏਨੀ ਬੁਰੀ ਤਰ੍ਹਾਂ ਤੋੜ ਦਿੱਤਾ ਹੈ ਕਿ ਉਹਨੂੰ ਜਿੱਥੇ ਤਿਨਕੇ ਦਾ ਸਹਾਰਾ ਵੀ ਦਿਸਦਾ ਹੈ, ਉਹ ਓਧਰ ਨੂੰ ਦੌੜਦਾ ਹੈ; ਇਸੇ ਬਦਹਵਾਸੀ ਵਿਚੋਂ ਹੀ 'ਖਾਸ ਵਰਗ ਦੇ ਆਗੂਆਂ ਦੀ 'ਆਮ ਆਦਮੀ ਪਾਰਟੀ ਜਨਮ ਲੈ ਲੈਂਦੀ ਹੈ। ਪਰ ਆਦਮੀ ਦੀ ਖ਼ਬਰਸਾਰ ਕੌਣ ਕਿੰਨੀ ਕੁ ਲੈਂਦਾ ਹੈ; ਇਹਦਾ ਜੁਆਬ ਕਿਸੇ ਕੋਲ ਵੀ ਨਹੀਂ ਹੈ।

ਉਂਝ ਅੱਜ ਆਮ ਭਾਰਤੀ ਬੰਦੇ ਦੀ ਅਸਲ ਹਾਲਤ ਕੀ ਹੈ; ਇਹਦਾ ਸੱਚ ਪਿਛਲੇ ਦਿਨੀਂ ਇਕ ਟੀ ਵੀ ਚੈਨਲ 'ਤੇ ਦੇਖਣ ਨੂੰ ਮਿਲਿਆ। ਟੀ.ਵੀ. ਚੈਨਲ 'ਤੇ ਇਕ ਆਮ ਸੁਆਣੀ ਨੇ ਬੜੇ ਪਤੇ ਦੀ ਗੱਲ ਕਹੀ। ਇਸ ਸੁਆਣੀ ਨੇ ਜੋ ਕੁਝ ਕਿਹਾ, ਉਸਦਾ ਸਾਰ ਤੱਤ ਇਹ ਸੀ ਕਿ ਬੜੇ ਢੋਲ-ਢਮੱਕਿਆਂ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ 'ਸੁਪਰ ਪਾਵਰ' ਬਣਨ ਜਾ ਰਿਹਾ ਹੈ ਪਰ ਮੁਲਕ ਦੀ ਆਮ ਘਰੇਲੂ ਔਰਤ ਕੋਲ ਤਾਂ ਟਮਾਟਰ ਖਰੀਦਣ ਦੀ ਵੀ 'ਪਾਵਰ' ਨਹੀਂ ਹੈ। ਇਹ ਜਨ-ਸਧਾਰਣ ਦੇ ਦਿਲ 'ਚੋਂ ਨਿਕਲੀ ਉਹ ਹੂਕ ਹੈ, ਜਿਸ ਨਾਲ ਸਾਡੇ ਚੁਣਾਵੀ ਤਮਾਸ਼ੇ ਦਾ ਕੋਈ ਵਾਸਤਾ ਨਹੀਂ ਹੈ। ਜੇ ਵਾਸਤਾ ਹੁੰਦਾ ਤਾਂ ਸਵਾ ਅਰਬ ਨੂੰ ਆ ਢੁੱਕੇ 'ਮਹਾਨ ਦੇਸ਼' ਦੀ ਏਨੀ ਮਾੜੀ ਅਵਸਥਾ ਨਾ ਹੁੰਦੀ।

ਮਹਿੰਗਾਈ ਪਹਿਲਾਂ ਵੀ ਲਗਾਤਾਰ ਵੱਧਦੀ ਆਈ ਹੈ ਅਤੇ ਕਲ੍ਹ ਨੂੰ ਸਰਕਾਰ ਜਿਹਦੀ ਮਰਜ਼ੀ ਆ ਜਾਵੇ, ਇਹ ਅਗਾਂਹ ਵੀ ਵਧੇਗੀ ਪਰ ਜਿਸ ਤੇਜ਼ੀ ਨਾਲ ਪਿਛਲੇ ਦੋ ਵਰ੍ਹਿਆਂ ਵਿਚ ਮਹਿੰਗਾਈ ਨੇ ਛਾਲਾਂ ਮਾਰੀਆਂ ਹਨ, ਉਹ ਪ੍ਰੇਸ਼ਾਨ ਹੀ ਨਹੀਂ ਹੈਰਾਨ ਕਰਨ ਵਾਲੀ ਵੀ ਹੈ। ਜਦੋਂ ਤੋਂ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਿਚ 'ਸਾਂਝੇ ਪ੍ਰਗਤੀਸ਼ੀਲ ਗਠਜੋੜ' ਦੀ ਸਰਕਾਰ ਨੇ ਲਗਾਤਾਰ ਦੂਜੀ ਵਾਰ ਸੱਤਾ ਸੰਭਾਲੀ ਹੈ ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਆਟੇ ਦੀਆਂ ਕੀਮਤਾਂ ਦੋ ਵਰ੍ਹਿਆਂ ਵਿਚ ਲਗਭਗ 55 ਫੀਸਦੀ, ਸਾਧਾਰਨ ਚਾਵਲ 112 ਫੀਸਦੀ, ਸਰੋਂ ਦਾ ਤੇਲ 66 ਫੀਸਦੀ, ਘਿਓ 55 ਫੀਸਦੀ ਅਤੇ ਚੀਨੀ ਦੀਆਂ ਕੀਮਤਾਂ 60 ਫੀਸਦੀ ਵੱਧ ਗਈਆਂ ਹਨ। ਇਸੇ ਗਤੀ ਨਾਲ ਹੀ ਬਾਕੀ ਜ਼ਰੂਰੀ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਉਛਾਲ ਆਇਆ ਹੈ। ਇਸ ਲਿਹਾਜ਼ ਨਾਲ ਤਾਂ ਸਾਫ਼ ਕਿਹਾ ਜਾ ਸਕਦਾ ਹੈ ਕਿ 'ਸਾਂਝੇ ਪ੍ਰਗਤੀਸ਼ੀਲ ਗਠਜੋੜ' ਦੀ ਸਰਕਾਰ ਨੇ ਜੇਕਰ ਸਚਮੁੱਚ ਹੀ ਪ੍ਰਗਤੀ ਕੀਤੀ ਹੈ ਤਾਂ ਉਹ ਹੈ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦਾ ਖੇਤਰ। ਬਾਕੀ ਖੇਤਰਾਂ ਵਿਚ ਮੁਲਕ ਲਗਾਤਾਰ ਪੱਛੜਦਾ ਜਾ ਰਿਹਾ ਹੈ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਹੀ ਅਜਿਹੀਆਂ 'ਸੌਗਾਤਾਂ ਹਨ ਜਿਨ੍ਹਾਂ ਨੂੰ ਸਰਕਾਰ ਨੇ ਆਪਣੀ 'ਪਟਰਾਣੀ' ਬਣਾ ਧਰਿਆ ਹੈ। ਸਰਕਾਰ ਲੱਖ ਦਾਅਵੇ ਕਰੀ ਜਾਵੇ ਕਿ ਉਸਨੇ ਖੇਤੀ ਖੇਤਰ ਲਈ ਬਹੁਤ ਕੰਮ ਕੀਤਾ ਹੈ ਪਰ ਮੁਲਕ ਭਰ ਵਿਚ ਵੱਧ ਰਹੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਸਰਕਾਰ ਦੇ ਸਾਰੇ ਦਾਅਵਿਆਂ ਦਾ ਸੱਚ ਚੋਰਾਹੇ ਭੰਨ ਰਹੀਆਂ ਹਨ। ਖੇਤੀ ਲਾਗਤਾਂ ਲਗਾਤਾਰ ਵਧੀ ਜਾ ਰਹੀਆਂ ਹਨ ਪਰ ਕੇਂਦਰ ਜਿਣਸਾਂ ਦਾ ਘੱਟੋ-ਘੱਟ ਚੰਗਾ ਸਹਾਇਕ ਮੁਲ ਦੇਣ ਤੋਂ ਵੀ ਸਦਾ ਹੀ ਭੱਜਦਾ ਆਇਆ ਹੈ। ਉਂਜ ਵੀ ਜ਼ਮੀਨਾਂ ਨੂੰ ਕਿਸਾਨਾਂ ਹੱਥੋਂ ਖੋਹ ਕੇ ਬਹੁਕੌਮੀ ਕੰਪਨੀਆਂ ਅਤੇ ਆਪਣੇ ਚਹੇਤੇ ਨਿੱਜੀ ਵਪਾਰੀਆਂ ਨੂੰ ਸੌਂਪਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ।

ਪੈਟਰੋਲ, ਡੀਜ਼ਲ ਦੀਆਂ ਲਗਾਤਾਰ ਵਧਾਈਆਂ ਗਈਆਂ ਕੀਮਤਾਂ ਨੇ ਵੀ ਜ਼ਰੂਰਤ ਦੀ ਹਰ ਚੀਜ਼ ਨੂੰ ਅਸਮਾਨੀ ਚਾੜ੍ਹ ਦਿੱਤਾ ਹੈ। ਮਹਿੰਗਾਈ ਦੇ ਇਸ ਜੰਜਾਲ ਨੇ ਆਮ ਬੰਦੇ ਦੇ ਮੂੰਹ ਦੀ ਬੁਰਕੀ ਵੀ ਖੋਹ ਲਈ ਹੈ। ਅਨਾਜ, ਦਾਲਾਂ ਦੇ ਨਾਲ-ਨਾਲ ਸਬਜ਼ੀਆਂ ਵੀ ਅਸਮਾਨੀ ਜਾ ਚੜ੍ਹੀਆਂ ਹਨ। ਕੇਂਦਰੀ ਮੰਤਰੀ ਸਬਜ਼ੀਆਂ ਦੀਆਂ ਕੀਮਤਾਂ ਵਿਚ ਵਾਧੇ ਲਈ ਰਾਜ ਸਰਕਾਰਾਂ ਅਤੇ ਮੌਸਮ ਨੂੰ ਜ਼ੁੰਮੇਵਾਰ ਦੱਸਕੇ ਆਪਣੇ-ਆਪਨੂੰ ਬਰੀ ਕਰ ਲੈਂਦੇ ਹਨ।

ਹਾਲਾਤ ਇਹ ਹਨ ਕਿ ਸਰਕਾਰ ਨੇ ਸਾਰਾ ਕੁੱਝ ਹੀ ਬਹੁਕੌਮੀ ਕੰਪਨੀਆਂ ਅਤੇ ਨਿੱਜੀ ਵਪਾਰੀਆਂ ਅੱਗੇ ਢੇਰ ਕਰ ਛਡਿਆ ਹੈ। ਇਨ੍ਹਾਂ ਨੂੰ ਖੁਲ੍ਹ ਕੇ ਖੇਡਣ ਦੀ ਪੂਰੀ ਆਜ਼ਾਦੀ ਹੀ ਨਹੀਂ ਸਗੋਂ ਇਨ੍ਹਾਂ ਲਈ ਮੈਦਾਨ ਵੀ ਖੁਦ ਸਰਕਾਰ ਤਿਆਰ ਕਰਕੇ ਦੇਈ ਜਾ ਰਹੀ ਹੈ। ਹੁਣ ਵੀ ਬਾਹਰੋਂ ਕਣਕ, ਚੀਨੀ ਆਦਿ ਮੰਗਵਾਉਣ ਦੀ ਪੂਰੀ ਖੁਲ੍ਹ ਨਿੱਜੀ ਵਪਾਰੀਆਂ ਨੂੰ ਦਿੱਤੀ ਗਈ ਹੈ। ਇਹ ਉਹ ਹੀ ਬਹੁਕੌਮੀ ਕੰਪਨੀਆਂ ਅਤੇ ਨਿੱਜੀ ਵਪਾਰੀ ਹਨ, ਜਿਨ੍ਹਾਂ ਨੇ ਪਹਿਲਾਂ ਅਨਾਜ ਦੀ ਅੰਨ੍ਹੇਵਾਹ ਜਮਾਖੋਰੀ ਕਰਕੇ ਮੁਲਕ ਵਿਚ ਅਨਾਜ ਦੀ ਨਕਲੀ ਕਮੀ ਪੈਦਾ ਕੀਤੀ ਤੇ ਫੇਰ ਕੀਮਤਾਂ ਆਪਣੀ ਮਨਮਰਜ਼ੀ ਨਾਲ ਵਧਵਾਈਆਂ। ਇਸ ਤੋਂ ਕੀ ਸਮਝਿਆ ਜਾਵੇ ?

ਇਨ੍ਹਾਂ ਬਦਤਰ ਪ੍ਰਸਥਿਤੀਆਂ ਨੂੰ ਤਬਦੀਲ ਕਰਨ ਲਈ ਸਭ ਤੋਂ ਜ਼ਰੂਰੀ ਸ਼ਕਤੀ ਅਵਾਮ ਕੋਲ ਹੈ, ਉਹ ਹੈ ਆਪਣੇ ਹੱਕਾਂ, ਹਿੱਤਾਂ ਅਤੇ ਆਸਾਂ, ਉਮੰਗਾਂ ਲਈ ਲੜਨ-ਭਿੜਨ ਦੀ ਸ਼ਕਤੀ। ਬੱਸ ਲੋੜ ਇਸ ਸ਼ਕਤੀ ਨੂੰ ਵਿਚਾਰਧਾਰਕ ਜ਼ਮੀਨ 'ਤੇ ਇਕਜੁਟ ਕਰਨ ਦੀ ਹੈ। ਇਹਨੂੰ ਅਮਲੀ ਜਾਮਾ ਸਿਰਫ਼ ਚੋਣਾਂ ਵੇਲੇ ਗਠਜੋੜ ਕਰਕੇ ਹੀ ਨਹੀਂ ਪਹਿਨਾਇਆ ਜਾ ਸਕਦਾ। ਇਹਦੇ ਲਈ ਪਹਿਲੀ ਅਤੇ ਜ਼ਰੂਰੀ ਸ਼ਰਤ ਚੋਣਾਂ ਤੋਂ ਪਹਿਲਾਂ ਵਿਸ਼ਾਲ ਜਨਤਕ ਸੰਘਰਸ਼ ਹਨ। ਇਹ ਗੱਲ ਲੋਕ ਹਿੱਤਾਂ ਲਈ ਲੜਨ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਨੂੰ ਅੱਜ ਨਹੀਂ ਤਾਂ ਕਲ੍ਹ ਸਮਝਣੀ ਹੀ ਪਵੇਗੀ।

# ਆਮ ਆਦਮੀ ਪਾਰਟੀ, ਖਾਸ ਲੋਕ ਤੇ ਪੂੰਜੀ

**ਅਯੋਧਿਆ ਪ੍ਰਸਾਦ ਭਾਰਤੀ**
**+91-98977-91822**

ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਿਚ ਮਿਲੀ ਸਫ਼ਲਤਾ ਨਾਲ ਕੁਝ ਲੋਕ ਬੜੇ ਉਤਸ਼ਾਹਤ ਹਨ। ਪੂੰਜੀਵਾਦੀ ਵਿਵਸਥਾ ਦੇ ਸਾਰੇ ਵਿਚਾਰਕ ਰਾਤ-ਦਿਨ ਸਾਨੂੰ ਇਹ ਸਮਝਾਉਂਦੇ ਰਹਿੰਦੇ ਹਨ ਕਿ ਰਾਜਨੀਤ ਦੇ ਪਤਨ ਅਤੇ ਵਿਵਸਥਾ ਵਿਚ ਖਰਾਬੀਆਂ ਲਈ ਜਨਤਾ ਜ਼ਿੰਮੇਵਾਰ ਹੈ ਕਿਉਂਕਿ ਉਹ ਸਹੀ ਪ੍ਰਤੀਨਿਧੀ ਚੁਣ ਕੇ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਨਹੀਂ ਭੇਜਦੀ। ਜਨਤਾ ਮਨ ਬਣਾ ਲਵੇ ਤਾਂ ਸਾਫ਼-ਸੁਥਰਾ, ਇਮਾਨਦਾਰ ਪ੍ਰਤੀਨਿਧੀ ਚੁਣ ਕੇ ਭੇਜ ਸਕਦੀ ਹੈ ਅਤੇ ਉਹ ਪ੍ਰਤੀਨਿਧੀ ਸਾਰੇ ਕੰਮ ਠੀਕ-ਠਾਕ ਕਰ ਸਕਦੇ ਹਨ, ਜਿਵੇਂ ਕਿ ਦਿੱਲੀ ਵਿਚ ਹਾਲੀਆ ਸ਼ੁਰੂਆਤ ਹੋਈ ਹੈ।

ਸਾਨੂੰ ਪਹਿਲਾਂ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਦੀ ਇਮਾਨਦਾਰੀ ਦਿਖ ਰਹੀ ਹੈ, ਪਹਿਲਾਂ ਤਾਂ ਅਸਲ ਵਿਚ ਹੈ ਨਹੀਂ, ਇਹ ਕੁਝ ਹੋਰ ਹੀ ਹੈ ਅਤੇ ਜੇਕਰ ਅਸਲ ਵਿਚ ਹੈ ਤਾਂ ਇਹ ਇਮਾਨਦਾਰੀ ਜ਼ਿਆਦਾ ਦੇਰ ਤਕ ਬਰਕਰਾਰ ਨਹੀਂ ਰਹਿ ਸਕੇਗੀ। ਥੋੜ੍ਹੇ ਜਿਹੇ ਲੋਕ ਜੇਕਰ ਇਮਾਨਦਾਰ ਰਹਿਣ 'ਤੇ ਡਟ ਵੀ ਗਏ ਤਾਂ ਸਾਡਾ ਦਾਅਵਾ ਹੈ ਕਿ ਪੂੰਜੀਵਾਦੀ ਵਿਵਸਥਾ ਉਨ੍ਹਾਂ ਨੂੰ ਟਿਕਣ ਨਹੀਂ ਦੇਵੇਗੀ। ਇਸ ਨੂੰ ਤੁਸੀਂ ਪਿਛਲੇ 2-3 ਸੌ ਸਾਲਾਂ ਦੇ ਇਤਿਹਾਸ ਤੋਂ ਦੇਖ ਸਕਦੇ ਹੋ। ਅਸੀਂ ਮੰਨਦੇ ਹਾਂ ਕਿ ਜੇਕਰ 'ਆਪ' (ਆਮ ਆਦਮੀ ਪਾਰਟੀ) ਕੇਂਦਰ ਦੀ ਸੱਤਾ 'ਤੇ ਵੀ ਕਬਜ਼ਾ ਕਰ ਲਵੇ ਤਾਂ ਵੀ ਕੋਈ ਖਾਸ ਬਦਲਾਅ ਨਹੀਂ ਹੋ ਸਕਣਗੇ। ਜ਼ਿਆਦਾ ਤੋਂ ਜ਼ਿਆਦਾ 'ਆਪ' 1977 ਦੀ ਜਨਤਾ ਪਾਰਟੀ ਸਰਕਾਰ ਵਾਲੀ ਰਾਹਤ ਕੁਝ ਸਮੇਂ ਲਈ ਲੋਕਾਂ ਨੂੰ ਦੇ ਸਕਦੀ ਹੈ। 1975 ਤੋਂ 1978 ਤਕ ਦਾ ਉਥਲ-ਪੁਥਲ ਦਾ ਦੌਰ ਜਿਨ੍ਹਾਂ ਲੋਕਾਂ ਨੇ ਦੇਖਿਆ ਹੈ ਕਿ ਉਹ ਜਾਣਦੇ ਹਨ ਕਿ ਜੇ.ਪੀ. ਅਤੇ ਲੋਹੀਆ ਦੇ ਅੰਦੋਲਨਾਂ ਅਤੇ 77 ਦੀਆਂ ਚੋਣਾਂ ਵਿਚ ਕਈ ਗੰਭੀਰ ਅਤੇ ਪ੍ਰਤੀਬੱਧ ਲੋਕ ਸ਼ਾਮਲ ਸਨ। ਜਨਤਾ ਪਾਰਟੀ ਸਰਕਾਰ ਨੇ ਲੋਕਾਂ ਨੂੰ ਕਾਫ਼ੀ ਰਾਹਤ ਵੀ ਦਿੱਤੀ, ਪਰ ਡੇਢ ਹੀ ਸਾਲ ਵਿਚ ਸਰਕਾਰ ਡਿੱਗ ਗਈ। 'ਆਪ' ਵਿਚ ਕੇਜਰੀਵਾਲ ਅਤੇ ਕੁਝ ਹੋਰ ਲੋਕ ਖਾਸ ਵਰਗ 'ਚੋਂ ਆਉਂਦੇ ਹਨ ਅਤੇ ਹੋਰ ਖਾਸ ਵਰਗ ਦੇ ਲੋਕ ਵਿਚ ਇਸ ਆ ਰਹੇ ਹਨ, ਇਸ ਤੋਂ ਇਹ ਗੱਲ ਤਾਂ ਤਹਿ ਹੈ ਕਿ ਛੇਤੀ ਹੀ ਇਹ ਖਾਸ ਆਦਮੀ ਪਾਰਟੀ ਬਣ ਜਾਵੇਗੀ।

ਅੱਜਕਲ੍ਹ 'ਆਪ' ਵਿਚ ਸ਼ਾਮਲ ਹੋਣ ਵਾਲਿਆਂ ਤਾਂਤਾ ਲੱਗਾ ਹੋਇਆ ਹੈ। ਗ਼ਰੀਬ, ਅਮੀਰ ਅਤੇ ਮੱਧ ਵਰਗ ਦੇ ਲੋਕ 'ਆਪ' ਦੀ ਮੈਂਬਰੀ ਲੈਣ ਲਈ ਲਾਈਨ ਵਿਚ ਲੱਗੇ ਖੜੇ ਹਨ। ਮੈਂਬਰੀ ਲਈ ਮਹਾਂ ਨਗਰਾਂ ਤੋਂ ਪਿੰਡਾਂ ਤਕ ਆਪ ਮੁਹਾਰੀ ਮੁਹਿੰਮ ਚੱਲ ਰਹੀ ਹੈ। ਮੈਂਬਰ ਬਣਨ ਲਈ ਕੋਈ ਖਾਸ ਸ਼ਰਤ ਨਹੀਂ ਰੱਖੀ ਗਈ ਅਤੇ ਕੋਈ ਵੀ ਇਸ ਵਿਚ ਸ਼ਾਮਲ ਹੋਈ ਜਾ ਰਿਹਾ ਹੈ। ਅਜਿਹੀ ਹਾਲਤ ਵਿਚ ਸਪਾ, ਬਸਪਾ, ਕਾਂਗਰਸ, ਭਾਜਪਾ ਆਦਿ ਪਾਰਟੀਆਂ ਅਤੇ 'ਆਪ' ਦੇ ਮੈਂਬਰਾਂ ਵਿਚ ਕੀ ਵੱਖਰਾਪਣ ਹੈ? ਲੋਕ ਆਪਣੇ ਸਵਾਰਥ ਲਈ ਕੰਮ ਨਹੀਂ ਕਰਨਗੇ, ਇਸ ਦੀ ਕੀ ਗਰੰਟੀ ਹੈ? ਇਸ ਅਨੈਤਿਕਤਾ ਅਤੇ ਆਰਥਕ ਅਰਾਜਕਤਾ ਦੇ ਦੌਰ ਵਿਚ ਤਾਂ ਸੁੱਚਤਾ ਅਤੇ ਸੰਜਮ ਹੋਰ ਵੀ ਮੁਸ਼ਕਲ ਹੈ। ਅਜੇ ਤਾਂ ਕੇਜਰੀਵਾਲ ਨੇ ਦੇਸ਼ ਦੇ ਸਾਰੇ ਵੱਡੇ ਮੁੱਦਿਆਂ 'ਤੇ ਆਪਣੀ ਰਾਏ ਵੀ ਸਪੱਸ਼ਟ ਨਹੀਂ ਕੀਤੀ ਹੈ। ਮੀਡੀਆ ਵਿਚ 'ਆਪ' ਨੂੰ ਸ਼ੁਰੂ ਤੋਂ ਮਿਲ ਰਿਹਾ ਯੋਗ ਸਥਾਨ ਹੀ ਇਸ ਗੱਲ ਦਾ ਨਤੀਜਾ ਹੈ ਕਿ ਪੂੰਜੀ ਦੇ ਖਿਡਾਰੀਆਂ ਵਿਚ ਵੱਡੇ ਪੱਧਰ 'ਤੇ ਪਿਛਲੇ ਕੁਝ ਸਮੇਂ ਤੋਂ ਕੋਈ ਵੱਡੀ ਖੇਡ ਚੱਲ ਰਹੀ ਹੈ। ਨਹੀਂ ਤਾਂ ਮਾਰੂਤੀ ਮਾਨੇਸਰ ਦੀਆਂ ਜ਼ਿਆਦਤੀਆਂ ਅਤੇ ਕਿਰਤੀਆਂ ਦੀ ਗਾਥਾ, ਵੱਖ-ਵੱਖ ਲੋਕ ਪੱਖੀ ਅੰਦੋਲਨਾਂ ਦੀਆਂ ਖ਼ਬਰਾਂ, ਦਿੱਲੀ ਅਤੇ ਦੂਜੀਆਂ ਥਾਵਾਂ 'ਤੇ ਹੋਣ ਵਾਲੀਆਂ ਲੋਕ ਪੱਖੀ ਵਿਚਾਰ-ਗੋਸ਼ਟੀਆਂ ਕਿਉਂ ਮੁੱਖਧਾਰਾ ਦੇ ਮੀਡੀਆ 'ਚੋਂ ਗਾਇਬ ਹਨ? ਵੱਖ-ਵੱਖ ਸੂਬਿਆਂ ਵਿਚ ਪਾਣੀ, ਜੰਗਲ, ਜ਼ਮੀਨ ਦੀ ਲੁੱਟ, ਘੋਟਾਲੇ, ਵੱਡੇ ਲੋਕਾਂ ਦੇ ਪੱਖ ਵਿਚ ਸੂਬਾ ਸਰਕਾਰਾਂ ਵਲੋਂ ਅੰਦਰ ਖਾਤੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਆਦਿ ਕਿਉਂ ਇਸ ਮੀਡੀਆ ਤੋਂ ਦੂਰ ਹਨ।

ਇਹ ਸੈਂਕੜੇ ਸਾਲਾਂ ਦੀ ਸਚਾਈ ਹੈ ਕਿ ਪੂੰਜੀ ਨੇ ਆਮ ਜਨਤਾ ਦੇ ਹਿਤੈਸ਼ੀ ਕਿਸੇ ਨੇਤਾ, ਸਰਕਾਰ ਜਾਂ ਵਿਵਸਥਾ ਨੂੰ ਕਦੇ ਵੀ ਟਿਕਣ ਨਹੀਂ ਦਿੱਤਾ। ਜੇਕਰ ਕਿਤੇ ਸਭ ਤੋਂ ਵੱਧ ਲੋਕ ਦਬਾਅ ਵਿਚ ਸਮਾਜਵਾਦ ਜਾਂ ਲੋਕਤੰਤਰ ਦੇ ਨਾਮ 'ਤੇ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਵੀ ਹੈ ਤਾਂ ਉਸ ਨੂੰ ਬਹੁਤ ਥੋੜ੍ਹੇ ਰੂਪ ਵਿਚ ਬਹੁਤ ਥੋੜ੍ਹੇ ਸਮੇਂ ਲਈ ਦਿੱਤਾ ਹੈ। ਪੂੰਜੀ ਨੇ ਧਰਮ ਦੇ ਸਿਧਾਂਤ ਹੀ ਬਦਲ ਦਿੱਤੇ ਹਨ। ਯੂਰੋਪ ਦੇ ਇਤਿਹਾਸ ਵਿਚ ਅਸੀਂ ਦੇਖਦੇ ਹਾਂ ਕਿ ਮੱਧ ਯੁੱਗ ਵਿਚ ਚਰਚ ਦਾ ਕਥਨ ਹੈ ਕਿ 'ਸੂਈ ਦੇ ਨੱਕੇ ਵਿਚੋਂ ਊਠ ਦਾ ਲੰਘ ਜਾਣਾ ਸੰਭਵ ਹੈ ਪਰ ਇਕ ਧਨੀ ਮਨੁੱਖ ਲਈ ਸਵਰਗ ਵਿਚ ਦਾਖ਼ਲ ਹੋਣਾ ਸੰਭਵ ਨਹੀਂ।' ਚਰਚ ਵਿਆਜ ਲੈਣ ਨੂੰ ਪਾਪ ਕਹਿੰਦਾ ਸੀ। ਆਰਥਕ ਮਾਮਲਿਆਂ ਵਿਚ ਚਰਚ ਦਾ ਸਪੱਸ਼ਟ ਕਹਿਣਾ ਸੀ ਕਿ ਕਿਸੇ ਵੀ ਤਰੀਕੇ ਨਾਲ ਜ਼ਰੂਰਤ ਤੋਂ ਜ਼ਿਆਦਾ ਜਾਂ ਭਵਿੱਖ ਵਿਚ ਆਰਥਕ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਜਮ੍ਹਾਂ ਕਰਨਾ ਅਪਰਾਧ ਹੈ। ਜਦਕਿ ਚਰਚ ਸਭ ਤੋਂ ਅਮੀਰ ਹੋਇਆ ਕਰਦਾ ਸੀ ਅਤੇ ਲੋਕਾਂ ਦਾ ਬਹੁਤ ਸ਼ੋਸ਼ਣ ਕਰਦਾ ਸੀ। ਚਰਚ ਅਤੇ ਰਾਜ ਕੁਲ ਉਤਪਾਦਨ ਦਾ 80 ਫ਼ੀਸਦੀ ਤਕ ਲੋਕਾਂ ਤੋਂ ਲੈ ਲਿਆ ਕਰਦੇ ਸਨ। ਜਿਵੇਂ-ਜਿਵੇਂ ਪੈਸਾ ਅਤੇ ਵਪਾਰ-ਉਦਯੋਗ ਵਧਿਆ, ਚਰਚ ਦਾ ਕਥਨ ਬਦਲਦਾ ਗਿਆ। ਪਹਿਲਾਂ ਇਹ ਜ਼ਿਆਦਾ ਪ੍ਰਾਪਤ ਕਰਨ ਨੂੰ ਪਾਪ ਕਹਿੰਦਾ ਸੀ, ਉਥੇ ਹੀ ਇਹ 16ਵੀਂ-17ਵੀਂ ਸ਼ਤਾਬਦੀ ਵਿਚ ਜ਼ਿਆਦਾ ਪ੍ਰਾਪਤੀ ਜਾਂ ਜਮ੍ਹਾਂ ਕਰਨ ਨੂੰ ਪਾਪ ਕਹਿੰਦੇ ਹੋਏ ਉਸ ਨਾਲ 'ਪਰ' ਲਾਉਣ ਲੱਗਾ। ਇਸ 'ਪਰ' ਨਾਲ ਉਸ ਨੇ ਬਹੁਤ ਸਾਰੇ ਤਰਕ ਘੜੇ ਅਤੇ ਉਦਯੋਗਪਤੀਆਂ, ਕਾਰੋਬਾਰੀਆਂ, ਅਮੀਰਾਂ ਦੀ ਆਰਥਕ ਲਾਲਸਾ ਨੂੰ ਜਾਇਜ਼ ਕਰਾਰ ਦਿੱਤਾ। ਮਤਲਬ ਇਹ ਹੈ ਕਿ ਵਪਾਰੀਆਂ ਨੇ ਸ਼ਾਸਕਾਂ/ਚਰਚ ਤੋਂ ਜਿਸ ਤਰ੍ਹਾਂ ਚਾਹਿਆ ਉਸੇ ਤਰ੍ਹਾਂ ਕਰਵਾਇਆ ਅਤੇ ਕਹਾਇਆ।

ਸਾਰੇ ਨਿਯਮਾਂ ਦੇ ਬਾਵਜੂਦ ਬਹੁਗਿਣਤੀ ਆਮ ਆਦਮੀ ਦਾ ਭਲਾ ਨਹੀਂ ਹੋ ਸਕਿਆ। ਪੂੰਜੀਵਾਦ ਮੁਨਾਫ਼ੇ ਨੂੰ ਵਧਾਉਣ ਲਈ ਮਨੁੱਖ ਨੂੰ ਇਕ ਤੋਂ ਬਾਅਦ ਇਕ ਮੁਸੀਬਤ ਵਿਚ ਪਾਉਂਦਾ ਰਿਹਾ ਹੈ। ਆਮ ਆਦਮੀ ਦੀ ਸਮੱਸਿਆ ਦਾ ਹੱਲ ਨਹੀਂ ਮਿਲ ਰਿਹਾ ਸੀ, ਅਜਿਹੇ ਵਿਚ 1848 ਵਿਚ ਜਰਮਨੀ ਵਿਚ ਕਾਰਲ ਮਾਰਕਸ ਨੇ ਸਮਾਜਵਾਦ ਦਾ ਦਰਸ਼ਨ ਦਿੱਤਾ, ਜਿਸ ਵਿਚ ਸਾਰਿਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਹਰ ਚੀਜ਼ ਮਿਲ ਸਕਦੀ ਸੀ। ਇਸ ਨੂੰ ਵਲਾਦੀਮੀਰ ਲੇਨਿਨ ਨੇ 1917 ਵਿਚ ਸਿਖ਼ਰ 'ਤੇ ਪਹੁੰਚਾਇਆ। ਬਾਅਦ ਦੇ ਸਾਲਾਂ ਵਿਚ ਰੂਸ ਦੀ ਖ਼ੁਸ਼ਹਾਲੀ ਦੇਖ ਕੇ ਪੂਰੀ ਦੁਨੀਆ ਦਾ ਧਿਆਨ ਉਸ ਵੱਲ ਆਕਰਸ਼ਿਤ ਹੋਇਆ। ਇਸ ਨਾਲ ਪੂੰਜੀਵਾਦੀ ਵਿਵਸਥਾ ਹਿਲ ਗਈ ਅਤੇ ਉਨ੍ਹਾਂ ਨੇ ਰੂਸ ਨੂੰ ਯੁੱਧ ਵਿਚ ਲਪੇਟ ਲਿਆ। ਇਸ ਤੋਂ ਬਾਅਦ ਰੂਸ ਵਿਚ ਬਹੁਤ ਕੁਝ ਨਸ਼ਟ ਹੋ ਗਿਆ। ਬਾਅਦ ਵਿਚ ਸਮਾਜਵਾਦ ਹੋਰ ਕਈ ਦੇਸ਼ਾਂ ਵਿਚ ਆਇਆ, ਉਸ ਨਾਲ ਆਮ ਜਨਤਾ ਦਾ ਕੁਝ ਭਲਾ ਹੋਇਆ ਵੀ ਪਰ ਪੂੰਜੀਵਾਦੀਆਂ ਨੇ ਉਨ੍ਹਾਂ ਵਿਵਸਥਾਵਾਂ ਨੂੰ ਟਿਕਣ ਨਹੀਂ ਦਿੱਤਾ। ਅਮਰੀਕਾ ਨੇ ਤਾਂ ਕਈ ਰਾਸ਼ਟਰਵਾਦੀ, ਲੋਕ ਪੱਖੀ ਸ਼ਾਸਕਾਂ ਦੀਆਂ ਹੱਤਿਆਵਾਂ ਕਰਵਾਈਆਂ, ਸਰਕਾਰਾਂ ਡੇਗੀਆਂ। ਇਹ ਸਿਲਸਿਲਾ ਹੁਣ ਵੀ ਜਾਰੀ ਹੈ। ਅਮਰੀਕੀ ਵਿਦੇਸ਼ ਨੀਤੀ ਵਿਚ ਇਹ ਹੈ ਕਿ ਜੋ ਦੇਸ਼ ਅਮਰੀਕਾ ਦੇ ਨਾਲ ਨਹੀਂ ਉਹ ਅਮਰੀਕਾ ਦੇ ਖ਼ਿਲਾਫ਼ ਹੈ।

ਇਸ ਪੂੰਜੀਵਾਦੀ ਵਿਵਸਥਾ ਨੇ ਪਿਛਲੇ ਲਗਭਗ ਪੰਜ ਸੌ ਸਾਲਾਂ ਵਿਚ ਕਿਸੇ ਵੀ ਲੋਕ ਪੱਖੀ ਸ਼ਾਸਕ ਜਾਂ ਵਿਵਸਥਾ ਨੂੰ ਟਿਕਣ ਨਹੀਂ ਦਿੱਤਾ, ਭਾਰਤ ਵਿਚ ਵੀ ਅਜਿਹਾ ਹੀ ਹੈ। ਮਹਾਨ ਅਰਥ ਸ਼ਾਸਤਰੀ ਕਹੇ ਜਾਣ ਵਾਲੇ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਦੇਸ਼ ਦਾ ਜੋ ਹਾਲ ਹੈ, ਉਹ ਸਾਰਿਆਂ ਦੇ ਸਾਹਮਣੇ ਹੈ। ਜਿਹੜੇ ਲੋਕ ਮੋਦੀ ਜਾਂ ਕੇਜਰੀਵਾਲ ਵਿਚੋਂ ਵਧੀਆ ਸੰਭਾਵਨਾਵਾਂ ਦੇਖ ਰਹੇ ਹਨ, ਅਸੀਂ ਉਨ੍ਹਾਂ ਨੂੰ ਕਹਾਂਗੇ ਕਿ ਮੋਦੀ ਦੇ ਸ਼ਾਸਨ ਵਿਚ ਤਾਂ ਆਮ ਆਦਮੀ ਹਾਏ-ਹਾਏ ਕਰ ਉਠੇਗਾ ਤੇ ਕੇਜਰੀਵਾਲ ਇਸ ਵਿਵਸਥਾ ਖ਼ਿਲਾਫ਼ ਜ਼ਿਆਦਾ ਦਿਨ ਚਲ ਨਹੀਂ ਸਕਣਗੇ।

ਪੂੰਜੀਵਾਦ ਨੂੰ ਅਜਿਹੀ ਵਿਵਸਥਾ ਚਾਹੀਦੀ ਹੈ ਜਿਹੜੀ ਉਨ੍ਹਾਂ ਦੇ ਕੰਮ-ਕਾਰ ਵਿਚ ਘੱਟ ਤੋਂ ਘੱਟ ਦਖ਼ਲ ਦੇਵੇ। ਮੋਦੀ ਪੂੰਜੀਵਾਦ ਲਈ ਇਕਦਮ ਖਰੇ ਉਤਰਦੇ ਹਨ। ਇਸ ਲਈ ਮੋਦੀ ਨੂੰ ਪ੍ਰਚਾਰਿਆ ਰਿਹਾ ਹੈ। ਅਮਰੀਕਾ, ਯੂਰਪ ਆਦਿ ਦੀਆਂ ਸਰਕਾਰਾਂ ਅਤੇ ਪੂੰਜੀਪਤੀ ਮੋਦੀ ਦੇ ਨਾਲ ਹਨ। ਮੋਦੀ ਭਾਰਤ ਦੇ ਹਿਟਲਰ ਬਣਨਗੇ, ਇਹ ਤਹਿ ਹੈ ਜੇਕਰ ਉਹ ਪ੍ਰਧਾਨ ਮੰਤਰੀ ਬਣ ਗਏ ਤਾਂ। ਮੋਦੀ ਰਾਜ ਵਿਚ ਇਕ-ਇਕ ਕਰ ਕੇ ਲੋਕ ਪੱਖੀ ਕਲਿਆਣਕਾਰੀ ਯੋਜਨਾਵਾਂ ਨੂੰ ਖ਼ਤਮ ਕੀਤਾ ਜਾਵੇਗਾ। ਸਬਸਿਡੀ ਘੱਟ ਕੀਤੀ ਜਾਵੇਗੀ ਅਤੇ ਪੂੰਜੀਵਾਦ ਦੇ ਰਸਤੇ ਵਿਚ ਆਉਣ ਵਾਲੀ ਹਰ ਰੁਕਾਵਟ ਹਟਾਈ ਜਾਵੇਗੀ। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਪੂੰਜੀਵਾਦ ਦੀ ਕਾਰਜ ਪ੍ਰਣਾਲੀ, ਗੁਜਰਾਤ ਅਤੇ ਮੋਦੀ ਦੀਆਂ ਹਕੀਕਤਾਂ ਜਾਣਨ ਤੋਂ ਬਿਨਾਂ ਜਿਹੜੇ ਨੌਜਵਾਨ ਅੱਜ ਮੋਦੀ ਦਾ ਸਮਰਥਨ ਵਿਚ ਪਾਗਲ ਹੋਏ ਫਿਰਦੇ ਹਨ, ਉਹੀ ਮੋਦੀ ਦੇ ਰਾਜ ਵਿਚ ਸਭ ਤੋਂ ਜ਼ਿਆਦਾ (ਮੁੱਠੀ ਭਰ ਧਾੜਵੀਆਂ ਨੂੰ ਛੱਡ ਕੇ) ਰੋਇਆ ਕਰਨਗੇ । ਫ਼ਿਲਹਾਲ ਇਕੋ ਇਕ ਰਾਸ਼ਟਰੀ ਪਾਰਟੀ ਕਾਂਗਰਸ ਸਭ ਤੋਂ ਜ਼ਿਆਦਾ ਮੁਸ਼ਕਲ ਵਿਚ ਹੈ, ਭਾਜਪਾ ਤਾਂ ਪਹਿਲਾਂ ਹੀ ਉਤਰ ਭਾਰਤ ਤਕ ਸੀਮਤ ਹੈ। ਅਜਿਹੇ ਵਿਚ 'ਆਪ' ਨੇ ਮੋਦੀ ਲਈ ਥੋੜ੍ਹੀ ਮੁਸ਼ਕਲ ਖੜੀ ਕੀਤੀ ਹੈ ਪਰ 'ਆਪ' ਦੀ ਲੜਾਈ ਆਮ ਬੰਦੇ ਦੀ ਮੁਕੰਮਲ ਮੁਕਤੀ ਦੀ ਲੜਾਈ ਵੱਲ ਸੇਧਿਤ ਨਹੀਂ ਹੈ।

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਸ਼ਾ ਮਾਫੀਆ ਤੇ ਗੁੰਡਾ ਅਨਸਰਾਂ ’ਚ ਘਿਰਿਆ ਪੰਜਾਬ

ਰਘਬੀਰ ਸਿੰਘ
+91-98159-91813
sangrami.lehar@gmail.com



ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਰਕੇ ਪੰਜਾਬੀਆਂ, ਵਿਸ਼ੇਸ਼ ਕਰਕੇ ਕਿਰਤੀ ਲੋਕਾਂ ਵਿਚ ਭਾਰੀ ਬੇਚੈਨੀ, ਨਿਰਾਸ਼ਤਾ ਅਤੇ ਗੁੱਸਾ ਹੈ। ਪੰਜਾਬ ਸਰਕਾਰ ਕੇਂਦਰ ਸਰਕਾਰ ਵਾਲੀਆਂ ਨੀਤੀਆਂ, ਜਿਹੜੀਆਂ ਬੁਨਿਆਦੀ ਤੌਰ ’ਤੇ ਸਾਮਰਾਜੀ ਸੰਗਠਨਾਂ - ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ ਅਤੇ ਸੰਸਾਰ ਵਪਾਰ ਸੰਸਥਾ - ਵਲੋਂ ਘੜੀਆਂ ਜਾਂਦੀਆਂ ਹਨ ਨੂੰ ਹੀ ਲਾਗੂ ਕਰ ਰਹੀ ਹੈ। ਇਹਨਾਂ ਨੀਤੀਆਂ ਕਰਕੇ ਮਹਿੰਗਾਈ, ਬੇਰੁਜ਼ਗਾਰੀ ਅਤੇ ਭਰਿਸ਼ਟਾਚਾਰ ਆਦਿ ਵਿਚ ਭਾਰੀ ਵਾਧਾ ਹੋ ਰਿਹਾ ਹੈ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਭਾਵੇਂ ਕਈ ਵਾਰ ਉਹ ਕੇਂਦਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਤਿੱਖੇ ਬਿਆਨ ਜਾਰੀ ਕਰਦੀ ਹੈ, ਪਰ ਅਮਲ ਵਿਚ ਇਹਨਾਂ ਨੀਤੀਆਂ ਰਾਹੀਂ ਕਿਰਤੀ ਲੋਕਾਂ ਦੇ ਕੱਪੜੇ ਲਾਹ ਰਹੀ ਹੁੰਦੀ ਹੈ। ਕੇਂਦਰ ਸਰਕਾਰ ਵਲੋਂ ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵੱਧਣ ਨਾਲ ਵੈਟ ਰਾਹੀਂ ਪੰਜਾਬ ਦੇ ਖਜ਼ਾਨੇ ਵਿਚ ਕਰੋੜਾਂ ਰੁਪਏ ਜਮਾਂ ਹੋ ਜਾਂਦੇ ਹਨ। ਪੰਜਾਬ ਵਿਚ ਵੈਟ ਦੀ ਦਰ ਸਾਰੇ ਦੇਸ਼ ਨਾਲੋਂ ਵੱਧ ਹੈ। ਕੇਂਦਰ ਸਰਕਾਰ ਵਲੋਂ ਕੁਦਰਤੀ ਅਸਾਸਿਆਂ ਨੂੰ ਵੇਚਕੇ ਵੱਡੀਆਂ ਕੰਪਨੀਆਂ ਅਤੇ ਘਰਾਣਿਆਂ ਨੂੰ ਦੇਣ ਦੀ ਨੀਤੀ ਨੂੰ ਲਾਗੂ ਕਰਕੇ ਪੰਜਾਬ ਸਰਕਾਰ ਸਰਕਾਰੀ ਥਾਵਾਂ ਤੇ ਜਾਇਦਾਦਾਂ ਵੇਚਕੇ ਸਰਕਾਰੀ ਖਜ਼ਾਨਾ ਭਰਨ ਦਾ ਯਤਨ ਕਰਨ ਦੇ ਨਾਲ ਨਾਲ ਹੱਥ ਵੀ ਖੂਬ ਰੰਗ ਰਹੀ ਹੈ। ਰਾਜ ਚਲਾ ਰਹੀ ਪਾਰਟੀਆਂ ਦੇ ਆਗੂ ਵਿਸ਼ੇਸ਼ ਕਰਕੇ ਅਕਾਲ਼ੀ ਪਾਰਟੀ ਦੇ ਆਗੂ ਆਪਣੇ ਪਰਵਾਰ ਅਤੇ ਰਿਸ਼ਤੇਦਾਰਾਂ ਦੀ ਜੁੰਡਲੀ ਬਣਾਕੇ ਟਰਾਂਸਪੋਰਟ, ਕੇਬਲ ਕਾਰੋਬਾਰ, ਸਰਕਾਰੀ ਜ਼ਮੀਨਾਂ ਅਤੇ ਰੇਤ ਬੱਜਰੀ ਦੇ ਸੋਮੇ ਹੜਪ ਕਰ ਰਹੇ ਹਨ ਅਤੇ ਉਹਨਾਂ ’ਤੇ ਆਪਣੀ ਜੁੰਡਲੀ ਦਾ ਏਕਾਅਧਿਕਾਰ ਸਥਾਪਤ ਕਰ ਰਹੇ ਹਨ।

ਆਪਣੀ ਲੁੱਟ ਨੂੰ ਹੋਰ ਵਧਾਉਣ ਅਤੇ ਆਪਣੇ ਅਯਾਸ਼ੀ ਭਰੇ ਜੀਵਨ ਨੂੰ ਹੋਰ ਰੰਗੀਨ ਅਤੇ ਸ਼ਾਹੀ ਠਾਠ ਵਾਲਾ ਬਣਾਉਣ ਲਈ ਲੋਕਾਂ ’ਤੇ ਤਰ੍ਹਾਂ-ਤਰ੍ਹਾਂ ਦੇ, ਅਸਲੋਂ ਹੀ ਗੈਰਵਾਜਬ ਟੈਕਸ ਲਾਏ ਜਾ ਰਹੇ ਹਨ। 1995 ਤੋਂ ਬਣੀਆਂ ਕਲੋਨੀਆਂ ਨੂੰ ਰੈਗੂਲਰ ਕਰਨ, ਇਹਨਾਂ ਵਿਚ ਖਰੀਦ ਕਰਨ ਵਾਲੇ ਪਲਾਟ ਮਾਲਕਾਂ ’ਤੇ ਰੈਗੂਰਾਈਜੇਸ਼ਨ ਫੀਸ ਅਤੇ ਮਕਾਨ ਤੇ ਹੋਰ ਸ਼ਹਿਰੀ ਜਾਇਦਾਦਾਂ ’ਤੇ ਲਾਏ ਗਏ ਪ੍ਰਾਪਰਟੀ ਟੈਕਸ ਨਾਲ ਲੋਕਾਂ ਵਿਚ ਭਾਰੀ ਗੁੱਸਾ ਹੈ। ਇਸ ਟੈਕਸ ਦੀ ਕੋਈ ਵੀ ਵਾਜਬੀਅਤ ਨਾ ਹੋਣ ਕਰਕੇ ਲੋਕ ਇਸਨੂੰ ਔਰੰਗਜੇਬੀ ਜੱਜੀਆ ਸਮਝ ਰਹੇ ਹਨ। ਇਸੇ ਤਰ੍ਹਾਂ ਬਿਜਲੀ ਦਰਾਂ ਵਿਚ ਕੀਤੇ ਜਾ ਰਹੇ ਲਗਾਤਾਰ ਅਤੇ ਬੇਹੱਦ ਵਾਧੇ ਕਰਕੇ ਲੋਕਾਂ ਦੇ ਘਰਾਂ ਅਤੇ ਛੋਟੇ-ਮੋਟੇ ਕਾਰੋਬਾਰਾਂ ਦੇ ਬਿੱਲਾਂ ਵਿਚ ਬੇਓੜਕ ਵਾਧਾ ਹੋ ਰਿਹਾ ਹੈ। ਗਰੀਬ ਘਰਾਂ ਦੇ ਬਿੱਲ ਵੀ ਕਈ ਹਜ਼ਾਰਾਂ ਵਿਚ ਆ ਰਹੇ ਹਨ। ਕਈਆਂ ਦੇ ਕੁਨੈਕਸ਼ਨ ਕੱਟੇ ਜਾ ਰਹੇ ਹਨ ਅਤੇ ਬਿਨਾਂ ਬਿਜਲੀ ਰਹਿਣ ਲਈ ਮਜ਼ਬੂਰ ਹਨ। ਖਪਤਕਾਰਾਂ ਪਾਸੋਂ ਡੇਢ ਦੋ ਮਹੀਨਿਆਂ ਦਾ ਅਗਾਊਂ ਬਿੱਲ ਉਗਰਾਹੁਣ ਦੀ ਨੀਤੀ ਨੇ ਲੋਕਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਿਆ ਹੈ। ਵੱਖ ਵੱਖ ਮਾਫੀਆ ਗਰੋਹਾਂ ਦਾ ਜਥੇਬੰਦ ਹੋਣਾ ਸਰਕਾਰ ਦੀ ਇਸ ਲੁੱਟ ਖੋਹ ਅਤੇ ਲੋਕਾਂ ’ਤੇ ਲਗਾਤਾਰ ਭਾਰ ਪਾਉਣ ਦੀ ਨੀਤੀ ਨਾਲ ਵੱਖ ਵੱਖ ਖੇਤਰਾਂ ਵਿਚ ਗੈਰਸਮਾਜੀ ਅਨਸਰ ਜਿਹਨਾਂ ਵਿਚ ਵੱਡੀ ਗਿਣਤੀ ਵਿਚ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸ ਰਹੇ ਨੌਜਵਾਨ ਹਨ, ਦਿਨ-ਬ-ਦਿਨ ਮਾਫੀਏ ਦੇ ਰੂਪ ਵਿਚ ਜਥੇਬੰਦ ਹੋ ਰਹੇ ਹਨ। ਸੂਬਾ ਸਰਕਾਰ ਦੇ ਆਗੂ ਅਤੇ ਪੁਲਸ ਅਧਿਕਾਰੀ ਉਹਨਾਂ ਦੀ ਪੂਰੀ ਤਰ੍ਹਾਂ ਪਿੱਠ ਠੋਕ ਰਹੇ ਹਨ। ਰੇਤ ਬੱਜਰੀ ਮਾਫੀਆ ਜਿਸਦੀ ਅਗਵਾਈ ਪੰਜਾਬ ਦਾ ਇਕ ਸ਼ਕਤੀਸ਼ਾਲੀ ਮੰਤਰੀ ਕਰ ਰਿਹਾ ਹੈ ਨੇ ਪੂਰੀ ਲੁੱਟ ਮਚਾਈ ਹੈ, ਜਿਸ ਨਾਲ ਰੇਤ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਇਹੀ ਹਾਲ ਸਰਕਾਰੀ ਸ਼ਾਮਲਾਤ ਅਤੇ ਨਿਕਾਸੀ ਜ਼ਮੀਨਾਂ ਦਾ ਹੈ। ਪੰਜਾਬ ਅੰਦਰ ਬਣਿਆ ਸ਼ਕਤੀਸ਼ਾਲੀ ਭੌਂਅ ਮਾਫੀਆ ਆਪਣੇ ਬਾਹੂਬਲ ਅਤੇ ਪੁਲਸ ਦੀ ਮਦਦ ਨਾਲ ਹਜ਼ਾਰਾਂ ਅਬਾਦਕਾਰਾਂ ਨੂੰ ਉਜਾੜ ਰਿਹਾ ਹੈ।

## ਨਸ਼ਾ ਮਾਫੀਆ

ਪਰ ਸਭ ਤੋਂ ਵੱਧ ਖਤਰਨਾਕ ਹੈ ਨਸ਼ਾ ਮਾਫੀਆ। ਜਿਹੜਾ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਲਾਲਚ ਲਈ ਤਬਾਹ ਅਤੇ ਬਰਬਾਦ ਕਰ ਰਿਹਾ ਹੈ। ਭਾਵੇਂ ਪੰਜਾਬ ਦੇ ਹਾਕਮ ਅਤੇ ਮੁੱਖ ਵਿਰੋਧੀ ਪਾਰਟੀ ਦੇ ਆਗੂ ਇਸ ਮਾਫੀਏ ਵਿਰੁੱਧ ਤਿੱਖੀ ਬਿਆਨਬਾਜ਼ੀ ਕਰਦੇ ਹਨ ਅਤੇ ਕੁੱਝ ਇਕ ਨੂੰ ਗ੍ਰਿਫਤਾਰ ਕਰਕੇ ਆਪਣੇ ਪਾਪਾਂ ’ਤੇ ਪਰਦਾ ਪਾਉਂਦੇ ਹਨ। ਪਰ ਅਮਲ ਵਿਚ ਉਹ ਨਸ਼ਾ ਵਪਾਰੀਆਂ ਲਈ ਰਾਹ ਪੱਧਰਾ ਕਰਦੇ ਹਨ। ਪੁਲਸ ਰਾਜਸੀ ਆਗੂਆਂ ਦੇ ਹੁਕਮਾਂ ਅਨੁਸਾਰ ਅਤੇ ਇਸ ਜ਼ਹਿਰ ਦੀ ਵਗਦੀ ਗੰਗਾ ਵਿਚ ਆਪਣੇ ਹੱਥ ਰੰਗਣ ਲਈ ਨਸ਼ਾ ਵਪਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀ। ਸਰਕਾਰ ਦੀ ਆਬਕਾਰੀ ਨੀਤੀ ਨੇ ਸ਼ਰਾਬ ਦੇ ਵਪਾਰ ਅੰਦਰ ਕੁੱਝ ਇਕ ਲੋਕਾਂ ਦੀ ਅਜਾਰੇਦਾਰੀ ਸਥਾਪਤ ਕਰ ਦਿੱਤੀ ਹੈ। ਉਹ ਆਪਣੇ ਸ਼ਰਾਬ ਦੇ ਮਨਜ਼ੂਰਸ਼ੁਦਾ ਠੇਕਿਆਂ ਦੇ ਨਾਂ ’ਤੇ ਅਣਅਧਿਕਾਰਤ ਅੱਡੇ ਹਰ ਹੱਟੀ ਭੱਠੀ ’ਤੇ ਖੋਹਲ ਰਹੇ ਹਨ। ਸ. ਅਮਰਿੰਦਰ ਸਿੰਘ ਦੇ ਵੇਲੇ ਦੀ ਸਰਕਾਰ ਤੋਂ ਲੈ ਕੇ ਸ਼ਰਾਬ ਦੇ ਕਾਰਖਾਨਿਆਂ ਨੂੰ ਲਗਾਤਾਰ ਵੱਡੀਆਂ ਟੈਕਸ ਛੋਟਾਂ ਅਤੇ ਹੋਰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਤਾਂਕਿ ਉਹ ਵਧੇਰੇ ਸ਼ਰਾਬ ਬਣਾ ਸਕਣ। ਪੰਜਾਬ ਸਰਕਾਰ ਨੇ ਸ਼ਰਾਬ ਦੀ ਵਿਕਰੀ ਨੂੰ ਆਪਣੇ ਆਰਥਕ ਵਸੀਲਿਆਂ ਵਿਚ ਬਹੁਤ ਵੱਡੀ ਥਾਂ ਦੇ ਦਿੱਤੀ ਹੈ। 1997-2002 ਵਿਚਲੀ ਸਰਕਾਰ ਸਮੇਂ ਸ਼ਰਾਬ ਤੋਂ ਲਗਭਗ 1500 ਕਰੋੜ ਦੀ ਸਲਾਨਾਂ ਆਮਦਨ ਹੁੰਦੀ ਸੀ ਜੋ ਇਸ ਸਾਲ ਵਧਾਕੇ 4000 ਕਰੋੜ ਰੁਪਏ ਕਰ ਲਈ ਗਈ। ਸ਼ਰਾਬ ਤੋਂ ਬਿਨਾਂ ਭੁੱਕੀ ਆਦਿ ਦੀ ਨਜਾਇਜ਼ ਵਿਕਰੀ ਬਹੁਤ ਵੱਡੀ ਪੱਧਰ ’ਤੇ ਹੁੰਦੀ ਹੈ। ਵੱਖ ਵੱਖ ਪੱਧਰ ਦੀਆਂ ਹੁੰਦੀਆਂ ਚੋਣਾਂ ਵਿਚ ਹਾਕਮ ਪਾਰਟੀਆਂ ਦੇ ਆਗੂ ਅਤੇ ਹਮਾਇਤੀ ਚੋਣਾਂ ਜਿੱਤਣ ਲਈ ਨਸ਼ਿਆਂ ਦੀ ਖੁੱਲ੍ਹੀ ਵੰਡ ਕਰਦੇ ਹਨ। ਸ਼੍ਰੋਮਣੀ



ਕਮੇਟੀ ਦੀਆਂ ਚੋਣਾਂ ਵਿਚ ਹੁੰਦੀ ਨਸ਼ਿਆਂ ਦੀ ਵੰਡ ਹਰ ਪੰਜਾਬੀ ਨੂੰ ਸ਼ਰਮਸਾਰ ਕਰਦੀ ਹੈ।

ਨਸ਼ਿਆਂ ਦੇ ਵਪਾਰ ਵਿਚ ਵਧੇਰੇ ਤੇਜੀ ਹੈਰੋਇਨ ਦੇ ਸ਼ਾਮਲ ਹੋਣ ਨਾਲ ਆਈ ਹੈ। ਸਮੈਕ ਪਿਛੋਂ ਸ਼ਾਮਲ ਹੋਏ ਇਸ ਨਸ਼ੇ ਵਿਚ ਕਮਾਈ ਬਹੁਤ ਵਧੇਰੇ ਹੈ। ਇਕ ਕਿਲੋ ਦੀ ਕੌਮਾਂਤਰੀ ਪੱਧਰ ’ਤੇ ਕੀਮਤ 5 ਕਰੋੜ ਰੁਪਏ ਹੈ। ਇਸ ਆਕਰਸ਼ਕ ਕਮਾਈ ਵਾਲੇ ਨਸ਼ੇ ਨੇ ਬਹੁਤ ਸਾਰੇ ਰਾਜਸੀ ਆਗੂਆਂ ਨੂੰ ਵੀ ਆਪਣੇ ਜਾਲ ਵਿਚ ਫਸਾਇਆ ਹੈ। ਜੇ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ ਅਤੇ ਫਿਰੋਜ਼ਪੁਰ ਵਿਚ ਸਮੈਕ ਅਤੇ ਹੈਰੋਇਨ ਦੀ ਸਮਗਲਿੰਗ ਅਤੇ ਨਜਾਇਜ਼ ਵਪਾਰ ਦੇ ਇਤਹਾਸ ’ਤੇ ਨਜ਼ਰ ਮਾਰੀ ਜਾਵੇ ਤਾਂ ਇਹ 1997 ਤੋਂ 2002 ਵਾਲੀ ਅਕਾਲੀ ਸਰਕਾਰ ਸਮੇਂ ਦੌਰਾਨ ਆਰੰਭ ਹੋ ਗਿਆ ਸੀ। ਕਈ ਰਾਜਸੀ ਆਗੂਆਂ ਨੇ ਆਪਣੇ ਹੇਠਲੀ ਪੱਧਰ ਦੇ ਸਿਖਾਂਦਰੂਆਂ ਨੂੰ ਪੂਰਨ ਕਾਨੂੰਨੀ ਸੁਰੱਖਿਆ ਦਾ ਭਰੋਸਾ ਦੇ ਕੇ ਇਸ ਪਾਸੇ ਤੋਰਿਆ। ਜ਼ਿਲ੍ਹਾ ਗੁਰਦਾਸਪੁਰ ਦੇ ਇਕ ਵੱਡੀ ਰਾਜਸੀ ਅਭੀਲਾਸ਼ਾ ਰੱਖਣ ਵਾਲੇ ਨੌਜਵਾਨ ਦੀ ਤਬਾਹ ਹੋਈ ਜ਼ਿੰਦਗੀ ਦਾ ਸਾਨੂੰ ਸਦਾ ਅਫਸੋਸ ਰਹੇਗਾ। ਇਸ ਨੌਜਵਾਨ ਦਾ ਬਾਪ ਪੁਰਾਣੀ ਪੀੜ੍ਹੀ ਦੇ ਅਕਾਲੀ ਆਗੂਆਂ ਵਿਚੋਂ ਬਾਅਸੂਲਾ ਤੇ ਕੁਰਬਾਨੀ ਵਾਲਾ ਆਗੂ ਸੀ। ਆਪਣੇ ਬਾਪ ਦੇ ਰਾਹ ’ਤੇ ਤੁਰਨ ਦੀ ਇੱਛਾ ਨਾਲ ਇਸਨੇ ਅਕਾਲੀ ਰਾਜਨੀਤੀ ਵਿਚ ਪੈਰ ਰੱਖਿਆ ਸੀ। ਪਰ ਉਸ ਅਨਾੜੀ ਨੂੰ ਨਹੀਂ ਸੀ ਪਤਾ ਕਿ ਹੁਣ ਅਕਾਲੀ ਰਾਜਨੀਤੀ ਆਪਣਾ ਕੁਰਬਾਨੀ ਵਾਲਾ ਰੂਪ ਬਦਲਕੇ ਲੁੱਟ, ਖੋਹ, ਧੋਖਾਧੜੀ ਅਤੇ ਨਸ਼ੇ ਵੇਚਣ ਵਾਲੀ ਬਣ ਗਈ ਹੈ। ਹੁਣ ਉਹ ਆਪਣੀ ਵਿਰੋਧੀ ਕਾਂਗਰਸ ਪਾਰਟੀ ਨਾਲ ਇਸ ਖੇਤਰ ਵਿਚ ਵੀ ਮੁਕਾਬਲਾ ਕਰਨਾ ਚਾਹੁੰਦੀ ਹੈ। ਉਸਦੇ ਰਾਜਸੀ ਸਮਕਾਲੀ ਆਗੂ ਦੇ ਦੱਸੇ ਅਨੁਸਾਰ ਰਾਜਸੀ ਸਫਲਤਾ ਲਈ ਲੋੜੀਂਦੀ ਮਾਇਆ ਲਈ ਉਸਨੇ ਹੈਰੋਈਨ ਦੀ ਸਮਗਲਿੰਗ ਦਾ ਧੰਦਾ ਅਪਣਾਇਆ। ਅਖੀਰ ਉਹ ਫੜਿਆ ਗਿਆ ਅਤੇ 12 ਸਾਲਾਂ ਲਈ ਜੇਲ੍ਹ ਭੇਜ ਦਿੱਤਾ ਗਿਆ। ਸਬੰਧਤ ਰਾਜਸੀ ਆਗੂ ਨੇ ਬੜੀ ਢੀਠਤਾਈ ਨਾਲ ਕਹਿ ਦਿੱਤਾ ਕਿ ਉਸਦਾ ਇਸ ਸਬੰਧਤ ਵਿਅਕਤੀ ਨਾਲ ਕੋਈ ਸਬੰਧ ਨਹੀਂ। ਕਾਨੂੰਨ ਦੀ ਨਜ਼ਰ ਵਿਚ ਭਾਵੇਂ ਉਹ ਆਗੂ ਦੋਸ਼ੀ ਨਹੀਂ ਮੰਨਿਆ ਗਿਆ ਪਰ ਉਸ ਇਲਾਕੇ ਦੀ ਹਰ ਖੁੱਲੀ ਅੱਖ ਨੂੰ ਪਤਾ ਹੈ ਕਿ ਇਸੇ ਆਗੂ ਨੇ ਉਸਨੂੰ ਉਸ ਸਮੇਂ ਯੂਥ ਅਕਾਲੀ ਦਲ ਦਾ ਜਨਰਲ ਸਕੱਤਰ ਬਣਾਇਆ ਸੀ।

ਉਸ ਪਿਛੋਂ ਬਣੀ ਕਾਂਗਰਸ ਸਰਕਾਰ ਨੇ ਵੀ ਸ਼ਰਾਬ ਦੇ ਵਪਾਰੀਆਂ ਅਤੇ ਕਾਰਖਾਨੇਦਾਰਾਂ ਦੀ ਪੂਰੀ ਤਰ੍ਹਾਂ ਪਿੱਠ ਠੋਕੀ। ਨਸ਼ਿਆਂ ਦੇ ਵਪਾਰੀਆਂ ਨੂੰ ਖੁੱਲੀ ਛੋਟ ਅਤੇ ਰਾਜਸੀ ਰੱਖਿਆ ਛੱਤਰੀ ਦਿੱਤੀ ਗਈ। ਪੁਲਸ ਨੂੰ ਉਹਨਾਂ ਦੇ ਆਖੇ ਲੱਗਣ ਵਾਲੀ ਅਤੇ ਮਦਦਗਾਰ ਬਣਾਇਆ। ਉਸ ਪਿਛੋਂ ਬਣੀਆਂ ਅਕਾਲੀ ਸਰਕਾਰਾਂ ਬਣਨ ਸਮੇਂ ਤੱਕ ਹੈਰੋਈਨ ਦਾ ਵਪਾਰ ਕੌਮਾਂਤਰੀ ਪੱਧਰ ’ਤੇ ਜਥੇਬੰਦ ਹੋ ਗਿਆ ਸੀ ਜਿਸ ਵਿਚ ਪੰਜਾਬੀ ਐਨ.ਆਰ.ਆਈ. ਵੀ ਸ਼ਾਮਲ ਹੋ ਗਏ ਸਨ। ਇਸ ਵਿਚਲੀ ਮੋਟੀ ਕਮਾਈ ਨੇ ਕੁਸ਼ਤੀ ਦੇ ਨਾਮਵਰ ਅਤੇ ਅਰਜੁਨ ਅਵਾਰਡ ਨਾਲ ਸਨਮਾਨਤ ਜਗਦੀਸ਼ ਭੋਲੇ ਵਰਗਿਆਂ ਨੂੰ ਵੀ ਆਪਣੇ ਚੁੰਗਲ ਵਿਚ ਫਸਾ ਲਿਆ। ਪੰਜਾਬ ਦੇ ਨਵੇਂ ਉਭਰੇ ਨੌਜਵਾਨ ਆਗੂਆਂ ਨੇ ਆਪਣੇ ਲਈ ਅਤੇ ਆਪਣੀ ਪਾਰਟੀ ਲਈ ਧਨ ਇਕੱਠਾ ਕਰਨ ਲਈ ਇਸ ਤਬਾਹਕੁੰਨ ਵਪਾਰ ਦੀ ਪੂਰੀ ਤਰ੍ਹਾਂ ਪੁਸ਼ਤ ਪਨਾਹੀ ਕੀਤੀ। ਇਹਨਾਂ ਨਸ਼ਿਆਂ ਦੇ ਸੌਦਾਗਰਾਂ ਨੇ ਪੰਜਾਬ ਵਿਚ ਨਸ਼ਾ ਵੇਚਣ ਅਤੇ ਖਾਣ ਵਾਲਿਆਂ ਦਾ ਇਕ ਵੱਡਾ ਤੰਤਰ ਬਣਾ ਲਿਆ। ਬੇਰੁਜ਼ਗਾਰੀ ਦੇ ਮਾਰੇ ਕਿਸੇ ਰੋਲ ਮਾਡਲ ਅਤੇ ਆਦਰਸ਼ ਵਿਹੂਣੇ ਪੰਜਾਬੀ ਗੱਭਰੂ ਇਸ ਤੇ ਤੰਦੂਆ ਜਾਲ ਵਿਚ ਫਸਦੇ ਗਏ। ਲੋਕ ਪੱਖੀ ਮਾਹਰਾਂ ਨੇ ਅੰਕੜੇ ਪੇਸ਼ ਕਰਕੇ ਪੰਜਾਬ ਸਰਕਾਰ ਨੂੰ ਸੁਚੇਤ ਕੀਤਾ ਕਿ ਪੰਜਾਬ ਦੀ ਹਰ ਹੱਟੀ, ਭੱਠੀ ਤੇ ਜੇਲ੍ਹਾਂ ਵਿਚ ਨਸ਼ਾ ਵਿਕਦਾ ਹੈ ਅਤੇ ਪੰਜਾਬ ਦੇ 60-70% ਨੌਜਵਾਨ ਜਿਹਨਾਂ ਵਿਚ ਲੜਕੀਆਂ ਵੀ ਸ਼ਾਮਲ ਹਨ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਜੇਲ੍ਹਾਂ ਦੇ ਸਾਬਕਾ ਡੀ.ਜੀ.ਪੀ. ਸ਼੍ਰੀ ਸ਼ਸ਼ੀ ਕਾਂਤ ਦੇ ਹੀ ਕਹਿਣ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਜੀ ਨੂੰ ਇਸ ਬਾਰੇ ਲਿਖਤੀ ਰਿਪੋਰਟ ਕੀਤੀ ਕਿ ਪੰਜਾਬ ਦੀ ਤਬਾਹੀ ਵਾਲੇ ਇਸ ਵਪਾਰ ਵਿਚ ਸਰਕਾਰ ਦੇ ਕਈ ਵੱਡੇ ਆਗੂ ਅਤੇ ਮੁੱਖ ਵਿਰੋਧੀ ਪਾਰਟੀ ਦੇ ਕਈ ਵੱਡੇ ਲੋਕ ਵੀ ਸ਼ਾਮਲ ਹਨ। ਪਰ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਕਰਨ ਦੀ ਥਾਂ ਚੇਤਨ ਸਾਜਸ਼ੀ ਚੁੱਪ ਹੀ ਨਹੀਂ ਵੱਟ ਛੱਡੀ, ਸਗੋਂ ਇਸਦੇ ਉਲਟ ਅਜਿਹੀਆਂ ਰਿਪੋਰਟਾਂ ਦੇਣ ਵਾਲੇ ਆਪਣੇ ਅਧਿਕਾਰੀਆਂ ਦੀ ਝਾੜਝੰਬ ਕੀਤੀ ਅਤੇ ਜਨਤਕ ਤੌਰ ’ਤੇ ਵਿਰੋਧ ਕਰਨ ਵਾਲੇ ਲੋਕਾਂ ਅਤੇ ਜਥੇਬੰਦੀਆਂ ਦੇ ਕਾਰਕੁੰਨਾਂ ਦਾ ਮਖੌਲ ਉਡਾਇਆ।

## ਨਸ਼ਾ ਵਪਾਰੀਆਂ ਦਾ ਹੋਇਆ ਪਰਦਾਫਾਸ਼

ਬਾਦਲ ਸਰਕਾਰ ਵਲੋਂ ਦਿੱਤੀ ਜਾਂਦੀ ਦਲੀਲ ਕਿ ਹੈਰੋਇਨ ਆਦਿ ਨਸ਼ੇ ਬਾਹਰੋਂ ਸਮਗਲ ਹੁੰਦੇ ਹਨ ਅਤੇ ਇਸ ਲਈ ਸਿਰਫ ਕੇਂਦਰ ਸਰਕਾਰ ਹੀ ਜ਼ਿੰਮੇਵਾਰ ਹੈ ਦਾ ਪਰਦਾਫਾਸ਼ ਉਸ ਵੇਲੇ ਹੋਇਆ ਜਦੋਂ ਜਗਜੀਤ ਚਾਹਲ ਦੇ ਬੱਦੀ ਵਾਲੇ ਕਾਰਖਾਨੇ ਵਿਚੋਂ ਰਸਾਇਣਕ ਨਸ਼ਿਆਂ ਦੇ ਵੱਡੇ ਜਖੀਰੇ ਫੜੇ ਗਏ। ਚਾਹਲ ਦੇ ਹਮਸਫਰ ਮਨਜਿੰਦਰ ਔਲਖ ਦੇ ਚਰਚੇ ਛਿੜੇ ਕਿ ਉਹ ਨਸ਼ਿਆਂ ਦੀ ਸਮਗਲਿੰਗ ਦਾ ਧੰਦਾ ਅਜਨਾਲਾ ਦੇ ਐਮ.ਐਲ.ਏ. ਦੀ ਰਾਜਸੀ ਸੁਰੱਖਿਆ ਛੱਤਰੀ ਹੇਠ ਕਰਦਾ ਰਿਹਾ ਹੈ। ਕਈ ਵਾਰ ਐਮ.ਐਲ.ਏ. ਸਾਹਿਬ ਦੀ ਲਾਲ ਬੱਤੀ ਵਾਲੀ ਗੱਡੀ ਅਤੇ ਗੰਨਮੈਨਾਂ ਦੀ ਵਰਤੋਂ ਵੀ ਹੋਈ ਹੈ। ਪਰ ਸ. ਸੁਖਬੀਰ ਸਿੰਘ ਬਾਦਲ ਹੋਰਾਂ ਫੌਰੀ ਤੌਰ ’ਤੇ ਬਿਆਨ ਦੇ ਕੇ ਆਪਣੀ ਪਾਰਟੀ ਦੇ ਐਮ.ਐਲ.ਏ. ਨੂੰ ਸਾਫ ਸੁਥਰਾ ਹੋਣ ਦੀ ਕਲੀਨ ਚਿੱਟ ਦੇ ਦਿੱਤੀ। ਪਰ ਰਾਜਸੀ ਖੇਤਰਾਂ ਅਤੇ ਹੋਰ ਪੰਜਾਬ ਹਿਤੂ ਲੋਕਾਂ ਨੂੰ ਉਸ ਵੇਲੇ ਬਹੁਤ ਵੱਡੀ ਹੈਰਾਨੀ ਹੋਈ ਜਦੋਂ ਜਗਦੀਸ਼ ਭੋਲਾ ਨੇ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਏ ਦਾ ਇਸ ਵਪਾਰ ਵਿਚ ਹੱਥ ਹੋਣ ਦਾ ਨਾਂਅ ਲਿਆ। ਭਾਵੇਂ ਮਜੀਠੀਆਂ ਸਾਹਿਬ ਵਲੋਂ ਲੋਕਾਂ ਨਾਲ ਧੱਕੇ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਕਰਨ ਬਾਰੇ ਤਾਂ ਪਹਿਲਾਂ ਵੀ ਗਿਆਨ ਸੀ। ਪਰ ਉਸਦੇ ਪੰਜਾਬੀ ਨੌਜਵਾਨਾਂ ਦੀ ਬਰਬਾਦੀ ਕਰਨ ਵਾਲੇ ਨਸ਼ਾ ਵਪਾਰ ਵਿਚ ਸ਼ਾਮਲ ਹੋਣ ਬਾਰੇ ਇਹ ਪਹਿਲਾ ਸੰਕੇਤ ਸੀ, ਜਦਕਿ ਉਹ ਯੂਥ ਅਕਾਲੀ ਦਲ ਦੇ ਪ੍ਰਧਾਨ ਵੀ ਹਨ। ਇਸ ਲਈ ਹਰ ਪੰਜਾਬੀ ਚਾਹੁੰਦਾ ਹੈ ਕਿ ਇਸ ਮਸਲੇ ਦੀ ਕਿਸੇ ਨਿਰਪੱਖ ਏਜੰਸੀ ਤੋਂ ਪੂਰੀ ਪੜਤਾਲ ਹੋਵੇ ਤਾਂ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇ। ਜੇ ਉਹ ਸੀ.ਬੀ.ਆਈ. ਨੂੰ ਸ਼ੱਕੀ ਸਮਝਦੇ ਹਨ ਤਾਂ ਕਿਸੇ ਹਾਈਕੋਰਟ ਦੇ ਜੱਜ ਤੋਂ ਪੜਤਾਲ ਕਰਵਾ ਲੈਣ। ਜੇ ਸੀ.ਬੀ.ਆਈ. ’ਤੇ ਪੰਜਾਬ ਸਰਕਾਰ ਸ਼ੱਕ ਕਰਦੀ ਹੈ ਤਾਂ ਉਹਨਾਂ ਦੇ ਡੀ.ਜੀ.ਪੀ. ਸਾਹਿਬ ਦੀ ਕਮੇਟੀ ਦੀ ਜਾਂਚ ’ਤੇ ਕਿਹੜਾ ਇਤਬਾਰ ਕਰ ਲਊ। ਇਹ ਤਾਂ ਗੱਲ ਘੱਟੇ ਕੌਡੀਆਂ ਰਲਾਉਣ ਵਾਲੀ ਹੈ।

## ਨਸ਼ਾ ਵਪਾਰ ਦੀ ਗੰਭੀਰ ਚਣੌਤੀ

ਨਸ਼ਿਆਂ ਦੇ ਵਪਾਰ ਵਿਚ ਹੋ ਰਿਹਾ ਲਗਾਤਾਰ ਵਾਧਾ ਅਤੇ ਸ਼ਕਤੀਸ਼ਾਲੀ ਮਾਫੀਏ ਦਾ ਰੂਪ ਧਾਰ ਰਿਹਾ ਇਸਦਾ ਕੌਮਾਂਤਰੀ ਤੰਦੂਆ ਜਾਲ ਭਾਰਤਵਾਸੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਲਈ ਬਹੁਤ ਹੀ ਗੰਭੀਰ ਚੁਣੌਤੀ ਹੈ। ਇਸਦੇ ਕੁੱਝ ਵਿਸ਼ੇਸ਼ ਕਾਰਨ ਹਨ। ਨਸ਼ਾ ਵਪਾਰ ਦੀ ਇਸ ਵੇਲੇ ਰਾਣੀ ਮੰਨੀ ਜਾਂਦੀ ਹੈਰੋਈਨ ਜੋ ਅਫਗਾਨਸਤਾਨ ਵਿਚ ਵੱਡੀ ਪੱਧਰ ’ਤੇ ਹੁੰਦੀ ਪੋਸਤ ਦੀ ਖੇਤੀ ਦੀ ਪੈਦਾਵਾਰ ਹੈ ਦਾ ਬਦੇਸ਼ਾਂ ਵਿਚ ਜਾਣ ਦਾ ਰਸਤਾ ਪੰਜਾਬ ਬਣ ਗਿਆ ਹੈ। ਇਹ ਪਾਕਿਸਤਾਨੀ ਅਤੇ ਭਾਰਤੀ ਸਮਗਲਰਾਂ ਰਾਹੀਂ ਪੰਜਾਬ ਲਿਆਂਦੀ ਜਾਂਦੀ ਹੈ। ਬੀ.ਐਸ.ਐਫ. ਦੀ ਭਾਰੀ ਤੈਨਾਤੀ ਵੀ ਇਸਨੂੰ ਰੋਕ ਨਹੀਂ ਰਹੀ। ਅਮਰੀਕਾ, ਕੈਨੇਡਾ ਅਤੇ ਯੂਰਪ ਵਿਚ ਵੱਸਣ ਵਾਲੇ ਕੁੱਝ ਇਕ ਪੰਜਾਬੀ ਐਨ.ਆਰ.ਆਈ. ਇਸਨੂੰ ਬਦੇਸ਼ਾਂ ਵਿਚ ਭੇਜਣ ਦੇ ਵਾਹਕ ਬਣਦੇ ਹਨ। ਪਰ ਇਸ ਧੰਦੇ ਨੂੰ ਸਫਲ ਕਰਨ ਲਈ ਉਹਨਾਂ ਨੇ ਪੰਜਾਬ ਦੇ ਬੇਰੁਜ਼ਗਾਰੀ ਦੇ ਭੰਨੇ ਨੌਜਵਾਨਾਂ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੈ। ਉਹ ਪਾਂਡੀਆਂ, ਛੋਟੇ ਵਿਕਰੇਤਾਵਾਂ ਅਤੇ ਆਪ ਸੇਵਨ ਕਰਨ ਵਾਲਿਆਂ ਵਿਚ ਸ਼ਾਮਲ ਹੋ ਜਾਂਦੇ ਹਨ। ਪਿਛਲੇ ਲੰਮੇ ਸਮੇਂ ਵਿਚ 60-70% ਪੰਜਾਬੀ ਨੌਜਵਾਨ ਇਸ ਦਾ ਸ਼ਿਕਾਰ ਹੋ ਚੁੱਕੇ ਹਨ। ਉਹ ਆਪਣੇ ਆਪ ਨੂੰ ਅਤੇ ਘਰਦਿਆਂ ਨੂੰ ਬਰਬਾਦ ਕਰ ਰਹੇ ਹਨ। ਦੂਜੇ ਪਾਸੇ ਇਸਦੇ ਵੱਡੇ ਵਪਾਰੀ ਮਾਫੀਏ ਦਾ ਰੂਪ ਧਾਰ ਗਏ ਹਨ ਅਤੇ ਹਾਕਮ ਪਾਰਟੀਆਂ ਦੇ ਕਈ ਆਗੂ ਵੀ ਸਿੱਧੇ ਅਸਿੱਧੇ ਢੰਗ ਨਾਲ ਇਸ ਵਿਚ ਸ਼ਾਮਲ ਹੋ ਗਏ ਹਨ। ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖੁੱਲ੍ਹੀ ਮੰਡੀ ਦੀ ਆਰਥਕਤਾ ’ਤੇ ਅਧਾਰਤ ਵਿੱਤੀ ਸਰਮਾਏ ਦਾ ਆਰਥਕ ਢਾਂਚਾ ਇਹਨਾਂ ਦੇਸ਼ਾਂ ਵਿਚ ਨਸ਼ਿਆਂ ਦੇ ਵਪਾਰ ਦੇ ਬੀਜ ਬੀਜ ਰਿਹਾ ਹੈ। ਇਹ ਢਾਂਚਾ ਵਿਕਾਸਸ਼ੀਲ ਅਤੇ ਬਹੁਤ ਹੀ ਗਰੀਬ ਦੇਸ਼ਾਂ ਦੇ ਲੋਕਾਂ ਵਿਚ ਨਸ਼ਾ ਵੇਚਕੇ ਧਨ ਵੀ ਕਮਾਉਂਦਾ ਹੈ ਅਤੇ ਉਹਨਾਂ ਨੂੰ ਕਮਜ਼ੋਰ, ਨਿਤਾਣਾ ਤੇ ਆਪਣੇ ਮਾਨਸਕ ਗੁਲਾਮ ਵੀ ਬਣਾਉਂਦਾ ਹੈ। ਉਸਦੀਆਂ ਚਾਲਾਂ ਰਾਹੀਂ ਇਹਨਾਂ ਦੇਸ਼ਾਂ ਵਿਚ ਨਸ਼ਾ ਵਪਾਰੀਆਂ ਦੇ ਹਥਿਆਰਬੰਦ ਗਰੋਹ ਬਣ ਜਾਂਦੇ ਹਨ ਜਿਹੜੇ ਹਰ ਜਨਤਕ ਵਿਰੋਧ, ਅਤੇ ਕਈ ਵਾਰ ਸਰਕਾਰੀ ਵਿਰੋਧ, ਦਾ ਟਾਕਰਾ ਵੀ ਹਥਿਆਰਾਂ ਰਾਹੀਂ ਕਰਦੇ ਹਨ।

ਬਾਕੀ ਸਫ਼ਾ 41 ’ਤੇ

# ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਮਸਲੇ

ਡਾ. ਕਰਨੈਲ ਸਿੰਘ ਥਿੰਦ

ਕਿਸੇ ਕੌਮ ਦੀ ਸ਼ਨਾਖਤ ਲਈ ਪ੍ਰਚਲਤ ਧਾਰਨਾ ਇਹ ਹੈ ਕਿ ਉਸ ਕੌਮ ਦੇ ਲੋਕ ਕਿਸੇ ਸਾਂਝੇ ਖ਼ਿਤੇ ਦੇ ਨਿਵਾਸੀ ਹੋਣ, ਵਸਨੀਕਾਂ ਦੀ ਸਾਂਝੀ ਬੋਲੀ ਹੋਵੇ, ਉਨ੍ਹਾਂ ਦਾ ਸਾਂਝਾ ਸਭਿਆਚਾਰਕ ਵਿਰਸਾ ਹੋਵੇ ਅਤੇ ਸਾਂਝੀ ਆਰਥਕਤਾ ਹੋਵੇ। ਇਤਿਹਾਸਕ, ਰਾਜਨੀਤਕ ਤੇ ਹੋਰ ਕਈ ਕਾਰਨਾਂ ਕਰ ਕੇ ਪੰਜਾਬ ਦੀਆਂ ਹੱਦਾਂ ਬਦਲਦੀਆਂ ਰਹੀਆਂ ਹਨ। 1947 ਵਿਚ ਪੰਜਾਬ ਦੋ ਮੁਲਕਾਂ ਵਿਚਕਾਰ ਵੰਡਿਆ ਗਿਆ। ਇਕ ਹਿੱਸਾ ਪਾਕਿਸਤਾਨ ਵਿਚ ਚਲਿਆ ਗਿਆ, ਦੂਜਾ ਹਿੰਦੁਸਤਾਨ ਦਾ ਭਾਗ ਬਣਿਆ ਰਿਹਾ। ਫਿਰ ਵੀ ਸਰਹੱਦ ਦੇ ਦੋਹੀਂ ਪਾਸੀਂ ਦੋ, ਢਾਈ ਜਾਂ ਤਿੰਨ ਆਬ ਦੀ ਥਾਂ ਵੰਡ ਵਿਚ ਆਪਣੇ ਹਿੱਸੇ ਆਏ ਭਾਗ ਨੂੰ ਅਸੀਂ ਪੰਜਾਬ ਕਹਿਣ ਵਿਚ ਹੀ ਫ਼ਖ਼ਰ ਮਹਿਸੂਸ ਕਰਦੇ ਹਾਂ। ਆਮ ਵਰਤੋਂ ਵਿਹਾਰ ਲਈ ਭਾਰਤੀ ਤੇ ਪਾਕਿਸਤਾਨੀ ਪੰਜਾਬ ਜਾਂ ਚੜ੍ਹਦਾ ਤੇ ਲਹਿੰਦਾ ਪੰਜਾਬ ਵੀ ਕਿਹਾ ਜਾਂਦਾ ਹੈ। ਅੱਗੋਂ ਭਾਰਤੀ ਪੰਜਾਬ ਨਾਲ ਭਾਣਾ ਇਹ ਵਾਪਰਿਆ ਕਿ ਨਿਰੋਲ ਪੰਜਾਬੀ ਭਾਸ਼ਾ ਦੇ ਅਧਾਰ 'ਤੇ ਪੇਸ਼ ਕੀਤੀ ਮੰਗ ਨੂੰ ਅਣਡਿੱਠ ਕਰ ਕੇ ਪੰਜਾਬੀ ਬੋਲੀ ਦੇ ਕੁਝ ਖੇਤਰ ਹਰਿਆਣਾ ਪ੍ਰਾਂਤ ਅਤੇ ਹਿਮਾਚਲ ਪ੍ਰਦੇਸ਼ ਨੂੰ ਸੌਂਪ ਦਿੱਤੇ ਗਏ। ਇਸੇ ਤਰ੍ਹਾਂ ਪਾਕਿਸਤਾਨ ਵਿਚ ਵੀ ਸਰਾਇਕੀ ਨੂੰ ਵੱਖਰੀ ਜ਼ੁਬਾਨ ਦੱਸ ਕੇ ਵਖਰੇ ਸਰਾਇਕੀ ਸੂਬੇ ਜਾਂ ਸਰਾਇਕਸਤਾਨ ਦੀ ਮੰਗ ਕੀਤੀ ਜਾਂਦੀ ਹੈ। ਪਰ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਹਵਾਲੇ ਨਾਲ ਪੰਜਾਬੀ ਕੌਮ ਦੀ ਗੱਲ ਕਰਦਿਆਂ ਸਾਡੇ ਸਾਹਮਣੇ ਸਮੁੱਚੇ ਪੰਜਾਬ ਦਾ ਉਹ ਨਕਸ਼ਾ ਹੈ ਜਿਹੜਾ ਦਰਿਆ ਜਮਨਾ ਤੋਂ ਲੈ ਕੇ ਦਰਿਆ ਸਿੰਧ ਤਕ ਫੈਲਿਆ ਹੋਇਆ ਹੈ ਅਤੇ ਪ੍ਰਾਚੀਨ ਗ੍ਰੰਥਾਂ ਵਿਚ ਜਿਸ ਦਾ ਜ਼ਿਕਰ ਸਪਤ ਸਿੰਧੂ ਜਾਂ ਪੰਚਾਲ ਦੇ ਨਾਵਾਂ ਨਾਲ ਵੀ ਆਉਂਦਾ ਹੈ। ਭੂਗੋਲਿਕ ਦ੍ਰਿਸ਼ਟੀ ਜਾਂ ਜੁਗਰਾਫ਼ੀਏ ਦੇ ਪੱਖ ਤੋਂ ਭਾਵੇਂ ਪੰਜਾਬ ਦੀਆਂ ਹੱਦਾਂ ਵਿਚ ਤਬਦੀਲੀ ਆਉਂਦੀ ਰਹੀ ਹੈ, ਪਰ ਦੁਨੀਆ ਭਰ ਦੇ ਪੰਜਾਬੀਆਂ ਦੀ ਬੋਲੀ ਅਤੇ ਉਨ੍ਹਾਂ ਦੇ ਸਭਿਆਚਾਰ ਨਾਲ ਜੁੜੀਆਂ ਸਮੱਸਿਆਵਾਂ ਜਾਂ ਮਸਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਮੁੱਖ ਰੂਪ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਜੁੜੇ ਮਸਲੇ ਉਸ ਸਮੇਂ ਹੀ ਸ਼ੁਰੂ ਹੋ ਗਏ ਸਨ ਜਦ ਅੰਗਰੇਜ਼ਾਂ ਨੇ ਪੰਜਾਬ ਨੂੰ ਹਥਿਆ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਇਕ ਵੇਲੇ ਤਾਂ ਦਿੱਲੀ ਵੀ ਪੰਜਾਬ ਵਿਚ ਸ਼ਾਮਲ ਸੀ। ਐਡੇ ਵੱਡੇ ਖ਼ਿਤੇ ਨੂੰ ਰਾਜਨੀਤਕ ਤੌਰ 'ਤੇ ਤਾਂ ਗੰਢ ਲਿਆ ਪਰ ਹਕੂਮਤ ਦੇ ਸਾਹਮਣੇ ਕਈ ਹੋਰ ਸਮੱਸਿਆਵਾਂ ਵੀ ਸਨ। ਚਾਹੀਦਾ ਤਾਂ ਇਹ ਸੀ ਕਿ ਭਾਰਤ ਦੇ ਦੂਜੇ ਸੂਬਿਆਂ ਵਾਂਗ ਪੰਜਾਬ ਦੀ ਸਥਾਨਕ ਬੋਲੀ, ਪੰਜਾਬੀ ਨੂੰ ਰਾਜ ਪ੍ਰਬੰਧ ਦਾ ਅਤੇ ਮੁੱਢਲੀ ਸਿੱਖਿਆ ਦਾ ਆਧਾਰ ਬਣਾਇਆ ਜਾਂਦਾ, ਪਰ ਉਸ ਵੇਲੇ ਦੇ ਬ੍ਰਿਟਿਸ਼ ਉਚ ਅਧਿਕਾਰੀ ਰਾਬਰਟ ਕਸਟ ਅਤੇ ਸ਼ਾਹਪੁਰ ਦੇ ਡਿਪਟੀ ਕਮਿਸ਼ਨਰ ਜੇ. ਵਿਲਸਨ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਅਜਿਹਾ ਸੰਭਵ ਨਾ ਹੋ ਸਕਿਆ, ਜਿਸ ਦੇ ਮੁੱਖ ਕਾਰਨ ਇਹ ਨਜ਼ਰ ਆਉਂਦੇ ਹਨ : -

ੳ) ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵੀ ਸਰਕਾਰੀ ਜ਼ੁਬਾਨ ਫ਼ਾਰਸੀ ਸੀ।

ਅ) ਜਿਸ ਵੇਲੇ ਅੰਗਰੇਜ਼ਾਂ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਤਾਂ ਦਫ਼ਤਰੀ ਕੰਮ-ਕਾਰ ਚਲਾਉਣ ਲਈ ਭਰਤੀ ਕੀਤਾ ਗਿਆ ਅਮਲਾ ਫੈਲਾ ਯੂ.ਪੀ. ਨਾਲ ਸਬੰਧਤ ਸੀ। ਇਹ ਕਰਮਚਾਰੀ ਉਰਦੂ ਜਾਣਦੇ ਸਨ ਜਾਂ ਫਾਰਸੀ ਤੋਂ ਵਾਕਫ਼ ਸਨ। ਪੰਜਾਬੀ ਉਨ੍ਹਾਂ ਲਈ ਇਕ ਓਪਰੀ ਬੋਲੀ ਸੀ।

ੲ) ਹੁਕਮਰਾਨਾਂ ਵਲੋਂ ਬਹੁਤ ਹੀ ਚਲਾਕੀ ਨਾਲ ਅਜਿਹਾ ਪੱਤਾ ਖੇਡਿਆ ਗਿਆ ਕਿ ਮੁਸਲਮਾਨ ਉਰਦੂ ਨਾਲ, ਹਿੰਦੂ ਹਿੰਦੀ ਨਾਲ ਅਤੇ ਸਿੱਖ ਪੰਜਾਬੀ ਨਾਲ ਜੁੜ ਗਏ। ਪਿਛੋਂ ਪੰਜਾਬ ਵਿਚ ਚੱਲੀਆਂ ਵੱਖ-ਵੱਖ ਧਾਰਮਕ ਲਹਿਰਾਂ, ਅਹਿਮਦੀਆਂ ਲਹਿਰ, ਆਰੀਆ ਸਮਾਜ ਲਹਿਰ ਅਤੇ ਸਿੰਘ ਸਭਾ ਲਹਿਰ ਕਾਰਨ ਉਰਦੂ, ਹਿੰਦੀ ਅਤੇ ਪੰਜਾਬੀ ਨੂੰ ਇਸਲਾਮ, ਹਿੰਦੂ ਧਰਮ ਅਤੇ ਸਿੱਖ ਮਤ ਦੇ ਪ੍ਰਚਾਰ ਲਈ ਜੋੜ ਲਿਆ ਗਿਆ।

ਸ) ਜਦ ਵੀ ਕਿਸੇ ਪਾਸੇ ਤੋਂ ਪੰਜਾਬੀ ਦੇ ਹੱਕ ਵਿਚ ਆਵਾਜ਼ ਉਠਦੀ ਤਾਂ ਇਸ ਨੂੰ ਉਰਦੂ ਦੀ ਉਪ ਬੋਲੀ, ਲੋਕ ਬੋਲੀ, ਅੱਖੜ ਗੰਵਾਰੂ, ਅਵਿਕਸਤ ਕਹਿ ਕੇ ਭੰਡਿਆ ਜਾਂਦਾ।

ਹ) ਗੁਰਮੁਖੀ ਵਿਚ ਲਿਖੀ ਪੰਜਾਬੀ ਨੂੰ ਸਿੱਖ ਧਰਮ ਨਾਲ ਜੋੜ ਕੇ ਹੋਰ ਵੀ ਵਿਰੋਧ ਕੀਤਾ ਜਾਂਦਾ। ਮੁਸਲਮਾਨਾਂ ਦੀ ਸੋਚ ਅਨੁਸਾਰ ਅਰਬੀ, ਫਾਰਸੀ ਤੇ ਉਰਦੂ ਮੁਸਲਮਾਨਾਂ ਦੀਆਂ ਜ਼ੁਬਾਨਾਂ ਸਨ। ਇਸ ਲਈ ਹਰ ਪਲੇਟਫਾਰਮ 'ਤੇ ਪੰਜਾਬੀ ਦੀ ਮੁਖ਼ਾਲਫ਼ਤ ਹੁੰਦੀ। ਅੰਗਰੇਜ਼ ਹਾਕਮਾਂ ਨੂੰ ਪਾੜੋ ਤੇ ਰਾਜ ਕਰੋ ਦੀ ਨੀਤੀ ਪੂਰੀ ਤਰ੍ਹਾਂ ਰਾਸ ਆਉਂਦੀ ਸੀ।

ਹੁਣ ਤਾਂ ਬ੍ਰਿਟਿਸ਼ ਸਾਮਰਾਜ ਦੀ ਸਮਾਪਤੀ ਨੂੰ 67 ਵਰ੍ਹੇ ਪੂਰੇ ਹੋਣ ਵਾਲੇ ਹਨ। ਭਾਰਤ ਅਤੇ ਪਾਕਿਸਤਾਨ ਦੋਨੋਂ ਆਜ਼ਾਦ ਮੁਲਕ ਹਨ। ਵੇਖਣਾ ਇਹ ਹੈ ਕਿ ਇਨ੍ਹਾਂ 67 ਸਾਲਾਂ ਦੌਰਾਨ ਦੋਹਾਂ ਪੰਜਾਬਾਂ ਵਿਚ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਕੀ ਸਥਿਤੀ ਹੈ ਅਤੇ ਕਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

1947 ਤੋਂ ਪਿਛੋਂ ਆਜ਼ਾਦ ਭਾਰਤ ਵਿਚ ਹਕੂਮਤ ਪਾਸੋਂ ਇਹ ਆਸ ਜ਼ਰੂਰ ਸੀ ਕਿ ਭਾਰਤ ਦੀਆਂ ਹੋਰ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਜ਼ਰੂਰ ਮਿਲੇਗਾ। ਪੰਜਾਬੀ ਹਿਤੈਸ਼ੀਆਂ ਨੂੰ ਬਹੁਤ ਜੱਦੋ-ਜਹਿਦ ਕਰਨ ਦੇ ਬਾਵਜੂਦ ਪੰਜਾਬੀ ਆਪਣਾ ਸਥਾਨ ਹਾਸਲ ਨਹੀਂ ਕਰ ਸਕੀ। ਇਕ ਨਿਰੋਲ ਅਕਦਾਮਿਕ ਤੇ ਸਭਿਆਚਾਰਕ ਮਾਮਲੇ ਨੇ ਹੌਲੀ ਹੌਲੀ ਧਾਰਮਕ ਤੇ ਸਿਆਸੀ ਸ਼ਕਲ ਇਖ਼ਤਿਆਰ ਕਰ ਲਈ। ਭਾਸ਼ਾਵਾਂ ਦੇ ਆਧਾਰ 'ਤੇ ਸੂਬਿਆਂ ਦੀ ਨਵੇਂ ਸਿਰੇ ਤੋਂ ਹੱਦਬੰਦੀ ਕਰਨ ਵਾਲਾ ਕਮਿਸ਼ਨ ਵੀ ਤਸੱਲੀਬਖ਼ਸ਼ ਹੱਲ ਪੇਸ਼ ਨਾ ਕਰ ਸਕਿਆ। ਜਦ ਪੰਜਾਬੀਆਂ ਦੀ ਭਾਰੀ ਗਿਣਤੀ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਸੱਚਰ ਫ਼ਾਰਮੂਲਾ ਤੇ ਰਿਜ਼ਨਲ ਫ਼ਾਰਮੂਲਾ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਏ। ਸੱਚਰ ਫ਼ਾਰਮੂਲੇ ਵਿਚ ਇਕ ਮਦ ਇਹ ਵੀ ਪਾ ਦਿੱਤੀ ਕਿ ਇਹ ਮਾਪੇ ਨਿਰਣਾ ਕਰਨਗੇ ਕਿ



ਬੱਚੇ ਦੀ ਮਾਂ-ਬੋਲੀ ਕਿਹੜੀ ਹੈ? ਤਾਂ ਜੋ ਬੱਚਾ ਸਕੂਲ ਵਿਚ ਤਰਜੀਹ ਦੇ ਅਧਾਰ 'ਤੇ ਮਾਂ ਬੋਲੀ ਦੀ ਪੜ੍ਹਾਈ ਪਹਿਲੀ ਜਮਾਤ ਤੋਂ ਕਰ ਸਕੇ। ਕੁਝ ਮਿਊਂਸਿਪਲ ਕਮੇਟੀਆਂ ਨੇ ਰਿਜ਼ਨਲ ਫ਼ਾਰਮੂਲੇ ਦੇ ਵਿਰੋਧ ਵਿਚ ਮਤੇ ਵੀ ਪਾਸ ਕੀਤੇ।

1960 ਵਿਚ ਪੰਜਾਬੀ ਸੂਬੇ ਦੀ ਕਾਇਮੀ ਸਮੇਂ ਕੇਂਦਰੀ ਸਰਕਾਰ ਨੇ ਪੰਜਾਬੀ ਬੋਲਦੇ ਕੁਝ ਇਲਾਕੇ ਹਰਿਆਣਾ ਪ੍ਰਾਂਤ ਤੇ ਹਿਮਾਚਲ ਪ੍ਰਦੇਸ਼ ਦਾ ਭਾਗ ਬਣਾ ਦਿੱਤੇ। ਨਾਲ ਹੀ ਚੰਡੀਗੜ੍ਹ ਨੂੰ ਹਰਿਆਣਾ ਤੇ ਪੰਜਾਬ ਦੀ ਸਾਂਝੀ ਰਾਜਧਾਨੀ ਬਣਾ ਕੇ ਚੰਡੀਗੜ੍ਹ ਨੂੰ ਕੇਂਦਰੀ ਰਾਜ ਖੇਤਰ ਦਾ ਦਰਜਾ ਦੇ ਦਿੱਤਾ ਗਿਆ। ਰਾਜੀਵ ਲੌਂਗੋਵਾਲ ਸਮਝੌਤੇ ਅਧੀਨ ਪੰਜਾਬ ਦਾ ਕੁਝ ਰਕਬਾ ਹਰਿਆਣਾ ਨੂੰ ਦੇ ਕੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਦੀ ਤਜਵੀਜ਼ ਵੀ ਨੇਪਰੇ ਨਾ ਚੜ੍ਹ ਸਕੀ।

19 ਦਸੰਬਰ 1967 ਨੂੰ ਪੰਜਾਬ ਦੀ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਪੰਜਾਬ ਰਾਜ ਭਾਸ਼ਾ ਬਿੱਲ ਪਾਸ ਕਰ ਦਿੱਤਾ। 29 ਦਸੰਬਰ ਨੂੰ ਗਵਰਨਰ ਪੰਜਾਬ ਨੇ ਇਸ ਉਪਰ ਦਸਤਖ਼ਤ ਕਰ ਕੇ ਇਸ ਨੂੰ ਐਕਟ ਦਾ ਰੂਪ ਦੇ ਦਿੱਤਾ। ਇਸ ਐਕਟ ਅਨੁਸਾਰ ਪਹਿਲੀ ਜਨਵਰੀ 1968 ਤੋਂ ਪੰਜਾਬ ਨੂੰ ਪੰਜਾਬ ਵਿਚ ਜ਼ਿਲ੍ਹਾ ਪੱਧਰ 'ਤੇ ਸਾਰੇ ਦਫ਼ਤਰੀ ਕਾਰ-ਵਿਹਾਰ ਦਾ ਜ਼ਰੀਆ ਬਣਾ ਦਿੱਤਾ। 9 ਫਰਵਰੀ ਨੂੰ ਇਕ ਹੋਰ ਨੋਟੀਫ਼ਿਕੇਸ਼ਨ ਰਾਹੀਂ ਇਹ ਸਪੱਸ਼ਟ ਕਰ ਦਿੱਤਾ ਗਿਆ ਕਿ 13 ਅਪ੍ਰੈਲ 1968 ਤੋਂ ਪੰਜਾਬ ਵਿਚ ਰਾਜ ਪੱਧਰ 'ਤੇ ਪੂਰੇ ਰਾਜ ਪ੍ਰਬੰਧ ਲਈ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿਚ ਲਿਖਿਆ ਜਾਏਗਾ। 40 ਸਾਲ ਤੋਂ ਪਿਛੋਂ ਵੀ ਉਚੇਰੀ ਅਫ਼ਸਰਸ਼ਾਹੀ ਉਪਰ ਅੰਗਰੇਜ਼ੀ ਦੀ ਸਰਦਾਰੀ ਹੈ। ਜਦ ਕਿ ਹੇਠਲੀ ਪੱਧਰ 'ਤੇ ਕਾਫ਼ੀ ਹੱਦ ਤਕ ਸਰਕਾਰੀ ਕੰਮ-ਕਾਰ ਪੰਜਾਬ ਵਿਚ ਹੋਣ ਲੱਗ ਪਿਆ।

ਸਿੱਖਿਆ ਖੇਤਰ ਵਿਚ ਪੰਜਾਬੀ ਦੀ ਪੜ੍ਹਾਈ ਦੀ ਸਥਿਤੀ ਬਹੁਤ ਹੀ ਨਿਰਾਸ਼ਾਜਨਕ ਹੈ। ਪੰਜਾਬ ਦੀ ਸਰਕਾਰ ਕੋਈ ਵੀ ਹੋਵੇ ਉਸ ਪਾਸ ਨਾ ਤਾਂ ਭਾਸ਼ਾ ਨੀਤੀ ਹੈ, ਨਾ ਹੀ ਸਭਿਆਚਾਰ ਬਾਰੇ ਨੀਤੀ ਅਤੇ ਨਾ ਹੀ ਠੋਸ ਸਿੱਖਿਆ ਨੀਤੀ ਹੈ। ਹਾਂ ਹਰ ਸਰਕਾਰ ਪਾਸ ਰਾਜਨੀਤੀ ਜ਼ਰੂਰ ਹੈ, ਜਿਸ ਰਾਹੀਂ ਪੰਜਾਬ ਹਰ ਖੇਤਰ ਵਿਚ ਪਛੜਦਾ ਜਾ ਰਿਹਾ ਹੈ। ਹੁਣ ਤਕ ਪੰਜਾਬ ਦੀ ਕੋਈ ਵੀ ਸਰਕਾਰ ਇਹ ਨਿਰਣਾ ਨਹੀਂ ਲੈ ਸਕੀ ਕਿ ਮਾਡਰਨ, ਮਾਡਲ, ਪਬਲਿਕ ਆਦਿ ਅੰਗਰੇਜ਼ੀ ਮਾਧਿਅਮ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਵੀ ਪੜ੍ਹਾਈ ਜਾਵੇ। ਸਰਕਾਰ ਪਾਸ ਪੂਰਨ ਅਧਿਕਾਰ ਹੈ ਕਿ ਅਜਿਹੇ ਸਕੂਲਾਂ 'ਤੇ ਪੰਜਾਬ ਦੀ ਸਥਾਨਕ ਭਾਸ਼ਾ ਪੰਜਾਬੀ ਪੜ੍ਹਾਈ ਜਾਣ ਦੀ ਸ਼ਰਤ ਲਾਗੂ ਕਰ ਸਕੇ। ਉਚੇਰੀ ਸਿੱਖਿਆ ਤੇ ਮੁਕਾਬਲੇ ਦੇ ਇਮਤਿਹਾਨਾਂ ਦਾ ਮਾਧਿਅਮ ਵੀ ਅੰਗਰੇਜ਼ੀ ਹੈ। ਸਾਡੀ ਮਾਨਸਿਕਤਾ ਵੀ ਅੰਗਰੇਜ਼ੀ ਨਾਲ ਜੁੜ ਚੁੱਕੀ ਹੈ। ਭਾਰਤ ਸਰਕਾਰ ਨੇ ਹਰ ਪ੍ਰਾਂਤ ਦੀ ਸਰਕਾਰ ਨੂੰ 1970 ਵਿਚ ਇਕ -ਇਕ ਕਰੋੜ ਰੁਪਏ ਦੀ ਸਹਾਇਤਾ ਦੇ ਕੇ ਸਥਾਨਕ ਭਾਸ਼ਾਵਾਂ ਵਿਚ ਲੋੜੀਂਦੀਆਂ ਪੁਸਤਕਾਂ ਤਿਆਰ ਕਰ ਕੇ ਮਾਧਿਅਮ ਪਰਿਵਰਤਨ ਦੀ ਯੋਜਨਾ ਬਣਾਈ ਸੀ। ਇਸ ਸਕੀਮ ਅਧੀਨ ਪੰਜਾਬ ਵਿਚ ਵੀ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਸਥਾਪਤ ਕੀਤਾ ਗਿਆ ਸੀ। ਹੁਣ ਤਕ ਬੋਰਡ ਵਲੋਂ ਸਾਇੰਸ ਅਤੇ ਸਮਾਜ ਵਿਗਿਆਨ ਨਾਲ ਸਬੰਧਤ ਸੈਂਕੜੇ ਪੁਸਤਕਾਂ ਤਿਆਰ ਕਰ ਕੇ ਛਾਪੀਆਂ ਗਈਆਂ ਹਨ, ਪਰ ਗ਼ਲਤ ਭਾਸ਼ਾ ਅਤੇ ਸਿੱਖਿਆ ਨੀਤੀ ਕਾਰਨ ਇਹ ਸਕੀਮ ਵੀ ਠੱਪ ਹੋ ਕੇ ਰਹਿ ਗਈ ਹੈ। ਪੰਜਾਬੀ ਵਿਚ ਮਾਧਿਅਮ ਪਰਿਵਰਤਨ ਲਈ ਬਣਾਇਆ ਗਿਆ ਬੋਰਡ ਬੰਦ ਹੋਣ ਦੇ ਕਿਨਾਰੇ ਪੁੱਜ ਚੁੱਕਾ ਹੈ। ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਅਤੇ ਰਹਿਤਲ (ਸਭਿਆਚਾਰ) ਸਬੰਧੀ ਸਥਿਤੀ ਹੋਰ ਵੀ ਤਰਸਯੋਗ ਹੈ। ਲਾਹੌਰ ਤੋਂ ਛਪਦੇ ਮਾਹਨਾਮਾ 'ਲਹਿਰਾਂ' ਦੇ ਸਾਲ 1991 ਦੇ ਇਕ ਸ਼ੁਮਾਰੇ ਵਿਚ ਪੰਜਾਬੀ ਬਾਰੇ ਇਕ ਸਵਾਲਨਾਮਾ ਛਪਿਆ ਸੀ, ਜਿਨ੍ਹਾਂ ਵਿਚੋਂ ਕੁਝ ਪ੍ਰਸ਼ਨ ਇਸ ਪ੍ਰਕਾਰ ਸਨ :-

1 ਪੰਜਾਬ ਦੀ ਸਰਕਾਰ ਮੁੱਢਲੀ ਪੱਧਰ 'ਤੇ ਪੰਜਾਬੀ ਕਿਉਂ ਲਾਗੂ ਨਹੀਂ ਕਰਦੀ, ਜਦ ਕਿ ਸਿੰਧ ਵਿਚ ਮੈਟ੍ਰਿਕ ਤਕ ਸਿੰਧੀ ਦੀ ਪੜ੍ਹਾਈ ਲਾਜ਼ਮੀ ਹੈ। ਸਰਹੱਦੀ ਸੂਬੇ ਵਿਚ ਮੁਢਲੀ ਸਿੱਖਿਆ ਪਸ਼ਤੋ ਅਤੇ ਬਲੋਚਿਸਤਾਨ ਵਿਚ ਬਲੋਚੀ ਵਿਚ ਦਿੱਤੀ ਜਾਂਦੀ ਹੈ।

2 ਪੰਜਾਬੀ ਹਿਤੈਸ਼ੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਕਿਉਂ ਵੇਖਿਆ ਜਾਂਦਾ ਹੈ?

3. ਸਰਕਾਰੇ-ਦਰਬਾਰੇ ਪੰਜਾਬੀ ਦੇ ਬੂਹੇ ਕਿਉਂ ਬੰਦ ਹਨ?

4. ਪੰਜਾਬੀ ਨੂੰ ਦਬਾ ਕੇ ਉਰਦੂ ਕਿਵੇਂ ਪ੍ਰਫੁਲਤ ਹੋ ਸਕਦੀ ਹੈ?

5. ਪੰਜਾਬੀ ਦਾ ਕਤਲ ਕਿਉਂ ਹੋ ਰਿਹਾ ਹੈ?

6. ਟਕਸਾਲੀ ਪੰਜਾਬੀ ਦੀ ਥਾਂ ਲੇਖਕਾਂ ਵਲੋਂ ਵੱਖ-ਵੱਖ ਲਹਿਜ਼ਿਆਂ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ?

7. ਉਹ ਕਿਹੜੀ ਮਾਨਸਿਕ ਮਜਬੂਰੀ ਹੈ ਜਿਹੜੀ ਪੰਜਾਬੀ ਸਬੰਧੀ ਦੂਜੈਲੀ ਦੀ ਭਾਵਨਾ ਉਭਾਰਦੀ ਹੈ?

ਪਾਕਿਸਤਾਨ ਵਿਚ ਪੰਜਾਬੀ ਨੂੰ ਜ਼ਰੀਆ ਤਾਲੀਮ ਜਾਂ ਸਿੱਖਿਆ ਦਾ ਮਾਧਿਅਮ ਬਣਾਉਣਾ ਜਾਂ ਸਰਕਾਰੀ ਕੰਮ-ਕਾਰ ਲਈ ਪੰਜਾਬੀ ਦੀ ਵਰਤੋਂ ਤਾਂ ਬਹੁਤ ਦੂਰ ਦੀਆਂ ਗੱਲਾਂ ਹਨ, ਫ਼ਿਲਹਾਲ ਤਾਂ ਵੱਡੀ ਮੰਗ ਇਹ ਹੈ ਕਿ ਪ੍ਰਾਇਮਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੀ ਜਾਏ। ਪੰਜਾਬ ਐਸੰਬਲੀ, ਜਿਸ ਦਾ ਮੁੱਖ ਕਾਰਜ ਕਾਨੂੰਨ ਬਣਾਉਣਾ ਅਤੇ ਸਰਕਾਰ ਨੂੰ ਸੇਧ ਦੇਣਾ ਹੈ, ਵਿਚ ਕਿਸੇ ਵੀ ਮੈਂਬਰ ਨੂੰ ਸਪੀਕਰ ਦੀ ਆਗਿਆ ਬਿਨਾਂ ਆਪਣੇ ਵਿਚਾਰ ਪੰਜਾਬੀ ਵਿਚ ਪ੍ਰਗਟ ਕਰਨ ਦੀ ਮਨਾਹੀ ਹੈ।

'ਲਹਿਰਾਂ' ਦੇ ਸੰਪਾਦਕ ਦੁਆਰਾ ਪੁੱਛੇ ਗਏ ਸਵਾਲ ਠੀਕ ਹੀ ਵਿਚਾਰਨਯੋਗ ਹਨ। ਜਨਰਲ ਅਯੂਬ ਖਾਂ ਵਲੋਂ ਠੋਸੇ ਗਏ ਮਾਰਸ਼ਲ ਲਾਅ ਸਮੇਂ ਪੰਜਾਬੀ ਹਿਤੈਸ਼ੀਆਂ ਨੂੰ ਦੇਸ਼ ਵਿਰੋਧੀ ਜਾਂ ਦੇਸ਼ ਧਰੋਹੀ ਸਮਝਿਆ ਜਾਂਦਾ ਸੀ। ਇਥੋਂ ਤਕ ਕਿ ''ਪੰਜਾਬੀ ਮਜਲਸ'' ਨਾਂ ਦੀ ਜਥੇਬੰਦੀ ਨੂੰ ਇਕ ਸਿਆਸੀ ਪਾਰਟੀ ਸਮਝਦਿਆਂ ਉਸ ਉਪਰ ਪਾਬੰਦੀ ਲਾ ਦਿੱਤੀ ਗਈ। ਨਜ਼ੀਰ ਕਹੂਟ ਨੇ ਆਪਣੀ ਪੁਸਤਕ 'ਆਓ ਪੰਜਾਬੀ ਨੂੰ ਕਤਲ ਕਰੀਏ' ਵਿਚ ਜਿਥੇ ਪੰਜਾਬੀ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਉਠਾਈ ਹੈ, ਉਥੇ ਉਰਦੂ ਹਿਤੈਸ਼ੀਆਂ ਵਲੋਂ ਇਸ ਦੇ ਵਿਰੋਧ ਵਿਚ ਇਕ ਘਟਨਾ ਦਾ ਜ਼ਿਕਰ ਵੀ ਕੀਤਾ ਹੈ। ਉਹ ਲਿਖਦਾ ਹੈ ਕਿ ਪਾਕਿਸਤਾਨ ਵਿਚ ਈਵਾਨੇ ਸਨਅਤ ਤੇ ਤਜਾਰਤ ਦੇ ਸਦਰ ਰਿਆਜ਼ ਟਾਟਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ ''ਪੰਜਾਬੀ ਜਦੋਂ ਉਰਦੂ ਬੋਲਦਾ ਹੈ ਤਾਂ ਲਗਦਾ ਹੈ ਜਿਵੇਂ ਝੂਠ ਬੋਲਦਾ ਹੈ... ਪੰਜਾਬੀਓ, ਰੱਬ ਦੇ ਵਾਸਤੇ ਉਰਦੂ ਬੋਲਣਾ ਛੱਡ ਦਿਓ ਤਾਂ ਜੋ ਸੱਚ ਬੋਲ ਸਕੋ।'' ਉਰਦੂ ਪ੍ਰੈਸ, ਕੱਟੜਪੰਥੀਆਂ ਤੇ ਮਜ਼ਹਬੀ ਜਨੂਨੀਆਂ ਦੁਆਰਾ ਇਸਲਾਮੀ ਜਹਾਦ ਦਾ ਇਕ ਤੂਫ਼ਾਨ ਉਠ ਖੜਾ ਹੋਇਆ। ਉਸ ਉਪਰ ਗ਼ਦਾਰੀ ਦਾ ਮੁਕੱਦਮਾ ਚਲਾਉਣ ਦੀ ਚੇਤਾਵਨੀ ਵੀ ਦਿੱਤੀ ਗਈ। ਰਿਆਜ਼ ਟਾਟਾ ਨੇ ਆਖ਼ਰ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ। ਲਾਹੌਰ ਵਿਚ ਫ਼ਖ਼ਰ ਜ਼ਮਾਨ ਵਲੋਂ ਕਰਵਾਈ ਗਈ, ''ਆਲਮੀ ਪੰਜਾਬੀ ਕਾਨਫ਼ਰੰਸ'' ਵਿਚ ਜਦ ਪੰਜਾਬੀਅਤ ਬਾਰੇ ਚਰਚਾ ਕੀਤੀ ਗਈ ਤਾਂ ਅਗਲੇ ਦਿਨ 'ਨਵਾਇ ਵਕਤ' ਵਿਚ ਇਕ ਸੁਰਖੀ ਇਹ ਵੀ ਸੀ ਕਿ ''ਪਾਕਿਸਤਾਨ ਪੰਜਾਬੀਅਤ ਲਈ ਨਹੀਂ ਬਲਕਿ ਇਸਲਾਮੀਅਤ ਲਈ ਹੋਂਦ ਵਿਚ ਆਇਆ ਸੀ।''

ਮੁਸ਼ਤਾਕ ਬਾਸਤ ਨੇ ਵੀ ਆਪਣੀ ਪੁਸਤਕ 'ਪਾਕ ਪੰਜਾਬੀ' ਵਿਚ ਕੁੱਝ ਅਜਿਹੇ ਨੁਕਤੇ ਉਠਾਏ ਹਨ ਜੋ ਪਾਕਿਸਤਾਨੀ ਤੇ ਹਿੰਦੁਸਤਾਨੀ ਪੰਜਾਬੀ ਨੂੰ ਦੋ ਵਖਰੀਆਂ ਜ਼ੁਬਾਨਾਂ ਵਿਚ ਸਾਬਤ ਕਰਨ 'ਤੇ ਜ਼ੋਰ ਦਿੰਦੇ ਹਨ। ਨਾਲ ਹੀ ਆਪਣੇ ਵਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵੀ ਕਾਫ਼ੀ ਤਫ਼ਸੀਲ ਵਿਚ ਦਿੰਦੇ ਹਨ। ਇਹ ਪ੍ਰਸ਼ਨ ਹਨ :-

ੳ) ਪਾਕਿਸਤਾਨੀ ਪੰਜਾਬੀ ਨੂੰ ਇਸਲਾਮ, ਪਾਕਿਸਤਾਨ ਤੇ ਉਰਦੂ ਦੇ ਹਵਾਲੇ ਨਾਲ ਵੇਖਣਾ ਕਿਉਂ ਜ਼ਰੂਰੀ ਹੈ?

ਅ) ਪਾਕਿਸਤਾਨੀ ਪੰਜਾਬੀ ਨੂੰ ਭਾਰਤੀ ਪੰਜਾਬੀ ਤੋਂ ਵੱਖ ਸਮਝਣ ਦੀ ਕੀ ਲੋੜ ਹੈ?

ੲ) ਆਉਣ ਵਾਲੇ ਜ਼ਮਾਨੇ ਵਿਚ ਇਸ ਦੀ ਸ਼ਕਲ ਕੀ ਹੋਵੇਗੀ?

ਮੁਸ਼ਤਾਕ ਬਾਸਤ ਦੇ ਆਪਣੇ ਸ਼ਬਦਾਂ ਵਿਚ ਲੇਖਕ ਦੇ ਸਾਹਮਣੇ ''ਪੰਜਾਬੀ ਦੀ ਉਹ ਸੂਰਤ ਏ ਜਿਸ 'ਤੇ ਉਸ ਨੂੰ ਪਾਕਿਸਤਾਨੀ ਤੇ ਮੁਸਲਮਾਨ ਹੋਣ 'ਤੇ ਫ਼ਖ਼ਰ ਵੀ ਏ। ਉਹ ਪਾਕ ਪੰਜਾਬੀ ਜਿਸ ਦੀ ਬਣਤਰ ਵਿਚ ਪਾਕਿਸਤਾਨੀ ਸਕਾਫ਼ਤ, ਪਾਕ ਪੰਜਾਬੀ ਦੀਆਂ ਮਜ਼ਬੂਤ ਤੇ ਨਾ ਟੁੱਟਣ ਵਾਲੀਆਂ ਰਿਸ਼ਤਿਆਂ ਦੀ ਵਜ਼ਾਹਤ ਵੀ ਏ ਤੇ ਰੂਹਾਨੀਅਤ ਬਾਰੇ ਜ਼ੁਬਾਨ ਤੇ ਉਸ ਦੇ ਅਸਰਾਤ ਵੀ।'' (ਪੰਨਾ 15)

ਪਾਕਿਸਤਾਨ ਪੰਜਾਬੀ ਜ਼ੁਬਾਨ ਤਹਿਜ਼ੀਬ (ਸਭਿਅਤਾ) ਅਤੇ ਸਕਾਫ਼ਤ (ਸਭਿਆਚਾਰ) ਦਾ ਤਸੱਵੁਰ ਆਪਣੇ ਆਪ ਵਿਚ ਬਹੁਤ ਚੰਗਾ ਉਦਮ ਹੈ, ਪਰ ਮੁਸ਼ਤਾਕ ਬਾਸਤ ਦੇ ਵਿਚਾਰਾਂ ਤੋਂ ਲਗਦਾ ਹੈ ਕਿ ਉਸ ਦੀ ਖ਼ਾਹਿਸ਼ ਭਾਰਤ ਦੇ ਹਿੰਦੂਆਂ ਤੇ ਸਿੱਖਾਂ ਨਾਲ ਨਫ਼ਰਤ ਕੀਤੇ ਬਿਨਾਂ ਪੂਰੀ ਨਹੀਂ ਹੋ ਸਕਦੀ। ਉਸ ਦੇ ਲਫ਼ਜ਼ਾਂ ਵਿਚ ''ਪਾਕਿਸਤਾਨੀ ਪੰਜਾਬ ਦਾ ਸਕਾਫ਼ਤੀ (ਸਭਿਆਚਾਰਕ) ਤੇ ਤਹਿਜ਼ੀਬੀ ਸਰਚਸ਼ਮਾ ਅਰਬ ਤੇ ਫਰਾਂਸ ਹੈ।'' ਉਸ ਅਨੁਸਾਰ ਪਾਕਿਸਤਾਨ ਦੀ ਨਵੀਂ ਨਸਲ ਗੁਰਮੁਖੀ ਲਿਪੀ ਬਾਰੇ ਕੁਝ ਵੀ ਜਾਣਨਾ ਨਹੀਂ ਚਾਹੁੰਦੀ। ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਧਰਮ ਜਾਂ ਮਜ਼ਹਬ ਨਾਲ ਜੋੜਨ ਦੀ ਰੁਚੀ ਪੰਜਾਬ ਯੂਨੀਵਰਸਿਟੀ ਨਾਲ ਜੁੜੇ ਵਿਦਵਾਨਾਂ ਦੀਆਂ ਲਿਖਤਾਂ ਵਿਚ ਵੀ ਵੇਖੀ ਜਾ ਸਕਦੀ ਹੈ। ਡਾ. ਵਹੀਦ ਕੁਰੈਸ਼ੀ ਜੋ ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਸੀਨੀਅਰ ਪ੍ਰੋਫ਼ੈਸਰ ਅਤੇ ਫ਼ੈਕਲਟੀ ਆਫ਼ ਇਸਲਾਮਿਕ ਐਂਡ ਔਰੀਐਂਟਲ ਲਰਨਿੰਗ ਦੇ ਡੀਨ ਵੀ ਰਹਿ ਚੁੱਕੇ ਹਨ, 1969 ਵਿਚ ਛਪੀ ਆਪਣੀ ਪੁਸਤਕ 'ਔਰਟੀਐਂਟਲ ਸਟੱਡੀਜ਼' ਵਿਚ ਪੰਜਾਬੀ ਜ਼ੁਬਾਨ ਤੇ ਸਾਹਿਤ ਦਾ ਸਰਵੇਖਣ ਕਰਦਿਆਂ ਦੋ ਪ੍ਰਕਾਰ ਦੀ ਪੰਜਾਬੀ ਜ਼ੁਬਾਨ ਦਾ ਜ਼ਿਕਰ ਕਰਦੇ ਹਨ। ਪਾਕਿਸਤਾਨ ਵਿਚਲੀ ਫ਼ਾਰਸੀ ਪ੍ਰਭਾਵਤ ਪੰਜਾਬੀ ਨੂੰ ਉਹ 'ਮੁਸਲਿਮ ਪੰਜਾਬੀ' ਅਤੇ ਭਾਰਤ ਦੀ ਸੰਸਕ੍ਰਿਤ ਰੂਪ ਵਾਲੀ ਪੰਜਾਬੀ ਨੂੰ 'ਸਿੱਖੀ ਪੰਜਾਬੀ' ਦਾ ਨਾਂ ਦਿੰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਪੰਜਾਬੀ 'ਗੁਰੂ ਗ੍ਰੰਥ ਸਾਹਿਬ' ਦੀ ਪਵਿੱਤਰ ਜ਼ੁਬਾਨ ਹੈ, ਇਸ ਲਈ ਸਿੱਖਾਂ ਨੇ ਸਿੱਖੀ ਪੰਜਾਬੀ ਬਾਰੇ ਕਾਫ਼ੀ ਦਿਲਚਸਪੀ ਵਿਖਾਈ ਹੈ। ਉਹ ਇਹ ਵੀ ਲਿਖਦੇ ਹਨ ਕਿ ਗੁਰਬਾਣੀ ਨੂੰ ਸੁਰੱਖਿਅਤ ਰੱਖਣ ਲਈ ਗੁਰਮੁਖੀ ਲਿਪੀ ਨੂੰ ਵੀ ਗੁਰੂ ਅਰਜਨ ਦੇਵ ਨੇ ਬਣਾਇਆ। ਆਪਣੇ ਲੇਖ ਵਿਚ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ ਹੋਏ ਬਹੁਤ ਸਾਰੇ ਮੁਸਲਮਾਨ ਕਵੀਆਂ ਦਾ ਜ਼ਿਕਰ ਕੀਤਾ ਹੈ ਪਰ ਸ਼ਾਹ ਮੁਹੰਮਦ ਤੇ ਉਸ ਦੀ ਰਚਨਾ 'ਜੰਗ ਸਿੰਘਾਂ ਤੇ ਫ਼ਰੰਗੀਆਂ' ਬਾਰੇ ਚੁੱਪ ਹਨ। ਅਜਿਹਾ ਸ਼ਾਇਦ ਇਸ ਲਈ ਹੈ ਕਿ ਉਹ ਸਮਝਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਮੁਸਲਮਾਨ ਖ਼ੁਸ਼ ਨਹੀਂ ਸਨ ਪਰ ਸ਼ਾਹ ਮੁਹੰਮਦ ਉਸ ਦੀ ਪ੍ਰਸ਼ੰਸਾ ਕਰਦਾ ਹੈ।

ਬਾਕੀ ਸਫ਼ਾ 21 'ਤੇ

# ਬੱਚਿਆਂ ਦੀ ਭਾਸ਼ਾ ਅਤੇ ਬਚਕਾਨੀ ਭਾਸ਼ਾ ਨੀਤੀ

ਸ਼ਿਰਾਜ਼ ਹਸਨ
ਪਾਕਿਸਤਾਨੀ ਪੱਤਰਕਾਰ

ਪਿਛਲੇ ਕੁਝ ਹਫ਼ਤਿਆਂ ਵਿਚ ਮੈਂ ਪਾਕਿਸਤਾਨੀ ਪੰਜਾਬ ਦੇ ਕਈ ਹਿੱਸਿਆਂ ਵਿਚ ਛੋਟੇ-ਛੋਟੇ ਬੱਚਿਆਂ ਨੂੰ ਮਿਲਿਆ। ਤਿੰਨ ਤੋਂ ਪੰਜ ਸਾਲ ਦੇ ਇਹ ਬੱਚੇ ਕੁਝ ਤਾਂ ਦੋਸਤਾਂ ਦੇ ਸਨ ਅਤੇ ਕੁਝ ਰਿਸ਼ਤੇਦਾਰਾਂ ਦੇ। ਮੈਨੂੰ ਹੈਰਾਨੀ ਹੋਈ ਕਿ ਉਹ ਪੰਜਾਬੀ ਦੇ ਕਈ ਵਾਕ ਬੋਲ ਰਹੇ ਸਨ। ਹਾਲਾਂਕਿ, ਪੰਜਾਬੀ ਪਾਕਿਸਤਾਨ ਦੀ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਪੰਜਾਬ ਦੇ ਲੋਕ, ਖ਼ਾਸ ਕਰ ਕੇ ਸ਼ਹਿਰੀ ਇਲਾਕਿਆਂ ਦੇ ਲੋਕ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬੱਚੇ ਆਪਣੀ ਮਾਂ ਬੋਲੀ ਵਿਚ ਗੱਲ ਕਰਨ। ਪਰ ਬੱਚੇ ਤਾਂ ਬੱਚੇ ਹਨ, ਉਹ ਹਮੇਸ਼ਾ ਨਵੀਆਂ ਚੀਜ਼ਾਂ ਸਿੱਖਣ ਦਾ ਤਰੀਕਾ ਲੱਭ ਹੀ ਲੈਂਦੇ ਹਨ। ਉਹ ਆਪਣੇ ਆਂਢ-ਗੁਆਂਢ ਦੇ ਲੋਕਾਂ ਅਤੇ ਆਪਣੇ ਘਰ ਵਾਲਿਆਂ ਨੂੰ ਦੇਖ-ਸੁਣ ਕੇ, ਉਨ੍ਹਾਂ ਦੀ ਨਕਲ ਕਰ ਕੇ ਬਿਨਾਂ ਕਿਸੇ ਮਿਹਨਤ ਦੇ ਪੰਜਾਬੀ ਸਿੱਖ ਲੈਂਦੇ ਹਨ। ਆਖ਼ਰ ਮਾਂ ਬੋਲੀ ਦੀ ਇਹੀ ਤਾਂ ਖ਼ੂਬਸੂਰਤੀ ਹੁੰਦੀ ਹੈ। ਏਹੀ ਬੱਚੇ ਜਦੋਂ ਸਕੂਲ ਜਾਂਦੇ ਹਨ, ਤਾਂ ਉਥੇ ਉਨ੍ਹਾਂ ਨੂੰ ਦੋ ਨਵੀਆਂ ਭਾਸ਼ਾਵਾਂ ਦੇ ਅਨੁਭਵ ਵਿਚੋਂ ਲੰਘਣਾ ਪੈਂਦਾ ਹੈ - ਅੰਗਰੇਜ਼ੀ ਅਤੇ ਉਰਦੂ। ਇਸ ਤੋਂ ਇਲਾਵਾ, ਪਾਕਿਸਤਾਨੀ ਸਮਾਜ ਵਿਚ ਕੁਰਾਨ ਦੇ ਪਾਠ ਨੂੰ ਵੀ ਜ਼ਰੂਰੀ ਮੰਨਿਆ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਅਰਬੀ ਵੀ ਸਿੱਖਣੀ ਪੈਂਦੀ ਹੈ। ਪੰਜਾਬ ਦਾ ਇਕ ਔਸਤ ਬੱਚਾ ਇਕੋ ਵਾਰ ਚਾਰ ਭਾਸ਼ਾਵਾਂ ਸਿੱਖਦਾ ਹੈ। ਇਸ ਤੋਂ ਇਲਾਵਾ ਉਸ ਨੇ ਬਾਕੀ ਸਾਰੇ ਵਿਸ਼ਿਆਂ ਦੀ ਪੜ੍ਹਾਈ ਵੀ ਉਰਦੂ ਅਤੇ ਅੰਗਰੇਜ਼ੀ ਮਾਧਿਅਮ ਰਾਹੀਂ ਕਰਨੀ ਹੁੰਦੀ ਹੈ। ਹਾਲਾਂਕਿ, ਮੰਨਿਆ ਇਹ ਜਾਂਦਾ ਹੈ ਕਿ ਬੱਚੇ ਨੂੰ ਜੇਕਰ ਚੰਗੀ ਤਰ੍ਹਾਂ ਸਿਖਾਉਣਾ ਹੈ ਤਾਂ ਵਧੀਆ ਹੈ ਕਿ ਉਸ ਨੂੰ ਮੁਢਲੀਆਂ ਕਲਾਸਾਂ ਵਿਚ ਆਪਣੀ ਮਾਂ ਬੋਲੀ ਵਿਚ ਸਿਖਾਇਆ ਜਾਵੇ।

ਧਾਰਨਾ ਇਹ ਹੁੰਦੀ ਹੈ ਕਿ ਮਾਂ ਬੋਲੀ ਰਾਹੀਂ ਪੜ੍ਹਨ ਵਾਲੇ ਬੱਚੇ ਜ਼ਿਆਦਾ ਤੇਜ਼ੀ ਨਾਲ ਅਤੇ ਜ਼ਿਆਦਾ ਚੰਗੇ ਢੰਗ ਨਾਲ ਸਿੱਖਦੇ ਹਨ। ਤਿੰਨ ਸਾਲ ਦੇ ਬੱਚੇ ਦਾ ਦਾਖ਼ਲਾ ਜਦੋਂ ਨਰਸਰੀ ਕਲਾਸ ਵਿਚ ਹੁੰਦਾ ਹੈ ਤਾਂ ਉਥੇ ਜਾ ਕੇ ਉਹ ਤਸਵੀਰ ਦੇਖ ਕੇ ਅਸਾਨੀ ਨਾਲ ਸਮਝ ਜਾਂਦਾ ਹੈ ਕਿ ਇਹ 'ਕੁਕੜੀ' ਹੈ, ਪਰ ਪਾਕਿਸਤਾਨ ਵਿਚ ਉਸ ਦੀਆਂ ਕਿਤਾਬਾਂ ਕਹਿੰਦੀਆਂ ਹਨ ਕਿ 'ਨਹੀਂ, ਇਹ ਮੁਰਗੀ ਹੈ'। ਪਾਕਿਸਤਾਨ ਵਿਚ ਜੇਕਰ ਕੋਈ ਬੱਚਾ ਪੰਜਾਬੀ ਵਿਚ ਗੱਲ ਕਰਦਾ ਹੈ ਤਾਂ ਉਸ ਨੂੰ ਅਨਪੜ੍ਹ ਜਾਂ ਅਸਭਿਅਕ ਮੰਨ ਲਿਆ ਜਾਂਦਾ ਹੈ। ਇਸ ਲਈ ਮਾਪੇ ਵੀ ਇਹੀ ਚਾਹੁੰਦੇ ਹਨ ਕਿ ਉਹ ਕਿਸੇ ਤਰ੍ਹਾਂ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਣ। ਹੁਣ ਇਸ ਲਈ ਮਾਪਿਆਂ ਨੂੰ ਬਹੁਤ ਜ਼ਿਆਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਤਿੰਨ ਸਾਲ ਦਾ ਬੱਚਾ ਜੇਕਰ ਸਕੂਲ ਜਾ ਕੇ ਪੰਜਾਬੀ ਵਿਚ ਬੋਲਦਾ ਹੈ ਤਾਂ ਉਸ ਦੀ ਅਧਿਆਪਕਾ ਉਸ ਨੂੰ ਜਾਹਿਲ ਹੀ ਕਹਿੰਦੀ ਹੈ। ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਉਸ ਛੋਟੇ ਜਿਹੇ ਬੱਚੇ ਦੇ ਦਿਮਾਗ਼ ਨੂੰ ਇਸ ਕਾਰਨ ਕਿਸ ਤਰ੍ਹਾਂ ਦੀ ਪੀੜ ਵਿਚੋਂ ਲੰਘਣਾ ਪੈਂਦਾ ਹੋਵੇਗਾ। ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਦੇ ਹਨ।

ਨਤੀਜਾ ਇਹ ਹੈ ਕਿ ਮਾਂ ਬੋਲੀ ਦੀ ਬਲੀ ਚੜ੍ਹਾ ਦਿੱਤੀ ਜਾਂਦੀ ਹੈ। ਇਥੇ ਇਕ ਜ਼ੋਰਦਾਰ ਤਰਕ ਦਿੱਤਾ ਜਾ ਸਕਦਾ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਵਿਚ ਗੱਲ ਨਾ ਕਰਨ ਦੇਣਾ ਦਰਅਸਲ ਮਾਂ ਦਾ ਅਪਮਾਨ ਕਰਨਾ ਹੈ। ਪਰ ਇਹ ਮਹਿਜ਼ ਇਕ ਖੋਖਲਾ ਨਾਅਰਾ ਹੈ। ਲੋਕਾਂ ਦੀ ਮਾਨਸਿਕਤਾ ਬਣ ਚੁੱਕੀ ਹੈ ਕਿ ਅਸਲ ਜ਼ਿੰਦਗੀ ਵਿਚ ਪੰਜਾਬੀ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਉਣ ਵਾਲੀ। ਕਰੀਅਰ ਦੇ ਹਿਸਾਬ ਨਾਲ ਅੰਗਰੇਜ਼ੀ ਅਤੇ ਉਰਦੂ ਦੀ ਸਿਖਿਆ ਹੀ ਉਨ੍ਹਾਂ ਲਈ ਬਹੁਤ ਜ਼ਰੂਰੀ ਹੈ। ਵਿਹਾਰਿਕ ਤੌਰ 'ਤੇ ਦੇਖਿਆ ਜਾਵੇ ਤਾਂ ਇਹ ਗੱਲ ਸਹੀ ਲੱਗਦੀ ਹੈ, ਪਰ ਇਹ ਦਰੁਸਤ ਨਹੀਂ ਹੈ। ਸਾਫ਼ ਗੱਲ ਹੈ ਕਿ ਸਾਡੇ ਸਮਾਜ ਵਿਚ ਪੰਜਾਬੀ ਦੇ ਖ਼ਿਲਾਫ਼ ਇਹ ਭੇਦਭਾਵ ਕੋਈ ਨਵੀਂ ਚੀਜ਼ ਨਹੀਂ ਹੈ। ਇਹ ਸਿਲਸਿਲਾ ਤਾਂ ਪੰਜਾਬ ਵਿਚ ਸਿੱਖ ਰਾਜ ਦੀ ਸਮਾਪਤੀ ਤੋਂ ਬਾਅਦ ਬ੍ਰਿਟਿਸ਼ ਦੌਰ ਆਉਂਦਿਆਂ ਹੀ ਸ਼ੁਰੂ ਹੋ ਗਿਆ ਸੀ। ਬਾਅਦ ਵਿਚ ਕਿਸੇ ਨਾ ਕਿਸੇ ਰੂਪ ਵਿਚ ਇਹ ਮੰਨ ਲਿਆ ਗਿਆ ਕਿ ਉਰਦੂ ਮੁਸਲਮਾਨਾਂ ਦੀ ਭਾਸ਼ਾ ਹੈ, ਹਿੰਦੀ ਹਿੰਦੂਆਂ ਦੀ ਅਤੇ ਪੰਜਾਬੀ ਸਿੱਖਾਂ ਦੀ। ਅਤਿ ਸਰਲੀਕਰਨ ਵਾਲੇ ਇਸ ਫ਼ਾਰਮੂਲੇ ਨਾਲ ਨਾ ਸਿਰਫ਼ ਇਸ ਖੇਤਰ ਦਾ ਬਟਵਾਰਾ ਹੋਇਆ, ਬਲਕਿ ਭਾਸ਼ਾਵਾਂ ਵੀ ਇਸੇ ਅਧਾਰ 'ਤੇ ਵੰਡ ਦਿੱਤੀਆਂ ਗਈਆਂ।

ਹੁਣ ਸਿਰਫ਼ ਭਾਰਤੀ ਪੰਜਾਬ ਵਿਚ ਹੀ ਪੰਜਾਬੀ ਦੀ ਹਰ ਥਾਂ ਲਗਾਤਾਰ ਵਰਤੋਂ ਹੁੰਦੀ ਹੈ - ਸੜਕਾਂ 'ਤੇ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਅਤੇ ਸਰਕਾਰੀ ਦਫ਼ਤਰਾਂ ਵਿਚ ਵੀ। ਇਹੀ ਕਾਰਨ ਹੈ ਕਿ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਹਿਬਾਜ਼ ਸ਼ਰੀਫ਼ ਭਾਰਤੀ ਪੰਜਾਬ ਵਿਚ ਜਾਂਦੇ ਹਨ ਤਾਂ ਉਥੇ ਪੰਜਾਬੀ ਵਿਚ ਭਾਸ਼ਣ ਦਿੰਦੇ ਹਨ, ਤਾਂ ਕਿ ਲੋਕਾਂ ਦਾ ਦਿਲ ਜਿੱਤ ਸਕਣ। ਪਰ ਮੈਂ ਕਦੇ ਆਪਣੇ ਕਿਸੇ ਮੁੱਖ ਮੰਤਰੀ ਨੂੰ ਗੁਜਰਾਂਵਾਲਾ, ਫੈਸਲਾਬਾਦ ਜਾਂ ਪਾਕਿਸਤਾਨੀ ਪੰਜਾਬ ਦੇ ਕਿਸੇ ਹੋਰ ਸ਼ਹਿਰ ਵਿਚ ਪੰਜਾਬੀ ਵਿਚ ਭਾਸ਼ਣ ਦਿੰਦਿਆਂ ਨਹੀਂ ਸੁਣਿਆ। ਇਹੀ ਹੈ, ਜਿਸ ਨੂੰ ਮੈਂ ਪਾਕਿਸਤਾਨ ਦੇ ਪੰਜਾਬੀਆਂ ਦੀ ਹੀਣ ਭਾਵਨਾ ਕਹਿੰਦਾ ਹਾਂ। ਸਾਫ਼ ਹੈ ਕਿ ਪਾਕਿਸਤਾਨ ਦੇ ਪੰਜਾਬੀ ਕਿਸੇ ਭਰਮ ਵਿਚ ਜੀਅ ਰਹੇ ਹਨ। ਇਹ ਕੌੜਾ ਸੱਚ ਹੈ ਕਿ ਪੰਜਾਬੀ ਹੀ ਆਪਣੀ ਭਾਸ਼ਾ ਨੂੰ ਲਗਾਤਾਰ ਤਬਾਹ ਕਰ ਰਹੇ ਹਨ, ਕਿਉਂਕਿ ਉਹ ਇਸ ਨੂੰ ਆਪਣਾ ਮੰਨਦੇ ਹੀ ਨਹੀਂ। ਇਹ ਪਾਕਿਸਤਾਨ ਦੀ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਇਸ ਨੂੰ ਕਿਸੇ ਸਕੂਲ ਵਿਚ ਪੜ੍ਹਾਇਆ ਨਹੀਂ ਜਾਂਦਾ। ਪੂਰੇ ਪੰਜਾਬ ਵਿਚ ਤੁਹਾਨੂੰ ਪੰਜਾਬੀ ਦਾ ਕੋਈ ਸਾਈਨ ਬੋਰਡ ਨਹੀਂ ਮਿਲੇਗਾ ਬਸ ਇਕ 'ਬਿੱਲੇ ਦੀ ਹੱਟੀ' ਨੂੰ ਛੱਡ ਕੇ, ਜਿਸ ਦੇ ਸਾਈਨ ਬੋਰਡ ਪੰਜਾਬ ਦੇ ਕਈ ਸ਼ਹਿਰਾਂ ਵਿਚ ਦਿੱਖ ਜਾਂਦੇ ਹਨ।

ਮੈਨੂੰ ਲਗਦਾ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਦਾ ਭਵਿੱਖ ਜ਼ਰਾ ਜਿੰਨਾ ਵੀ ਉੱਜਲ ਨਹੀਂ ਹੈ। ਅਜੀਬ ਗੱਲ ਇਹ ਹੈ ਕਿ ਪੰਜਾਬੀਆਂ ਦੇ ਨਾ ਚਾਹੁਣ ਦੇ ਬਾਵਜੂਦ ਇਕ ਹੋਰ ਚੀਜ਼ ਇਸ ਦੌਰਾਨ ਹੋ ਰਹੀ ਹੈ। ਇਕ ਹੋਰ ਤਰੀਕੇ ਨਾਲ ਪੰਜਾਬੀ ਹਰਮਨ ਪਿਆਰੀ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਹੈ, ਪਾਕਿਸਤਾਨੀ ਟੈਲੀਵਿਜ਼ਨ 'ਤੇ ਦਿਖਾਇਆ ਜਾਣ ਵਾਲਾ ਪ੍ਰੋਗਰਾਮ ਕੋਕ-ਸਟੂਡੀਓ-ਪਾਕਿਸਤਾਨ। ਮੈਂ ਪੱਕੇ ਤੌਰ 'ਤੇ ਕਹਿ ਸਕਦਾ ਹਾਂ ਕਿ ਹਰ ਪਾਕਿਸਤਾਨੀ ਨੇ ਕੋਕ ਸਟੂਡੀਓ ਦੇ ਇਕ ਅੱਧੇ ਪ੍ਰੋਗਰਾਮ ਤਾਂ ਜ਼ਰੂਰ ਦੇਖੇ ਹੋਣਗੇ। ਇਸ ਵਿਚ ਕਈ ਗਾਇਕ ਬਾਬਾ ਬੁੱਲੇ ਸ਼ਾਹ ਅਤੇ ਸੁਲਤਾਨ ਬਾਹੂ ਦੇ ਕਲਾਮ ਗਾਉਂਦੇ ਦਿਸ ਜਾਂਦੇ ਹਨ। ਚਾਹੇ ਉਹ ਬੁੱਲ੍ਹੇ ਸ਼ਾਹ ਹੋਵੇ ਜਾਂ ਪੰਜਾਬ ਦੇ ਕੋਈ ਹੋਰ ਸੂਫ਼ੀ ਕਵੀ, ਅੱਜਕਲ੍ਹ ਉਨ੍ਹਾਂ ਨਾਲ ਜੁੜੇ ਸੰਗੀਤ ਦਾ ਪੂਰੇ ਉਤਸ਼ਾਹ ਨਾਲ ਜ਼ਿਕਰ ਕਰਨ ਦਾ ਪਾਕਿਸਤਾਨ ਵਿਚ ਫ਼ੈਸ਼ਨ ਚਲ ਪਿਆ ਹੈ। ਹੁਣ ਅਸੀਂ ਬੜੇ ਸ਼ੌਕ ਨਾਲ ਉਸ ਪੰਜਾਬੀ ਸੰਗੀਤ ਨੂੰ ਸੁਣਦੇ ਅਤੇ ਇਕ ਦੂਜੇ ਨੂੰ ਸੁਣਾਉਂਦੇ ਹਾਂ, ਜਿਸ ਵਿਚ ਪੰਜਾਬ ਦੀ ਧਰਮ ਨਿਰਪੱਖ ਅਤੇ ਉਦਾਰ ਸਭਿਅਤਾ ਦੀ ਝਲਕ ਹੈ। ਕਈ ਲੋਕਾਂ ਨੂੰ ਤਾਂ ਬਾਬਾ ਬੁਲ੍ਹੇ ਸ਼ਾਹ ਅਤੇ ਪੰਜਾਬੀ ਸੂਫ਼ੀ ਸੰਗੀਤ ਦਾ ਪਤਾ ਹੀ ਕੋਕ ਸਟੂਡੀਓ ਤੋਂ ਲੱਗਾ ਹੈ।

ਮੈਨੂੰ ਇਹ ਬਹੁਤ ਤਰਾਸਦੀ ਭਰਿਆ ਲਗਦਾ ਹੈ ਕਿ ਮੈਂ ਇਕ ਵੱਡੀ ਕਾਰਪੋਰੇਟ ਕੰਪਨੀ ਦਾ ਇਸ ਲਈ ਸ਼ੁਕਰੀਆ ਕਰਾਂ ਕਿ ਉਸ ਨੇ ਪੰਜਾਬੀ ਦੀ ਦੁਨੀਆ ਨਾਲ ਸਾਡੀ ਪਛਾਣ ਕਰਾਈ ਹੈ। ਇਹ ਵੀ ਉਸ ਸਮੇਂ ਜਦੋਂ ਅਸੀਂ ਇਸ ਭਾਸ਼ਾ ਨਾਲ ਨਫ਼ਰਤ ਕਰਦੇ ਹਾਂ। ਆਪਣੇ ਸਮਾਜ ਦੇ ਇਸ ਅੰਤਰ ਵਿਰੋਧ ਨੂੰ ਲੈ ਕੇ ਮੈਂ ਕਾਫ਼ੀ ਪ੍ਰੇਸ਼ਾਨ ਵੀ ਹਾਂ ਪਰ ਪਿਛਲੇ ਦਿਨੀਂ ਮੈਨੂੰ ਉਮੀਦ ਦੀ ਇਕ ਕਿਰਨ ਉਸ ਸਮੇਂ ਦਿਖਾਈ ਦਿੱਤੀ ਜਿਸ ਬਾਰੇ ਮੈਂ ਸੋਚਿਆ ਵੀ ਨਹੀਂ ਸੀ। ਮੇਰੇ ਇਕ ਦੋਸਤ ਨੇ ਹਾਲ ਹੀ ਵਿਚ ਕਰਾਚੀ ਤੋਂ ਲਾਹੌਰ ਵਿਚ ਆ ਕੇ ਰਹਿਣਾ ਸ਼ੁਰੂ ਕੀਤਾ ਹੈ। ਉਨ੍ਹਾਂ ਦਾ ਸ਼ਿਕਾਇਤ ਸੀ ਕਿ 'ਇਥੇ ਹਰ ਕੋਈ ਪੰਜਾਬੀ ਵਿਚ ਹੀ ਕਿਉਂ ਬੋਲਦਾ ਹੈ?' ਮੈਂ ਰਿਕਸ਼ੇ ਵਾਲੇ ਨਾਲ ਗੱਲ ਕਰਾਂ, ਦੁਕਾਨਦਾਰ ਨਾਲ ਗੱਲ ਕਰਾ, ਜਾਂ ਕਿਸੇ ਹੋਰ ਨਾਲ ਗੱਲ ਕਰਾਂ, ਹਰ ਕੋਈ ਪੰਜਾਬੀ ਵਿਚ ਹੀ ਜਵਾਬ ਕਿਉਂ ਦਿੰਦਾ ਹੈ? ਇਹ ਅਹਿਸਾਸ ਬਹੁਤ ਚੰਗਾ ਸੀ, ਲੱਗਿਆ ਕਿ ਪਾਕਿਸਤਾਨ ਦੇ ਪੰਜਾਬੀਆਂ ਨੇ ਅਜੇ ਆਪਣੀ ਮਾਂ ਬੋਲੀ ਨੂੰ ਪੂਰੀ ਤਰ੍ਹਾਂ ਅਲਵਿਦਾ ਨਹੀਂ ਕਿਹਾ। ਕਿੰਨੀ ਰਾਹਤ ਦੀ ਗੱਲ ਹੈ ਕਿ ਪੰਜਾਬ ਵਿਚ ਆਉਣ ਵਾਲੇ ਕਿਸੇ ਨੂੰ ਇਹ ਮਹਿਸੂਸ ਹੋਇਆ ਕਿ ਪਾਕਿਸਤਾਨ ਦੇ ਪੰਜਾਬ ਦੀ ਭਾਸ਼ਾ ਪੰਜਾਬੀ ਹੈ।



# ਮਾਂ ਬੋਲੀ ਬੋਲਣ 'ਚ ਸ਼ਰਮ ਕਿਉਂ?

ਮੀਨਾ ਤ੍ਰਿਵੇਦੀ

*ਲਿਬਨਾਨ ਵਿਚ ਜਵਾਨ ਹੋਈ ਸੁਜ਼ੈਨ ਟਾਲਹਕ ਸਮਾਜਕ ਕਾਰਕੁੰਨ ਅਤੇ ਸ਼ਾਇਰਾ ਹੈ। ਉਸ ਨੇ ਅਰਬੀ ਭਾਸ਼ਾ ਨੂੰ ਬਚਾਉਣ ਲਈ ਮੁਹਿੰਮ ਚਲਾਈ ਹੈ। ਉਸ ਨੇ ਫੀਲ ਅਮੇਰ ਨਾਮ ਦੀ ਸੰਸਥਾ ਬਣਾਈ ਹੋਈ ਹੈ, ਜਿਹੜੀ ਕਿ ਲਿਬਨਾਨ ਦੇ ਲੋਕਾਂ ਨੂੰ ਅਰਬੀ ਭਾਸ਼ਾ ਸਬੰਧੀ ਜਾਗਰੂਕ ਕਰਦੀ ਹੈ। ਪੇਸ਼ ਹਨ ਉਸ ਦੇ ਇਕ ਭਾਸ਼ਣ ਦੇ ਕੁਝ ਅੰਸ਼ :-*

**ਵੇਟਰ ਦਾ ਵਿਹਾਰ :-**

ਕੁਝ ਦਿਨ ਪਹਿਲਾਂ ਦੀ ਗੱਲ ਹੈ। ਮੈਂ ਇਕ ਰੈਸਟੋਰੈਂਟ ਵਿਚ ਆਪਣੀ ਦੋਸਤ ਨਾਲ ਬੈਠੀ ਸੀ। ਮੈਂ ਵੇਟਰ ਨੂੰ ਬੁਲਾਇਆ ਅਤੇ ਅਰਬੀ ਭਾਸ਼ਾ ਵਿਚ ਉਸ ਨੂੰ ਮੈਨਿਊ ਕਾਰਡ ਲਿਆਉਣ ਲਈ ਕਿਹਾ। ਵੇਟਰ ਨੇ ਮੈਨੂੰ ਇਸ ਤਰ੍ਹਾਂ ਘੂਰ ਕੇ ਵੇਖਿਆ ਜਿਵੇਂ ਮੈਂ ਕੁਝ ਗ਼ਲਤ ਕਹਿ ਦਿੱਤਾ ਹੋਵੇ। ਉਸ ਨੇ ਅੰਗਰੇਜ਼ੀ ਵਿਚ 'ਸੌਰੀ' ਕਿਹਾ। ਮੈਂ ਫਿਰ ਅਰਬੀ ਭਾਸ਼ਾ ਵਿਚ ਵੇਟਰ ਨੂੰ ਉਹ ਕਾਰਡ ਲਿਆਉਣ ਲਈ ਕਿਹਾ, ਜਿਸ ਵਿਚ ਉਥੇ ਖਾਣ ਪੀਣ ਦੀਆਂ ਚੀਜ਼ਾਂ ਦਾ ਬਿਊਰਾ ਹੁੰਦਾ ਹੈ। ਇਸ ਵਾਰ ਵੇਟਰ ਨਾਰਾਜ਼ ਹੋ ਗਿਆ। ਉਸ ਨੇ ਕਿਹਾ- "ਤੁਹਾਨੂੰ ਪਤਾ ਨਹੀਂ ਇਸ ਨੂੰ ਅੰਗਰੇਜ਼ੀ ਵਿਚ 'ਮੈਨਿਊ' ਕਹਿੰਦੇ ਹਨ? ਅੱਗੇ ਤੋਂ ਧਿਆਨ ਰੱਖਣਾ।" ਉਸ ਦੇ ਵਿਹਾਰ ਤੋਂ ਸਾਫ਼ ਝਲਕ ਰਿਹਾ ਸੀ ਕਿ ਉਸ ਨੂੰ ਮੇਰਾ ਅਰਬੀ ਭਾਸ਼ਾ ਵਿਚ ਗੱਲ ਕਰਨਾ ਪਸੰਦ ਨਹੀਂ ਸੀ ਆਇਆ। ਸ਼ਾਇਦ ਉਸ ਦੀਆਂ ਨਜ਼ਰਾਂ ਵਿਚ ਮੈਂ ਬੇਹੱਦ ਪੱਛੜੀ ਹੋਈ ਅਤੇ ਅਨਪੜ੍ਹ ਔਰਤ ਸਾਂ। ਮੈਨੂੰ ਵੇਟਰ ਦਾ ਵਿਹਾਰ ਚੰਗਾ ਨਹੀਂ ਲੱਗਿਆ। ਮੇਰੇ ਮਨ ਵਿਚ ਸਵਾਲ ਉਠਿਆ- ਜੇਕਰ ਮੈਂ ਆਪਣੇ ਹੀ ਦੇਸ਼ ਵਿਚ ਆਪਣੀ ਮਾਂ ਬੋਲੀ ਨਹੀਂ ਬੋਲ ਸਕਦੀ ਤਾਂ ਕਿਥੇ ਬੋਲਾਂਗੀ? ਕੀ ਖ਼ੁਦ ਨੂੰ ਮਾਡਰਨ ਦਿਖਾਉਣ ਲਈ ਅੰਗਰੇਜ਼ੀ ਬੋਲਣਾ ਜ਼ਰੂਰੀ ਹੈ? ਤਾਂ ਕੀ ਆਧੁਨਿਕ ਸਮਾਜ ਵਿਚ ਸ਼ਾਮਲ ਹੋਣ ਲਈ ਮੈਂ ਆਪਣਾ ਸਭਿਆਚਾ ਅਤੇ ਭਾਸ਼ਾ ਭੁੱਲ ਜਾਵਾਂ? ਜੇਕਰ ਮੇਰੇ ਦੇਸ਼ ਦੇ ਸਾਰੇ ਲੋਕ ਹੀ ਅਜਿਹਾ ਕਰਨ ਲੱਗੇ ਤਾਂ ਕੀ ਹੋਵੇਗਾ? ਉਹ ਤਾਂ ਆਪਣੀਆਂ ਜੜ੍ਹਾਂ ਦੂਰ ਹੋ ਜਾਣਗੇ। ਕੀ ਖ਼ੁਦ ਨੂੰ ਸਭਿਅਕ ਅਤੇ ਆਧੁਨਿਕ ਸਾਬਤ ਕਰਨ ਲਈ ਸਾਨੂੰ ਐਨੀ ਵੱਡੀ ਕੀਮਤ ਦੇਣੀ ਪਵੇਗੀ? ਸਾਡੇ ਜੀਵਨ ਵਿਚ ਬਚਪਨ ਦੀਆਂ ਯਾਦਾਂ ਸਭ ਤੋਂ ਖ਼ੂਬਸੂਰਤ ਹੁੰਦੀਆਂ ਹਨ, ਤਾਂ ਕੀ ਮੈਂ ਜੋ ਬਚਪਨ ਵਿਚ ਅਰਬੀ 'ਚ ਪੜ੍ਹਿਆ ਅਤੇ ਸੁਣਿਆ ਸੀ, ਹੁਣ ਉਸ ਨੂੰ ਭੁੱਲ ਜਾਵਾਂ?

**ਸਾਰੇ ਸਵਾਲ : -**

ਮਾਂ ਬੋਲੀ ਬਾਰੇ ਸਾਰੇ ਸਵਾਲ ਮੇਰੇ ਮਨ ਨੂੰ ਝੰਜੋੜ ਰਹੇ ਸਨ। ਮੈਂ ਮੰਨਦੀ ਹਾਂ ਕਿ ਅਰਬੀ ਭਾਸ਼ਾ ਅੱਜ ਦੇ ਜ਼ਮਾਨੇ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀ। ਆਧੁਨਿਕ ਖੋਜਾਂ ਅਤੇ ਵਿਗਿਆਨ ਵਿਚ ਇਸ ਭਾਸ਼ਾ ਦੀ ਵਰਤੋਂ ਨਹੀਂ ਹੁੰਦੀ। ਵਿਦੇਸ਼ ਯਾਤਰਾ ਦੌਰਾਨ ਅਸੀਂ ਅਰਬੀ ਨਹੀਂ ਬੋਲ ਸਕਦੇ। ਅਰਬੀ ਬੋਲਣ 'ਤੇ ਏਅਰਪੋਰਟ 'ਤੇ ਸਾਡੇ ਕਪੜੇ ਲੁਹਾਅ ਕੇ ਤਲਾਸ਼ੀ ਹੋ ਸਕਦੀ ਹੈ। ਤਾਂ ਫਿਰ ਅਸੀਂ ਕਦੋਂ ਅਤੇ ਕਿਥੇ ਅਰਬੀ ਵਿਚ ਗੱਲ ਕਰ ਸਕਦੇ ਹਾਂ? ਅਰਬੀ ਸਾਡੀ ਮਾਂ ਬੋਲੀ ਹੈ ਅਤੇ ਮਾਹਰ ਕਹਿੰਦੇ ਹਨ ਕਿ ਕਿਸੇ ਦੂਜੀ ਭਾਸ਼ਾ ਵਿਚ ਮੁਹਾਰਤ ਹਾਸਲ ਕਰਨ ਲਈ ਤੁਹਾਨੂੰ ਆਪਣੀ ਭਾਸ਼ਾ ਦਾ ਚੰਗਾ ਗਿਆਨ ਹੋਣਾ ਚਾਹੀਦਾ ਹੈ। ਜੇਕਰ ਤੁਹਾਨੂੰ ਆਪਣੀ ਮਾਂ ਬੋਲੀ ਦਾ ਗਿਆਨ ਨਹੀਂ ਹੁੰਦਾ ਤਾਂ ਤੁਸੀਂ ਵਿਦੇਸ਼ੀ ਭਾਸ਼ਾ ਕਿਵੇਂ ਬੋਲ ਸਕੋਗੇ? ਮਹਾਨ ਲਿਬਨਾਨੀ ਲੇਖਕ ਅਤੇ ਕਵੀ ਖਲੀਲ ਜਿਬਰਾਨ ਨੇ ਆਪਣੀਆਂ ਲਿਖਤਾਂ ਦੀ ਸ਼ੁਰੂਆਤ ਅਰਬੀ ਭਾਸ਼ਾ ਵਿਚ ਕੀਤੀ ਸੀ ਅਤੇ ਬਾਅਦ ਵਿਚ ਅੰਗਰੇਜ਼ੀ 'ਚ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦੀਆਂ ਲਿਖਤਾਂ, ਕਲਪਨਾਵਾਂ ਅਤੇ ਦਰਸ਼ਨ ਵਿਚ ਤੁਹਾਨੂੰ ਉਨ੍ਹਾਂ ਦੇ ਪਿੰਡ, ਉਥੋਂ ਦੇ ਪਹਾੜਾਂ ਅਤੇ ਉਥੋਂ ਦੇ ਮਾਹੌਲ ਦੀ ਝਲਕ ਮਿਲਦੀ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ ਇਨਸਾਨ ਆਪਣਾ ਸਭਿਆਚਾਰ ਅਤੇ ਸਭਿਅਤਾ ਤੋਂ ਵੱਖ ਹੋ ਕੇ ਚੰਗਾ ਲੇਖਕ ਜਾਂ ਕਲਾਕਾਰ ਨਹੀਂ ਬਣ ਸਕਦਾ।

**ਭਾਸ਼ਾ ਦੀ ਅਹਿਮੀਅਤ :-**

ਦੂਜੀ ਅਹਿਮ ਗੱਲ ਸਾਨੂੰ ਇਤਿਹਾਸ ਤੋਂ ਸਿਖਣ ਨੂੰ ਮਿਲਦੀ ਹੈ ਕਿ ਕਿਸੇ ਦੇਸ਼ ਨੂੰ ਬਰਬਾਦ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਭਾਸ਼ਾ ਨੂੰ ਖ਼ਤਮ ਕਰ ਦਿਉ। ਸ਼ਾਇਦ ਜਰਮਨੀ, ਫਰਾਂਸ, ਜਾਪਾਨ ਅਤੇ ਚੀਨ ਦੇ ਸਮਾਜ ਇਸ ਹਕੀਕਤ ਤੋਂ ਚੰਗੀ ਤਰ੍ਹਾਂ ਵਾਕਿਫ਼ ਸਨ, ਇਸ ਲਈ ਉਨ੍ਹਾਂ ਨੇ ਆਪਣੀ ਮਾਂ ਬੋਲੀ ਨੂੰ ਕਦੇ ਖ਼ਤਮ ਨਹੀਂ ਹੋਣ ਦਿੱਤਾ। ਇਨ੍ਹਾਂ ਦੇਸ਼ਾਂ ਨੇ ਆਪਣੀ ਮਾਂ ਬੋਲੀ ਨੂੰ ਬਚਾਉਣ ਲਈ ਸਾਰੇ ਸੰਭਵ ਉਪਾਅ ਕੀਤੇ। ਇਹ ਦੇਸ਼ ਆਪਣੀ ਭਾਸ਼ਾ ਨੂੰ ਵਿਕਸਤ ਕਰਨ ਅਤੇ ਇਸ ਦੀ ਰੱਖਿਆ ਲਈ ਕਾਫ਼ੀ ਪੈਸਾ ਖ਼ਰਚ ਕਰਦੇ ਹਨ। ਇਹ ਹੀ ਨਹੀਂ ਤੁਰਕੀ ਅਤੇ ਮਲੇਸ਼ੀਆ ਵਰਗੇ ਦੇਸ਼ ਵੀ ਹਨ, ਜਿਨ੍ਹਾਂ ਨੇ ਆਪਣੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਕਾਫ਼ੀ ਮੁਸ਼ੱਕਤ ਕੀਤੀ। ਜੇਕਰ ਮੈਂ ਤੁਹਾਡੇ ਸਾਹਮਣੇ ਆਜ਼ਾਦੀ ਅਤੇ ਪ੍ਰਭੂਸੱਤਾ ਵਰਗੇ ਸ਼ਬਦਾਂ ਦੀ ਵਰਤੋਂ ਕਰਾਂ, ਤਾਂ ਤੁਹਾਡੇ ਮਨ ਵਿਚ ਕਿਹੜਾ ਖ਼ਿਆਲ ਆਉਂਦਾ ਹੈ? ਇਹ ਸ਼ਬਦ ਤੁਹਾਡੇ ਮਨ ਵਿਚ ਇਕ ਭਾਵਨਾ ਪੈਦਾ ਕਰਦੇ ਹਨ। ਇਹ ਸ਼ਬਦ ਸਾਡੇ ਜੀਵਨ ਦੇ ਹਾਲਾਤ ਨੂੰ ਬਿਆਨ ਕਰਦੇ ਹਨ। ਇਹ ਖ਼ਿਆਲ ਸਿਰਫ਼ ਮੂੰਹ ਤੋਂ ਨਿਕਲਣ ਵਾਲੇ ਸ਼ਬਦ ਨਹੀਂ ਹਨ, ਬਲਕਿ ਇਹ ਸਾਡੀ ਮਾਨਸਿਕਤਾ, ਸਾਡੀ ਸਮਝ ਅਤੇ ਸਾਡੀਆਂ ਭਾਵਨਾਵਾਂ ਨੂੰ ਪੇਸ਼ ਕਰਨ ਦਾ ਵਧੀਆ ਤਰੀਕਾ ਹਨ। ਭਾਸ਼ਾ ਸਿਰਫ਼ ਕੁਝ ਸ਼ਬਦ ਨਹੀਂ, ਇਹ ਇਕ ਤਰ੍ਹਾਂ ਦਾ ਵਿਚਾਰ ਹੈ ਜਿਹੜਾ ਦੱਸਦਾ ਹੈ ਕਿ ਅਸੀਂ ਕਿਸ ਤਰ੍ਹਾਂ ਸੋਚਦੇ ਹਾਂ? ਅਸੀਂ ਕਿਸ ਤਰ੍ਹਾਂ ਰਹਿੰਦੇ ਹਾਂ? ਭਾਸ਼ਾ ਸਾਨੂੰ ਇਕ ਦੂਜੇ ਨੂੰ ਸਮਝਣ ਵਿਚ ਮਦਦ ਕਰਦੀ ਹੈ। ਇਹ ਸਾਰਾ ਕੁਝ ਸਿਰਫ਼ ਮਾਂ ਬੋਲੀ ਵਿਚ ਹੀ ਸੰਭਵ ਹੋ ਸਕਦਾ ਹੈ।

**ਸਾਡੀ ਕੋਸ਼ਿਸ਼ :-**

ਅਸੀਂ ਅਰਬੀ ਭਾਸ਼ਾ ਨੂੰ ਬਚਾਉਣ ਲਈ ਕੀ ਕੀਤਾ? ਅਸੀਂ ਇਸ ਮਾਮਲੇ ਨੂੰ ਆਪਣੇ ਦੇਸ਼ ਵਿਚ ਸਿਵਲ ਸੁਸਾਇਟੀ ਰਾਹੀਂ ਇਕ ਵੱਡਾ ਮੁੱਦਾ ਬਣਾਇਆ। ਅਸੀਂ ਆਪਣੀ ਮਾਂ ਬੋਲੀ ਨੂੰ ਬਚਾਉਣ ਲਈ ਮੁਹਿੰਮ ਚਲਾਈ। ਕੁਝ ਲੋਕਾਂ ਨੇ ਸਾਨੂੰ ਕਿਹਾ ਕਿ ਕਿਉਂ ਬੇਕਾਰ ਵਿਚ ਸਮਾਂ ਬਰਬਾਦ ਕਰ ਰਹੇ ਹੋ? ਜਾਓ, ਆਪਣਾ ਕੰਮ ਕਰੋ, ਬੇਕਾਰ ਦੇ ਝੰਜਟ ਵਿਚ ਨਾ ਪਓ ਪਰ ਅਸੀਂ ਡਟੇ ਰਹੇ। ਸਾਡੀ ਪਹਿਲੀ ਮੁਹਿੰਮ ਕਾਫ਼ੀ ਸਫ਼ਲ ਰਹੀ, ਇਸ ਤੋਂ ਬਾਅਦ ਅਸੀਂ ਦੂਜੀ ਮੁਹਿੰਮ ਸ਼ੁਰੂ ਕੀਤੀ। ਅਸੀਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀ ਮਾਂ ਬੋਲੀ ਨੂੰ ਨਸ਼ਟ ਨਾ ਕਰੋ। ਇਹੀ ਸਾਡਾ ਨਾਅਰਾ ਸੀ। ਅਸੀਂ ਲੋਕਾਂ ਨੂੰ ਸਮਝਾਇਆ ਕਿ ਜੇਕਰ ਸਾਡੀ ਮਾਂ ਬੋਲੀ ਖ਼ਤਮ ਹੋ ਗਈ ਤਾਂ ਸਾਡੀ ਪਛਾਣ ਖ਼ਤਮ ਹੋ ਜਾਵੇਗੀ। ਪਛਾਣ ਖ਼ਤਮ ਹੋ ਗਈ ਤਾਂ ਸਾਡੀ ਹੋਂਦ ਹੀ ਸਵਾਲ ਬਣ ਜਾਵੇਗੀ। ਫਿਰ ਅਸੀਂ ਅਰਬੀ ਭਾਸ਼ਾ ਵਿਚ ਨੌਜਵਾਨ ਲੜਕੇ-ਲੜਕੀਆਂ ਦੇ ਪੋਸਟਰ ਫ਼ੋਟੋ ਜਾਰੀ ਕੀਤੇ। ਉਨ੍ਹਾਂ ਪੋਸਟਰਾਂ ਵਿਚ ਅਰਬੀ ਸ਼ਬਦਾਂ ਦੇ ਨਾਲ ਅੰਗਰੇਜ਼ੀ ਸ਼ਬਦ 'ਕੂਲ' ਦੀ ਵਰਤੋਂ ਕੀਤੀ ਗਈ ਸੀ। ਕੁਝ ਲੋਕਾਂ ਨੇ ਕੂਲ ਸ਼ਬਦ ਦਾ ਵਿਰੋਧ ਕੀਤਾ ਸੀ ਕਿਉਂਕਿ ਇਹ ਅੰਗਰੇਜ਼ੀ ਵਿਚ ਸੀ। ਅਸੀਂ ਕਿਹਾ ਕਿ ਅਜਿਹੇ ਅੰਗਰੇਜ਼ੀ ਸ਼ਬਦ, ਜਿਨ੍ਹਾਂ ਨੂੰ ਅਸੀਂ ਆਸਾਨੀ ਨਾਲ ਅਰਬੀ ਬੋਲਚਾਲ ਵਿਚ ਸ਼ਾਮਲ ਕਰ ਸਕਦੇ ਹਾਂ, ਤਾਂ ਉਸ ਵਿਚ ਕੋਈ ਬੁਰਾਈ ਨਹੀਂ ਹੈ। ਜਿਵੇਂ ਇੰਟਰਨੈਟ ਸ਼ਬਦ, ਇਹ ਅੰਗਰੇਜ਼ੀ ਦਾ ਸ਼ਬਦ ਹੈ ਪਰ ਅਸੀਂ ਇਸ ਨੂੰ ਆਸਾਨੀ ਨਾਲ ਬੋਲ ਚਾਲ ਵਿਚ ਸ਼ਾਮਲ ਕਰ ਸਕਦੇ ਹਾਂ। ਨਹੀਂ ਤਾਂ ਇੰਟਰਨੈਟ ਲਈ ਸਾਨੂੰ ਅਜਿਹਾ ਹੀ ਆਸਾਨ ਸ਼ਬਦ ਅਰਬੀ ਭਾਸ਼ਾ ਵਿਚ ਲੱਭਣਾ ਪਵੇਗਾ। ਮੈਨੂੰ ਲਗਦਾ ਹੈ ਕਿ ਜੇਕਰ ਤੁਸੀਂ ਕੁਝ ਰਚਨਾਤਮਕ ਕੰਮ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਮਾਂ ਬੋਲੀ ਹੀ ਵਧੀਆ ਮਾਧਿਅਮ ਹੋ ਸਕਦਾ ਹੈ। ਜਿਵੇਂ, ਜੇਕਰ ਤੁਸੀਂ ਕੋਈ ਲੇਖ ਲਿਖਣਾ ਚਾਹੁੰਦੇ ਹੋ ਜਾਂ ਕੋਈ ਛੋਟੀ ਫ਼ਿਲਮ ਬਣਾਉਣਾ ਚਾਹੁੰਦੇ ਤਾਂ ਆਪਣੀ ਮਾਂ ਬੋਲੀ ਵਿਚ ਕੰਮ ਕਰੋ। ਮਾਂ-ਬੋਲੀ ਵਿਚ ਕੰਮ ਕਰਨ ਨਾਲ ਵਧੀਆ ਤੋਂ ਵਧੀਆ ਖ਼ਿਆਲ ਤੁਹਾਡੇ ਦਿਮਾਗ ਵਿਚ ਆਉਣਗੇ। ਆਓ, ਅਸੀਂ ਆਪਣੀ ਭਾਸ਼ਾ ਨੂੰ ਬਚਾਉਣ ਦਾ ਬੀੜਾ ਚੁੱਕੀਏ।

ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦਾ ਮੁੱਦਾ ਲਗਾਤਾਰ ਸੁਰਖ਼ੀਆਂ ਵਿਚ ਹੈ। ਸਿਆਸੀ ਧਿਰਾਂ ਵਲੋਂ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਦਰਕਿਨਾਰ ਕਰ ਕੇ ਇਸ ਨੂੰ ਸਿਆਸੀ ਰੰਗ ਦਿੱਤਾ ਜਾਂਦਾ ਰਿਹਾ ਹੈ। ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਕੌਮੀ ਅਤੇ ਕੌਮਾਂਤਰੀ ਸੰਸਥਾਵਾਂ ਵਲੋਂ ਵੀ ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿਚ ਅਦਾਲਤਾਂ ਦੇ ਫੈਸਲੇ ਨੂੰ ਨਿੰਦਿਆ ਗਿਆ ਹੈ। ਪਰ ਪਿਛਲੇ ਦਿਨੀਂ ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਵਲੋਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਨ ਲਈ ਪਾਈ ਗਈ ਅਪੀਲ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਦਵਿੰਦਰਪਾਲ ਦੀ ਫਾਂਸੀ 'ਤੇ ਰੋਕ ਲਾਉਂਦਿਆਂ ਭਾਰਤ ਅਤੇ ਦਿੱਲੀ ਦੀ ਸਰਕਾਰ ਨੂੰ ਕਿਹਾ ਕਿ ਉਹ ਇਸ ਮਾਮਲੇ ਵਿਚ ਆਪਣਾ ਪੱਖ ਸਪਸ਼ਟ ਤੌਰ 'ਤੇ ਪੇਸ਼ ਕਰੇ ਤੇ ਨਾਲ ਹੀ ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਬਾਰੇ ਡਾਕਟਰਾਂ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕਰੇ ਤਾਂ ਜੋ ਇਸ ਤੋਂ ਬਾਅਦ ਇਸ ਮਾਮਲੇ ਵਿਚ ਅਗਲੀ ਕਾਰਵਾਈ ਸੰਭਵ ਹੋ ਸਕੇ।

ਇੱਥੇ ਦੱਸਣਾ ਬਣਦਾ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਮਾਨਸਿਕ ਹਾਲਤ ਬਾਰੇ ਡਾਕਟਰਾਂ ਦਾ ਕਹਿਣਾ ਹੈ ਕਿ ਡੇਢ ਦਹਾਕੇ ਤੋਂ ਵੀ ਵੱਧ ਸਮਾਂ ਜੇਲ੍ਹ ਵਿਚ ਰਹਿ ਕੇ ਆਪਣੀ ਮੌਤ ਦੀ ਉਡੀਕ ਕਰਦਿਆਂ ਦਵਿੰਦਰਪਾਲ ਸਿੰਘ ਭੁੱਲਰ ਆਪਣਾ ਮਾਨਸਿਕ ਤਵਾਜ਼ਨ ਗਵਾ ਬੈਠਾ ਹੈ। ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾਵਾਂ ਦੇ ਬਣਾਏ ਨਿਯਮਾਂ ਅਨੁਸਾਰ ਕਿਸੇ ਵੀ ਕੈਦੀ ਨੂੰ ਉਦੋਂ ਤੱਕ ਫਾਂਸੀ ਨਹੀਂ ਦਿੱਤੀ ਜਾ ਸਕਦੀ ਜਦੋਂ ਤੱਕ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਨਾ ਹੋਵੇ।



# ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਤੇ ਸਰਕਾਰ ਦੀ ਦੁਚਿੱਤੀ




ਜਗਤਾਰ ਸਾਲਮ
+91-97804-70386
jagtar.saalam@rediffmail.com


## ਕੌਣ ਹੈ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ

ਪ੍ਰੋ. ਦਵਿੰਦਰਪਾਲ ਸਿੰਘ ਦਾ ਜਨਮ ਜ਼ਿਲ੍ਹਾ ਬਠਿੰਡਾ ਦੇ ਦਿਆਲਪੁਰਾ ਭਾਈਕਾ ਪਿੰਡ ਦੇ ਸਾਧਾਰਨ ਕਿਸਾਨ ਪਰਿਵਾਰ ਵਿਚ 1965 'ਚ ਹੋਇਆ। ਜਿਸ ਵੇਲੇ ਪਿੰਡ ਦੇ ਲੋਕ ਦਸਵੀਂ ਪਾਸ ਕਰਨ ਨੂੰ ਵੀ ਪ੍ਰਾਪਤੀ ਸਮਝਦੇ ਸਨ, ਉਨ੍ਹਾਂ ਸਮਿਆਂ ਵਿਚ ਦਵਿੰਦਰਪਾਲ ਸਿੰਘ ਭੁੱਲਰ ਨੇ ਇੰਜਨੀਅਰਿੰਗ ਦੀ ਪੜ੍ਹਾਈ ਕੀਤੀ ਤੇ ਲੁਧਿਆਣਾ ਯੂਨੀਵਰਸਿਟੀ ਵਿਚ ਬਤੌਰ ਲੈਕਚਰਾਰ ਆਪਣਾ ਕਰੀਅਰ ਸ਼ੁਰੂ ਕੀਤਾ। ਪਰ ਉਨ੍ਹਾਂ ਦੇ ਚੰਗੇ ਦਿਨ ਬਹੁਤਾ ਚਿਰ ਨਹੀਂ ਰਹੇ। 1991 ਵਿਚ ਉਨ੍ਹਾਂ ਦੇ ਪਿਤਾ ਨੂੰ ਪੁਲੀਸ ਨੇ ਕਿਸੇ ਅੱਤਵਾਦ ਨਾਲ ਸਬੰਧਤ ਘਟਨਾ ਦੇ ਮਾਮਲੇ ਵਿਚ ਪੁੱਛ ਗਿੱਛ ਦਾ ਬਹਾਨਾ ਲਾ ਕੇ ਚੁੱਕ ਲਿਆ ਤੇ ਮੁੜ ਕੇ ਕਦੀ ਉਹ ਘਰ ਨਾ ਪਰਤੇ। ਪੁਲੀਸ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਬਾਰੇ ਤਾਂ ਮੰਨਿਆ ਪਰ ਮੁਕਾਬਲਾ ਬਣਾਉਣ ਵਾਲੀ ਗੱਲ ਤੋਂ ਮੁੱਕਰ ਗਈ। ਇਸ ਤੋਂ ਬਾਅਦ ਲਗਾਤਾਰ ਪੰਜਾਬ ਪੁਲੀਸ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਤੰਗ ਕਰਦੀ ਰਹੀ।

11 ਸਤੰਬਰ 1993 ਨੂੰ ਇੰਡੀਅਨ ਯੂਥ ਕਾਂਗਰਸ ਦੇ ਦਿੱਲੀ ਸਥਿਤ ਦਫ਼ਤਰ ਵਿਚ ਕਾਰ ਬੰਬ ਧਮਾਕਾ ਹੋਇਆ, ਜਿਸ ਵਿਚ ਮੁੱਖ ਨਿਸ਼ਾਨਾ ਮਨਿੰਦਰ ਸਿੰਘ ਬਿੱਟਾ ਨੂੰ ਬਣਾਇਆ ਗਿਆ, ਜੋ ਉਸ ਸਮੇਂ ਜ਼ੁਬਾਨੀ ਤੌਰ 'ਤੇ ਅੱਤਵਾਦ ਦਾ ਵਿਰੋਧ ਕਰ ਰਹੇ ਸਨ। ਇਸ ਹਮਲੇ ਵਿਚ ਉਹ ਭਾਵੇਂ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਦੀ ਜਾਨ ਬਚ ਗਈ। ਇਸ ਧਮਾਕੇ ਲਈ ਆਰਡੀਐਕਸ ਦੀ ਵਰਤੋਂ ਕੀਤੀ ਗਈ ਸੀ। ਹਮਲੇ ਵਿਚ ਬਿੱਟਾ ਦੇ ਦੋ ਅੰਗ ਰੱਖਿਅਕਾਂ ਸਮੇਤ 9 ਵਿਅਕਤੀਆਂ ਦੀਆਂ ਜਾਨਾਂ ਗਈਆਂ। ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਇਸ ਹਮਲੇ ਲਈ ਦੋਸ਼ੀ ਠਹਿਰਾਇਆ ਗਿਆ। ਉਸ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਬੰਦਾ ਦੱਸ ਕੇ ਉਸ ਖਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ।

1994 ਵਿਚ ਰਾਜਨੀਤਕ ਸ਼ਰਨ ਦੀ ਭਾਲ 'ਚ ਦਵਿੰਦਰਪਾਲ ਸਿੰਘ ਭੁੱਲਰ ਜਰਮਨੀ ਚਲਿਆ ਗਿਆ। ਪਰ ਉਹ ਕੁਝ ਕਾਨੂੰਨੀ ਅੜਚਨਾਂ ਕਾਰਨ ਜਰਮਨ ਵਿਚ ਰਾਜਨੀਤਕ ਸ਼ਰਨ ਨਹੀਂ ਲੈ ਸਕੇ ਤੇ ਉੱਥੋਂ ਦੇ ਪਰਵਾਸ ਵਿਭਾਗ ਨੇ 1995 ਵਿਚ ਉਨ੍ਹਾਂ ਨੂੰ ਭਾਰਤ ਲਈ ਰਵਾਨਾ ਕਰ ਦਿੱਤਾ ਤੇ ਇਸ ਤਰ੍ਹਾਂ ਹਿੰਦੁਸਤਾਨ ਪਹੁੰਚਦਿਆਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਜੇਲ੍ਹ ਵਿਚ ਹਨ। 25 ਅਗਸਤ 2001 ਵਿਚ ਟਰਾਇਲ ਕੋਰਟ ਵਲੋਂ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਿਰ ਅਪੀਲਾਂ ਦਾ ਦੌਰ ਸ਼ੁਰੂ ਹੋਇਆ। ਪਰ ਕੋਈ ਨਤੀਜਾ ਨਹੀਂ ਨਿਕਲਿਆ, ਨਾ ਤਾਂ ਉਨ੍ਹਾਂ ਨੂੰ ਫਾਂਸੀ ਹੀ ਦਿੱਤੀ ਗਈ ਤੇ ਨਾ ਹੀ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕੀਤੀ ਗਈ। ਹੁਣ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਹੈ। ਇਸ ਮਾਮਲੇ ਸਬੰਧੀ ਜਦੋਂ ਵੀ ਕੋਈ ਕਾਨੂੰਨੀ ਕਾਰਵਾਈ ਹੁੰਦੀ ਹੈ ਤਾਂ ਅਖ਼ਬਾਰਾਂ ਵਿਚ ਖ਼ਬਰਾਂ ਲੱਗਦੀਆਂ ਹਨ। ਆਮ ਲੋਕਾਂ ਵਿਚ ਚਰਚਾ ਛਿੜਦੀ ਹੈ, ਸਿਆਸੀ ਲੋਕ ਇਸ ਚਰਚਾ ਨੂੰ ਆਪਣੇ ਹਿਤ ਲਈ ਵਰਤਦੇ ਹਨ। ਪਰ ਨਤੀਜਾ ਕੁੱਝ ਨਹੀਂ ਨਿਕਲਦਾ। ਸ਼ਾਇਦ ਇਸ ਸਾਰੇ ਵਰਤਾਰੇ ਨੂੰ ਦੇਖ-ਸੁਣ ਕੇ ਹੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਆਪਣਾ ਮਾਨਸਿਕ ਤਵਾਜ਼ਨ ਗਵਾ ਬੈਠੇ ਹਨ।



## ਪ੍ਰੋ. ਭੁੱਲਰ ਖ਼ਿਲਾਫ਼ ਨਹੀਂ ਹਨ ਪੁਖ਼ਤਾ ਸਬੂਤ

ਪੁਲੀਸ ਵਲੋਂ ਅਦਾਲਤ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਖ਼ਿਲਾਫ਼ ਜੋ ਮੁੱਖ ਸਬੂਤ ਪੇਸ਼ ਕੀਤਾ ਗਿਆ ਹੈ। ਉਹ ਉਨ੍ਹਾਂ ਵਲੋਂ ਪੁਲੀਸ ਨੂੰ ਦਿੱਤਾ ਇਕਬਾਲੀਆ ਬਿਆਨ ਹੈ। ਇਸ ਸਬੰਧੀ ਪ੍ਰੋ. ਦਵਿੰਦਰਪਾਲ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਵਲੋਂ ਉਨ੍ਹਾਂ 'ਤੇ ਤਸ਼ੱਦਦ ਕਰ ਕੇ ਤੇ ਉਸ ਦਾ ਝੂਠਾ ਪੁਲੀਸ ਮੁਕਾਬਲਾ ਬਣਾਉਣ ਦੀ ਧਮਕੀ ਦੇ ਕੇ ਖਾਲੀ ਕਾਗਜ਼ 'ਤੇ ਦਸਤਖ਼ਤ ਕਰਵਾਏ ਹਨ ਤੇ ਫਿਰ ਪੁਲੀਸ ਨੇ ਆਪਣੀ ਮਰਜ਼ੀ ਅਨੁਸਾਰ ਇਕਬਾਲੀਆ ਬਿਆਨ ਲਿਖਿਆ। ਇਸ ਕਰ ਕੇ ਹੀ ਦਿੱਲੀ ਪੁਲੀਸ ਨੇ ਦੋ ਮਹੀਨੇ ਉਨ੍ਹਾਂ ਨੂੰ ਪੰਜਾਬ ਪੁਲੀਸ ਦੇ ਹਵਾਲੇ ਕਰੀ ਰੱਖਿਆ। ਇਸ ਮਾਮਲੇ ਵਿਚ ਜੇਕਰ ਅਸੀਂ ਦਵਿੰਦਰਪਾਲ ਸਿੰਘ ਦੀ ਇਸ ਗੱਲ ਨੂੰ ਝੂਠ ਵੀ ਮੰਨੀਏ ਤਾਂ ਵੀ ਪੁਲੀਸ ਇਹ ਸਾਬਤ ਕਰਨ ਵਿਚ ਨਾਕਾਮ ਰਹੀ ਹੈ ਕਿ ਇਕਬਾਲੀਆ ਬਿਆਨ ਸੱਚਾ ਹੈ। ਕਿਉਂਕਿ ਜੋ ਇਕਬਾਲੀਆ ਬਿਆਨ ਪੁਲੀਸ ਨੇ ਅਦਾਲਤ ਵਿਚ ਪੇਸ਼ ਕੀਤਾ ਹੈ, ਉਹ ਕੰਪਿਊਟਰ 'ਤੇ ਟਾਈਪ ਕੀਤਾ ਹੋਇਆ ਹੈ। ਉਸ ਬਿਆਨ ਦੀ ਨਾ ਤਾਂ ਕੋਈ ਰਿਕਾਰਡਿੰਗ ਹੈ ਤੇ ਨਾ ਹੀ ਉਹ ਕਿਤੇ ਕੰਪਿਊਟਰ ਵਿਚ ਸੇਵ ਕੀਤਾ ਹੋਇਆ ਹੈ। ਦੂਜੀ ਗੱਲ ਇਹ ਕਿ ਅਜਿਹੇ ਇਕਬਾਲੀਆ ਬਿਆਨ ਹੱਥ ਲਿਖਤ ਪ੍ਰਵਾਨ ਕੀਤੇ ਜਾਂਦੇ ਹਨ।

ਮਹੱਤਵਪੂਰਨ ਗੱਲ ਇਹ ਹੈ ਕਿ ਜੋ 133 ਮੌਕਾ-ਏ-ਵਾਰਦਾਤ ਵੇਲੇ ਹਾਜ਼ਰ ਗਵਾਹ ਪੁਲੀਸ ਵਲੋਂ ਅਦਾਲਤ ਵਿਚ ਭੁਗਤਾਏ ਗਏ, ਉਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਕਿਹਾ ਕਿ ਮੌਕੇ 'ਤੇ ਜਿਸ ਆਦਮੀ ਨੂੰ ਉਨ੍ਹਾਂ ਨੇ ਵੇਖਿਆ ਸੀ ਕਿ ਉਹ ਆਦਮੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨਹੀਂ ਸੀ। ਇੱਥੇ ਵਿਸੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਪੁਲੀਸ ਵਲੋਂ ਹੋਰ ਵੀ ਕਈ ਮੁਜ਼ਰਮ ਬਣਾਏ ਗਏ ਸਨ, ਜਿਨ੍ਹਾਂ ਨੂੰ ਸਬੂਤਾਂ ਦੀ ਘਾਟ ਹੋਣ ਕਾਰਨ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ। ਪਰ ਪ੍ਰੋ. ਭੁੱਲਰ ਨੂੰ ਸ਼ੱਕ ਦੀ ਬੁਨਿਆਦ 'ਤੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ।

## ਨਿਆਇਕ ਪ੍ਰਣਾਲੀ ਨੇ ਭੁੱਲਰ ਨੂੰ ਬਣਾਇਆ ਮਾਨਸਿਕ ਰੋਗੀ

25 ਅਗਸਤ 2001 ਵਿਚ ਟਰਾਇਲ ਕੋਰਟ ਵਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 2002 ਵਿਚ ਇਸੇ ਅਦਾਲਤ ਵਿਚ ਭੁੱਲਰ ਵਲੋਂ ਰੀਵਿਊ ਪਟੀਸ਼ਨ ਪਾਈ ਗਈ ਪਰ ਅਦਾਲਤ ਨੇ ਪਹਿਲਾਂ ਵਾਲਾ ਫੈਸਲਾ ਬਹਾਲ ਰੱਖਿਆ। 27 ਦਸੰਬਰ 2006 ਨੂੰ ਸੁਪਰੀਮ ਕੋਰਟ ਵਲੋਂ ਪ੍ਰੋ. ਭੁੱਲਰ ਦੀ ਪਾਈ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ। ਸੁਪਰੀਮ ਕੋਰਟ ਤੋਂ ਨਿਰਾਸ਼ ਹੋ ਕੇ ਉਨ੍ਹਾਂ ਨੇ ਮਈ 2011 ਵਿਚ ਦੇਸ਼ ਦੇ ਰਾਸ਼ਟਰਪਤੀ ਕੋਲ ਫਾਂਸੀ ਮੁਆਫ਼ੀ ਲਈ ਅਪੀਲ ਕੀਤੀ। ਪਰ ਰਾਸ਼ਟਰਪਤੀ ਨੇ ਵੀ ਉਨ੍ਹਾਂ ਦੀ ਅਪੀਲ ਸਵੀਕਾਰ ਨਾ ਕੀਤੀ।

ਸਤੰਬਰ 2011 ਵਿਚ ਸੁਪਰੀਮ ਕੋਰਟ ਨੇ ਭੁੱਲਰ ਨੂੰ ਇਕ ਵਾਰੀ ਹੋਰ ਅਪੀਲ ਕਰਨ ਦੀ ਇਜਾਜ਼ਤ ਦੇ ਦਿੱਤੀ। ਜ਼ਿਕਰਯੋਗ ਹੈ ਕਿ ਪਹਿਲੀ ਅਪੀਲ ਵਿਧਾਨਿਕ ਬੈਂਚ ਵਲੋਂ ਸੁਣੀ ਗਈ ਸੀ ਤੇ ਦੂਜੀ ਅਪੀਲ ਟਰਾਇਲ ਬੈਂਚ ਵਲੋਂ ਸੁਣੀ ਗਈ। ਪ੍ਰੋ. ਭੁੱਲਰ ਵਲੋਂ ਅਪੀਲ ਕੀਤੀ ਗਈ ਕਿ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਿਆ ਜਾਵੇ। ਇਸ ਪਟੀਸ਼ਨ ਦੇ ਸਬੰਧ ਵਿਚ ਸੁਪਰੀਮ ਕੋਰਟ ਦਾ ਫੈਸਲਾ ਅਪ੍ਰੈਲ 2013 ਵਿਚ ਆਇਆ। ਜਿਸ ਵਿਚ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਹੀ ਬਹਾਲ ਰੱਖਿਆ ਗਿਆ। ਪਰ ਹੁਣ ਫੇਰ ਉਨ੍ਹਾਂ ਦੀ ਪਤਨੀ ਬੀਬੀ ਨਵਨੀਤ ਕੌਰ ਭੁੱਲਰ ਵਲੋਂ ਪਾਈ ਗਈ ਅਪੀਲ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਹੈ ਅਤੇ ਭਾਰਤ ਤੇ ਦਿੱਲੀ ਸਰਕਾਰ ਨੂੰ ਇਸ ਮਾਮਲੇ ਵਿਚ ਆਪਣਾ ਪੱਖ ਰੱਖਣ ਲਈ ਕਿਹਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਹਨ ਕਿ ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਬਾਰੇ ਮਾਹਰਾਂ ਦੀ ਰਿਪੋਰਟ ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਦਾ ਇਲਾਜ ਇੰਸਟੀਟਿਊਟ ਆਫ਼ ਹਿਊਮਨ ਬੀਹੇਵੀਅਰ ਅਲਾਈਡ ਸਾਇੰਸ 'ਚ ਚੱਲ ਰਿਹਾ ਹੈ।


BLITZ AUTO CANADA

3207-97 Street, Edmonton, Alberta, T6N 1B7, Canada

Full Maintenance Service



- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER

Phone:780 463 2886



# ਦੋਹਰੇ ਮਾਪਦੰਡਾਂ ਵਾਲੀ ਸਿਆਸਤ

ਭਾਵੇਂ ਸਾਰੀਆਂ ਹੀ ਸਿਆਸੀ ਧਿਰਾਂ ਪ੍ਰੋ. ਭੁੱਲਰ ਦੇ ਫਾਂਸੀ ਦੇ ਮੁੱਦੇ ਨੂੰ ਲੈ ਕੇ ਆਪਣੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਵੱਖ-ਵੱਖ ਬੋਲੀਆਂ ਬੋਲ ਰਹੀਆਂ ਹਨ। ਪਰ ਕਿਉਂਕਿ ਇਹ ਮਸਲਾ ਸਿੱਖ ਭਾਈਚਾਰੇ ਨਾਲ ਜੁੜਿਆ ਹੋਇਆ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ ਵਾਸਤੇ ਅਜਿਹਾ ਮੌਕਾ ਦੂਜਿਆਂ ਨਾਲੋਂ ਵੱਧ ਸੁਭਾਗਾ ਹੁੰਦਾ ਹੈ। ਦੂਜੀ ਗੱਲ ਇਹ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਅਜਿਹੇ ਮਸਲਿਆਂ ਨੂੰ ਸਿਆਸੀ ਹਿੱਤਾਂ ਲਈ ਕੈਸ਼ ਕਰਨ ਦਾ ਤਜਰਬਾ ਵੀ ਦੂਜਿਆਂ ਤੋਂ ਵੱਧ ਲੰਮਾ ਹੈ। ਉਹ ਇਸ ਮਾਮਲੇ ਵਿਚ ਵਫ਼ਦ ਲੈ ਕੇ ਪਿਛਲੇ ਸਾਲ ਦੇਸ਼ ਦੇ ਰਾਸ਼ਟਰਪਤੀ ਨੂੰ ਵੀ ਮਿਲੇ ਸਨ ਤੇ ਅਪੀਲ ਕੀਤੀ ਸੀ ਕਿ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਜਾਵੇ। ਪਰ ਰਾਸ਼ਟਰਪਤੀ ਵਲੋਂ ਇਸ ਮਾਮਲੇ ਵਿਚ ਕੋਈ ਪਹਿਲ ਨਹੀਂ ਕੀਤੀ ਗਈ। ਬਾਦਲ ਦਾ ਕਹਿਣਾ ਕਿ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੈ ਇਸ ਲਈ ਇਹ ਸਾਰਾ ਕੁਝ ਕਾਂਗਰਸ ਦੀ ਸ਼ਹਿ 'ਤੇ ਹੋ ਰਿਹਾ ਹੈ।

ਅਸਲ ਵਿਚ ਬਾਦਲ ਸਾਹਿਬ ਜੇਕਰ ਭੁੱਲਰ ਦੇ ਸੱਚੇ ਹਿਤੈਸ਼ੀ ਹੁੰਦੇ ਤਾਂ ਉਹ ਇਹ ਮਸਲਾ ਉਦੋਂ ਉਠਾਉਂਦੇ ਜਦੋਂ ਕੇਂਦਰ ਵਿਚ ਉਨ੍ਹਾਂ ਦੀ ਸਾਂਝ ਵਾਲੀ ਭਾਜਪਾ ਦੀ ਸਰਕਾਰ ਸੀ ਤੇ ਉਨ੍ਹਾਂ ਦੀ ਕਹੀ ਗੱਲ 'ਤੇ ਸਰਕਾਰ ਵਲੋਂ ਪੂਰੀ ਗੌਰ ਵੀ ਫ਼ਰਮਾਈ ਜਾਣੀ ਸੀ।

ਇਸ ਮਾਮਲੇ ਵਿਚ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ 2009 ਵਿਚ ਬਾਦਲ ਸਰਕਾਰ ਨੇ ਭੁੱਲਰ ਦੇ ਨਜ਼ਦੀਕੀਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰਨ ਦੇ ਇਲਜ਼ਾਮਾਂ ਵਿਚ ਘਿਰੇ ਸੁਮੇਧ ਸੈਣੀ ਨੂੰ ਸੀ.ਬੀ.ਆਈ. ਤੋਂ ਬਚਾਉਣ ਖਾਤਰ ਤੇ ਜਾਂਚ ਨੂੰ ਰੋਕਣ ਲਈ ਹਲਫ਼ੀਆ ਬਿਆਨ ਦਿੱਤਾ ਸੀ ਜਿਸ ਵਿਚ ਪ੍ਰੋ. ਭੁੱਲਰ ਨੂੰ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜਿਆ ਖ਼ਤਰਨਾਕ ਅੱਤਵਾਦੀ ਕਿਹਾ ਗਿਆ ਸੀ। ਇਸ ਬਿਆਨ ਦੇ ਆਧਾਰ 'ਤੇ ਹੀ ਸੈਣੀ ਬਚ ਗਿਆ, ਨਹੀਂ ਤਾਂ ਸੀ.ਬੀ.ਆਈ. ਸੈਣੀ ਖ਼ਿਲਾਫ਼ ਐਫ ਆਰ ਆਈ ਵੀ ਦਰਜ ਕਰ ਚੁੱਕੀ ਸੀ। ਕਮਾਲ ਹੈ ਬਾਦਲ ਸਾਹਿਬ ਦੀ। ਹੁਣ ਉਹੀ ਬਾਦਲ ਕਹਿ ਰਿਹਾ ਹੈ ਕਿ ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਨਾਲ ਪੰਜਾਬ ਦੇ ਹਾਲਾਤ ਵਿਗੜ ਸਕਦੇ ਹਨ।

ਇਸ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੰਚ ਤੋਂ ਬੋਲਦਿਆਂ ਅਸਿੱਧੇ ਢੰਗ ਨਾਲ ਕਿਹਾ ਕਿ ਉਨ੍ਹਾਂ ਦੀ ਪਾਰਟੀ ਪ੍ਰੋ. ਭੁੱਲਰ ਨੂੰ ਲੋਕ ਸਭਾ ਦੀ ਟਿਕਟ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਵੋਟ ਨੂੰ ਹਥਿਆਰ ਬਣਾ ਕੇ ਪ੍ਰੋ. ਭੁੱਲਰ ਦੀ ਜਾਨ ਬਚਾਈ ਜਾ ਸਕਦੀ ਹੈ, ਇਸ ਲਈ ਜੇਕਰ ਅਸੀਂ ਪ੍ਰੋ. ਭੁੱਲਰ ਦੀ ਜਾਨ ਬਚਾਉਣੀ ਚਾਹੁੰਦੇ ਹਾਂ ਤਾਂ ਸਾਨੂੰ ਅਜਿਹੇ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਵਚਨਬੱਧ ਹੋਣਾ ਚਾਹੀਦਾ ਹੈ।

ਦੂਜੀਆਂ ਸਿਆਸੀ ਧਿਰਾਂ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਨੂੰ ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਿਕਰ ਉਦੋਂ ਹੀ ਕਿਉਂ ਹੋਈ ਜਦੋਂ ਉਹ ਹਰ ਪਾਸੇ ਦੀ ਲੜਾਈ ਹਾਰ ਗਏ, ਉਹ ਪਹਿਲਾਂ ਕਿੱਥੇ ਸੀ? ਜੇਕਰ ਉਨ੍ਹਾਂ ਨੇ ਸਮਾਂ ਰਹਿੰਦਿਆਂ ਆਵਾਜ਼ ਬੁਲੰਦ ਕੀਤੀ ਹੁੰਦੀ ਤਾਂ ਹੋ ਸਕਦਾ ਸੀ ਕਿ ਪ੍ਰੋ. ਭੁੱਲਰ ਨੂੰ ਇਸਦਾ ਕੋਈ ਲਾਭ ਹੋ ਜਾਂਦਾ।

## ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾਵਾਂ ਅਦਾਲਤਾਂ ਦੇ ਫੈਸਲੇ ਤੋਂ ਨਿਰਾਸ਼

ਪ੍ਰੋ. ਭੁੱਲਰ ਦੇ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਬਿਨਾਂ ਪੁਖ਼ਤਾ ਸਬੂਤਾਂ ਤੋਂ ਫਾਂਸੀ ਦੀ ਸਜ਼ਾ ਸੁਣਾਉਣਾ ਨਿੰਦਣਯੋਗ ਵਰਤਾਰਾ ਹੈ। ਇਸ ਨਾਲ ਦੇਸ਼ ਵਿਚ ਮਨੁੱਖੀ ਅਧਿਕਾਰਾਂ ਨੂੰ ਵੱਡੀ ਸੱਟ ਲੱਗੇਗੀ।

ਯੂ.ਐਨ. ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕਮਿਸ਼ਨ ਵਲੋਂ ਸਾਰਿਆਂ ਦੇਸ਼ਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਕਿਸੇ ਵੀ ਮਾਨਸਿਕ ਰੋਗੀ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਪਰ ਭਾਰਤ ਵਿਚ ਭੁੱਲਰ ਦੇ ਮਾਮਲੇ ਵਿਚ ਇਸ ਮਰਿਆਦਾ ਨੂੰ ਤੋੜਿਆ ਗਿਆ ਹੈ। ਭੁੱਲਰ ਦੇ ਮਾਮਲੇ ਵਿਚ ਜੋ ਵਿਹਾਰ ਕੀਤਾ ਜਾ ਰਿਹਾ ਹੈ ਇਸ ਸਬੰਧੀ ਪ੍ਰੋ. ਭੁੱਲਰ ਨੇ ਜਰਮਨ ਅਥਾਰਟੀ ਨੂੰ ਚਿੱਠੀ ਰਾਹੀਂ ਲਿਖਿਆ। ਜਰਮਨ ਅਥਾਰਟੀ ਨੇ ਸਵੀਕਾਰ ਕੀਤਾ ਹੈ ਕਿ ਭੁੱਲਰ ਨੂੰ ਭਾਰਤ ਹਵਾਲੇ ਕਰਨਾ ਉਨ੍ਹਾਂ ਦੀ ਵੱਡੀ ਗਲਤੀ ਸੀ। ਭਾਰਤ ਦੀਆਂ ਹੋਰ ਵੀ ਕਈ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾਵਾਂ ਨੇ ਪ੍ਰੋ. ਭੁੱਲਰ ਦੀ ਸਜ਼ਾ 'ਤੇ ਰੋਸ ਪ੍ਰਗਟਾਇਆ ਹੈ ਪਰ ਇਸ ਰੋਸ ਦਾ ਸਰਕਾਰ 'ਤੇ ਰੱਤੀ ਭਰ ਵੀ ਅਸਰ ਨਹੀਂ ਹੋ ਰਿਹਾ।

# ਹਿੰਦੁਸਤਾਨ ਦੀ ਨਿਆਇਕ ਪ੍ਰਣਾਲੀ ਦਾ ਪੱਖਪਾਤੀ ਰਵੱਈਆ

ਕੁਝ ਸਮਾਂ ਪਹਿਲਾਂ ਚੁਰਾਸੀ ਦੇ ਸਿੱਖ ਵਿਰੋਧੀ ਦਿੱਲੀ ਦੰਗਿਆਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਬੂਤਾਂ ਦੇ ਹੁੰਦਿਆਂ ਵੀ ਦਿੱਲੀ ਦੀ ਅਦਾਲਤ ਨੇ ਹਰ ਤਰ੍ਹਾਂ ਦੇ ਦੋਸ਼ਾਂ ਤੋਂ ਮੁਕਤ ਕਰਾਰ ਦੇ ਦਿੱਤਾ, ਜਿਸ ਦੇ ਵਿਰੋਧ ਵਿਚ ਸਿੱਖ ਭਾਈਚਾਰੇ ਵਲੋਂ ਭਾਰਤ ਵਿਚ ਥਾਂ-ਥਾਂ 'ਤੇ ਰੋਸ ਪ੍ਰਗਟਾਏ ਗਏ। ਪਰ ਹੈਰਾਨੀ ਹੁੰਦੀ ਹੈ ਕਿ ਇਸੇ ਦੇਸ਼ ਦੀ ਅਦਾਲਤ ਨੇ ਪੁਖ਼ਤਾ ਸਬੂਤਾਂ ਦੇ ਨਾ ਹੁੰਦਿਆਂ ਮਹਿਜ਼ ਸ਼ੱਕ ਦੀ ਬੁਨਿਆਦ 'ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤ ਦੀ ਨਿਆਇਕ ਪ੍ਰਣਾਲੀ ਦਾ ਰਵੱਈਆ ਪੱਖਪਾਤੀ ਹੈ। ਇਹ ਅਜਿਹਾ ਪਹਿਲਾ ਮਾਮਲਾ ਨਹੀਂ ਜਿਸ ਵਿਚ ਨਿਆਇਕ ਪ੍ਰਣਾਲੀ ਦਾ ਪੱਖਪਾਤੀ ਰਵੱਈਆ ਸਾਹਮਣੇ ਆਇਆ ਹੈ, ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ ਵਿਚ ਘੱਟ ਗਿਣਤੀਆਂ ਜਾਂ ਗਰੀਬ ਪ੍ਰਤੀ ਅਦਾਲਤ ਦਾ ਰਵੱਈਆ ਹੋਰ ਹੁੰਦਾ ਹੈ ਅਤੇ ਬਹੁਗਿਣਤੀ ਤੇ ਅਮੀਰਾਂ ਪ੍ਰਤੀ ਹੋਰ। ਇਸ ਪੱਖਪਾਤੀ ਰਵੱਈਏ ਦੀ ਚਰਚਾ ਉਦੋਂ ਵੀ ਛਿੜੀ ਸੀ ਜਦੋਂ ਕੁਝ ਸਮਾਂ ਪਹਿਲਾਂ ਅਫ਼ਜ਼ਲ ਗੁਰੂ ਨੂੰ ਫਾਂਸੀ ਦਿੱਤੀ ਗਈ। ਉਨ੍ਹਾਂ ਨੂੰ ਸੰਸਦ 'ਤੇ ਹਮਲੇ ਕਰਨ ਦੇ ਦੋਸ਼ ਵਿਚ ਫਾਂਸੀ ਦਿੱਤੀ ਗਈ ਸੀ, ਪਰ ਭਾਰਤੀ ਏਜੰਸੀਆਂ ਕੋਲ ਇਸ ਸਬੰਧੀ ਕੋਈ ਪੁਖ਼ਤਾ ਸਬੂਤ ਨਹੀਂ ਸਨ, ਪਰ ਫਿਰ ਵੀ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ। ਭਾਰਤ ਦੀ ਸੰਸਦ ਵਿਚ ਅਜਿਹੇ ਬਹੁਤ ਸਾਰੇ ਅਪਰਾਧੀ ਹਨ, ਜਿਨ੍ਹਾਂ 'ਤੇ ਕਤਲ ਅਤੇ ਬਲਾਤਕਾਰ ਵਰਗੇ ਸੰਗੀਨ ਜੁਰਮਾਂ ਦੇ ਦੋਸ਼ ਹਨ ਪਰ ਅਦਾਲਤਾਂ ਉਨ੍ਹਾਂ ਨੂੰ ਸਜ਼ਾ ਨਹੀਂ ਸੁਣਾਉਂਦੀਆਂ। ਅਜਿਹੇ 'ਚੁਣੇ ਹੋਏ ਪ੍ਰਤੀਨਿਧ' ਕਾਨੂੰਨ ਨੂੰ ਆਪਣੀ ਜੇਬ ਵਿਚ ਲੈ ਕੇ ਘੁੰਮਦੇ ਹਨ। ਕਈ ਆਗੂਆਂ ਉੱਤੇ ਸਮੂਹਕ ਹੱਤਿਆਵਾਂ ਦੇ ਵੀ ਦੋਸ਼ ਹਨ ਪਰ ਅਦਾਲਤਾਂ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਨਹੀਂ ਸੁਣਾਉਂਦੀਆਂ।

ਕਾਂਗਰਸੀ ਆਗੂ ਐਚ ਕੇ ਐਲ ਭਗਤ 2005 ਵਿਚ ਚਲ ਵਸਿਆ। ਉਸ ਨੇ ਵੀ ਸਿੱਖ ਵਿਰੋਧੀ ਦਿੱਲੀ ਦੰਗਿਆਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਭਾਵੇਂ ਉਸ ਨੂੰ ਅਦਾਲਤਾਂ ਆਖ਼ਰੀ ਵੇਲੇ ਹਸਪਤਾਲ ਵਿਚ ਪਏ ਨੂੰ ਵੀ ਸੰਮਨ ਭੇਜਦੀਆਂ ਰਹੀਆਂ ਪਰ ਜੁਰਮ ਕਰਨ ਦੇ 21 ਇੱਕੀ ਸਾਲ ਬਾਅਦ ਵੀ ਉਸ ਨੂੰ ਸਜ਼ਾ ਨਹੀਂ ਹੋਈ ਤੇ ਇਸ ਦਰਮਿਆਨ ਉਹ ਲੰਮੀ ਉਮਰ ਭੋਗ ਕੇ ਚਲ ਵਸਿਆ।

ਇਸੇ ਤਰ੍ਹਾਂ ਗੁਜਰਾਤ ਦੰਗਿਆਂ ਵਿਚ ਵੀ ਨਿਆਇਕ ਪ੍ਰਣਾਲੀ ਦਾ ਰਵੱਈਆ ਪੱਖਪਾਤੀ ਰਿਹਾ। ਸਭ ਸਬੂਤਾਂ ਦੇ ਹੁੰਦਿਆਂ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ। ਹਾਲਾਂਕਿ ਇਸ ਗੱਲ ਨੂੰ ਦੇਸ਼ ਦਾ ਬੱਚਾ-ਬੱਚਾ ਜਾਣਦਾ ਹੈ ਕਿ ਇਨ੍ਹਾਂ ਦੰਗਿਆਂ ਦੀ ਸਾਜ਼ਿਸ਼ ਕਿਸ ਵਲੋਂ ਘੜੀ ਗਈ ਤੇ ਕਿਹੜੇ ਲੋਕਾਂ ਨੇ ਇਸ ਨੂੰ ਅਮਲੀ ਰੂਪ ਦਿੱਤਾ। ਭਾਰਤ ਦੀਆਂ ਅਦਾਲਤਾਂ ਦਾ ਇਤਿਹਾਸ ਅਜਿਹੇ ਵਿਵਾਦ ਭਰੇ ਫੈਸਲਿਆਂ ਨਾਲ ਭਰਿਆ ਪਿਆ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਾਡੀ ਨਿਆਇਕ ਪ੍ਰਣਾਲੀ ਦੀ ਭੂਮਿਕਾ ਸ਼ੱਕੀ ਹੈ।

ਡਰਾਮਾ ਕਰਦਿਆਂ ਆਏ ਦਿਨ ਸਿਆਸੀ ਆਗੂ ਅਦਾਲਤਾਂ 'ਤੇ ਇਹ ਦੋਸ਼ ਲਾਉਂਦੇ ਹਨ ਕਿ ਉਸ ਨੂੰ ਆਪਣੀ ਮਰਿਆਦਾ ਵਿਚ ਰਹਿਣਾ ਚਾਹੀਦਾ ਹੈ ਤੇ ਕਾਰਜਪਾਲਕਾਂ ਦੇ ਕੰਮਾਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਅਸਲ ਵਿਚ ਇਹ ਦੋਸ਼ ਆਮ ਲੋਕਾਂ ਨੂੰ ਭਰਮ ਪਾਉਣ ਲਈ ਲਾਏ ਜਾਂਦੇ ਹਨ, ਜਦੋਂਕਿ ਸੱਚ ਇਹ ਹੈ ਕਿ ਅਦਾਲਤਾਂ ਆਪਣੀ ਜ਼ਿੰਮੇਵਾਰੀ ਹੀ ਸਹੀ ਢੰਗ ਨਾਲ ਨਹੀਂ ਨਿਭਾਉਂਦੀਆਂ, ਸਗੋਂ ਜ਼ਿਆਦਾਤਰ ਫੈਸਲੇ ਸਿਆਸੀ ਦਬਾਅ ਹੇਠ ਲੈਂਦੀਆਂ ਹਨ। ਮੁਕੰਮਲ ਗੱਲ ਇਹ ਹੈ ਕਿ ਭਾਰਤ ਦੇ ਲੋਕਾਂ ਨੂੰ ਅਦਾਲਤਾਂ ਦੇ ਉਪਰੋਂ ਪੂਰੀ ਤਰ੍ਹਾਂ ਵਿਸ਼ਵਾਸ ਉੱਠ ਚੁੱਕਿਆ ਹੈ।

ਸਫ਼ਾ 18 ਦੀ ਬਾਕੀ

# ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਮਸਲੇ

ਪੰਜਾਬ ਯੂਨੀਵਰਸਿਟੀ ਵਿਚ ਹੀ ਰਹਿ ਚੁੱਕੇ ਪੰਜਾਬੀ ਵਿਭਾਗ ਦੇ ਪ੍ਰੋ. ਤੇ ਮੁਖੀ ਡਾ. ਸ਼ਹਿਬਾਜ਼ ਮਲਿਕ 'ਮੂੰਹ ਆਈ ਗੱਲ' ਪੁਸਤਕ ਵਿਚ ਪੰਜਾਬੀ ਨੂੰ ਦ੍ਰਾਵਿੜੀ ਮੂਲ ਦੀ ਗੈਰ-ਆਰੀਆਈ ਜ਼ੁਬਾਨ ਦਸਦਾ ਹੈ ਜੋ ਬ੍ਰਾਹਮਣੀ ਜ਼ਿਹਨ ਸਦਕਾ ਬ੍ਰਜ ਭਾਸ਼ਾ, ਸੰਸਕ੍ਰਿਤ ਤੇ ਹਿੰਦੀ ਦੇ ਲਫ਼ਜ਼ਾਂ ਦੀ ਜ਼ਿਆਦਾ ਵਰਤੋਂ ਕਰ ਕੇ ਮੁਸਲਮਾਨਾਂ ਕੋਲੋਂ ਪਰ੍ਹਾਂ ਹੁੰਦੀ ਗਈ। ਉਸ ਅਨੁਸਾਰ 'ਸਿੱਖੀ ਪੰਜਾਬੀ' ਬਹੁਤ ਜਲਦੀ ਖ਼ਤਮ ਹੋ ਜਾਵੇਗੀ। ਉਸ ਲਈ ਬਾਹਰੋਂ ਆਏ ਹਮਲਾਵਰ ਬਾਬਰ, ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਆਪਣੇ ਹਨ ਕਿਉਂ ਜੋ ਉਹ ਮੁਸਲਮਾਨ ਸਨ, ਪਰ ਨਾਲ ਹੀ ਉਸ ਨੂੰ ਇਤਰਾਜ਼ ਹੈ ਕਿ ਦੁੱਲਾ ਭੱਟੀ ਨੂੰ ਪੰਜਾਬ ਦਾ ਹੀਰੋ ਕਿਉਂ ਮੰਨਿਆ ਜਾਂਦਾ ਹੈ? ਡਾ. ਮਲਿਕ ਫਾਰਸੀ ਰਸਮੁਲਖ਼ਤ ਦੀ ਵਡਿਆਈ ਕਰਦਾ ਹੈ ਅਤੇ ਨਾਲ ਹੀ ਗੁਰਮੁਖੀ ਲਿਪੀ ਨੂੰ ਅਯੋਗ ਤੇ ਨਾ ਮੁਕੰਮਲ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪੰਜਾਬ ਯੂਨੀਵਰਸਿਟੀ ਵਿਚ ਹੀ ਅੰਗਰੇਜ਼ੀ ਦੇ ਪ੍ਰੋਫ਼ੈਸਰ ਮੁਹੰਮਦ ਇਸਮਾਈਲ ਭੱਟੀ, ਡਾ. ਸ਼ਹਿਬਾਜ਼ ਮਲਿਕ ਦੀਆਂ ਸਥਾਪਨਾਵਾਂ 'ਤੇ ਮੋਹਰ ਲਾਉਂਦੇ ਹੋਏ 'ਮੂੰਹ ਆਈ ਗੱਲ' ਪੁਸਤਕ ਦੀ ਭੂਮਿਕਾ ਵਿਚ 'ਹਕੀਕਤਾਂ ਦੀ ਪਛਾਣ' ਸਿਰਲੇਖ ਹੇਠ ਲਿਖਦੇ ਹਨ :-

ਪੰਜਾਬੀ ਦੀ ਅਸਲ ਰੀਤ ਤੇ ਰੂਪ ਉਹ ਨੇ ਜਿਹੜੇ ਸਾਨੂੰ ਪਾਕਿਸਤਾਨੀ ਪੰਜਾਬ ਤੇ ਮੁਸਲਮਾਨਾਂ ਦੀ ਰਵਾਇਤ ਵਿਚ ਮਿਲਦੇ ਹਨ। ... ਸਿੱਖੀ ਪੰਜਾਬੀ ਉਨ੍ਹਾਂ ਰਾਹਾਂ 'ਤੇ ਪਈ ਟੁਰਦੀ ਲਗਦੀ ਏ ਜਿਹੜੀਆਂ ਜੀਉਂਦੀਆਂ ਜ਼ੁਬਾਨਾਂ ਨੂੰ ਸਰਦਖ਼ਾਨੇ ਲੈ ਜਾਂਦੀਆਂ ਹਨ। ਸ਼ਰੀਫ਼ ਕੁੰਜਾਹੀ ਦੁਆਰਾ ਸੰਪਾਦਤ 'ਪੰਜਾਬੀ ਸ਼ਾਇਰੀ ਸੇ ਇੰਤਖ਼ਾਬ' ਨਾਂ ਦੇ ਕਾਵਿ ਸੰਗ੍ਰਹਿ ਵਿਚ ਬਾਬਾ ਫ਼ਰੀਦ ਸ਼ਕਰਗੰਜ ਤੋਂ ਸ਼ੁਰੂ ਕਰ ਕੇ ਅਨਸਰ ਅਲੀ ਅਨਸਰ ਤਕ 177 ਸ਼ਾਇਰਾਂ ਦਾ ਚੋਣਵਾਂ ਕਲਾਮ ਦਰਜ ਹੈ, ਪਰ ਇਸ ਵਿਚ ਇਕ ਵੀ ਹਿੰਦੂ ਅਤੇ ਸਿੱਖ ਕਵੀ ਦੀ ਕਵਿਤਾ ਸ਼ਾਮਲ ਨਹੀਂ ਹੈ। ਪਾਕਿਸਤਾਨੀ ਪੰਜਾਬ ਦੇ ਮੰਨੇ-ਪ੍ਰਮੰਨੇ ਉਰਦੂ ਅਦੀਬਾਂ ਵਿਚੋਂ ਕਿਸੇ ਨੇ ਵੀ ਪੰਜਾਬੀ ਦੇ ਹੱਕ ਵਿਚ ਕਦੀ ਆਵਾਜ਼ ਨਹੀਂ ਉਠਾਈ। ਉਨ੍ਹਾਂ ਨੂੰ ਡਰ ਹੈ ਕਿ ਜੇ ਪੰਜਾਬੀ ਤਰੱਕੀ ਕਰ ਗਈ ਤਾਂ ਉਰਦੂ ਦਾ ਕੀ ਬਣੇਗਾ? ਕੱਟੜ ਪੰਥੀਆਂ ਅਨੁਸਾਰ ਇਸਲਾਮ ਪਾਕਿਸਤਾਨ ਦਾ ਕਿਲ੍ਹਾ ਹੈ ਅਤੇ ਉਰਦੂ ਤੇ ਪਾਕਿਸਤਾਨ ਨੂੰ ਵੱਖ ਕਰ ਕੇ ਵੇਖਣਾ ਕੁਫ਼ਰ ਹੈ। ਪੰਜਾਬੀ ਭਾਸ਼ਾ ਤੋਂ ਪਿਛੋਂ ਪੰਜਾਬੀ ਕੌਮ ਦੀ ਦੂਜੀ ਕੜੀ ਪੰਜਾਬੀਅਤ ਹੈ। ਪੰਜਾਬੀਅਤ ਮੂਲ ਰੂਪ ਵਿਚ ਪੰਜਾਬੀ ਪਛਾਣ ਜਾਂ ਸ਼ਨਾਖ਼ਤ ਦਾ ਦੂਜਾ ਨਾਂ ਹੈ। ਪੰਜਾਬੀਅਤ ਨੂੰ ਪੰਜਾਬੀ ਕੌਮੀਅਤ ਜਾਂ ਕੌਮ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਪੰਜਾਬੀਅਤ ਇਕ ਅਜਿਹਾ ਸਭਿਆਚਾਰਕ ਸੰਕਲਪ ਹੈ, ਜਿਸ ਦਾ ਸਬੰਧ ਪੰਜਾਬੀ ਲੋਕਾਂ ਦੀ ਰਹਿਤਲ, ਜੀਵਨ ਜਾਚ ਅਤੇ ਉਨ੍ਹਾਂ ਖਾਸ ਗੁਣਾਂ ਨਾਲ ਹੈ, ਜਿਹੜੇ ਇਸ ਨੂੰ ਦੂਜੀਆਂ ਕੌਮਾਂ ਜਾਂ ਕੌਮੀਅਤਾਂ ਤੋਂ ਨਿਖੇੜਦੇ ਹਨ। ਪੰਜਾਬੀਅਤ ਇਕ ਅਜਿਹਾ ਅਹਿਸਾਸ ਹੈ, ਜਿਸ ਰਾਹੀਂ ਖਾਸ ਪ੍ਰਕਾਰ ਦੀ ਵਿਲੱਖਣਤਾ ਦਾ ਝਲਕਾਰਾ ਪੈਂਦਾ ਹੈ। 1983 ਵਿਚ ਦਿੱਲੀ ਵਿਖੇ ਹੋਏ 'ਵਿਸ਼ਵ ਪੰਜਾਬੀ ਸੰਮੇਲਨ' ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਪੰਜਾਬੀ ਦੇ ਮੰਨੇ-ਪ੍ਰਮੰਨੇ ਪੱਤਰਕਾਰ ਸ੍ਰੀ ਪ੍ਰੇਮ ਭਾਟੀਆ ਨੇ ਕਿਹਾ ਸੀ ਕਿ ਜਦ ਤਾਮਲੀਅਤ, ਤੈਲਗੂਈਅਤ, ਕਸ਼ਮੀਰੀਅਤ ਜਾਂ ਬੰਗਾਲੀਅਤ ਦਾ ਕੋਈ ਜ਼ਿਕਰ ਨਹੀਂ ਹੁੰਦਾ ਤਾਂ ਪੰਜਾਬੀਅਤ ਬਾਰੇ ਚਰਚਾ ਦੀ ਕੀ ਲੋੜ ਹੈ? ਨਾਲ ਹੀ ਉਨ੍ਹਾਂ ਇਸ ਦੇ ਦੋ ਕਾਰਨ ਵੀ ਦੱਸੇ ਹਨ। ਪਹਿਲਾ ਇਹ ਕਿ, "ਪੰਜਾਬੀ ਲੋਕ ਅੰਤਰਰਾਸ਼ਟਰੀ ਬਰਾਦਰੀ ਦਾ ਭਾਗ ਬਣ ਚੁੱਕੇ ਹਨ। ਭਾਰਤ ਦੇ ਦੂਜੇ ਰਾਜਾਂ ਤੇ ਕਈ ਵਿਦੇਸ਼ੀ ਮੁਲਕਾਂ ਦੇ ਵਾਸੀ ਹਨ। ਉਹ ਆਪਣੀ ਸਭਿਆਚਾਰਕ ਪਛਾਣ ਬਾਰੇ ਸੁਚੇਤ ਹਨ। ਦੂਜੇ, ਪੰਜਾਬੀਅਤ ਨੂੰ ਆਪਣੇ ਮੁਲਕ ਵਿਚ ਅਤੇ ਕਿਸੇ ਹੱਦ ਤਕ ਬਾਹਰੋਂ ਵੀ ਅਜਿਹੇ ਲੋਕਾਂ ਤੋਂ ਗੰਭੀਰ ਖ਼ਤਰਾ ਹੈ ਜਿਹੜੇ ਪੰਜਾਬੀਅਤ ਅਤੇ ਧਰਮ ਨੂੰ ਸਮਾਨ ਰੂਪ ਵਿਚ ਸਮਝਣ ਦੀ ਬਿਰਤੀ ਰਖਦੇ ਹਨ। ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਪੰਜਾਬੀਅਤ ਨੂੰ ਕਿਸੇ ਵੀ ਤਰ੍ਹਾਂ ਧਰਮ ਨਾਲ ਜੋੜਿਆ ਨਹੀਂ ਜਾ ਸਕਦਾ।" ਉਨ੍ਹਾਂ ਇਹ ਵੀ ਕਿਹਾ ਕਿ "ਪੰਜਾਬੀਅਤ ਦਾ ਠੀਕ ਪ੍ਰਤੀਬਿੰਬ (ਅਕਸ) ਪੰਜਾਬੀ ਭਾਸ਼ਾ ਹੀ ਹੈ।" ਇਸੇ ਕਾਨਫ਼ਰੰਸ ਦੇ ਮੌਕੇ ਵੰਡੇ ਗਏ 'ਪੰਜਾਬੀਅਤ' ਨਾਂ ਦੇ ਕਿਤਾਬਚੇ ਵਿਚ ਓਮਾ ਵਾਸੂਦੇਵਾ ਨੇ ਇਹ ਭਾਵਨਾ ਪ੍ਰਗਟ ਕੀਤੀ ਕਿ ਜੇ ਦੋ ਸੌ ਸਾਲ ਅੰਗਰੇਜ਼ੀ ਨੇ ਭਾਰਤ ਦੀ ਕਿਸੇ ਭਾਸ਼ਾ ਕੁਝ ਨਹੀਂ ਵਿਗਾੜਿਆ ਸਗੋਂ ਪ੍ਰਵਾਨਗੀ ਤੋਂ ਬਿਨਾਂ ਵੀ ਪੰਜਾਬੀ ਭਾਸ਼ਾ ਜ਼ਿੰਦਾ ਰਹੀ ਹੈ ਤਾਂ ਪੰਜਾਬੀਅਤ ਦੇ ਨਾਂ 'ਤੇ ਸ਼ੋਰ-ਸ਼ਰਾਬਾ ਕਿਉਂ? ਉਸ ਦੀ ਧਾਰਨਾ ਇਹ ਹੈ ਕਿ ਪੰਜਾਬ ਦੇ ਹਿੰਦੂ, ਮੁਸਲਮਾਨ ਅਤੇ ਸਿੱਖ ਆਪਣੀ ਭਾਸ਼ਾ ਅਤੇ ਲਿੱਪੀ ਦੀ ਮਨ ਮਰਜ਼ੀ ਨਾਲ ਚੋਣ ਕਰ ਸਕਦੇ ਹਨ। ਇਹ ਉਸੇ ਤਰ੍ਹਾਂ ਦੀ ਭਾਵਨਾ ਹੈ ਜਿਵੇਂ ਖ਼ੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਉਸ ਦੀ ਮਾਂ ਬੋਲੀ ਅੰਗਰੇਜ਼ੀ ਹੈ। ਜ਼ੁਬਾਨ ਜਾਂ ਸਭਿਆਚਾਰ ਨੂੰ ਜਦ ਵਿਅਕਤੀ ਅਤੇ ਧਰਮ ਨਾਲ ਜੋੜ ਦਿੱਤਾ ਜਾਏ ਤਾਂ ਮਸਲੇ ਦੂਣ-ਸਵਾਏ ਹੋ ਜਾਂਦੇ ਹਨ। 1947 ਵਿਚ ਪੰਜਾਬ ਤੇ ਬੰਗਾਲ ਦੀ ਵੰਡ ਦਾ ਆਧਾਰ ਵੀ ਧਰਮ ਹੀ ਸੀ। ਭਾਰਤੀ ਪੰਜਾਬ ਦੀ ਪੁਨਰ ਵੰਡ ਦਾ ਆਧਾਰ ਵੀ ਜਿਸ ਜਨ-ਸੰਖਿਆ ਨੂੰ ਬਣਾਇਆ ਗਿਆ ਉਸ ਦੇ ਪਿਛੋਕੜ ਵਿਚ ਵੀ ਧਰਮ ਦੀ ਰਾਜਨੀਤੀ ਕੰਮ ਕਰ ਰਹੀ ਸੀ। ਚੰਡੀਗੜ੍ਹ ਦੀ ਉਸਾਰੀ ਜਿਸ ਭੋਇੰ ਉਪਰ ਹੋਈ ਹੈ ਉਸ ਤੋਂ ਉਠਾਏ ਗਏ ਲੋਕਾਂ ਦੀ ਬੋਲੀ ਪੰਜਾਬੀ ਸੀ, ਪਰ ਇਸ ਵੇਲੇ ਚੰਡੀਗੜ੍ਹ ਦੇ ਰਾਜ ਪ੍ਰਬੰਧ ਤੇ ਸਿਖਿਆ ਵਿਚ ਪੰਜਾਬੀ ਦੀ ਕੋਈ ਥਾਂ ਨਹੀਂ।

ਪੰਜਾਬੀ ਦੇ ਗੁਆਂਢੀ ਰਾਜਾਂ ਹਰਿਆਣਾ ਤੇ ਹਿਮਾਚਲ ਵਿਚ ਕਾਫ਼ੀ ਵੱਡੀ ਗਿਣਤੀ ਵਿਚ ਪੰਜਾਬੀ ਵਸਦੇ ਹਨ, ਪਰ ਪੰਜਾਬੀ ਦੀ ਕੋਈ ਕਦਰ ਨਹੀਂ। ਦਿੱਲੀ ਨੂੰ ਪੰਜਾਬੀਆਂ ਦਾ ਗੜ੍ਹ ਸਮਝਿਆ ਜਾਂਦਾ ਰਿਹਾ ਹੈ ਪਰ ਅੱਧੀ ਤੋਂ ਵੀ ਵੱਧ ਵੱਸੋਂ ਵਾਲੇ ਕੇਂਦਰੀ ਰਾਜ ਦਿੱਲੀ ਵਿਚ ਹਰ ਮਰਦਮਸ਼ੁਮਾਰੀ ਪਿਛੋਂ ਪੰਜਾਬੀਆਂ ਦੀ ਗਿਣਤੀ ਘੱਟ ਕੇ 12 ਜਾਂ 13 ਫ਼ੀਸਦੀ ਰਹਿ ਜਾਂਦੀ ਹੈ। ਸਾਡੇ ਵੇਖਦਿਆਂ ਵੇਖਦਿਆਂ ਡੋਗਰੀ ਪੰਜਾਬੀ ਦੀ ਉਪਭਾਸ਼ਾ ਉਠ ਕੇ ਪੂਰਨ ਭਾਸ਼ਾ ਦਾ ਦਰਜਾ ਹਾਸਲ ਕਰ ਚੁੱਕੀ ਹੈ। ਕਾਂਗੜੀ ਪੰਜਾਬੀ ਦੀ ਉਪ ਬੋਲੀ ਦੀ ਥਾਂ ਹਿੰਦੀ ਦੀ ਉਪ ਬੋਲੀ ਸਮਝੀ ਜਾ ਰਹੀ ਹੈ। ਵਿਸ਼ਵੀਕਰਨ ਜਾਂ ਸੰਸਾਰੀਕਰਨ ਦਾ ਭੂਤ ਜ਼ੁਬਾਨਾਂ ਨੂੰ ਵੀ ਨਿਗਲੀ ਜਾ ਰਿਹਾ ਹੈ।

ਇਨ੍ਹਾਂ ਮਸਲਿਆਂ ਦੇ ਬਾਵਜੂਦ ਦੋਹਾਂ ਪੰਜਾਬਾਂ ਵਿਚ ਪੰਜਾਬੀ ਭਾਸ਼ਾ ਤੇ ਸਭਿਆਚਾਰ ਪ੍ਰਤੀ ਮੋਹ ਵੱਧ ਰਿਹਾ ਹੈ। ਸੈਂਕੜੇ ਵਰ੍ਹਿਆਂ ਪਿਛੋਂ ਪੰਜਾਬੀ ਮਾਂ ਬੋਲੀ ਨੂੰ ਭਾਰਤੀ ਪੰਜਾਬ ਵਿਚ ਰਾਜ ਭਾਸ਼ਾ ਦਾ ਦਰਜਾ ਦੇ ਕੇ ਸਿੰਘਾਸਣ ਉਪਰ ਬਿਠਾ ਦਿੱਤਾ ਗਿਆ ਹੈ। ਪਰ ਪੰਜਾਬੀ ਪਿਆਰੇ ਮਹਿਜ਼ ਇਸ ਨਾਲ ਸੰਤੁਸ਼ਟ ਨਹੀਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਸੈਂਕੜੇ ਹੋਰ ਜਥੇਬੰਦੀਆਂ ਪੂਰੀ ਤਨਦੇਹੀ ਨਾਲ ਪੰਜਾਬੀ ਨੂੰ ਪੰਜਾਬ ਵਿਚ ਉਸ ਦੀ ਬਣਦੀ ਥਾਂ ਦੁਆਉਣ ਲਈ ਪਿਛਲੇ ਕਈ ਵਰ੍ਹਿਆਂ ਤੋਂ ਸਰਕਾਰ ਨਾਲ ਲੜਾਈ ਲੜ ਰਹੀਆਂ ਹਨ। ਹਜ਼ਾਰਾਂ ਪੰਜਾਬੀ ਲੇਖਕ, ਦਾਨਿਸ਼ਵਰ ਆਪਣਾ ਯੋਗਦਾਨ ਪਾ ਰਹੇ ਹਨ। ਮਰਹੂਮ ਪ੍ਰੋ. ਪ੍ਰੀਤਮ ਸਿੰਘ ਅਤੇ ਡਾ. ਟੀ.ਆਰ. ਸ਼ਰਮਾ ਜਿਹੇ ਵਿਦਵਾਨ ਵੀ ਇਸ ਘੋਲ ਵਿਚ ਪਿੱਛੇ ਨਹੀਂ ਰਹੇ ਹਨ। ਪਾਕਿਸਤਾਨ ਵਿਚ ਵੀ ਪੰਜਾਬੀ ਬਾਰੇ ਪਏ ਭੁਲੇਖੇ ਹੌਲੀ-ਹੌਲੀ ਦੂਰ ਹੋ ਰਹੇ ਹਨ। ਇਕ ਪਾਸੇ ਸ਼ਫ਼ੀਕ ਬੱਟ ਤੇ ਉਨ੍ਹਾਂ ਦੇ ਸਾਥੀ ਪੰਜਾਬੀ ਲੋਕ ਬੋਲੀ ਮੇਲਿਆਂ ਰਾਹੀਂ, ਮਸੂਦ ਖ਼ਾਲਿਦ ਅਦਾਰਾ 'ਸਾਂਝ' ਰਾਹੀਂ ਅਤੇ ਹਮਜ਼ਾ ਵਿਰਕ 'ਬਾਬਾ ਫ਼ਰੀਦ ਅਦਬੀ ਸੰਗਤ' ਦੁਆਰਾ ਅਤੇ ਦੂਜੇ ਪਾਸੇ ਦੂਰ ਅਮਰੀਕਾ ਵਿਚ ਬੈਠੇ ਡਾ. ਮਨਜ਼ੂਰ ਇਜਾਜ਼ ਤੇ ਸ਼ਫ਼ੀਰ ਰਾਮੇ 'ਅਕਾਦਮੀ ਆਫ਼ ਪੰਜਾਬ ਇਨ ਨਾਰਥ ਅਮਰੀਕਾ', ਪੰਜਾਬੀ ਕੌਮ ਬਾਰੇ ਜਾਣਕਾਰੀ ਦੇ ਕੇ ਪੰਜਾਬੀਆਂ ਨੂੰ ਉਨ੍ਹਾਂ ਦੀ ਮਾਂ-ਬੋਲੀ ਤੇ ਵਿਰਸੇ ਦੀ ਸਭਿਆਚਾਰਕ ਮਹਾਨਤਾ ਤੋਂ ਜਾਣੂ ਕਰਾ ਰਹੇ ਹਨ।

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 44

# ਗੂੜ੍ਹੇ ਸਾਕ ਭਰਾਵਾਂ ਦੇ



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

ਪੰਜਾਬੀ ਸਾਕਾਦਾਰੀ ਪ੍ਰਬੰਧ ਬੜਾ ਗੁੰਝਲਦਾਰ ਹੈ। ਭਾਰਤੀ ਸਾਕਾਦਾਰੀ ਪ੍ਰਬੰਧ ਨਾਲੋਂ ਵੀ ਗੁੰਝਲਦਾਰ। ਰਿਸ਼ਤੇਦਾਰੀ ਨੂੰ ਪੀੜ੍ਹੀਆਂ ਅਨੁਸਾਰ ਦੇਖੀਏ ਤਾਂ ਇਹ ਬਾਬੇ ਤੱਕ ਹੀ ਜਾਂਦੀ ਹੈ। 'ਪੜ ਪਿਆ ਸਾਕ ਗਿਆ' ਭਾਵੇਂ ਪੜਦਾਦਾ/ਨਕੜਦਾਦਾ, ਪੜਨਾਨਾ/ਨਕੜਨਾਨਾ ਸ਼ਬਦ ਪ੍ਰਚੱਲਤ ਹਨ ਪਰ ਉਨ੍ਹਾਂ ਅਨੁਸਾਰ ਦੂਸਰੇ ਰਿਸ਼ਤਿਆਂ ਦਾ ਜੁਗਰਾਫ਼ੀਆ ਨਹੀਂ ਬਦਲਦਾ। ਇਨ੍ਹਾਂ ਤੋਂ ਅਗਾਂਹ ਬਜ਼ੁਰਗ ਜਠੇਰਿਆਂ ਵਿਚ ਸ਼ਾਮਲ ਹੋ ਜਾਂਦੇ ਹਨ, ਜਿਨ੍ਹਾਂ ਨੂੰ ਵਿਆਹ ਆਦਿ 'ਤੇ ਮੰਨਿਆ ਜਾਂਦਾ ਹੈ ਜਾਂ ਵਡੇਰਿਆਂ ਦਾ ਵਰ੍ਹੇ ਬਾਅਦ ਸ਼ਰਾਧ ਕਰਵਾਇਆ ਜਾਂਦਾ ਹੈ।

ਸਿੱਧੀ ਲਕੀਰ ਤਾਂ ਬਾਰੇ-ਪੁੱਤਰ-ਪੋਤੇ ਤੱਕ ਹੀ ਸੀਮਤ ਰਹਿੰਦੀ ਹੈ। ਪੋਤਿਆਂ-ਪੜੋਤਿਆਂ ਵਾਲਾ ਹੋਣ ਵਾਲੇ ਨੂੰ ਸੋਨੇ ਦੀ ਪੌੜੀ 'ਤੇ ਚੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ, ਸੱਸ, ਪਤੀਸ, ਸਹੁਰਾ, ਪਤਿਔਰਾ, ਦਦਿਓਰਾ, ਨਣਾਨ, ਭਰਜਾਈ, ਮਾਸੀ-ਭਾਣਜੀ, ਮਾਮਾ-ਭਾਣਜਾ, ਭਾਣਜੀ, ਨਾਨਾ-ਦੋਹਤੀ, ਨਨਿਓਰਾ, ਨਾਨੀ ਸੱਸ, ਫੁੱਫੜ-ਭੂਆ ਅਤੇ ਹੋਰ ਅਨੇਕਾਂ ਅੰਗਲ-ਸੰਗਲੀਆਂ ਜੋੜੀਆਂ ਜਾਂਦੀਆਂ ਹਨ। ਇਹ ਰਿਸ਼ਤੇ ਪ੍ਰਕਿਰਤਕ ਨਹੀਂ ਸਗੋਂ ਸਮਾਜਕ ਹਨ। ਸਮਾਜਕ ਰਿਸ਼ਤੇ ਬਣਨ ਦੇ ਨਾਲ ਹੀ ਮੂਲ ਭਾਵਨਾਵਾਂ ਵੀ ਬਦਲਣ ਲੱਗਦੀਆਂ ਹਨ। ਵਰਗ-ਸਮਾਜ ਦੀ ਸ਼ੁਰੂਆਤ ਨਾਲ ਇਨ੍ਹਾਂ ਭਾਵਨਾਵਾਂ ਵਿਚ ਹੋਰ ਵਿਗਾੜ ਪੈਦਾ ਹੁੰਦੇ ਹਨ। ਜਾਇਦਾਦ ਨੂੰ ਜੱਦੀ ਕਰਨ ਨਾਲ ਰਿਸ਼ਤੇ ਹੋਰ ਹੀ ਰੂਪ ਗ੍ਰਹਿਣ ਕਰ ਜਾਂਦੇ ਹਨ।

ਪਿਆਰ ਦੀ ਮੂਲ ਭਾਵਨਾ ਵਿਰੋਧੀ ਜਿਨਸਾਂ ਨੂੰ ਇਕ ਦੂਜੇ ਨਾਲ ਜੋੜਦੀ ਹੈ ਤੇ ਜੀਆਂ ਨੂੰ ਇਕ ਦੂਜੇ ਨਾਲ ਗੰਢਦੀ ਹੈ। ਪਰ ਵਰਗ ਸਮਾਜ ਵਿਚ ਇਹੀ ਪਿਆਰ ਵਿਗੜ ਕੇ ਜਾਇਦਾਦ ਨਾਲ ਬੱਝ ਜਾਂਦਾ ਹੈ। ਅਜੋਕੇ ਸਮਾਜ ਵਿਚ ਇਹ ਬੈਂਕ-ਬੈਲੈਂਸ ਨਾਲ ਜਾ ਜੁੜਦਾ ਹੈ। ਜਿਨ੍ਹਾਂ ਰਿਸ਼ਤਿਆਂ ਵਿਚ ਇਸ ਜਾਇਦਾਦ ਦਾ ਦਖ਼ਲ ਜਿੰਨਾ ਘੱਟ ਹੋਵੇਗਾ ਓਨਾ ਹੀ ਪਿਆਰ ਗੂੜ੍ਹਾ ਹੋਵੇਗਾ। ਮੱਧਕਾਲੀ ਤੇ ਅਜੋਕੀ ਪਰਿਵਾਰ ਦੀ ਇਕਾਈ ਵਿਚ ਇਹ ਉਦਾਹਰਣ ਦੇਖੀ ਜਾ ਸਕਦੀ ਹੈ। ਸ਼ਰੀਕ ਹੈ ਹੀ ਉਹ, ਜਿਸ ਨੇ ਜਾਇਦਾਦ ਵੰਡਾਉਣ ਵਿਚ ਸ਼ਰੀਕ ਹੋਣਾ ਹੈ। ਇਸ ਲਈ ਭਰਾ ਭਰਾ ਸ਼ਰੀਕ ਹੋ ਜਾਂਦੇ ਹਨ। ਤਾਏ ਚਾਚੇ ਸ਼ਰੀਕ ਹੋ ਜਾਂਦੇ ਹਨ। ਪਿਉ-ਪੁੱਤ ਦਾ ਵੈਰੀ ਬਣਦਾ ਹੈ। ਜੇ ਭੈਣ ਹਿੱਸਾ ਵੰਡਾਉਣ ਲੱਗੇ ਤਾਂ ਉਹ ਵੀ ਸ਼ਰੀਕ ਬਣ ਜਾਂਦੀ ਹੈ। ਜੇ ਮਾਂ ਕੋਲ ਵੰਡਾਉਣ ਲਈ ਕੁਝ ਨਹੀਂ ਤੇ ਧੀ ਨੇ ਉਸ ਕੋਲੋਂ ਲੈਣਾ ਕੁਝ ਨਹੀਂ ਤਾਂ ਉਨ੍ਹਾਂ ਦਾ ਪਿਆਰ ਨਿਸੁਆਰਥ ਹੋਵੇਗਾ, ਇਸੇ ਲਈ ਉਸ ਵਿਚ ਮਾਨਵਤਾ ਵਧੇਰੇ ਹੁੰਦੀ ਹੈ, ਸੁੱਚਤਾ ਵਧੇਰੇ ਦਿਖਾਈ ਦਿੰਦੀ ਹੈ। ਇਸੇ ਲਈ ਮਾਂ ਧੀ ਨਾਲ ਜੁੜੇ ਗੀਤ ਭਾਵੁਕਤਾ ਵਿਚ ਗੁੱਧੇ ਹੋਏ ਹਨ ਤੇ ਉਹ ਮਨ ਨੂੰ ਧੂਅ ਵੀ ਪਾਉਂਦੇ ਹਨ। ਇੱਥੇ ਸਾਡਾ ਇਹ ਭਾਵ ਕਦਾਚਿਤ ਨਹੀਂ ਕਿ ਭੈਣ ਨੂੰ ਜਾਇਦਾਦ ਵਿਚੋਂ ਹਿੱਸਾ ਨਹੀਂ ਲੈਣਾ ਚਾਹੀਦਾ। ਬਲਕਿ ਅਸੀਂ ਤਾਂ ਵਰਗ ਰਹਿਤ ਸਮਾਜ ਦੀ ਕਲਪਨਾ ਕਰਦੇ ਹਾਂ ਜਿੱਥੇ ਇਹ ਰਿਸਤੇ ਸਾਰੇ ਪਰਿਵਾਰ ਵਿਚ ਹੀ ਦਖ਼ਲ ਨਾ ਦੇਣ। ਪਰ ਜੋ ਸਥਿਤੀ ਹੈ ਉਸ ਵਿਚ ਜੇ ਭੈਣ ਕੁਝ ਲੈਂਦੀ ਨਹੀਂ ਤੇ ਭਰਾ ਦਾ ਪ੍ਰਕਿਰਤਕ ਰਿਸ਼ਤਾ ਬਣਿਆ ਰਹਿੰਦਾ ਹੈ ਤਾਂ ਉਨ੍ਹਾਂ ਦੋਨਾਂ ਦਾ ਨਿਸੁਆਰਥ ਪਿਆਰ ਮਾਂ-ਧੀ ਦੇ ਪਿਆਰ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਅਸਲ ਵਿਚ ਲੋਕ-ਗੀਤਾਂ ਵਿਚ ਇਸੇ ਨਿਸੁਆਰਥ ਪਿਆਰ ਨੂੰ ਗਾਇਆ ਗਿਆ ਹੈ। ਲੋਕ-ਗੀਤਾਂ ਵਿਚ ਇਹ ਦੇਖਣ ਵਾਲੀ ਗੱਲ ਹੈ ਕਿ ਜਿੱਥੇ ਦੂਰ ਦਾ ਰਿਸ਼ਤਾ ਹੈ ਉਸ ਸਬੰਧੀ ਇਕ ਅੱਧ ਬੋਲੀ ਮਿਲ ਜਾਵੇਗੀ ਪਰ ਨੇੜਲੇ ਰਿਸ਼ਤੇ ਲੰਮੇ ਗੀਤਾਂ ਤੱਕ ਪਹੁੰਚ ਰੱਖਦੇ ਹਨ। ਭੈਣ-ਭਰਾ ਦਾ ਰਿਸ਼ਤਾ ਅਜਿਹਾ ਹੀ ਹੈ। ਇਹ ਪਹਿਲਾਂ ਬੋਲੀਆਂ ਵਿਚ ਹੀ ਦੇਖਿਆ ਜਾ ਸਕਦਾ ਹੈ।

ਸ਼ੀਸ਼ੀਏ ਗੁਲਾਬ ਰੰਗੀਏ
ਵੀਰੇ ਆਉਣਗੇ, ਪੱਗਾਂ ਨੂੰ ਮਾਵਾਂ ਲਾਉਣਗੇ।
ਕੋਠੇ ਕੋਠੇ ਆ ਜਾ ਵੀਰਨਾ
ਅੱਗੇ ਬੈਠੀ ਆ ਕਪੱਤੀ ਸੱਸ ਮੇਰੀ
ਰੁੱਖੀ ਸੁੱਖੀ (ਮਿੱਸੀ) ਖਾ ਲੈ ਵੀਰਨਾ
ਜੁਦੀ ਹੋਊਂਗੀ ਉਲਾਂਭੇ ਤੇਰੇ ਲਾਹੂੰਗੀ
ਮੈਂ ਤਾਂ ਗੁੰਦ ਕੇ ਤੜਾਗੀ ਪਾਮਾਂ।
ਇਕ ਵੀਰ ਦਈਂ ਵੇ ਰੱਬਾ।

ਇਹ ਤਾਂ ਸ਼ੁਰੂਆਤ ਹੈ। ਵੀਰ ਨੇ ਲੋਹੜੀ ਲੈ ਕੇ ਆਉਣਾ ਹੈ, ਜਿਸ ਵਿਚ ਉਸ ਲਈ ਤੋਹਫ਼ੇ ਹੋਣਗੇ, ਪਰ ਮੂਲ ਭਾਵ ਪਿਆਰ ਦਾ ਹੈ। ਅਨੇਕਾਂ ਲੋਹੜੀ ਦੇ ਗੀਤ, ਵੀਰ ਨੂੰ ਸੰਬੋਧਤ ਹਨ। ਬਿਆ੍ਹਈਆਂ/ਜਨਮ ਦੇ ਗੀਤਾਂ ਵਿਚ ਵੀਰ ਸ਼ਾਮਲ ਹੈ। ਕਈ ਥਾਂ ਤਾਂ ਮਾਹੀਏ ਨੂੰ ਹਟਾ ਕੇ ਵੀਰ ਰੱਖ ਦਿੱਤਾ ਗਿਆ ਹੈ ਜਿਸ ਤੋਂ ਪਿਆਰ ਦੀ ਤੀਖਣਤਾ ਦਾ ਅਹਿਸਾਸ ਸਾਹਮਣੇ ਆਉਂਦਾ ਹੈ। ਕਿਤੇ ਵੀਰ ਨਿਆਣਾ ਹੈ ਫਿਰ ਵੀ ਭੈਣ ਉਸੇ ਨੂੰ ਆਪਣੇ ਨਾਲ ਭੇਜਣ ਲਈ, ਮਾਂ ਨਾਲ ਜ਼ਿੱਦ ਕਰਦੀ ਹੈ। ਕਿਤੇ ਸੱਸ ਆਏ ਵੀਰ ਨੂੰ ਮਿਲਣ ਨਹੀਂ ਦਿੰਦੀ ਤਾਂ ਭੈਣ ਭਰਾ ਅਤਿ ਦੁਖੀ ਹੁੰਦੇ ਹਨ। ਭਰਾ ਤਾਂ ਸਤਿਆ ਇੱਥੋਂ ਤੱਕ ਕਹਿ ਜਾਂਦਾ ਹੈ।

ਤੂੰ ਮਰ ਜਾਵੇਂ ਭੈਣੇ ਸਾਡਾ ਸਾਕ ਟੁੱਟੇ।
ਵੀਰਾ ਮੌਤ ਨਾ ਆਉਂਦੀ ਬੜੇ ਦੁਖੀਆਂ ਨੂੰ।

ਦੋਨਾਂ ਦਾ ਮੇਲ ਨਾ ਹੋਣ 'ਤੇ ਇਹ ਦੁਖਾਂਤ ਦਾ ਸਿਖ਼ਰ ਹੈ। ਜਿਸ ਲੰਬੇ ਗੀਤ ਦਾ ਇੱਥੇ ਮੈਂ ਜ਼ਿਕਰ ਕਰ ਰਿਹਾ ਹਾਂ, ਉਹ ਟੱਪਿਆਂ ਵਿਚ ਪੂਰਾ ਹੁੰਦਾ ਹੈ। ਪਰ, ਭੈਣ-ਭਰਾ ਦੇ ਪਿਆਰ ਦਾ ਪੱਖ ਹਰ ਟੱਪੇ ਵਿਚ ਸ਼ਾਮਲ ਹੈ।

ਵੱਡੇ ਬੱਢ ਦਰਿਆਵਾਂ ਦੇ ਵੇ
ਵੱਡੇ ਬੱਢ ਦਰਿਆਵਾਂ ਦੇ
ਹੋਰ ਸਾਨੂੰ ਲੱਖ ਮਿਲਦੇ
ਪਰ ਗੂਅੜੇ ਸਾਕ ਭਰਾਵਾਂ ਦੇ।
ਵੇ ਗੂਅੜੇ ਸਾਕ ਭਰਾਵਾਂ ਦੇ।

ਇਸੇ ਭਾਵਨਾ ਨੂੰ ਇਕ ਹੋਰ ਗੀਤ ਵਿਚ ਵਿਸਤਾਰ ਮਿਲਿਆ ਹੈ ਜਿਸ ਵਿਚ ਭੈਣ ਚਾਚੇ ਤਾਏ ਦੇ ਪੁੱਤਾਂ ਤੋਂ ਪਿਆਰ ਨਹੀਂ ਪਾ ਸਕਦੀ, ਪਰ ਮਾਪਿਆਂ ਦੀ ਥਾਂ ਭਰਾ ਉਸ ਨੂੰ ਸਹੀ ਮਾਣ-ਆਦਰ ਦਿੰਦਾ ਹੈ। ਛੋਟੀ ਉਮਰ ਵਿਚ ਸਭ ਤੋਂ ਜ਼ਿਆਦਾ ਨੇੜੇ ਜੇ ਕਿਸੇ ਦਾ ਸਾਥ ਮਿਲਦਾ ਹੈ ਤਾਂ ਉਹ ਭਰਾ ਦਾ ਹੀ ਹੁੰਦਾ ਹੈ। ਇਸ ਨਾਤੇ ਵੀ ਇਹ ਪਿਆਰ ਇੱਥੋਂ ਤੱਕ ਵਿਸਤਾਰ ਗ੍ਰਹਿਣ ਕਰਦਾ ਹੈ।

ਭੈਣ ਦਿਆ ਸੁਹਣਿਆ ਵੀਰਾ ਵੇ
ਕੱਚੀ ਕੰਧ ਵਿਚ ਮੋਰੀ ਆ,
ਆ ਕੇ ਤੂੰ ਮਿਲ ਵੀਰਨਾ ਵੇ
ਤੈਨੂੰ ਕਾਹਦੀ ਵੀ ਚੋਰੀ ਆ,
ਵੇ ਤੈਨੂੰ ਕਾਹਦੀ ਵੀ ਚੋਰੀ ਆ।

ਇਹ ਟੱਪਾ ਬਿਲਕੁਲ ਵੱਖਰੀ ਸਥਿਤੀ ਬਿਆਨ ਕਰਦਾ ਹੈ। ਭੈਣ ਨੂੰ ਪਤਾ ਹੈ ਕਿ ਸਹੁਰਿਆਂ ਵਲੋਂ ਭਰਾ ਨਾਲ ਕੀ ਸਲੂਕ ਹੋਵੇਗਾ ਪਰ ਫਿਰ ਵੀ ਉਸ ਨੂੰ ਬੇਝਿਜਕ ਆਉਣ ਦੀ ਸਲਾਹ ਦਿੰਦੀ ਹੈ। ਛੋਟੀ ਉਮਰ ਵਿਚ ਭੈਣ ਥਾਲ ਪਾਉਂਦੀ ਵੀਰੇ ਦੀਆਂ ਕਾਮਨਾਵਾਂ ਕਰਦੀ, ਉਸ ਦੀ ਭਵਿੱਖ ਵਿਚ ਸੁਹਣੀ ਬਹੂ ਆਉਣ ਦੇ ਸੁਪਨੇ ਲੈਂਦੀ ਹੈ। ਪਰ ਉਸ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਉਹ ਦੂਰ ਵਿਆਹੀ ਜਾਵੇਗੀ। ਤਾਂ ਕੀ ਸਥਿਤੀਆਂ ਹੋਣਗੀਆਂ। ਇਨ੍ਹਾਂ ਟੱਪਿਆਂ ਦੀ ਸਿਰਜਣਹਾਰ ਨੇ ਜ਼ਮਾਨਾ ਦੇਖ ਲਿਆ ਹੈ। ਪੇਕਾ ਘਰ ਵੀ ਤੇ ਸਹੁਰਾ ਘਰ ਵੀ। ਇਸ ਲਈ ਉਹ ਅਜਿਹੇ ਪ੍ਰੌੜ ਵਿਚਾਰਾਂ ਨੂੰ ਦੋ-ਦੋ ਪੰਗਤੀਆਂ ਵਿਚ ਸੂਤਰ ਬੱਧ ਕਰ ਰਹੀ ਹੈ। ਸਭ ਤੋਂ ਧੂਅ ਪਾਉਣ ਵਾਲੀ ਸਥਿਤੀ ਇਹ ਹੈ ਕਿ ਉਹ ਭਰਾ ਤੋਂ ਦੂਰ ਬੈਠੀ ਇਹ ਸਭ ਕੁਝ ਸੋਚ ਰਹੀ ਹੈ, ਇਸੇ ਲਈ ਇਸ ਵਿਚ ਬਿਰਹਾ ਭਾਵ ਵਧੇਰੇ ਹੈ।

ਭੈਣ ਦਿਆ ਸੋਹਣਿਆ ਵੀਰਾ ਵੇ,
ਭੈਣਾਂ ਦਾਣੇ ਵੀ ਭੁਨਾਏ ਹੋਏ ਆ,
ਆਣ ਕੇ ਤੂੰ ਚੱਬ ਵੀਰਿਆ,
ਤੇਰੇ ਨਿੱਤ ਦੇ ਵੰਡਾਏ ਹੋਏ ਆ,
ਵੇ ਤੇਰੇ ਨਿੱਤ ਦੇ ਵੰਡਾਏ ਹੋਏ ਆ।
ਭੈਣ ਦਿਆ ਸੁਹਣਿਆ ਵੀਰਾ ਵੇ,
ਛੱਜ ਭਰਿਆ ਏ ਗੱਠਿਆਂ ਦਾ,
ਕੱਲੀ ਦਾ ਮੇਰਾ ਦਿਲ ਨਾ ਲੱਗੇ,
ਦਿਲ ਲੱਗਦਾ ਈ ਕੱਠਿਆਂ ਦਾ।

ਇਹ ਸਥਿਤੀ ਸੱਚਮੁੱਚ ਭਾਵੁਕ ਕਰ ਦੇਣ ਵਾਲੀ ਹੈ। ਪੰਜਾਬ ਦੇ ਘਰਾਂ ਵਿਚ ਲੌਢੇ ਵੇਲੇ ਦਾਣੇ ਭੁਨਾ ਕੇ ਚੱਬਣ ਦਾ ਰਿਵਾਜ਼ ਆਮ ਰਿਹਾ ਹੈ। ਜਦੋਂ ਵੀ ਦਾਣੇ ਭੁੰਨਾਏ ਜਾਣਗੇ, ਭੱਠੀ ਵਾਲੀ ਤੇ ਦਾਣੇ ਭੁੰਨਾਉਣ ਵਾਲਿਆਂ ਦਾ ਜ਼ਿਕਰ ਆਵੇਗਾ। ਪਰ ਇੱਥੇ ਭੈਣ ਭਰਾ ਨੂੰ ਯਾਦ ਕਰਦੀ ਹੈ। ਇਕੱਠਿਆਂ ਦਾ ਦਿਲ ਲੱਗਦਾ ਹੈ ਪਰ ਇਕੱਠੇ ਹੋ ਨਹੀਂ ਸਕਦੇ। ਇਹੀ ਦੁਖਾਂਤਕ ਸਥਿਤੀ ਹੈ ਜੋ ਭਾਵਾਂ ਵਿਚ ਤੂਫ਼ਾਨ ਲਿਆ ਰਹੀ ਹੈ। ਜਦੋਂ ਮਨ ਵੱਸੋਂ ਬਾਹਰ ਹੁੰਦਾ ਹੈ ਤਾਂ ਫਿਰ ਰੋਣ ਤੋਂ ਬਗ਼ੈਰ ਕੋਈ ਚਾਰਾ ਨਹੀਂ ਰਹਿ ਜਾਂਦਾ।

ਭੈਣ ਦਿਆ ਸੁਹਣਿਆ ਵੀਰਾ ਵੇ,
ਭੈਣ ਕੱਪੜੇ ਧੋਂਦੀ ਆ।
ਆ ਕੇ ਤੂੰ ਦੇਖ ਵੀਰਿਆ,
ਨਾਲੇ ਛਮ ਛਮ ਰੋਂਦੀ ਆ।
ਵੇ ਨਾਲੇ ਛਮ ਛਮ ਰੋਂਦੀ ਆ।

ਇਹ ਨੋਟ ਕਰਨ ਵਾਲੀ ਗੱਲ ਹੈ ਕਿ ਟੱਪੇ ਦੀਆਂ ਪਹਿਲੀਆਂ ਪੰਗਤੀਆਂ ਜਿੱਥੇ ਭਾਵਾਂ ਨੂੰ ਡੂੰਘੇਰਾ ਕਰਦੀਆਂ ਹਨ ਉਥੇ ਇਨ੍ਹਾਂ ਦਾ ਪੰਜਾਬੀ ਸਭਿਆਚਾਰ ਤੇ ਨਿੱਤ ਦੇ ਜੀਵਨ ਨਾਲ ਬਹੁਤ ਨੇੜਲਾ ਸਬੰਧ ਹੈ। ਦਰਿਆ ਪੰਜਾਬ ਦੀ ਜਾਨ ਹਨ। ਪੰਜਾਬ ਦਾ ਨਾਂ ਹੀ ਪੰਜ ਦਰਿਆਵਾਂ ਨਾਲ ਸਬੰਧਤ ਹੈ, ਕਦੇ ਸੱਤ ਦਰਿਆਵਾਂ ਨਾਲ ਵੀ ਰਿਹਾ ਹੈ। 'ਕੱਚੀ ਕੰਧ ਵਿਚ ਮੋਰੀ' ਸਿਰਫ਼ ਤੁਕਾਂਤ ਮੇਲ ਲਈ ਹੀ ਨਹੀਂ ਹੈ ਸਗੋਂ ਪੰਜਾਬੀ ਜੀਵਨ, ਵਿਸ਼ੇਸ਼ ਤੌਰ 'ਤੇ ਨਿਮਨ ਵਰਗ ਦੀ ਕੱਚੇ ਕੋਠਿਆਂ ਵਾਲੀ ਆਰਥਕਤਾ ਵੱਲ ਵੀ ਧਿਆਨ ਦੁਆਉਂਦਾ ਹੈ। ਭੈਣ ਦੀ ਘਰੇਲੂ ਸਥਿਤੀ ਵੀ ਇਸ ਤੋਂ ਗੁੱਝੀ ਨਹੀਂ ਰਹਿੰਦੀ। 'ਛੱਜ ਭਰਿਆ ਈ ਗੱਠਿਆਂ ਦਾ' ਇਹ ਐਵੇਂ ਹੀ ਨਹੀਂ ਭਰਿਆ, ਸਗੋਂ ਗੱਠੇ ਲੋਕ ਜੀਵਨ ਦਾ ਅਨਿੱਖੜਵਾਂ ਅੰਗ ਹਨ। ਰੋਟੀ ਵੀ ਕਈ ਵਾਰ ਆਚਾਰ ਤੇ ਗੱਠਿਆਂ ਨਾਲ ਹੀ ਖਾਣੀ ਪੈਂਦੀ ਹੈ। ਕੱਪੜੇ ਧੋਣੇ ਔਰਤ ਦੇ ਨਿੱਤ ਕਰਮ ਵਿਚ ਸ਼ਾਮਲ ਹੈ, ਖ਼ਾਸ ਤੌਰ 'ਤੇ ਨੂੰਹ ਦੇ। ਇਵੇਂ ਹੀ ਅਗਾਂਹ ਜਾ ਕੇ 'ਛੱਜ ਭਰਿਆ ਲੀਰਾਂ ਦਾ' ਵੀ ਬੜਾ ਮਹੱਤਵਪੂਰਨ ਹੈ। ਪੰਜਾਬੀ ਘਰਾਂ ਵਿਚ ਲੀਰਾਂ ਨੂੰ ਵੀ ਸੁੱਟਿਆ ਨਹੀਂ ਜਾਂਦਾ। ਉਨ੍ਹਾਂ ਦੀਆਂ ਗੁੱਡੀਆਂ ਪਟੋਲੇ ਬਣਾਏ ਜਾਂਦੇ ਹਨ। ਖਿੱਦੋ ਵਿਚ ਲੀਰਾਂ ਭਰਦੀਆਂ ਹਨ। ਇਹੀ ਲੀਰਾਂ ਸਰਾਹਣਿਆਂ ਵਿਚ ਜਾ ਪੈਂਦੀਆਂ ਹਨ। ਇਸ ਤੋਂ ਬਾਅਦ ਹੀ ਇਹ ਕੂੜੇ ਦੇ ਢੇਰ ਉੱਪਰ ਜਾਂਦੀਆਂ ਹਨ। 'ਕੰਢਾ ਭੱਜ ਗਿਆ ਥਾਲੀ' ਦਾ ਵੀ ਬੇਅਰਥ ਵਰਤੋਂ ਨਹੀਂ ਭਾਵੇਂ ਅਚੇਤ ਹੀ ਹੈ। ਭਾਵੇਂ ਹੱਥ 'ਤੇ ਰੱਖ ਕੇ ਵੀ ਰੋਟੀ ਖਾਧੀ ਜਾ ਸਕਦੀ ਹੈ, ਪਰ ਆਏ ਗਏ ਲਈ ਆਉ-ਭਗਤ ਵਾਸਤੇ ਥਾਲ-ਥਾਲੀਆਂ ਪੰਜਾਬੀ ਘਰਾਂ ਵਿਚ ਜ਼ਰੂਰ ਰੱਖੀਆਂ ਜਾਂਦੀਆਂ ਹਨ। ਇਹ ਥਾਲੀਆਂ ਖੱਟ ਵਿਚ ਰੱਖੀਆਂ ਜਾਂਦੀਆਂ ਹਨ। ਸ਼ਗਨਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਮੌਤ ਸਮੇਂ ਵੀ ਕਿਸੇ ਨਾ ਕਿਸੇ ਰੂਪ ਵਿਚ ਨਾਲ ਰਹਿੰਦੀ ਹੈ। ਇਸ ਲਈ ਛੋਟੇ-ਛੋਟੇ ਟੱਪੇ ਵੀ ਪੂਰੇ ਸਭਿਆਚਾਰ ਨੂੰ ਉਘਾੜ ਕੇ ਸਾਹਮਣੇ ਲੈ ਆਉਂਦੇ ਹਨ।

ਭੈਣ ਦਿਆ ਸੁਹਣਿਆ ਵੀਰਾ ਵੇ,
ਛੱਜ ਭਰਿਆ ਏ ਲੀਰਾਂ ਦਾ।
ਆਣ ਕੇ ਤੂੰ ਵੇਖ ਵੀਰਿਆ ਵੇ,
ਸਾਡਾ ਹਾਲ ਫ਼ਕੀਰਾਂ ਦਾ।
ਵੇ ਸਾਡਾ ਹਾਲ ਫ਼ਕੀਰਾਂ ਦਾ।
ਭੈਣ ਦਿਆ ਸੁਹਣਿਆ ਵੀਰਾ ਵੇ,
ਕੰਢਾ ਭੱਜ ਗਿਆ ਥਾਲੀ ਦਾ।
ਵਿਹੜੇ ਵਿਚ ਵੀਰ ਘੁੰਮਦਾ ਵੇ
ਕਿਸੇ ਕਰਮਾਂ ਵਾਲੀ ਦਾ
ਵੇ ਕਿਸੇ ਕਰਮਾਂ ਵਾਲੀ ਦਾ।

ਆਰਥਕਤਾ ਦੇ ਨਾਲ-ਨਾਲ ਬਿਰਹਾ ਵਿਚ ਫ਼ਕੀਰੀ ਹਾਲ ਸੱਚਮੁੱਚ ਦਿਲ ਨੂੰ ਛੂਹ ਲੈਣ ਵਾਲਾ ਹੈ। ਅਖ਼ੀਰ 'ਤੇ ਭੈਣ ਉਨ੍ਹਾਂ ਨੂੰ ਕਰਮਾਂ ਵਾਲਾ ਕਹਿੰਦੀ ਹੈ ਜਿਸ ਘਰ ਵੀਰ ਘੁੰਮਦਾ ਹੋਵੇ ਤੇ ਗੀਤ ਖ਼ਤਮ ਹੋ ਜਾਂਦਾ ਹੈ। ਪਰ ਇਹ ਗੀਤ ਦਾ ਖੁੱਲ੍ਹਾ ਰੂਪ ਹੈ। ਇਸ ਵਿਚ ਅਨੇਕਾਂ ਹੋਰ ਟੱਪੇ ਜੋੜੇ ਜਾ ਸਕਦੇ ਹਨ। ਇਕ ਥਾਂ ਮੈਂ ਅਜਿਹਾ ਹੋਰ ਟੱਪਾ ਜੁੜਿਆ ਸੁਣਿਆ ਸੀ ਜਿਸ ਵਿਚ ਭਰਾ ਦੇ ਦੋਸਤਾਂ ਦਾ ਜ਼ਿਕਰ ਕੀਤਾ ਗਿਆ ਸੀ।

ਅਜਿਹੇ ਗੀਤਾਂ ਤੋਂ ਇਲਾਵਾ ਅਨੇਕਾਂ ਗੀਤਾਂ ਵਿਚ ਵੀਰ ਦੇ ਆਉਣ ਦਾ ਜ਼ਿਕਰ ਹੈ। ਜਿਨ੍ਹਾਂ ਵਿਚ ਵੀਰ ਦੀ 'ਸੂਈ ਸੂਈ ਪਗੜੀ, ਕਲਗੀ' ਲਿਸ਼ਕਾਰੇ ਮਾਰਦੀ ਹੈ। ਕਿਤੇ ਕਰੇਲੇ ਬਣਾ ਕੇ ਵੀਰ ਨੂੰ ਆਉਣ ਲਈ ਕਿਹਾ ਗਿਆ ਹੈ। ਕਿਤੇ ਵੀਰ ਦੇ 'ਮੇਮਾਂ ਦੇ ਮੰਦਰ' 'ਤੇ ਰਹਿਣ ਦਾ ਜ਼ਿਕਰ ਹੈ 'ਤੇ ਕਿਤੇ ਵੀਰ ਨਾਲ ਰੱਤੇ ਡੋਲੇ ਬੈਠ ਕੇ ਆਉਣ ਦੇ ਦ੍ਰਿਸ਼ ਹਨ। ਇਸੇ ਤਰ੍ਹਾਂ ਹੋਰ ਅਨੇਕਾਂ ਗੀਤਾਂ ਵਿਚ ਭੈਣ-ਭਰਾ ਦੇ ਪਿਆਰ ਦੇ ਬਹੁਤ ਸਾਰੇ ਪੱਖ ਪੇਸ਼ ਹੁੰਦੇ ਹਨ ਪਰ ਨਾਲ-ਨਾਲ ਪੰਜਾਬੀ ਸਭਿਆਚਾਰ ਦਾ ਪਿਛੋਕੜ ਪੂਰੇ ਜਲੌਅ ਵਿਚ ਵਿਖਾਈ ਦਿੰਦਾ ਹੈ। ਅਸੀਂ ਅਜੇ ਤੱਕ ਇਨ੍ਹਾਂ ਗੀਤਾਂ ਦੀ ਸਮਾਜ ਸ਼ਾਸਤਰੀ ਜਾਂ ਸਭਿਆਚਾਰ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੁਣ-ਛਾਣ ਨਹੀਂ ਕੀਤੀ ਹੈ। ਅਜਿਹਾ ਕਰਨ ਨਾਲ ਇਨ੍ਹਾਂ ਗੀਤਾਂ ਦੀ ਹੋਰ ਵਧੇਰੇ ਸਾਰਥਕਤਾ ਸਾਹਮਣੇ ਆਵੇਗੀ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

# ਨ੍ਹੇਰਿਆਂ ਦੀ ਕੁੱਖ 'ਚੋਂ ਉਗਮਦੀ ਉਮੀਦ ਦਾ ਸ਼ਾਇਰ ਹਰਮਨ ਸਿੰਘ ਮਾਨ



ਹਰਦਮ ਸਿੰਘ ਮਾਨ
778-892-0051
maanhardam@gmail.com



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

'ਕੀ ਹੋਇਆ ਜੇ ਚਾਰ ਚੁਫ਼ੇਰੇ ਨ੍ਹੇਰਾ ਹੈ।
ਨ੍ਹੇਰੇ ਦੀ ਕੁੱਖ ਵਿਚ ਹੀ ਸੋਨ ਸਵੇਰਾ ਹੈ।'

ਨ੍ਹੇਰਿਆਂ ਦੀ ਕੁੱਖ ਵਿਚੋਂ ਹੀ ਸੋਨ ਸਵੇਰਿਆਂ ਦੀ ਉਮੀਦ ਪਾਲਣ ਵਾਲਾ ਸ਼ਾਇਰ ਹਰਦਮ ਮਾਨ ਪੰਜਾਬੀ ਗ਼ਜ਼ਲ ਦਾ ਵਰਤਮਾਨ ਵੀ ਹੈ ਤੇ ਭਵਿੱਖ ਵੀ। ਹਰਦਮ ਮਾਨ ਦੀ ਸ਼ਾਇਰੀ ਇਹ ਪ੍ਰਮਾਣਿਤ ਕਰਦੀ ਹੈ ਕਿ ਹਾਲਾਤ ਨੂੰ ਹੂ-ਬ-ਹੂ ਪੇਸ਼ ਕਰਨਾ ਸ਼ਾਇਰੀ ਨਹੀਂ ਸਗੋਂ ਸੂਖ਼ਮ ਦ੍ਰਿਸ਼ਟੀ ਨਾਲ ਹਾਲਾਤ ਦੇ ਆਰ-ਪਾਰ ਦੇਖ ਲੈਣਾ ਹੀ ਚੰਗੀ ਸ਼ਾਇਰੀ ਦਾ ਪਹਿਲਾ ਗੁਣ ਹੈ। ਇਸੇ ਲਈ ਜਦੋਂ ਉਹ ਸ਼ਿਅਰ ਕਹਿੰਦਾ ਹੈ ਤਾਂ ਤਰਕ ਉਹਦੇ ਨਾਲ-ਨਾਲ ਹੁੰਦਾ ਹੈ। ਉਹ ਬੇਬਸੀ ਤੋਂ ਪਾਰ ਨਿਕਲਣ ਦੇ ਰਸਤੇ ਤਲਾਸ਼ਦਾ ਹੋਇਆ ਪਾਠਕ ਨੂੰ ਵਿਅੰਗ ਦੀ ਚੋਭ ਨਾਲ ਸਰਸ਼ਾਰ ਕਰਦਾ ਹੈ- 'ਰੌਸ਼ਨੀ ਦੀ ਝਲਕ ਮਾਤਰ ਵੀ ਨਹੀਂ ਹੋਈ ਨਸੀਬ, ਸੁੰਨੀਆਂ ਮੜ੍ਹੀਆਂ 'ਚ ਉਹ ਦੀਵੇ ਲਈ ਫਿਰਦੇ ਰਹੇ।' ਮਾਨਵੀ ਕਦਰਾਂ ਕੀਮਤਾਂ ਅਤੇ ਸਮਾਜਕ ਸਰੋਕਾਰਾਂ ਨੂੰ ਪ੍ਰਣਾਈ ਉਹਦੀ ਸ਼ਾਇਰੀ ਪਾਠਕ ਦੇ ਮਨ ਮਸਤਕ 'ਤੇ ਸਵਾਲ ਦਾ ਝੁਰਮਟ ਪਾਉਂਦੀ ਹੈ ਅਤੇ ਪਾਠਕ ਦਿਲ ਦੀਆਂ ਗਹਿਰਾਈਆਂ ਤਕ ਇਹਨੂੰ ਮਹਿਸੂਸ ਕਰਦਾ ਹੈ।

ਕਨੇਡਾ ਦੇ ਸਰੀ ਸ਼ਹਿਰ ਵਿਚ ਵਿਚਰਦਾ ਹੋਇਆ ਵੀ ਹਰਦਮ ਮਾਨ ਪੰਜਾਬੀ ਜ਼ੁਬਾਨ, ਸਭਿਆਚਾਰ ਅਤੇ ਸਮਾਜ ਦੀ ਹੋ ਰਹੀ ਅਧੋਗਤੀ ਤੋਂ ਪ੍ਰੇਸ਼ਾਨ ਅਤੇ ਬੇਚੈਨ ਹੋਇਆ ਸ਼ਾਇਰੀ ਨੂੰ ਆਪਣਾ ਹਮਸਫ਼ਰ ਬਣਾਉਂਦਾ ਹੈ। ਵਿਦੇਸ਼ੀ ਵਸਦੇ ਪੰਜਾਬੀ ਸ਼ਾਇਰਾਂ ਦੀ ਮੂਹਰਲੀ ਕਤਾਰ ਵਿਚ ਸ਼ਾਮਲ ਹਰਦਮ ਮਾਨ ਮਨੁੱਖੀ ਮਨ ਦੇ ਧੁਰ ਅੰਦਰਲੇ ਅਹਿਸਾਸਾਂ ਨੂੰ ਜ਼ੁਬਾਨ ਦੇਣ ਵਾਲਾ ਸ਼ਾਇਰ ਹੈ। ਉਹਦੀ ਸ਼ਾਇਰੀ ਨਵੇਂ ਅੰਬਰਾਂ ਦੀ ਤਲਾਸ਼ ਵਿਚ ਹੈ। ਅਜਿਹੇ ਅੰਬਰ ਜਿਨ੍ਹਾਂ ਦੀ ਛਾਂ ਆਮ ਬੰਦੇ ਨੂੰ ਸਕੂਨ ਭਰੀ ਜ਼ਿੰਦਗੀ ਦੇਣ। ਇਸੇ ਲਈ ਉਹ ਕਹਿੰਦਾ ਹੈ -

ਮੋਹ ਨਹੀਂ ਸਕਦੇ ਸੁਨਹਿਰੀ ਪਿੰਜਰੇ ਸਾਨੂੰ ਇਹ 'ਮਾਨ'
ਉਡਣਾ ਹਰ ਪਲ ਅਸੀਂ ਤਾਂ ਅੰਬਰਾਂ ਦੀ ਭਾਲ ਵਿਚ।

ਹਰਦਮ ਮਾਨ ਦੀ ਸ਼ਾਇਰੀ ਦੀ ਇਹ ਉਡਾਣ 'ਨਵੀਂ ਦੁਨੀਆ' ਦੇ ਪਾਠਕਾਂ ਦੇ ਰੂ-ਬ-ਰੂ :-

ਸੁਪਨਿਆਂ ਦੀ ਧਰਤ ਬੰਜਰ ਅੱਜ ਸਮੇਂ ਦੀ ਅੱਖ ਵਿਚ।
ਦੂਰ ਤਕ ਖੰਡਰ ਹੀ ਖੰਡਰ ਅੱਜ ਸਮੇਂ ਦੀ ਅੱਖ ਵਿਚ।

ਉਪਜਦੇ ਨੇ ਜ਼ਖ਼ਮ, ਪੀੜਾਂ, ਦਰਦ, ਹਉਕੇ ਨਿਤ ਨਵੇਂ,
ਬੀਜ ਦਿੱਤੇ ਕਿਸ ਨੇ ਕੰਕਰ ਅੱਜ ਸਮੇਂ ਦੀ ਅੱਖ ਵਿਚ।

ਮੋਤੀਆਂ ਦੇ ਢੇਰ ਉੱਤੇ ਕਾਵਾਂ ਰੌਲੀ ਪੈ ਰਹੀ,
ਚੁਗ ਰਹੇ ਨੇ ਹੰਸ ਪੱਥਰ ਅੱਜ ਸਮੇਂ ਦੀ ਅੱਖ ਵਿਚ।

ਕਿਸ ਹਵਾ ਨੇ ਡਸ ਲਿਆ ਹੈ ਇਨ੍ਹਾਂ ਦਾ ਅਣਖੀ ਜਲੌਅ,
ਸ਼ਾਂਤ ਨੇ ਸਾਰੇ ਹੀ ਅੱਖਰ ਅੱਜ ਸਮੇਂ ਦੀ ਅੱਖ ਵਿਚ।

ਹੁਣ ਤਾਂ ਚਿਹਰੇ ਨਿਕਲਦੇ ਨੇ ਪਹਿਨ ਕੇ ਹਰ ਪਲ ਨਕਾਬ,
ਗ਼ੈਰ ਵੀ ਲਗਦੇ ਨੇ ਮਿੱਤਰ ਅੱਜ ਸਮੇਂ ਦੀ ਅੱਖ ਵਿਚ।

ਉਹ ਮਨਾਉਂਦੇ ਨੇ ਜਸ਼ਨ, ਕਹਿੰਦੇ ਨਵਾਂ ਇਹ ਦੌਰ ਹੈ,
ਵਿਛ ਰਹੇ ਨੇ ਥਾਂ-ਥਾਂ ਸੱਥਰ ਅੱਜ ਸਮੇਂ ਦੀ ਅੱਖ ਵਿਚ।

ਆਓ ਰਲ ਮਿਲ ਡੀਕ ਜਾਈਏ ਇਹਦਾ ਕਤਰਾ-ਕਤਰਾ 'ਮਾਨ',
ਦਰਦ ਦਾ ਵਗਦਾ ਸਮੁੰਦਰ ਅੱਜ ਸਮੇਂ ਦੀ ਅੱਖ ਵਿਚ।

---

ਸੋਚਾਂ ਦੇ ਨੈਣਾਂ ਵਿਚ ਜੇਕਰ ਚਾਨਣ ਦੀ ਲੋਅ ਪਾਉਂਦੇ।
ਫਿਰ ਨਾ ਅੰਨ੍ਹੀ ਭੀੜ ਦੇ ਪਾਤਰ ਯਾਰੋ ਅਸੀਂ ਕਹਾਉਂਦੇ।

ਤਪਦੇ ਥਲ 'ਤੇ ਵਰਖਾ ਹੋਣ ਦਾ ਜੋ ਨੇ ਭਰਮ ਸਜਾਉਂਦੇ,
ਉਹ ਬੁੱਲ੍ਹਾਂ 'ਤੇ ਜੀਭ ਫੇਰ ਕੇ ਆਖ਼ਿਰ ਪਿਆਸ ਬੁਝਾਉਂਦੇ।

ਆਪਣੇ ਸ਼ਹਿਰ 'ਚ ਥਾਂ-ਥਾਂ ਐਸੇ ਵੇਖਾਂ ਰੋਜ਼ 'ਮਸੀਹੇ'
ਜੋ ਨੇ ਬਾਲ ਮਨਾਂ ਦੇ ਸੁਪਨੇ ਬੁੱਤ ਦੀ ਭੇਟ ਚੜ੍ਹਾਉਂਦੇ।

ਆਪਣਾ ਦਰਦ ਛੁਪਾ ਕੇ ਤਾਂ ਹੀ ਸੀਨੇ ਅੰਦਰ ਰਖਦਾਂ,
ਅਕਸਰ ਲੋਕੀਂ ਜ਼ਖ਼ਮ ਕੁਰੇਦਣ ਮਰਹਮ ਲਾਉਂਦੇ ਲਾਉਂਦੇ।

ਤੇਰੇ ਸ਼ਹਿਰ 'ਚ ਸੰਗਮਰਮਰ ਦੇ ਬੁੱਤਾਂ ਦੀ ਹੀ ਮਹਿਮਾ
ਆਪਣੀ ਦਰਦ ਕਹਾਣੀ ਯਾਰਾ ਕਿਸ ਨੂੰ ਅਸੀਂ ਸੁਣਾਉਂਦੇ।

---

ਸ਼ਰਤ ਹੈ, ਜੇ ਜ਼ਿੰਦਗੀ ਨੇ ਧੜਕਣਾ ਇਸ ਦੌਰ ਵਿਚ।
ਰੋਜ਼ ਪੈਣੈ ਸੂਲੀਆਂ ਨੂੰ ਚੁੰਮਣਾ ਇਸ ਦੌਰ ਵਿਚ।

ਜ਼ਿੰਦਗੀ ਨੇ, ਇਸ਼ਕ ਨੇ, ਰੁਜ਼ਗਾਰ ਤੇ ਸੰਸਾਰ ਨੇ,
ਸਾਡਿਆਂ ਪੈਰਾਂ 'ਚ ਲਿਖ'ਤੀ ਭਟਕਣਾ ਇਸ ਦੌਰ ਵਿਚ।

ਹਰ ਕਦਮ 'ਤੇ ਲਟਕਦੇ ਨੇ ਖ਼ੂਬਸੂਰਤ ਪਿੰਜਰੇ,
ਭੁੱਲ ਗਿਆ ਪੰਛੀ ਵਿਚਾਰਾ ਆਲ੍ਹਣਾ ਇਸ ਦੌਰ ਵਿਚ।

ਸਿਦਕ ਹੈ, ਈਮਾਨ ਹੈ, ਸਾਡੀ ਤਲੀ 'ਤੇ ਜਾਨ ਹੈ,
ਪਰਖ ਲੈ, ਜੋ ਪਰਖਣੈ ਤੂੰ ਦੁਸ਼ਮਣਾ ਇਸ ਦੌਰ ਵਿਚ।

ਫੁੱਲ ਬੂਟੇ, ਕੁੱਲੀਆਂ, ਰੁੱਖਾਂ ਦਾ ਏਥੇ ਕੰਮ ਕੀ?
ਏਥੋਂ ਤਾਂ ਖੁਸ਼ਹਾਲੀਆਂ ਨੇ ਲੰਘਣਾ ਇਸ ਦੌਰ ਵਿਚ।

ਹੂਕ ਹੈ, ਵੈਰਾਗ ਹੈ, ਇਕ ਰਾਗ ਹੈ ਪਰ ਸਾਜ਼ ਨਾ,
ਗੀਤ ਦਾ ਇਹ ਦਰਦ ਕਿਸ ਨੇ ਸਮਝਣਾ ਇਸ ਦੌਰ ਵਿਚ।

ਮੌਸਮਾਂ ਦਾ ਕਹਿਰ ਹੈ, ਸੂਲਾਂ ਦੀ ਤਿੱਖੀ ਜ਼ਹਿਰ ਹੈ,
ਫੇਰ ਵੀ ਫੁੱਲਾਂ ਨੇ ਹਰਦਮ ਮਹਿਕਣਾ ਇਸ ਦੌਰ ਵਿਚ।

---

ਕੀ ਹੋਇਆ ਜੇ ਚਾਰ-ਚੁਫ਼ੇਰੇ ਨ੍ਹੇਰਾ ਹੈ।
ਨ੍ਹੇਰੇ ਦੀ ਕੁੱਖ ਵਿਚ ਹੀ ਸੋਨ ਸਵੇਰਾ ਹੈ।

ਚੰਦ ਪਲਾਂ ਦੀ ਖੁਸ਼ਬੂ ਹੈ, ਅਹੁ ਜਿਸਮਾਂ ਦੀ,
ਆਹ ਮੁੜ੍ਹਕੇ ਦਾ ਜੀਵਨ ਬਹੁਤ ਲੰਮੇਰਾ ਹੈ।

ਝੀਥਾਂ ਵਿਚਦੀ ਵੇਖਣ ਜੀਵਨ ਚਿੱਤਰ ਜੋ,
ਉਹ ਕੀ ਜਾਣਨ ਇਸ ਦਾ ਕੌਣ ਚਿਤੇਰਾ ਹੈ।

ਬੱਦਲਾਂ ਦੀ ਛਾਂ ਉੱਤੇ ਤੈਨੂੰ ਮਾਣ ਬੜਾ,
ਬੋਹੜਾਂ ਦੀ ਛਾਂ ਵਰਗਾ ਸਾਡਾ ਜੇਰਾ ਹੈ।

ਬੂਹੇ ਉੱਤੇ ਫੁੱਲਾਂ ਲੱਦੀ ਵੇਲ ਸਜੇ,
ਘਰ ਅੰਦਰ ਤਾਂ ਪਤਝੜ ਦਾ ਬਸੇਰਾ ਹੈ।

ਹਾਲੇ ਵੀ ਹੈ ਜਗਮਗ ਯਾਰੋ ਮੜ੍ਹੀਆਂ ਵਿਚ,
ਦੀਵੇ ਬਾਝੋਂ ਸੱਖਣਾ ਪਿਆ ਬਨੇਰਾ ਹੈ।

ਦੌਲਤਮੰਦਾਂ ਦੀ ਬਸਤੀ ਵਿਚ ਰਹਿੰਦੈ 'ਮਾਨ',
ਉਸ ਦਾ ਤਾਂ ਹਰ ਪਲ ਹੀ ਡਾਂਗ 'ਤੇ ਡੇਰਾ ਹੈ।

---

ਸ਼ੀਸ਼ੇ ਸਾਹਵੇਂ ਜਾਣ ਤੋਂ ਮੈਂ ਘਬਰਾਉਂਦਾ ਹਾਂ।
ਵੈਸੇ ਤਾਂ ਮੈਂ ਸੱਜਣ ਪੁਰਸ਼ ਕਹਾਉਂਦਾ ਹਾਂ।

ਸ਼ਹਿਰ ਦੀ ਹਰ ਸ਼ੈਅ ਝੂਠੀ ਝੂਠੀ ਲਗਦੀ ਹੈ,
ਕਦੇ ਕਦੇ ਜਦ ਪਿੰਡ ਜਾ ਕੇ ਮੈਂ ਆਉਂਦਾ ਹਾਂ।

ਮੇਰੇ ਮਨ ਦਾ ਨੇਤਾ ਨੱਚ ਨੱਚ ਕਰੇ ਕਮਾਲ,
ਕਾਗ਼ਜ਼ ਉੱਤੇ ਜਦ ਵੀ ਕੁਰਸੀ ਵਾਹੁੰਦਾ ਹਾਂ।

ਮੇਰੇ ਖ਼ਾਬਾਂ ਵਿਚ ਨਫ਼ਰਤ ਕਿਉਂ ਹਰ ਪਾਸੇ,
ਮੈਂ ਤਾਂ ਗੀਤ ਮੁਹੱਬਤ ਦੇ ਨਿਤ ਗਾਉਂਦਾ ਹਾਂ।

ਘੁੱਪ ਹਨੇਰਾ ਅਕਸਰ ਮੈਨੂੰ ਕਰੇ ਸਵਾਲ,
ਚਾਨਣ ਚਾਨਣ ਚਾਨਣ ਕਿਉਂ ਕੁਰਲਾਉਂਦਾ ਹਾਂ।

ਕਮਰੇ ਵਿਚਲੇ ਫੁੱਲ ਬਣਾਉਟੀ ਹਸਦੇ ਨੇ,
ਮੈਂ ਖੁਸ਼ਬੂ ਦੀ ਰੀਝ ਜਦੋਂ ਦਫ਼ਨਾਉਂਦਾ ਹਾਂ।

ਗ਼ਰਜ਼ਾਂ, ਰਿਸ਼ਤੇ, ਪੈਸਾ, ਮਾਪੇ, ਭੈਣ-ਭਰਾ,
ਖ਼ੁਦ ਨੂੰ ਕੇਹੀ ਭੀੜ 'ਚ ਘਿਰਿਆ ਪਾਉਂਦਾ ਹਾਂ।

ਸਰਦਲ ਕਰੇ ਸਵਾਗਤ ਰਸਮੀ ਹਾਸੇ ਨਾਲ,
ਦਫ਼ਤਰ ਤੋਂ ਘਰ ਵਾਪਸ ਜਦ ਮੈਂ ਆਉਂਦਾ ਹਾਂ।

---

ਮਨਾਂ ਵਿਚ ਬਾਲੀਏ ਦੀਵੇ ਕਿ ਘਰ-ਘਰ ਰੌਸ਼ਨੀ ਹੋਵੇ।
ਦਿਲਾਂ ਵਿਚ ਹਰ ਘੜੀ ਹਰ ਪਲ ਮੁਹੱਬਤ ਧੜਕਦੀ ਹੋਵੇ।

ਤੇਰੇ ਸਾਹਾਂ ਦੀ ਖੁਸ਼ਬੂ ਹਰ ਘੜੀ ਮਹਿਸੂਸ ਕਰਦਾ ਹਾਂ,
ਸਦਾ ਚਾਹਾਂ ਤੇਰੇ ਵਿਹੜੇ 'ਚ ਨੱਚਦੀ ਜ਼ਿੰਦਗੀ ਹੋਵੇ।

ਨਾ ਤੇਰੀ ਪੀੜ ਵੱਖਰੀ ਹੈ, ਨਾ ਮੇਰੀ ਵੇਦਨਾ ਹੈ ਹੋਰ,
ਜੇ ਇਕ ਦੇ ਘਰ 'ਚ ਖੇੜੇ ਨੇ ਤਾਂ ਦੂਜੇ ਘਰ ਖੁਸ਼ੀ ਹੋਵੇ।

ਸੁਬ੍ਹਾ ਉਠ ਕੇ ਹਮੇਸ਼ਾ ਹੀ ਮੈਂ ਬੁੱਲ੍ਹੇ ਸ਼ਾਹ ਨੂੰ ਇਹ ਆਖਾਂ,
ਕਿਸੇ ਦੇ ਬੋਲ ਨਾ ਡੁਸਕਣ, ਨਾ ਸਿੱਲੀ ਅੱਖ ਕੋਈ ਹੋਵੇ।

ਪੁਜਾਰੀ ਇਸ਼ਕ ਦਾ ਹਾਂ ਮੈਂ ਤੇ ਮਹਿਕਾਂ ਦਾ ਹਾਂ ਵਣਜਾਰਾ,
ਸਦਾ ਲੋਚਾਂ ਕਿ ਏਥੇ ਪਿਆਰ ਦੀ ਵਗਦੀ ਨਦੀ ਹੋਵੇ।

---

ਪੱਥਰ ਅੱਗੇ ਸੀਸ ਨਿਵਾਉਣਾ ਆਉਂਦਾ ਨਈਂ।
ਲੋਕੀਂ ਆਖਣ ਰੱਬ ਧਿਆਉਣਾ ਆਉਂਦਾ ਨਈਂ।

ਅਸੀਂ ਤਾਂ ਦਰਦ ਹੰਢਾਇਆ ਪੂਰੀ ਸ਼ਿੱਦਤ ਨਾਲ,
ਝੂਠੀ ਮੂਠੀ ਦਿਲ ਪਰਚਾਉਣਾ ਆਉਂਦਾ ਨਈਂ।

ਉਸ ਨੇ ਫੁੱਲਾਂ ਵਾਂਗੂੰ ਕਾਹਦਾ ਖਿੜਨਾ ਹੈ,
ਕੰਡਿਆਂ ਨੂੰ ਤਾਂ ਗਲੇ ਲਗਾਉਣਾ ਆਉਂਦਾ ਨਈਂ।

ਤੇਰੇ ਤਮਗ਼ੇ ਹੋਣ ਮੁਬਾਰਕ ਤੈਨੂੰ ਹੀ,
ਸਾਨੂੰ ਸ਼ਾਹੀ-ਰਾਗ 'ਚ ਗਾਉਣਾ ਆਉਂਦਾ ਨਈਂ।

ਯਾਰਾਂ ਖ਼ਾਤਰ ਹੋਏ ਹਾਂ ਨੀਲਾਮ ਅਸੀਂ,
ਇਸ ਤੋਂ ਵੱਡਾ ਮੁੱਲ ਪਵਾਉਣਾ ਆਉਂਦਾ ਨਈਂ।

ਲੋਕ-ਰੰਗ ਵਿਚ ਰੰਗੀ 'ਮਾਨ' ਗ਼ਜ਼ਲ ਤੇਰੀ,
ਤੈਨੂੰ ਸ਼ਬਦੀ ਜਾਲ ਵਿਛਾਉਣਾ ਆਉਂਦਾ ਨਈਂ।

----

ਡਲਕਦੇ ਨੈਣਾਂ ਦੇ ਵਿਚ ਸੁਪਨੇ ਲਈ ਫਿਰਦੇ ਰਹੇ।
ਆਪਣੀ ਹੀ ਲਾਸ਼ ਦੇ ਟੁਕੜੇ ਲਈ ਫਿਰਦੇ ਰਹੇ।

ਵਕਤ ਦੀ ਸਾਜ਼ਿਸ਼ ਸੀ ਇਹ, ਨਾ ਜ਼ਿੰਦਗੀ ਨੂੰ ਵਰ ਸਕੇ,
ਉਮਰ ਭਰ ਹੱਥਾਂ ਦੇ ਵਿਚ ਸਿਹਰੇ ਲਈ ਫਿਰਦੇ ਰਹੇ।

ਰੌਸ਼ਨੀ ਦੀ ਝਲਕ ਮਾਤਰ ਵੀ ਨਹੀਂ ਹੋਈ ਨਸੀਬ,
ਸੁੰਨੀਆਂ ਮੜ੍ਹੀਆਂ 'ਚ ਉਹ ਦੀਵੇ ਲਈ ਫਿਰਦੇ ਰਹੇ।

ਜ਼ਿੰਦਗੀ ਦੀ ਭੂਮਿਕਾ ਵੀ ਹਾਏ! ਸੀ ਕਿੰਨੀ ਅਜੀਬ,
ਦਿਲ 'ਚ ਗ਼ਮ ਪਰ ਬੁੱਲ੍ਹਾਂ 'ਤੇ ਹਾਸੇ ਲਈ ਫਿਰਦੇ ਰਹੇ।

ਜ਼ਖ਼ਮ, ਪੀੜਾਂ, ਹਉਕੇ, ਹੰਝੂ, ਰੋਸੇ, ਰੋਣੇ, ਦਰਦ, ਗ਼ਮ,
ਇਸ ਤਰ੍ਹਾਂ ਦੇ ਕੁਝ ਅਸੀਂ ਤੋਹਫ਼ੇ ਲਈ ਫਿਰਦੇ ਰਹੇ।

ਮੌਤ ਵਾਂਗੂੰ ਨਾ ਕਿਸੇ ਨੇ ਲਾਇਆ ਸਾਨੂੰ ਗਲ ਦੇ ਨਾਲ,
ਜ਼ਿੰਦਗੀ ਵਿਚ ਸੈਂਕੜੇ ਰਿਸ਼ਤੇ ਲਈ ਫਿਰਦੇ ਰਹੇ।

ਦੋਸ਼ ਕੀ ਦੇਈਏ ਕਿਸੇ ਨੂੰ ਆਪਣੀ ਹੀ ਭੁੱਲ ਸੀ 'ਮਾਨ',
ਪੱਥਰਾਂ ਦੇ ਸ਼ਹਿਰ ਵਿਚ ਸ਼ੀਸ਼ੇ ਲਈ ਫਿਰਦੇ ਰਹੇ।

---

ਰੋਜ਼ ਸਾਡੇ ਦਰ 'ਤੇ ਆਵੇ ਮੁਸ਼ਕਿਲਾਂ ਦਾ ਕਾਫ਼ਲਾ।
ਆਫ਼ਤਾਂ ਨੂੰ ਪਰ ਕੀ ਜਾਣੇ ਹਿੰਮਤਾਂ ਦਾ ਕਾਫ਼ਲਾ।

ਫਿਰ ਕਿਸੇ ਵੀ ਕੋਨੇ ਅੰਦਰ ਠਹਿਰ ਨਹੀਂ ਸਕਣਾ ਹਨ੍ਹੇਰ,
ਸਿਦਕ ਲੈ ਕੇ ਤੁਰ ਪਿਆ ਜਦ ਜੁਗਨੂੰਆਂ ਦਾ ਕਾਫ਼ਲਾ।

ਗਿੱਧਿਆਂ ਦਾ ਵਿਹੜਿਆਂ ਵਿਚ ਕਾਲ ਜਿਹਾ ਪੈ ਗਿਐ,
ਕੋਠਿਆਂ 'ਤੇ ਸਿਸਕਦਾ ਹੈ ਝਾਂਜਰਾਂ ਦਾ ਕਾਫ਼ਲਾ।

ਏਸ ਰਸਮੀ ਦੌਰ ਵਿਚ ਰਲ ਕੇ ਕੋਈ ਕਰੀਏ ਉਪਾਅ,
ਭਟਕਿਆ ਹੀ ਹੋਣੈ ਕਿਧਰੇ ਰਿਸ਼ਤਿਆਂ ਦਾ ਕਾਫ਼ਲਾ।

ਚੜ੍ਹਦੇ ਸੂਰਜ ਨੂੰ ਅਸੀਂ ਕਰਨਾ ਨਹੀਂ ਸਿੱਖੇ ਸਲਾਮ,
ਤਾਂ ਹੀ ਸਾਡੇ ਵੱਲ ਹੈ ਆਉਂਦਾ ਤੁਹਮਤਾਂ ਦਾ ਕਾਫ਼ਲਾ।

---

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)
By Appointments Only
Cell: 780 918 0516
ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ
ਆਪਣੇ ਦਫਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ
ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ
ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਇੰਟੀਰੀਅਰਜ਼
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and dellvery.
One Location-Multiple Considerations.
Complete Range of Counter tops including laminate.
Custom Cabinetry
Execptional Quality Customised Solutions
Premium Construction at Competitive Price.
Gurmail Matharu : 780-990-9349
Ranjit Matharu : 780-907-9889
Contact
Westfork Interiors, 8307 Argyll Road, Edmonton T6C 4B2
Tel : 780-490-4983 Fax : 780-490-4982
www.westforkinteriors.com
info@westforkinteriors.com


Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail.com


Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7


JELD-WEN WINDOWS & DOORS
Masonite
Fancy
DOORS & MOULDINGS LTD.
FALL SHOWCASE
CHECK OUT OUR QUALITY SELECTION
Interior Doors
Cheyenne
Smooth, H/C, Pre-Hung
18" x 36"
MDF Jamb, 3 Hinges
Bostonian
6-Panel, Pre-Hung
18" x 36"
MDF Jamb, 3 Hinges
Exterior Doors
Fibreglass "Parliament"
Pre-Hung
(32" or 36" x80")
with 4.5" Jamb
6-Panel Steel Door
with Brick Moulding
Pre-Hung (32" or 36")
with 4.5" Jamb
French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
Single or Double "Paris" Doors
Pantry Slab
Square Ring with Band
Exterior Wood Doors
Prefinished 32" x 32" x 96"
SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt $15.00
Passage Knob $10.99
MOULDING & MILLWORK
HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard ⅝" x 5½" MDF Primed
#8081 Casing ⅝" x 3¼" MDF Primed
#8281 Baseboard ½" x 6" MDF Primed
MOULDING SPECIALS!
#5010 1³/₁₆" x 4³/₁₆" MDF Primed
#412 Baseboard ⅝" x 4¼" MDF Primed
#411 Casing ¹¹/₁₆" x 3" MDF Primed
#3140 ⅜" x 3¼" MDF Primed
#356 2 ¼" x 3/8" MDF Primed
SAVE ON BATHROOM FIXTURES!
Infinity
4 Piece Bath Set
Robe Hook
Towel Bar
Towel Ring
Paper Holder
Sunglow
4 Piece Bath Set
Towel Bar
Robe Hook
Paper Holder
Towel Ring
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਆਮ ਆਦਮੀ ਦੇ ਮਸਲਿਆਂ ਤੋਂ ਕੋਹਾਂ ਦੂਰ ਮੋਦੀ-ਰਾਹੁਲ ਦੇ ਬੇਕਾਰ ਭਾਸ਼ਣ




ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com


ਭਾਸ਼ਣਾਂ ਦੀਆਂ ਅਨੇਕਾਂ ਵੰਨਗੀਆਂ ਹੁੰਦੀਆਂ ਹਨ। ਹਰ ਵੰਨਗੀ ਦੇ ਭਾਸ਼ਣ ਦੇ ਮੁਲੰਕਣ ਦੀ ਵੱਖਰੀ ਕਸਵਟੀ ਹੋ ਸਕਦੀ ਹੈ। ਜਿਵੇਂ ਸਿਆਸੀ ਭਾਸ਼ਣ ਦੇ ਮਿਆਰ ਨੂੰ ਅਸੀਂ ਕਿਸੇ ਅਕਾਦਮਿਕ ਭਾਸ਼ਣ ਦੀ ਤੁਲਨਾ ਵਿਚ ਚੰਗਾ ਜਾਂ ਮਾੜਾ ਨਹੀਂ ਕਹਿ ਸਕਦੇ। ਪਰ ਫਿਰ ਵੀ ਹਰ ਤਰ੍ਹਾਂ ਦੇ ਭਾਸ਼ਣਾਂ ਵਿਚ ਕੁਝ ਸਾਂਝੇ ਤੱਤ ਵੀ ਹੁੰਦੇ ਹਨ। ਸਰੋਤੇ ਆਸ ਕਰਦੇ ਹਨ ਕਿ ਵਕਤਾ ਇਨ੍ਹਾਂ ਤੱਤਾਂ ਤੋਂ ਭਲੀਭਾਂਤ ਜਾਣੂ ਹੋਵੇ। ਜਾਂ ਫਿਰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਕ ਵਕਤਾ ਵਜੋਂ ਭਾਸ਼ਣ ਦੇਣ ਵਾਲੇ ਵਿਚ ਉਹ ਸਾਰੇ ਗੁਣ ਹੋਣ ਜਿਹੜੇ ਕਿਸੇ ਭਾਸ਼ਣ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹਨ। ਸਿਆਸੀ ਭਾਸ਼ਣਾਂ ਵਿਚ ਵੀ ਵਕਤਾ ਉਹੀ ਸਫ਼ਲ ਸਿੱਧ ਹੁੰਦਾ ਹੈ ਜਿਹੜਾ ਭਾਸ਼ਣ ਕਲਾ ਵਿਚ ਨਿਪੁੰਨ ਹੋਵੇ ਹਾਲਾਂਕਿ ਸਿਆਸੀ ਭਾਸ਼ਣ ਦੇਣ ਵਾਲਾ ਵਕਤਾ ਨਿਰਾਪੁਰਾ ਭਾਸ਼ਣਕਾਰ ਨਹੀਂ ਹੁੰਦਾ, ਉਹ ਸਿਆਸਤਦਾਨ ਹੁੰਦਾ ਹੈ ਅਤੇ ਭਾਸ਼ਣ ਦੇਣਾ ਉਸ ਦੀ ਸਮੁੱਚੀ ਸਰਗਰਮੀ ਦਾ ਕੇਵਲ ਇਕ ਹਿੱਸਾ ਹੁੰਦਾ ਹੈ। ਜਦੋਂ ਸਿਆਸਤ ਸਿੱਧੀ ਲੋਕਾਂ ਦੇ ਨਾਲ ਜੁੜੀ ਹੁੰਦੀ ਸੀ, ਜਦੋਂ ਸਿਆਸਤਦਾਨ ਲੋਕਾਂ ਵਿਚੋਂ ਉਭਰਦੇ ਸਨ, ਉਦੋਂ ਸਿਆਸਤਦਾਨ ਭਾਸ਼ਣ ਕਲਾ ਵਿਚ ਵੀ ਬੜੇ ਨਿਪੁੰਨ ਹੁੰਦੇ ਸਨ। ਉਹ ਆਪਣੇ ਖ਼ੂਬਸੂਰਤ ਕਲਾਤਮਕ ਭਾਸ਼ਣ ਰਾਹੀਂ ਲੋਕ ਮਨਾਂ ਵਿਚ ਅਜਿਹੀ ਥਾਂ ਬਣਾਉਂਦੇ ਸਨ ਕਿ ਲੋਕ ਉਨ੍ਹਾਂ ਨੂੰ ਆਪਣੇ ਨਾਇਕ ਹੀ ਸਮਝਣ ਲੱਗ ਪੈਂਦੇ ਸਨ। ਦਰਅਸਲ, ਇਹ ਰਵਾਇਤੀ ਸਿਆਸਤਦਾਨਾਂ ਨੂੰ ਅਨੁਭਵ, ਸਰਗਰਮ ਲੋਕ-ਜੀਵਨ ਅਤੇ ਗਿਆਨ ਹੀ ਹੁੰਦਾ ਸੀ ਜਿਹੜਾ ਉਨ੍ਹਾਂ ਦੇ ਭਾਸ਼ਣਾਂ ਨੂੰ ਮਹੱਤਵਪੂਰਨ ਅਤੇ ਨਤੀਜਾਮੁਖੀ ਬਣਾ ਦਿੰਦਾ ਸੀ। ਅਜੋਕੇ ਦੌਰ ਵਿਚ ਵਧੇਰੇ ਸਿਆਸਤਦਾਨ ਆਮ ਲੋਕਾਂ 'ਚੋਂ ਆਉਣ ਦੀ ਥਾਂ ਸਿਆਸੀ ਘਰਾਣਿਆਂ ਵਿਚੋਂ ਆਉਂਦੇ ਹਨ ਜਾਂ ਫਿਰ ਕੁਝ ਘਿਨਾਉਣੇ ਮਨਸੂਬੇ ਵਾਲੀਆਂ ਸਿਆਸੀ ਪਾਰਟੀਆਂ ਦੁਆਰਾ ਆਪਣੇ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਲਈ ਅਪਣਾਏ ਗਏ ਹੁੰਦੇ ਹਨ। ਇਨ੍ਹਾਂ ਸਿਆਸਤਦਾਨਾਂ ਨੇ ਇਹ ਭੁਲੇਖਾ ਪਾਲ ਲਿਆ ਹੈ ਕਿ ਭਾਸ਼ਣ ਹੀ ਸਿਆਸਤ ਦਾ ਬਦਲ ਹੁੰਦੇ ਹਨ। ਇਸ ਲਈ ਇਹ ਆਪਣੇ ਭਾਸ਼ਣ ਇੰਜ ਤਿਆਰ ਕਰਦੇ ਹਨ ਜਿਵੇਂ ਸਕੂਲੋਂ ਹੋਮ ਵਰਕ ਮਿਲਿਆ ਹੋਵੇ। ਜੀਵਨ ਅਨੁਭਵ, ਸਿਆਸੀ ਸਰਗਰਮੀ ਅਤੇ ਗਿਆਨ ਦੀ ਇਨ੍ਹਾਂ ਵਿਚ ਆਮ ਤੌਰ 'ਤੇ ਘਾਟ ਹੁੰਦੀ ਹੈ। ਇਕ-ਅੱਧ ਵਾਰ ਭਾਵੇਂ ਇਹ ਭਾਸ਼ਣ ਸੁਣਨ ਵਾਲਿਆਂ ਨੂੰ ਪ੍ਰਭਾਵਤ ਕਰ ਦੇਣ, ਪਰ ਵਾਰ-ਵਾਰ ਸੁਣਨ 'ਤੇ ਲੋਕਾਂ ਨੂੰ ਇਹ ਪੇਤਲੇ ਮਹਿਸੂਸ ਹੋਣ ਲਗਦੇ ਹਨ। ਅੱਜਕਲ੍ਹ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਅਜਿਹੇ ਹੀ ਭਾਸ਼ਣ ਦੇ ਰਹੇ ਹਨ। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਭਾਸ਼ਣਾਂ ਤੋਂ ਲੋਕ ਇਨ੍ਹਾਂ ਦੇ ਖੋਖਲੇਪਣ ਅਤੇ ਇਨ੍ਹਾਂ ਦੀ ਸ਼ੈਲੀ ਕਾਰਨ ਵੀ ਉਕਤਾਉਣ ਲੱਗ ਪਏ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਕਾਰਨਾਂ ਕਰ ਕੇ ਇਹ ਭਾਸ਼ਣ ਆਮ ਜਨਤਾ ਲਈ ਬੇਕਾਰ ਹਨ।

ਮੋਦੀ ਅਤੇ ਰਾਹੁਲ ਦੇ ਭਾਸ਼ਣ ਇਕ ਦੂਜੇ ਅਤੇ ਇਕ ਦੂਜੇ ਦੀਆਂ ਪਾਰਟੀਆਂ ਉਪਰ ਇਲਜ਼ਾਮਾਂ ਦੀ ਝੜੀ ਦੇ ਰੂਪ ਵਿਚ ਹਨ। ਇਸੇ ਕਰ ਕੇ ਇਹ ਘੱਟ ਹੀ ਸੰਵਾਦ ਦੀ ਸ਼ਕਲ ਅਖ਼ਤਿਆਰ ਕਰਦੇ ਹਨ। ਕਈ ਵਾਰ ਤਾਂ ਭਾਸ਼ਣਾਂ ਵਿਚ ਇਲਜ਼ਾਮਾ ਬਹੁਤ ਹਾਸੋਹੀਣੇ ਲਾਏ ਗਏ ਹੁੰਦੇ ਹਨ। ਕਈ ਵਾਰ ਇਲਜ਼ਾਮ ਬੇਹੱਦ ਨਿੱਜੀ ਪੱਧਰ ਦੇ ਹੁੰਦੇ ਹਨ (ਆਮ ਕਰ ਕੇ ਮੋਦੀ ਦੇ ਭਾਸ਼ਣਾਂ ਵਿਚ) ਤੇ ਕਈ ਵਾਰ ਇਲਜ਼ਾਮਾਂ ਦਾ ਕੋਈ ਮੂੰਹ ਸਿਰਾ ਹੀ ਨਹੀਂ ਹੁੰਦਾ। ਅਜਿਹੀ ਭਾਸ਼ਣਬਾਜ਼ੀ ਵਿਚ ਲੋਕ ਸਿਰਫ਼ ਇਹ ਸੁਣਨ ਲਈ ਹੀ ਉਤਾਵਲੇ ਹੁੰਦੇ ਹਨ ਕਿ ਮੋਦੀ ਰਾਹੁਲ ਨੂੰ ਕਿਹੜੀ ਟਿੱਚਰ ਕਰਦਾ ਹੈ ਜਾਂ ਫਿਰ ਰਾਹੁਲ ਟਿੱਚਰ ਦਾ ਕੀ ਜਵਾਬ ਦਿੰਦਾ ਹੈ। ਇੰਜ ਲੋਕ ਇਕ ਚੰਗਾ ਤਮਾਸ਼ਾ ਹੀ ਦੇਖਦੇ ਹਨ, ਜਿਹੋ-ਜਿਹਾ ਤਮਾਸ਼ਾ ਗਲੀ-ਮੁਹੱਲੇ ਵਿਚ ਲੜਦੀਆਂ ਤੇ ਮਿਹਣੋਂ-ਮਿਹਣੀ



ਹੁੰਦੀਆਂ ਔਰਤਾਂ ਦਾ ਦੇਖਿਆ ਜਾਂਦਾ ਹੈ। ਹੁਣ ਤਕ ਦੋਵਾਂ ਆਗੂਆਂ ਦੀਆਂ ਅਨੇਕਾਂ ਤਕਰੀਰਾਂ ਦਾ ਟੀ.ਵੀ. ਚੈਨਲਾਂ ਤੋਂ ਸਿੱਧਾ ਪ੍ਰਸਾਰਨ ਕੀਤਾ ਜਾ ਚੁੱਕਾ ਹੈ। ਕਿਸੇ ਵੀ ਭਾਸ਼ਣ ਵਿਚ ਲਗਭਗ ਕੋਈ ਵੀ ਕੰਮ ਦੀ ਗੱਲ ਨਹੀਂ ਹੁੰਦੀ। ਦੋਵੇਂ ਇਕ ਦੂਜੇ 'ਤੇ ਉਹ ਹੀ ਇਲਜ਼ਾਮ ਲਗਾਉਂਦੇ ਹਨ, ਜਿਨ੍ਹਾਂ ਤੋਂ ਉਹ ਖ਼ੁਦ ਵੀ ਬਰੀ ਨਹੀਂ ਹੁੰਦੇ। ਉਦਾਹਰਣ ਵਜੋਂ ਗ਼ਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਆਦਿ ਮਸਲਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ, ਜਿਨ੍ਹਾਂ ਦੇ ਪੈਦਾ ਹੋਣ ਲਈ ਮੋਦੀ ਤੇ ਰਾਹੁਲ ਦੀਆਂ ਪਾਰਟੀਆਂ ਇਕੋ ਜਿੰਨੀਆਂ ਹੀ ਜ਼ੁੰਮੇਵਾਰ ਹਨ।

ਜਿਵੇਂ ਕਿ ਉਪਰ ਵੀ ਚਰਚਾ ਕੀਤੀ ਗਈ ਹੈ ਕਿ ਭਾਜਪਾ ਅਤੇ ਕਾਂਗਰਸ ਦੇ ਉਭਾਰੇ ਗਏ ਆਗੂਆਂ ਨਰਿੰਦਰ ਮੋਦੀ ਅਤੇ ਰਾਹੁਲ ਦੇ ਭਾਸ਼ਣਾਂ ਦਾ ਸਿਲਸਿਲਾ ਜ਼ੋਰ-ਸ਼ੋਰ ਨਾਲ ਚਲ ਰਿਹਾ ਹੈ। ਇਕ ਤਰ੍ਹਾਂ ਨਾਲ 2014 ਦੀਆਂ ਆਮ ਚੋਣਾਂ ਲਈ ਮੁਹਿੰਮ ਇਨ੍ਹਾਂ ਦੋਹਾਂ ਆਗੂਆਂ ਦੇ ਭਾਸ਼ਣਾਂ ਦੇ ਸਿਰ 'ਤੇ ਚਲਾਈ ਜਾ ਰਹੀ ਹੈ। ਭਾਸ਼ਣਾਂ ਦਾ ਮਿਆਰ ਵੀ ਸਭ ਦੇ ਸਾਹਮਣੇ ਹੈ ਅਤੇ ਸਭ ਲੋਕ ਇਹ ਵੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਭਾਸ਼ਣਾਂ ਨਾਲ ਢਿੱਡ ਨਹੀਂ ਭਰਦੇ ਹੁੰਦੇ। ਦੇਸ਼ ਦੀ ਅੱਧੀਓਂ ਵੱਧ ਆਬਾਦੀ, ਜਿਹੜੀ ਭੁੱਖਮਰੀ ਦਾ ਸ਼ਿਕਾਰ ਹੈ, ਉਨ੍ਹਾਂ ਲਈ ਇਹ ਭਾਸ਼ਣ ਕਿਸ ਕੰਮ ਦੇ ਹਨ? ਸਾਫ਼ ਜ਼ਾਹਰ ਹੈ ਕਿ ਬੇਕਾਰ ਹਨ। ਜ਼ਿਕਰਯੋਗ ਹੈ ਕਿ ਪਸ਼ੂਆਂ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਲੋਕਾਂ ਨੂੰ ਮਨੁੱਖੀ ਜੀਵਨ ਪੱਧਰ ਮੁਹੱਈਆ ਕਰਵਾਉਣ ਦੀ ਕੋਈ ਵੀ ਚਿੰਤਾ ਇਨ੍ਹਾਂ ਆਗੂਆਂ ਦੇ ਭਾਸ਼ਣਾਂ ਵਿਚ ਸ਼ਾਮਲ ਨਹੀਂ ਹੈ। ਨਿਰਸੰਦੇਹ, ਭਾਸ਼ਣ ਕੇਵਲ ਭਾਸ਼ਣਾਂ ਲਈ ਦਿੱਤੇ ਜਾ ਰਹੇ ਹਨ। ਭਾਜਪਾ ਨੇ 2004 ਦੀ ਆਮ ਚੋਣ ਵੀ ਭਾਸ਼ਣਾਂ ਸਹਾਰੇ 'ਸ਼ਾਈਨਿੰਗ ਇੰਡੀਆ' ਦਾ ਨਾਅਰਾ ਦੇ ਕੇ ਲੜੀ ਸੀ। ਉਦੋਂ ਭਾਜਪਾ ਦਾ ਮੁੱਖ ਭਾਸ਼ਣਕਾਰ ਅਟਲ ਬਿਹਾਰੀ ਵਾਜਪਾਈ ਸੀ ਅਤੇ ਉਸ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਮੁੜ ਉਮੀਦਵਾਰ ਬਣਾਇਆ ਗਿਆ ਸੀ। ਲੋਕਾਂ ਨੂੰ ਵਾਜਪਾਈ ਦੇ ਭਾਸ਼ਣਾਂ ਅਤੇ ਭਾਰਤ ਦੀ ਅਸਲੀਅਤ ਵਿਚਕਾਰ ਕੋਈ ਮੇਲ ਨਜ਼ਰ ਨਹੀਂ ਆਇਆ। ਸਿੱਟੇ ਵਜੋਂ ਵਾਜਪਾਈ ਦੇ ਭਾਸ਼ਣ ਬੇਕਾਰ ਸਾਬਤ ਹੋਏ। 'ਸ਼ਾਈਨਿੰਗ ਇੰਡੀਆ' ਉਪਰ ਭਾਰਤ ਦੇ ਗ਼ਰੀਬ ਕਿਸਾਨਾਂ-ਮਜ਼ਦੂਰਾਂ ਦੀ ਦੁਰਦਸ਼ਾ ਕਾਟਾ ਫੇਰ ਗਈ। ਭਾਜਪਾ ਭਾਸ਼ਣਾਂ ਸਹਾਰੇ ਚੋਣ ਜਿੱਤਣ 'ਚ ਅਸਫ਼ਲ ਰਹੀ। ਜਦੋਂ ਭਾਸ਼ਣ ਲੋਕ ਮਸਲਿਆਂ ਨਾਲੋਂ ਵੱਡੀ ਦੂਰੀ 'ਤੇ ਹੋਣ, ਜੀਵਨ ਦੀਆਂ ਜ਼ਮੀਨੀ ਹਕੀਕਤਾਂ ਨਾਲ ਮੇਲ ਨਾ ਖਾਂਦੇ ਹੋਣ ਉਦੋਂ ਇਨ੍ਹਾਂ ਦਾ ਮਕਸਦ ਕੇਵਲ ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਉਲੂ ਸਿੱਧਾ ਕਰਨਾ ਹੀ ਹੁੰਦਾ ਹੈ। 2009 ਦੀਆਂ ਚੋਣਾਂ ਵਿਚ ਅਟਲ ਬਿਹਾਰੀ ਵਾਜਪਾਈ ਦੀ ਥਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਲੈ ਲਈ ਤੇ ਖ਼ੂਬ ਭਾਸ਼ਣਬਾਜ਼ੀ ਕੀਤੀ, ਪਰ ਬੇਕਾਰ ਗਈ। ਹੁਣ ਅਡਵਾਨੀ ਦੀ ਥਾਂ ਮੋਦੀ ਨੇ ਲੈ ਲਈ ਹੈ। ਲਗਦਾ ਇੰਜ ਹੈ ਕਿ ਐਤਕੀਂ ਵੀ ਹਸ਼ਰ 2004 ਅਤੇ 2009 ਦੀਆਂ ਚੋਣਾਂ ਵਾਲਾ ਹੀ ਹੋਵੇਗਾ। ਕਿਉਂਕਿ ਜੋ ਕੁਝ ਭਾਸ਼ਣਾਂ ਵਿਚ ਹੈ, ਲੋਕਾਂ ਨੂੰ ਉਹ ਹਕੀਕਤ ਵਿਚ ਦਿਖਾਈ ਨਹੀਂ ਦੇ ਰਿਹਾ।

ਮੋਦੀ-ਰਾਹੁਲ ਦੇ ਭਾਸ਼ਣ ਲੋਕ-ਮਸਲਿਆਂ ਤੋਂ ਇਸ ਕਰ ਕੇ ਦੂਰ ਨਹੀਂ ਕਿ ਇਨ੍ਹਾਂ ਵਿਚ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਦਾ ਜ਼ਿਕਰ ਨਹੀਂ ਕੀਤਾ ਜਾਂਦਾ। ਇਹ ਭਾਸ਼ਣ ਲੋਕ-ਮਸਲਿਆਂ ਤੋਂ ਇਸ ਕਰ ਕੇ ਦੂਰ ਹਨ ਕਿਉਂਕਿ ਇਨ੍ਹਾਂ ਵਿਚ ਲੋਕ-ਮਸਲਿਆਂ ਨੂੰ ਮਹਿਜ਼ ਚੁਣਾਵੀ ਸਮਗਰੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਲੋਕ-ਮਸਲਿਆਂ ਨੂੰ ਫ਼ੌਰੀ ਹੱਲ ਕਰਨ ਦੀ ਭਾਵਨਾ ਤੇ ਪਹਿਲਕਦਮੀ ਦਰਸਾਉਣ ਦੀ ਥਾਂ ਇਹ ਭਾਸ਼ਣ ਮੁੱਦਿਆਂ ਨਾਲ ਕੇਵਲ ਸ਼ਿੰਗਾਰੇ ਜਾਂਦੇ ਹਨ। ਅਸੀਂ ਜਾਣਦੇ ਹੀ ਹਾਂ ਕਿ ਲੋਕਾਂ ਦੇ ਵੱਡੇ ਮਸਲੇ ਵਰਤਮਾਨ ਵਿਵਸਥਾ ਦੀ ਦੇਣ ਹਨ ਤੇ ਇਸ ਵਿਵਸਥਾ ਉਪਰ ਕਾਂਗਰਸ ਅਤੇ ਭਾਜਪਾ ਦਾ ਬਰਾਬਰ ਰਾਜਸੀ ਕਬਜ਼ਾ ਹੈ। ਇਨ੍ਹਾਂ ਪਾਰਟੀਆਂ ਨੇ ਆਪਣੀ ਰਾਜਸੀ ਤਾਕਤ ਦੀ ਦੁਰਵਰਤੋਂ ਕਰਦਿਆਂ ਦੇਸ਼ ਦੇ ਅਰਥਚਾਰੇ ਦਾ ਵੱਡਾ ਭਾਗ ਬਹੁਰਾਸ਼ਟਰੀ ਕੰਪਨੀਆਂ ਅਥਵਾ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਹੈ। ਕਾਂਗਰਸ-ਭਾਜਪਾ ਅਤੇ ਕਾਰਪੋਰੇਟ ਦੋਹੇਂ ਇਕ ਦੂਜੇ ਦੀ ਆਪੋ-ਆਪਣੇ ਖੇਤਰਾਂ ਉਪਰ ਪਕੜ ਬਣਾਉਣ ਲਈ ਮਦਦਗਾਰ ਬਣੇ ਹੋਏ ਹਨ ਅਤੇ ਇਨ੍ਹਾਂ ਦੋਵਾਂ ਦੇ ਰਾਜਸੀ ਆਰਥਕ ਤੰਤਰ ਵਿਚੋਂ ਵੱਡੀ ਪੱਧਰ 'ਤੇ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਮਹਿੰਗਾਈ, ਰਿਸ਼ਵਤਖੋਰੀ ਤੇ ਸਮਾਜਕ ਅਸੁਰੱਖਿਆ ਪੈਦਾ ਹੋ ਰਹੀ ਹੈ। ਕਾਰਪੋਰੇਟ ਨਾ ਕੇਵਲ ਅੰਨ੍ਹੀ ਮੁਨਾਫ਼ਾਖੋਰੀ ਰਾਹੀਂ ਲੁੱਟ ਮਚਾ ਰਹੇ ਹਨ, ਸਗੋਂ ਭਾਜਪਾ-ਕਾਂਗਰਸ ਦੀ ਸ਼ਹਿ 'ਤੇ ਬੇਖੌਫ਼ ਵੀ ਹਨ। ਉਨ੍ਹਾਂ ਦੇ ਮੁਨਾਫ਼ਿਆਂ ਦੀ ਪੜਤਾਲ ਕਰਨਾ ਵੀ ਕੋਈ ਸੌਖਾ ਕੰਮ ਨਹੀਂ ਹੈ। ਸੋ, ਕਾਰਪੋਰੇਟਰਾਂ ਦੇ ਪ੍ਰਭੂਤਵ ਵਾਲੀ ਆਰਥਕ ਵਿਵਸਥਾ, ਜਿਸ ਦੇ ਅੰਤਰਗਤ ਮੋਦੀ-ਰਾਹੁਲ ਕਾਰਪੋਰੇਟ ਸੈਕਟਰ ਦੀਆਂ ਮਾਤਰ ਕਠਪੁਤਲੀਆਂ ਹੀ ਹਨ, ਵਿਚ ਭਾਜਪਾ ਤੇ ਕਾਂਗਰਸ ਦੇ ਦੋਵੇਂ ਪ੍ਰਮੁੱਖ ਵਕਤਾ ਆਪਣੇ ਬੇਕਾਰ ਭਾਸ਼ਣਾਂ ਰਾਹੀਂ ਵਿਵਸਥਾ ਦੇ ਬੁਨਿਆਦੀ ਸਵਾਲਾਂ ਨੂੰ ਛੋਂਹਦੇ ਤਕ ਵੀ ਨਹੀਂ ਹਨ। ਇਹ ਏਧਰਲੀਆਂ-ਓਧਰਲੀਆਂ ਗੱਲਾ ਮਾਰ ਕੇ ਵੱਡੀਆਂ ਤੇ ਮਹਿੰਗੀਆਂ ਰੈਲੀਆਂ ਵਿਚ ਜਨਤਾ ਦਾ ਪੈਸਾ ਬਰਬਾਦ ਕਰ ਰਹੇ ਹਨ।


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

**ਜੈ ਭੀਮ ਕਾਮਰੇਡ ਆਨੰਦ ਪਟਵਰਧਨ ਦੀ ਪਿਛਲੇ ਦਿਨੀਂ ਆਈ ਬਹੁਚਰਚਿਤ ਫ਼ਿਲਮ ਹੈ, ਜਿਸ ਨੂੰ ਉਹ ਜਾਤੀ ਦੇ ਮੁੱਦੇ ’ਤੇ ਸੰਵਾਦ ਲਈ ਸਪੇਸ ਤਿਆਰ ਕਰਨ ਦਾ ਇਕ ਯਤਨ, ਕਹਿੰਦੇ ਹਨ। ਪੇਸ਼ ਹੈ ਫ਼ਿਲਮ, ਕਲਾ, ਸਮਾਜ, ਰਾਜਨੀਤੀ, ਵਿਚਾਰਧਾਰਾ ਅਤੇ ਨਿੱਜੀ ਜ਼ਿੰਦਗੀ ਵਰਗੇ ਵੱਖ-ਵੱਖ ਵਿਸ਼ਿਆਂ ਨੂੰ ਸਮੇਟਣ ਵਾਲੀ ਇਹ ਮੁਲਾਕਾਤ। ਜੋਸ਼ੀ ਜੋਸੇਫ਼ ਖ਼ੁਦ ਇਕ ਫ਼ਿਲਮਕਾਰ ਹਨ।**

# ਮੇਰੇ ਲਈ ਕਲਾ ਦੀ ਸੁਚੇਤ ਸਿਰਜਣਾ ਕਲਾ ਨਹੀਂ





ਫ਼ਿਲਮਕਾਰ **ਆਨੰਦ ਪਟਵਰਧਨ** ਨਾਲ
**ਜੋਸ਼ੀ ਜੋਸੇਫ਼** ਦੀ ਗੱਲਬਾਤ

ਇਹ ਵਾਕਿਆ 1988 ਵਿਚ ਤ੍ਰਿਵੇਂਦਰਮ ਵਿਚ ਹੋਏ ਕੌਮਾਂਤਰੀ ਫ਼ਿਲਮ ਸਮਾਰੋਹ ਦੌਰਾਨ ਹੋਇਆ। ‘ਦ ਗਾਰਡੀਅਨ’ ਅਖ਼ਬਾਰ ਦੇ ਸੀਨੀਅਰ ਸਿਨੇਮਾ ਨੁਕਤਾਚੀਨ ਡੇਰੇਕ ਮਾਲਕਮ ਵਲੋਂ ਮਲਿਆਲਮ ਸਿਨੇਮਾ ’ਤੇ ਲਿਖੀ ਹੋਈ ਇਕ ਪੁਸਤਕ ਦੀ ਪਹਿਲੀ ਕਾਪੀ ਇਕ ਸਰਕਾਰੀ ਸਮਾਰੋਹ ਵਿਚ ਪ੍ਰਵਾਨ ਕਰਨ ਲਈ ਮੈਂ ਆਨੰਦ ਪਟਵਰਧਨ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਤਾਬ ਦੇ ਲੇਖਕ ਮੇਰੇ ਮਿੱਤਰ ਸਨ। ਆਨੰਦ ਨੇ ਕਿਤਾਬ ਲੈਣ ਲਈ ਮਨਜ਼ੂਰੀ ਤਾਂ ਦੇ ਦਿੱਤੀ ਪਰ ਇਕ ਸਵਾਲ ਪੁੱਛਿਆ, ‘ਡੇਰੇਕ ਮਾਲਕਮ ਕਿਉਂ? ਉਹ ਗੋਰੇ ਹਨ ਇਸ ਲਈ?’

ਬਹੁਤ ਸਾਲਾਂ ਬਾਅਦ ਫ਼ਿਲਮਜ਼ ਡਵੀਜ਼ਨ ਨੇ ਐਸ.ਆਈ.ਐਫ਼.ਐਫ਼. (ਮੁੰਬਈ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਫ਼ਾਰਮ ਡਾਕੂਮੈਂਟਰੀ, ਸ਼ਾਰਟ ਐਂਡ ਐਨੀਮੇਸ਼ਨ ਫ਼ਿਲਮਜ਼) ਲਈ ਫ਼ਿਲਮਜ਼ ਡਵੀਜ਼ਨ ’ਤੇ ਹੀ ਬਣ ਰਹੀ ਇਕ ਕਰਟਨ-ਰੇਜਰ ਫ਼ਿਲਮ ਲਈ ਜਦੋਂ ਆਨੰਦ ਦੀ ਇੰਟਰਵਿਊ ਕੀਤੀ ਤਾਂ ਮੈਂ ਉਨ੍ਹਾਂ ਨੂੰ ਕਹਿੰਦੇ ਹੋਏ ਸੁਣਿਆ, ‘‘ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਗਾਂਧੀ ਲਈ ਸਾਨੂੰ ਬੇਨ ਕਿੰਗਸਲੇ ਦੇ ਹਵਾਲੇ ਦੀ ਜ਼ਰੂਰਤ ਨਹੀਂ ਕਿਉਂਕਿ ਫ਼ਿਲਮਜ਼ ਡਵੀਜ਼ਨ ਦੇ ਕੋਲ ਗਾਂਧੀ ਦੀ ਅਸਲੀ ਫੁਟੇਜ ਹੈ।’’

ਆਨੰਦ ਆਪਣੀਆਂ ਫ਼ਿਲਮਾਂ ਦੁਆਰਾ ਅਤੇ ਵਿਅਕਤੀਗਤ ਤੌਰ ’ਤੇ ਵੀ ਬੇਹੱਦ ਸਪੱਸ਼ਟ ਗੱਲਾਂ ਕਰਦੇ ਹਨ। ਇਸੇ ਲਈ ਕਿਸੇ ਸਰਕਾਰੀ ਦਸਤਾਵੇਜੀਕਰਨ ਸੰਸਥਾ ਲਈ ਕੰਮ ਕਰਦੇ ਹੋਏ ਵੀ ਮੈਂ ਭਾਰਤ ਦੇ ਇਤਿਹਾਸ ਦੀ ਅਸਲੀ ਲੰਬਾਈ ਅਤੇ ਵਜਨ ਮਾਪਣ ਲਈ ਆਨੰਦ ਦੀਆਂ ਫ਼ਿਲਮਾਂ ਵਾਰ-ਵਾਰ ਦੇਖਦਾ ਹਾਂ।

ਜਦ ਵੀ ਸੂਰਜ ਨਿਕਲਣ ਦਾ ਸ਼ਾਟ ਲੈਣ ਲਈ ਮੈਂ ਜਾਗਦਾ ਹਾਂ ਜਾਂ ਸਾਫ਼ ਅਸਮਾਨ ਵਿਚ ਸੂਰਜ ਦੇ ਛਿਪਣ ਨੂੰ ਕੈਮਰੇ ਵਿਚ ਕੈਦ ਕਰਨ ਦਾ ਬੜੇ ਸਬਰ ਨਾਲ ਇੰਤਜ਼ਾਰ ਕਰਦਾ ਹਾਂ, ਤਾਂ ਆਨੰਦ ਨਾਲ ਈਰਖਾ ਹੁੰਦੀ ਹੀ ਹੈ। ਮੈਨੂੰ ਉਨ੍ਹਾਂ ਦੀਆਂ ਫ਼ਿਲਮਾਂ ਦਾ ਇਕ ਵੀ ‘ਸੁੰਦਰ ਦ੍ਰਿਸ਼’ ਯਾਦ ਨਹੀਂ ਆਉਂਦਾ ਜੋ ਸਿਰਫ਼ ਸੁੰਦਰਤਾ ਹਾਸਲ ਕਰਨ ਲਈ ਤਿਆਰ ਕੀਤਾ ਗਿਆ ਦ੍ਰਿਸ਼ ਹੋਵੇ। ਉਨ੍ਹਾਂ ਦੇ ਅਸਮਾਨਾਂ ਵਿਚ ਤਾਂ ਰਾਜਨੀਤੀਕ ਵਿਸ਼ਵਾਸ ਦਾ ਉਜਾਲਾ ਫ਼ੈਲਿਆ ਹੁੰਦਾ ਹੈ ਅਤੇ ਉਸ ਨੂੰ ਆਪਣੀ ਸਵੀਕਾਰਤਾ ਦੀ ਜ਼ਰਾ ਵੀ ਫ਼ਿਕਰ ਨਹੀਂ ਹੁੰਦੀ ਅਤੇ ਇਹੀ ਗੱਲ ਵਾਰ-ਵਾਰ ਮੇਰੇ ਮਨ ਵਿਚ ਆਉਂਦੀ ਹੈ। ਆਨੰਦ ਦੀਆਂ ਫ਼ਿਲਮਾਂ ਵਕਤ ਦੀ ਕਸੌਟੀ ’ਤੇ ਐਨੇ ਆਤਮਵਿਸ਼ਵਾਸ ਨਾਲ ਖਰੀਆਂ ਸਾਬਤ ਹੋਈਆਂ ਹਨ ਤਾਂ ਇਹ ਅਚਾਨਕ ਹੀ ਨਹੀਂ ਹੈ। ਜਿਥੋਂ ਤਕ ਉਨ੍ਹਾਂ ਅਤੇ ਉਨ੍ਹਾਂ ਦੀਆਂ ਫ਼ਿਲਮਾਂ ਪ੍ਰਤੀ ਨਰਵਸ ਅਧਿਕਾਰੀ ਵਰਗ ਦੇ ਰੋਸ ਦਾ ਸਵਾਲ ਹੈ, ਤਾਂ ਉਹ ਫਲਦੇ-ਫੁਲਦੇ ਬਹੁਤੇ ਦਰਬਾਰੀ ਕਵੀਆਂ ਬਨਾਮ ਇਕ ਜਾਂ ਦੋ ਹੋਣਹਾਰ ਕਵੀਆਂ ਦੇ ਪੁਰਾਣੇ ਕਿੱਸਿਆਂ ਵਿਚ ਇਕ ਸਿਨੇਮਾਈ ਇਜਾਫ਼ਾ ਹੈ।

‘‘ਮੇਰੇ ਲਈ ਫ਼ਿਲਮ-ਨਿਰਮਾਣ ਸਿਨੇਮਾ ਪ੍ਰਤੀ ਪਿਆਰ ਨਾਲ ਪੈਦਾ ਨਹੀਂ ਹੋਇਆ ਸੀ’’, ਤੁਸੀਂ ਕਿਹਾ ਸੀ। ਤੁਸੀਂ ਇਹ ਵੀ ਕਿਹਾ ਸੀ ਕਿ ‘‘ਜੇ ਤੁਸੀਂ ਫ਼ਿਲਮ ਨਿਰਮਾਣ ਨੂੰ ਕਰੀਅਰ ਦੇ ਤੌਰ ’ਤੇ ਅਪਣਾਉਣਾ ਚਾਹੁੰਦੇ ਹੋ ਤਾਂ, ਮੈਨੂੰ ਲਗਦਾ ਨਹੀਂ ਕਿ ਇਸ ਵਿਚ ਕੋਈ ਮਤਲਬ ਹੈ।’’ ਅਤੇ ਇਥੇ ਅਸੀਂ ਫ਼ਿਲਮਕਾਰ ਆਨੰਦ ਪਟਵਰਧਨ ਨਾਲ ਗੱਲਬਾਤ ਕਰ ਰਹੇ ਹਾਂ।

ਸਵਾਲ: ਫ਼ਿਲਮ ਨਿਰਮਾਣ ਵਿਚ ਆਉਣ ਲਈ ਤੁਹਾਨੂੰ ਕਿਸ ਨੇ ਉਤਸ਼ਾਹਤ ਕੀਤਾ।

ਜਵਾਬ : ਮੈਨੂੰ ਸਟਿਲ ਫ਼ੋਟੋਗ੍ਰਾਫ਼ੀ ਪਸੰਦ ਸੀ ਅਤੇ ਮੇਰੀ ਮਾਂ ਨੇ ਮੇਰੇ ਲਈ ਇਕ ਪੁਰਾਣਾ ਇੰਲਾਰਜਰ ਖ਼ਰੀਦਿਆ ਸੀ, ਜਿਸ ਨੂੰ ਅਸੀਂ ਆਪਣੇ ਬਾਥਰੂਮ ਵਿਚ ਲਾਇਆ ਸੀ। ਉਦੋਂ ਮੈਂ 15 ਸਾਲ ਦਾ ਸੀ। ਪਰ ਸਿਨੇਮਾ ਪ੍ਰਤੀ ਮੇਰਾ ਪ੍ਰੇਮ ਮੇਰੇ ਫ਼ਿਲਮਾਂ ਬਣਾਉਣਾ ਸ਼ੁਰੂ ਕਰਨ ਤੋਂ ਬਾਅਦ ਪੈਦਾ ਹੋਇਆ, ਨਾ ਕਿ ਪਹਿਲਾਂ। ਮੇਰੀ ਪਹਿਲੀ ਫ਼ਿਲਮ ਫੁਟੇਜ ਦਾ ਕਾਰਨ ਸੀ ਅਮਰੀਕਾ ਦਾ ਵੀਅਤਨਾਮ ਯੁੱਧ ਵਿਰੋਧੀ ਅੰਦੋਲਨ, ਜਿਸ ਦਾ ਮੈਂ ਖ਼ੁਦ ਹਿੱਸਾ ਬਣ ਗਿਆ ਸੀ। ਮੈਂ ਸਮਾਜ ਵਿਗਿਆਨ ਦੀ ਪੜ੍ਹਾਈ ਲਈ ਬ੍ਰੈਂਡਾਇਸ ਯੂਨੀਵਰਸਿਟੀ ਗਿਆ ਸੀ ਜੋ ਉਸ ਸਮੇਂ ਯੁੱਧ-ਵਿਰੋਧੀ ਪ੍ਰਦਰਸ਼ਨਕਾਰੀਆਂ ਦਾ ਗੜ੍ਹ ਬਣੀ ਹੋਈ ਸੀ। ਯੁੱਧ ਵਿਰੁੱਧ ਅਸੀਂ ਕਈ ਕਾਰਵਾਈਆਂ ਕੀਤੀਆਂ ਜਿਨ੍ਹਾਂ ਵਿਚੋਂ ਕੁਝ ਤਾਂ ਮੈਂ ਇਕ ਕੈਮਰਾ ਉਧਾਰ ਲੈ ਕੇ ਸ਼ੂਟ ਕਰ ਲਈਆਂ। ਬਾਅਦ ਵਿਚ 1971 ਵਿਚ ਵੱਡੀ ਗਿਣਤੀ ਵਿਚ ਪੂਰਬੀ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਸ਼ਰਨਾਰਥੀਆਂ ਨੂੰ ਲੈ ਕੇ ਜਾਗਰੂਕਤਾ ਫ਼ੈਲਾਉਣ ਲਈ ਮੈਂ ਇਕ ਛੋਟੀ ਫ਼ਿਲਮ ਬਣਾਈ। ਇਹ ਆਜ਼ਾਦੀ ਦੀ ਉਸ ਲੜਾਈ ਦੇ ਕੁਝ ਹੀ ਪਹਿਲਾਂ ਦੀ ਗੱਲ ਹੈ ਜਿਸ ਦਾ ਨਤੀਜਾ ਬੰਗਲਾਦੇਸ਼ ਬਣਨ ਵਿਚ ਨਿਕਲਿਆ। ਅਮਰੀਕਾ ਜੋ ਉਸ ਸਮੇਂ ਪਾਕਿਸਤਾਨ ਦਾ ਸਮਰਥਨ ਕਰ ਰਿਹਾ ਸੀ, ਪਾਕਿਸਤਾਨੀ ਫ਼ੌਜ ਅਤੇ ਉਸਦੇ ਸਹਿਯੋਗੀਆਂ ਵਲੋਂ ਚਲਾਏ ਗਏ ਦਮਨ ਅਤੇ ਹੱਤਿਆਵਾਂ ਦੇ ਦੌਰ ਨੂੰ ਸਵੀਕਾਰ ਹੀ ਨਹੀਂ ਕਰ ਰਿਹਾ ਸੀ, ਇਸ ਲਈ ਸਾਡੀ ਫ਼ਿਲਮ ਅਮਰੀਕੀ ਨੀਤੀ ਦਾ ਜੋ ਨਤੀਜਾ ਹੋ ਰਿਹਾ ਸੀ, ਉਸ ਦਾ ਤਕਾਜਾ ਸੀ।

ਜਦ ਮੈਂ 1972 ਵਿਚ ਭਾਰਤ ਵਾਪਸ ਆ ਕੇ ਕਿਸ਼ੋਰ ਭਾਰਤੀ ਨਾਮ ਦੀ ਸਮਾਜ ਸੇਵੀ ਸੰਸਥਾ ਵਿਚ ਕੰਮ ਕਰਨ ਲੱਗਾ, ਜਿਥੇ ਅਸੀਂ ਪੇਂਡੂ ਸਿਖਿਆ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਖੇਤੀਬਾੜੀ ਦੇ ਤਰੀਕਿਆਂ ਨੂੰ ਆਧੁਨਿਕ ਬਣਾਉਣ ਦਾ ਵੀ ਕੰਮ ਕਰ ਰਹੇ ਸੀ, ਉਸ ਸਮੇਂ ਵੀ ਫ਼ਿਲਮ ਨਿਰਮਾਣ ਮੇਰੇ ਦਿਮਾਗ਼ ਵਿਚ ਦੂਰ-ਦੂਰ ਤਕ ਨਹੀਂ ਸੀ। ਰਸੌਲਿਆ ਵਿਚ ਇਕ ਹਸਪਤਾਲ ਸੀ ਜਿਥੋਂ ਦੇ ਡਾਕਟਰਾਂ ਨੇ ਇਹ ਗੱਲ ਨੋਟ ਕੀਤੀ ਸੀ ਕਿ ਤਪਦਿਕ ਦੇ ਮਰੀਜ਼ ਠੀਕ ਤਾਂ ਹੋ ਜਾਂਦੇ ਹਨ ਪਰ ਲੰਮਾ ਸਮਾਂ ਦੇਖਭਾਲ ਦੀ ਘਾਟ ਕਾਰਨ ਫਿਰ ਉਸੇ ਬੀਮਾਰੀ ਨਾਲ ਗ੍ਰਸਤ ਹੋ ਜਾਂਦੇ ਹਨ। ਇਸ ਲਈ ਮੈਂ ਓ.ਪੀ.ਡੀ. ਦੇ ਮਰੀਜ਼ਾਂ ਲਈ ਸਟਿਲ ਫੋਟੋਆਂ ਨਾਲ ਕੈਸਿਟ ਰਿਕਾਰਡ ’ਤੇ ਇਕ ਸਾਊਂਡ ਟ੍ਰੈਕ ਚਲਾ ਕੇ 20 ਮੀਟਿੰਗ ਦੀ ਫ਼ਿਲਮ ਬਣਾਈ। ਇਸੇ ਦੌਰਾਨ ਡਾ. ਵਿਨਾਇਕ ਸੇਨ ਵੀ ਰਸੌਲਿਆ ਦੇ ਉਸ ਹਸਪਤਾਲ ਨਾਲ ਜੁੜ ਗਏ ਅਤੇ ਮੇਰੇ ਆਉਣ ਤੋਂ ਬਾਅਦ ਕਈ ਸਾਲਾਂ ਤਕ ਉਥੇ ਕੰਮ ਕਰਦੇ ਰਹੇ।

1974 ਵਿਚ ਮੈਂ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ ਵਿਰੁੱਧ ਬਿਹਾਰ ਅੰਦੋਲਨ ਵਿਚ ਸ਼ਾਮਲ ਹੋਇਆ, ਜਿਸ ’ਚੋਂ ਸੰਪੂਰਨ ਕ੍ਰਾਂਤੀ ਦੀ ਮੰਗ ਨਿਕਲੀ। ਨਵੰਬਰ 1974 ਵਿਚ ਜਦੋਂ ਪਟਨਾ ਵਿਚ ਇਕ ਵੱਡੇ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣੀ ਤਾਂ ਮੈਂ ਫਿਰ ਤੋਂ ਫ਼ਿਲਮ ਨਿਰਮਾਣ ਨਾਲ ਜੁੜ ਗਿਆ। ਪੁਲੀਸ ਹਿੰਸਾ ਦੀ ਸੰਭਾਵਨਾ ਨੂੰ ਦੇਖਦੇ ਹੋਏ ਅੰਦੋਲਨ ਦੇ ਆਗੂਆਂ ਨੇ ਮੈਨੂੰ ਉਸ ਦਿਨ ਤਸਵੀਰਾਂ ਖਿੱਚਣ ਨੂੰ ਕਿਹਾ। ਅਜਿਹਾ ਕਰਨ ਦੀ ਬਜਾਏ ਮੈਂ ਦਿੱਲੀ ਗਿਆ ਅਤੇ ਇਸ ਕੰਮ ਲਈ ਆਪਣੇ ਦੋਸਤ ਰਾਜੀਵ ਜੈਨ ਨੂੰ ਲੈ ਆਇਆ, ਜਿਸ ਕੋਲ ਇਕ ਸੁਪਰ 8 ਕੈਮਰਾ ਅਤੇ ਇਕ ਅੱਠ ਮਿ.ਮੀ. ਕੈਮਰਾ ਸੀ। ਇਨ੍ਹਾਂ ਸ਼ੌਕੀਆ ਯੰਤਰਾਂ ਦੇ ਸਹਾਰੇ ਅਸੀਂ 4 ਨਵੰਬਰ ਨੂੰ ਪਟਨਾ ਵਿਚ ਹੋਈ ਵਿਸ਼ਾਲ ਰੈਲੀ ਅਤੇ ਉਸ ਤੋਂ ਬਾਅਦ ਦੇ ਪੁਲਸੀਆ ਦਮਨ ਨੂੰ ਕੈਮਰੇ ਵਿਚ ਕੈਦ ਕਰ ਲਿਆ। ਮੈਂ ਫਿਰ ਦਿੱਲੀ ਗਿਆ ਅਤੇ 8 ਮਿ.ਮੀ. ਫੁਟੇਜ ਨੂੰ ਇਕ ਛੋਟੇ ਪਰਦੇ ’ਤੇ ਪ੍ਰੋਜੈਕਟ ਕੀਤਾ ਅਤੇ ਇਕ ਹੋਰ ਮਿਤਰ ਨੇ ਆਪਣੇ 16 ਮਿ.ਮੀ. ਕੈਮਰੇ ਦੀ ਸਹਾਇਤਾ ਨਾਲ ਇਸ ਪਰਦੇ ਨੂੰ ਸ਼ੂਟ ਕਰ ਕੇ ਵੱਡੀਆਂ ਤਸਵੀਰਾਂ ਖਿੱਚੀਆਂ। ਫਿਰ ਮੈਂ ਇਕ ਹੋਰ ਮਿੱਤਰ ਪ੍ਰਦੀਪ ਕ੍ਰਿਸ਼ਨ ਨੂੰ ਲੈ ਕੇ ਬਿਹਾਰ ਆਇਆ ਜਿਸ ਨੇ ਉਸੇ ਸਮੇਂ ਇਕ ਪੁਰਾਣਾ ਬੈਲ ਐਂਡ ਹੌਵੇਲ 16 ਮਿ.ਮੀ. ਕੈਮਰਾ ਖਰੀਦਿਆ ਸੀ; ਇਸ ਕੈਮਰੇ ਵਿਚ ਇਕ ਵਾਰੀ ਵਿਚ 30 ਸਕਿੰਟ ਦੀ ਸ਼ੂਟਿੰਗ ਕਰਨ ਲਈ ਤੁਹਾਨੂੰ ਰੀਲ ਹੱਥ ਨਾਲ ਲਪੇਟਣੀ ਪੈਂਦੀ ਸੀ। ਇਸ ਸਾਰੀ ਖਟਪਟ ਨਾਲ ਵੇਵਜ਼ ਆਫ਼ ਰੈਵਲਿਊਸ਼ਨ ਨਾਮ ਦੀ ਫ਼ਿਲਮ ਤਿਆਰ ਹੋਈ ਜਿਹੜੀ ਬਣਦਿਆਂ ਹੀ ਰੂਪੋਸ਼ ਹੋ ਗਈ ਕਿਉਂਕਿ ਜੂਨ 1975 ਦੇ ਆਉਂਦਿਆਂ-ਆਉਂਦਿਆਂ ਇੰਦਰਾ ਗਾਂਧੀ ਨੇ ਐਮਰਜੈਂਸੀ ਐਲਾਨ ਦਿੱਤੀ ਸੀ।

ਸਵਾਲ : ਫ਼ਿਲਮਾਂ ਵਿਚ ਤੁਹਾਡੇ ਦਾਖ਼ਲੇ ਅਤੇ ਫ਼ਿਲਮਕਾਰ ਦੇ ਤੌਰ ’ਤੇ ਬਣੀ ਹੋਂਦ ਨੂੰ ਕਾਫ਼ੀ ਹੱਦ ਤਕ ਤੁਹਾਡੀ ਰਾਜਨੀਤੀ ਨੇ ਆਕਾਰ ਦਿੱਤਾ ਹੈ। ਸਿਨੇਮਾ ਦੇ ਆਪਣੇ ਮੁਹਾਵਰੇ ਦੀ ਤਲਾਸ਼ ਅਤੇ ਤੁਹਾਡੀ ਰਾਜਨੀਤੀ ਕੀ ਆਪਸ ਵਿਚ ਉਲਝੇ ਹੋਏ ਹਨ? ਥੋੜ੍ਹਾ ਜਿਹਾ ਵਿਸਥਾਰ ਦੇਣ ਦੀ ਕੋਸ਼ਿਸ਼ ਕਰਦਾ ਹਾਂ। ਹਾਲਾਂਕਿ ਤੁਹਾਨੂੰ ‘ਭਾਰਤ ਦਾ ਮਾਈਕਲ ਮੂਰ’ ਕਹਾਉਣ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਮੈਨੂੰ ਸਿਨੇਮਾ ਦੇ ਤੁਹਾਡੇ ਮੁਹਾਵਰੇ ਅਤੇ ਮਾਈਕਲ ਮੂਰ ਦੀਆਂ ਤਕਨੀਕਾਂ ਵਿਚ ਕਾਫ਼ੀ ਫ਼ਰਕ ਨਜ਼ਰ ਆਉਂਦਾ ਹੈ। ਤੁਹਾਡਾ ਹੀ ਬਿਆਨ ਹੈ ਕਿ ‘‘ਆਪਣੇ ਵਿਰੋਧੀ ਨੂੰ ਧੂੜ ਚੱਟਦੇ ਹੋਣ ’ਤੇ ਵੀ ਬਹੁਤ ਜ਼ਿਆਦਾ ਮੁੱਕੇ ਮਾਰਨ ਦੇ ਉਹ ਦੋਸ਼ੀ ਹਨ।’’ ਉਸੇ ਤਰ੍ਹਾਂ ਫਰਨਾਦੋ ਸੋਲਾਨਸ ਦੀ ਆਵਰ ਆਫ਼ ਦ ਫਰਨੈਸਿਸ ਦੇ ਬਾਰੇ ਵਿਚ ਤੁਹਾਡੇ ਵਿਚਾਰ, ‘‘ਫ਼ਿਲਮ ਵਿਚ ਪੇਸ਼ ਸੰਵੇਦਨਾਵਾਂ ਦੀ ਮੈਂ ਸ਼ਲਾਘਾ ਕਰਦਾ ਹਾਂ ਪਰ ਯਾਦ ਆਉਂਦਾ ਹੈ ਕਿ ਮੈਨੂੰ ਉਸ ਦਾ ਸ਼ਿਲਪ ਬਹੁਤਾ ਪਸੰਦ ਨਹੀਂ ਆਉਂਦਾ ਸੀ, ਕਿਉਂਕਿ ਉਹ ਦਰਸ਼ਕ ’ਤ ਨਾਅਰਿਆਂ, ਤੇਜ਼ੀ ਨਾਲ ਕੱਟੇ ਗਏ ਦ੍ਰਿਸ਼ਾਂ ਅਤੇ ਅਧਿਕਾਰਪੂਰਨ ਦਖ਼ਲ ਦੀ ਬੰਬਾਰੀ ਕਰਦੀ ਹੈ।’’ ਇਥੇ ਅਸਰ ਕਰਨ ਵਾਲੇ ਸ਼ਬਦ ਹਨ, ਬੰਬਾਰੀ ਅਤੇ ਅਧਿਕਾਰਪੂਰਨ। ਕੀ ਤੁਹਾਡੇ ਅੰਦਰ ਦਾ ਗਾਂਧੀਵਾਦੀ ਸਿਨੇਮੇ ਰਾਹੀਂ ਸ਼ਾਂਤੀਪੂਰਨ ਦਖ਼ਲ ਦੀ ਤਲਾਸ਼ ਕਰਦਾ ਹੈ? ਕੀ ਸਿਨੇਮਾ ਦੇ ਤੁਹਾਡੇ ਮੁਹਾਵਰੇ ਦੀ ਇਹੀ ਪਰਿਭਾਸ਼ਾ ਹੈ?

ਜਵਾਬ : ਇਹ ਸੱਚ ਹੈ ਕਿ ਮੈਂ ਇਨਸਾਫ਼ ਲਈ ਅਹਿੰਸਕ ਸੰਘਰਸ਼ਾਂ ਵੱਲ ਅਕਰਸ਼ਿਤ ਹੋਇਆ ਹਾਂ ਕਿਉਂਕਿ ਮੈਨੂੰ ਲਗਦਾ ਹੈ ਕਿ ਚੰਗੇ ਉਦੇਸ਼ ਲਈ ਕੀਤੀ ਗਈ ਹਿੰਸਾ ਵੀ ਅੰਤ ਸਾਨੂੰ ਅਣ-ਮਨੁੱਖੀ ਬਣਾਉਣੀ ਹੈ ਪਰ ਮੈਂ ਇਸ ਗੱਲ ਤੋਂ ਜਾਣੂ ਨਹੀਂ ਸੀ। ਮੇਰੀ ਇਹ ਤਰਜੀਹ ਸਿਨੇਮੇ ਪ੍ਰਤੀ ਮੇਰੀ ਪਹੁੰਚ ਅਤੇ ਸਿਨੇਮਾ ਦੇ ਸ਼ਿਲਪ ਦੇ ਮੇਰੇ ਮੁਲਾਂਕਣ ਨੂੰ ਪ੍ਰਭਾਵਤ ਕਰਦੀ ਹੈ। ਪਰ ਹੁਣ ਜਦੋਂ ਤੁਸੀਂ ਅਜਿਹਾ ਕਹਿ ਰਹੇ ਹੋ ਤਾਂ ਇਹ ਗੱਲ ਸੱਚ ਪ੍ਰਤੀਤ ਹੁੰਦੀ ਹੈ। ਮੈਂ ਕਦੇ ਆਪਣੇ ਦਰਸ਼ਕਾਂ ਦੇ ਸਿਰ ’ਤੇ ਹਥੌੜਾ ਲੈ ਕੇ ਵਾਰ ਨਹੀਂ ਕਰਨਾ ਚਾਹੁੰਦਾ ਪਰ ਮੈਨੂੰ ਖ਼ੁਸ਼ੀ ਹੁੰਦੀ ਹੈ ਕਿ ਮੇਰੀ ਫ਼ਿਲਮ ਉਨ੍ਹਾਂ ਨੂੰ ਸਹੀ ਦਿਸ਼ਾ ਦਿਖਾ ਕੇ ਇਹ ਅਹਿਸਾਸ ਕਰਾਉਂਦੀ ਹੈ ਕਿ ਉਹ ਆਪਣੇ ਆਪ ਕਿਸੇ ਨਤੀਜੇ ’ਤੇ ਪਹੁੰਚੇ ਹਨ। ਮੇਰਾ ਕੰਮ ਕਿਸੇ ਅਜਿਹੇ ਦਾਦਾ ਦਾ ਕੰਮ ਨਹੀਂ ਹੈ ਜੋ ਆਪਣੇ ਅਧੀਨ ਕਰ ਕੇ ਉਨ੍ਹਾਂ ਦਾ ਬ੍ਰੇਨਵਾਸ਼ ਕਰ ਦੇਵੇ ਬਲਕਿ ਉਸ ਵਕੀਲ ਦੀ ਤਰ੍ਹਾਂ ਹੈ ਜੋ ਸਾਹਮਣੇ ਰੱਖੇ ਗਏ ਸਬੂਤਾਂ ਦੀ ਪੁਖ਼ਤਗੀ ਅਤੇ ਵਜਨ ਨਾਲ ਉਨ੍ਹਾਂ ਨੂੰ ਹੌਲੀ-ਹੌਲੀ ਮੁਤਾਸਰ ਕਰਦਾ ਹੈ।

ਸਵਾਲ : ਲਾਤਿਨ-ਅਮਰੀਕੀ ਵਿਚਾਰਧਾਰਾ ਦੇ ‘ਇੰਪਰਫੈਕਟ ਸਿਨੇਮਾ’ (ਤਰੁਟੀਪੂਰਨ ਸਿਨੇਮਾ) ਪ੍ਰਤੀ ਉਸ ਦੇ ਝੁਕਾਅ ਅਤੇ ਵਰਤਮਾਨ ਦੌਰ ਦੇ ਬਹੁ ਚਰਚਿਤ ‘ਆਰਟਿਸਟਕ ਸਿਨੇਮਾ’ (ਕਲਾਤਮਕ ਸਿਨੇਮਾ) ਦੀ ਪਿੱਠਭੂਮੀ ਵਿਚ ਤੁਹਾਡੇ ਸਿਨੇਮਾ ਨੂੰ ਦਰਸ਼ਕ ਕਿਥੇ ਰੱਖਣ? ਇਹ ਜਵਾਬ ਜ਼ਰਾ ਵਿਸਥਾਰ ਨਾਲ ਦੇਣਾ ਕਿਉਂਕਿ ਇਹ ਸੌਂਦਰਯ ਸ਼ਾਸਤਰ ਪ੍ਰਸ਼ਨ ਫ਼ਿਲਮਕਾਰਾਂ ਦੀ ਸਿਆਸੀ ਅਵਸਥਾ ਅਤੇ ਦੌਰ ਨਾਲ ਕਾਫ਼ੀ ਜੁੜਿਆ ਹੋਇਆ ਹੈ?

ਜਵਾਬ : ਜਿਵੇਂ ਮੈਂ ਆਪਣੇ ਆਪ ਨੂੰ ਗਾਂਧੀਵਾਦੀ, ਮਾਰਕਸਵਾਦੀ ਜਾਂ ਅੰਬੇਦਕਰਵਾਦੀ ਵਿਚਾਰਾਤਮਕ ਅਤੇ ਰਾਜਨੀਤਕ ਲੇਬਲ ਲਗਾਉਣ ਤੋਂ ਬਚਦਾ ਹਾਂ, ਉਸੇ ਤਰ੍ਹਾਂ ਸਿਨੇਮਾ ਨੂੰ ਦਿੱਤੇ ਗਏ ਇਨ੍ਹਾਂ ਲੇਬਲਾਂ ਨੂੰ ਕੁਝ ਹੱਦ ਤਕ ਦਮ ਘੋਟੂ ਅਤੇ ਕਲਾਸਟ੍ਰਫੋਬਿਕ ਸਮਝਦਾ ਹਾਂ। ਲਾਤਿਨ ਅਮਰੀਕਾ ਵਿਚ 60 ਅਤੇ 70 ਦੇ ਦਹਾਕਿਆਂ ਵਿਚ ਫ਼ਿਲਮ ਨਿਰਮਾਣ ਦੀਆਂ ਜੋ ਪ੍ਰਸਥਿਤੀਆਂ ਸਨ ਉਨ੍ਹਾਂ ਵਿਚੋਂ ‘ਇੰਪਰਫੈਕਟ ਸਿਨੇਮਾ’ ਦਾ ਸਿਧਾਂਤ ਉਭਰਿਆ ਸੀ। ਉਦੋਂ ਜ਼ਾਲਮ ਅਤੇ ਦਮਨਕਾਰੀ ਸੱਤਾਧਾਰੀਆਂ ਵਿਰੁੱਧ ਲੜਨ ਵਾਲੇ ਪੈਸੇ ਅਤੇ ਚੰਗੇ ਯੰਤਰਾਂ ਤੋਂ ਬਿਨਾਂ ਕੰਮ ਕਰਦੇ ਸਨ ਅਤੇ ਹਮੇਸ਼ਾ ਫੜੇ ਜਾਣ, ਸਜ਼ਾ ਪਾਉਣ ਜਾਂ ਮਾਰ ਦਿੱਤੇ ਜਾਣ ਦੇ ਖ਼ਤਰਿਆਂ ਵਿਚ ਰਹਿੰਦੇ ਸਨ। ਉਸ ਸਿਨੇਮਾ ’ਤੇ ਉਸਦੇ ਜਨਮ ਦੇ ਨਿਸ਼ਾਨ ਮੌਜੂਦ ਸਨ ਜਿਸ ਕਾਰਨ ਝਰੀਟਾਂ ਲੱਗੀਆਂ ਹੋਈਆਂ ਫ਼ਿਲਮਾਂ, ਬਿਨਾ ਫੋਕਸ, ਜਲਦਬਾਜ਼ੀ ਵਿਚ ਕੀਤੇ ਗਏ ਸ਼ਾਟ ਅਤੇ ਝਟਕੇਦਾਰ ਹਰਕਤਾਂ ਆਦਿ ਮੁਸ਼ਕਲ ਦੌਰ ਦੌਰਾਨ ਦਿਖਾਏ ਗਏ ਸਾਹਸ ਲਈ ਮਿਲੇ ਤਮਗੇ ਦੀ ਤਰ੍ਹਾਂ ਸ਼ਾਨ ਨਾਲ ਧਾਰਨ ਕੀਤੇ ਜਾਂਦੇ ਸਨ। ਭਾਰਤ ਵਿਚ ਕੰਮ ਕਰਦਿਆਂ ਮੌਤ ਦਾ ਖ਼ਤਰਾ ਓਨਾ ਨਹੀਂ ਸੀ ਪਰ ਯੰਤਰਾਂ

ਅਤੇ ਪੈਸੇ ਦੀ ਘਾਟ ਮੈਂ ਉਸੇ ਤਰ੍ਹਾਂ ਝੱਲੀ ਹੈ, ਗ੍ਰਿਫ਼ਤਾਰ ਹੋਣ ਦੇ ਡਰ ਨਾਲ ਲੁੱਕ ਕੇ ਕੰਮ ਕਰਨਾ ਪੈਂਦਾ ਸੀ ਅਤੇ ਮੇਰੀਆਂ ਸ਼ੁਰੂਆਤੀ ਫ਼ਿਲਮਾਂ ਇਹੀ ਦਰਸਾਉਂਦੀਆਂ ਹਨ। ਅੱਗੇ ਚੱਲ ਕੇ ਜਦੋਂ ਮੈਂ ਵਧੀਆ ਯੰਤਰ ਖ਼ਰੀਦੇ ਜਾਂ ਉਧਾਰ ਲਏ ਅਤੇ ਅਭਿਆਸ ਕਰਦਿਆਂ-ਕਰਦਿਆਂ ਮੇਰਾ ਤਕਨੀਕੀ ਹੁਨਰ ਵਧੀਆ ਹੋਇਆ ਤਾਂ ਮੇਰੀਆਂ ਫ਼ਿਲਮਾਂ ਵੀ ਦੇਖਣ-ਦਿਖਾਉਣ ਵਿਚ ਵਖਰੀਆਂ ਲੱਗਣ ਲੱਗੀਆਂ। ਅੱਜ ਤਕਨੀਕ ਐਨੇ ਨਾਟਕੀ ਢੰਗ ਨਾਲ ਬਦਲ ਗਈ ਹੈ ਕਿ ਸਿਨੇਮਾ ਕਲਾ ਦਾ ਸਿਖਾਂਦਰੂ ਵੀ ਮੁਕਾਬਲਤਨ ਘੱਟ ਖ਼ਰਚੇ 'ਤੇ ਬੇਹੱਦ ਸਪੱਸ਼ਟ ਅਤੇ ਖਿੱਚ ਪਾਊ ਫ਼ੋਟੋਆਂ ਖਿੱਚ ਸਕਦਾ ਹੈ।

ਜਿਥੋਂ ਤਕ ਕਲਾਤਮਕ ਸਿਨੇਮੇ ਦਾ ਸਵਾਲ ਹੈ, ਅਸਲ ਵਿਚ ਮੈਨੂੰ ਇਸ ਤਮਗੇ ਨਾਲ ਹੀ ਅਲਰਜ਼ੀ ਹੈ। ਕਲਾ ਵਰਗੀ ਕੋਈ ਚੀਜ਼ ਜੇਕਰ ਹੈ ਤਾਂ ਉਹ ਇਕ ਸਚੇਤਨ ਕਿਰਿਆ ਨਾ ਹੋ ਕੇ ਅਵਚੇਤਨ ਕੰਮ ਹੈ। ਮੇਰੇ ਲਈ ਕਲਾ ਦੀ ਸੁਚੇਤ ਸਿਰਜਣਾ ਕਲਾ ਨਹੀਂ ਹੈ, ਇਹ ਆਮ ਤੌਰ 'ਤੇ ਉਹ ਹੈ ਜੋ ਅੰਗਰੇਜ਼ੀ ਅੱਖਰ 'ਸੀ' (ਕੋਨ- ਯਾਨੀ ਠੱਗੀ) ਤੋਂ ਸ਼ੁਰੂ ਹੁੰਦਾ ਹੈ। ਆਦਿਵਾਸੀ ਜਿਹੜੇ ਮਿੱਟੀ ਨਾਲ ਬਣੀ ਆਪਣੀ ਕੁਟੀਆ ਨੂੰ ਰੰਗਦੇ ਹਨ ਜਾਂ ਦਸਤਕਾਰ ਇਹ ਆਪਣੇ ਆਪ ਨੂੰ ਕਲਾਕਾਰ ਨਹੀਂ ਕਹਿੰਦੇ। ਉਨ੍ਹਾਂ ਚੀਜ਼ਾਂ ਨੂੰ ਇਕ ਫਰੇਮ ਵਿਚ ਰੱਖਣ ਤੋਂ ਬਾਅਦ ਅਤੇ ਇਕ ਵਿਆਪਕ ਦ੍ਰਿਸ਼ਟੀ ਨੂੰ ਸੱਦਾ ਦੇਣ ਤੋਂ ਬਾਅਦ ਉਸ ਕੰਮ ਨੂੰ ਕਲਾ ਦਾ ਦਰਜਾ ਦਿੱਤਾ ਜਾਂਦਾ ਹੈ। ਆਪਣੇ ਆਪ ਨੂੰ ਕਲਾਕਾਰ ਕਹਿਣ ਵਾਲੇ ਲੋਕਾਂ ਤੋਂ ਮੈਂ ਜ਼ਰਾ ਬਚ ਕੇ ਰਹਿੰਦਾ ਹਾਂ ਕਿਉਂਕਿ ਮੈਨੂੰ ਲਗਦਾ ਹੈ ਕਿ ਕਲਾ ਨਾਮ ਦੀ ਕੋਈ ਚੀਜ਼ ਹੋਂਦ ਵਿਚ ਹੋ ਤਾਂ ਸਕਦੀ ਹੈ ਪਰ ਉਸ ਨੂੰ ਸਾਹਮਣੇ ਲਿਆਉਣ ਦਾ ਕੰਮ ਇਤਿਹਾਸ ਅਤੇ ਭੂਗੋਲ ਦਾ ਹੈ। ਜਦੋਂ ਕੋਈ ਚੀਜ਼ ਦੇਸ਼ ਜਾਂ ਕਾਲ ਵਿਚ 'ਟ੍ਰਾਂਸੇਂਡ' (ਸਮਾ ਅਤੀਤ) ਕਰ ਜਾਂਦੀ ਹੈ ਅਤੇ ਦਹਾਕਿਆਂ ਅਤੇ ਸਦੀਆਂ ਤਕ ਵੱਖ-ਵੱਖ ਸਭਿਆਚਾਰਾਂ ਅਤੇ ਰਾਸ਼ਟਰਾਂ ਵਲੋਂ ਸਲਾਹੀ ਜਾਂਦੀ ਹੈ ਤਾਂ ਜ਼ਰੂਰ ਉਸ ਨੇ ਕਿਸੇ ਪ੍ਰਵਾਨਤ ਸੱਚ ਨੂੰ ਛੂਹ ਲਿਆ ਹੁੰਦਾ ਹੈ, ਜਿਸ ਨੂੰ ਅਸੀਂ ਕਿਸੇ ਚੰਗੇ ਲਕਬ ਦੀ ਘਾਟ ਵਿਚ ਕਲਾ ਕਹਿੰਦੇ ਹਾਂ।

ਸਵਾਲ : ਬਿਹਾਰ ਵਿਚ ਜੈਪ੍ਰਕਾਸ਼ ਨਾਰਾਇਣ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿਚ ਤੁਸੀਂ ਹਮਸਫ਼ਰ ਰਹੇ ਅਤੇ ਇਕ 8 ਮਿ.ਮੀ. ਕੈਮਰੇ ਦੀ ਸਹਾਇਤਾ ਨਾਲ ਤੁਸੀਂ ਬਲੈਕ ਐਂਡ ਵਾਈਟ ਫ਼ਿਲਮ 'ਵੇਵਜ਼ ਆਫ਼ ਰੈਵਿਊਸ਼ਨ' ਵਿਚ ਇਹਨੂੰ ਦਰਜ ਵੀ ਕੀਤਾ ਹੈ। ਤੁਹਾਡੇ ਇਸ ਸਵਾਲ 'ਤੇ ਕਿ- 'ਗਾਂਧੀਵਾਦੀ ਤੱਕ ਵਰਗ ਦੇ ਪ੍ਰਸ਼ਨ ਨੂੰ ਮੰਨਦੇ ਹਨ ਅਤੇ ਉਸ 'ਤੇ ਜ਼ੋਰ ਦਿੰਦੇ ਹਨ'-, ਜੇ.ਪੀ. ਦਾ ਜਵਾਬ ਕੀ ਸੀ? ਕਿਉਂਕਿ ਤੁਸੀਂ ਜੇ.ਪੀ. ਅੰਦੋਲਨ ਨੂੰ ਅੰਦਰ ਤਕ ਦੇਖਿਆ ਹੈ, ਲਾਜ਼ਮੀ ਹੈ ਕਿ ਮੈਂ ਤੁਹਾਡੇ ਤੋਂ ਸਵਾਲ ਪੁੱਛਾਂ।

ਜਵਾਬ : ਇਕ 24 ਸਾਲਾ ਨੌਜਵਾਨ ਲਈ ਉਹ ਨਸ਼ੀਲੇ ਦਿਨ ਸਨ ਜੋ ਅਮਰੀਕਾ ਵਿਚ ਇਕ ਆਦਰਸ਼ਵਾਦੀ ਸ਼ਾਂਤੀ ਅੰਦੋਲਨ ਨਾਲ ਪਰਤਿਆ ਸੀ ਅਤੇ ਫਿਰ ਕੁਝ ਸਾਲ ਉਸ ਆਈਡੀਅਲ ਪੇਂਡੂ ਖੇਤਰ ਵਿਚ ਬਿਤਾਏ ਜਿਥੇ ਬਦਲਾਅ ਦੀ ਰਫ਼ਤਾਰ ਬਹੁਤ ਘੱਟ ਸੀ। ਉਸ ਦੇ ਉਲਟ ਸਮਾਜਕ, ਆਰਥਕ ਅਤੇ ਰਾਜਨੀਤਕ ਕ੍ਰਾਂਤੀ ਦੇ ਆਪਣੇ ਵਾਅਦੇ ਨਾਲ ਬਿਹਾਰ ਅੰਦੋਲਨ ਉਤੇਜਿਤ ਕਰਨ ਵਾਲਾ ਸੀ। ਮੈਂ ਦੇਖਿਆ ਸੀ ਕਿ ਲੋਕਾਂ ਨੇ ਆਪਣੇ ਜਨੇਊ ਤੋੜੇ, ਜ਼ਮੀਂਦਾਰਾਂ ਨੇ ਆਪਣੀਆਂ ਜ਼ਮੀਨਾਂ ਛੱਡੀਆਂ, ਵਿਦਿਆਰਥੀਆਂ ਨੇ ਦਾਜ ਨਾ ਲੈਣ ਦੀ ਸਹੁੰ ਚੁੱਕੀ। ਪਰ ਖ਼ਤਰੇ ਦੇ ਸੰਕੇਤ ਮੌਜੂਦ ਸਨ।

ਜੇ.ਪੀ. ਨੇ ਆਰ.ਐਸ.ਐਸ. ਦੇ ਪੁਨਰਵਾਸ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਉਨ੍ਹਾਂ ਨੇ ਕੁਝ ਸਾਲ ਪਹਿਲਾਂ ਅਕਾਲ ਰਾਹਤ ਕੰਮਾਂ ਵਿਚ ਉਨ੍ਹਾਂ ਦਾ ਸਮਰਥਨ ਅਤੇ ਪ੍ਰਤੀਬੱਧਤਾ ਦੇਖੀ ਸੀ। ਦੇਸ਼ ਦੇ ਲੋਕਾਂ ਵਿਚ ਆਰ.ਐਸ.ਐਸ. ਫਿਰ ਵੀ ਉਹ ਵਿਚਾਰਕ ਸ਼ਕਤੀ ਸੀ ਜਿਸ ਨੇ ਮਹਾਤਮਾ ਗਾਂਧੀ ਨੂੰ ਮਾਰਿਆ ਸੀ ਪਰ ਜੇ.ਪੀ. ਦਾ ਇਹ ਪੱਕਾ ਵਿਸ਼ਵਾਸ ਸੀ ਕਿ ਉਹ ਅਤੇ ਬਿਹਾਰ ਅੰਦੋਲਨ ਆਰ.ਐਸ.ਐਸ. ਨੂੰ ਘੱਟ ਗਿਣਤੀਆਂ ਪ੍ਰਤੀ ਧਾਰਮਕ ਘ੍ਰਿਣਾ ਤੋਂ ਦੂਰ ਲਿਜਾ ਕੇ ਸਮਾਜਕ ਪਰਿਵਰਤਨ ਲਈ ਨੌਜਵਾਨਾਂ ਦਾ ਇਕ ਜੋਸ਼ ਭਰਪੂਰ ਅੰਦੋਲਨ ਵਿਕਸਤ ਕਰ ਲੈਣਗੇ। ਮੈਨੂੰ ਇਸ 'ਤੇ ਸ਼ੱਕ ਸੀ ਅਤੇ ਆਰ.ਐਸ.ਐਸ. ਦੇ ਦਾਖ਼ਲੇ ਨੂੰ ਲੈ ਕੇ ਆਗਾਹ ਕਰਨ ਵਾਲੇ ਕੁਝ ਲੇਖ ਮੈਂ 'ਏਵਰੀਮਨ' ਵਿਚ ਲਿਖੇ ਸਨ, ਜਿਹੜਾ ਕਿ ਅੰਦੋਲਨ ਵਲੋਂ ਚਲਾਇਆ ਜਾ ਰਿਹਾ ਅਖ਼ਬਾਰ ਸੀ। ਇਤਿਹਾਸ ਨੇ ਦਿਖਾ ਦਿੱਤਾ ਸੀ ਕਿ ਜਿਥੇ ਆਰ.ਐਸ.ਐਸ. ਨੂੰ ਬਦਲਣ ਵਿਚ ਜੇ.ਪੀ. ਕੋਈ ਚੰਗਾ ਕੰਮ ਨਹੀਂ ਕਰ ਸਕੇ, ਉਥੇ ਹੀ ਆਰ.ਐਸ.ਐਸ. ਨੇ ਜੇ.ਪੀ. ਨੂੰ ਵਰਤ ਕੇ ਆਪਣਾ ਪੁਨਰਵਾਸ ਕਰਵਾ ਲਿਆ ਅਤੇ ਗੰਭੀਰਤਾ ਨਾਲ ਲਈ ਜਾਣ ਵਾਲੀ ਰਾਸ਼ਟਰੀ ਸ਼ਕਤੀ ਬਣ ਗਿਆ। ਫਿਰ ਭਾਜਪਾ ਦਾ ਗਠਨ ਹੋਣ, ਬਾਬਰੀ ਮਸਜਿਦ ਦੇ ਢਾਹ ਦਿੱਤੇ ਜਾਣ ਤੋਂ ਬਾਅਦ ਧਰੁਵੀਕਰਨ ਦੀ ਪ੍ਰਕਿਰਿਆ 'ਚੋਂ ਭਾਰਤ ਕਦੇ ਨਿਕਲ ਨਹੀਂ ਸਕਿਆ।

ਐਮਰਜੈਂਸੀ ਤੋਂ ਬਾਅਦ ਵਾਲੇ ਦੌਰ ਵਿਚ ਜੇ.ਪੀ. ਇਕੱਲੇ ਅਜਿਹੇ ਨੇਤਾ ਰਹਿ ਗਏ ਸਨ, ਜਿਨ੍ਹਾਂ ਦੀ ਕੋਈ ਸੁਣਦਾ ਨਹੀਂ ਸੀ। ਵਰਗ ਸੰਘਰਸ਼ ਦੀ ਗੱਲ ਕਰਨ ਵਾਲੇ ਨਕਸਲੀਆਂ, ਨਾਗਾ ਅਤੇ ਮਿਜ਼ੋ ਸਾਰੇ ਰਾਜਨੀਤਕ ਕੈਦੀਆਂ ਦੀ ਰਿਹਾਈ ਲਈ ਬਹਿਸ ਕਰਨ ਵਾਲੇ ਉਹ ਕੁਝ-ਕੁਝ ਖੱਬੇਪੱਖੀ ਸਮਾਜਵਾਦੀ ਬਣੇ ਰਹੇ, ਪਰ ਉਨ੍ਹਾਂ ਨੂੰ ਛੇਤੀ ਹੀ ਹਾਸ਼ੀਏ 'ਤੇ ਸੁੱਟ ਦਿੱਤਾ ਗਿਆ।

ਸਵਾਲ-ਅੰਨਾ ਹਜ਼ਾਰੇ ਦੇ ਅੰਦੋਲਨ ਦੇ ਨਾਲ ਕੀ ਸਮਾਨਤਾ ਹੈ?

ਜਵਾਬ- ਆਪਣੇ ਕਦ ਅਤੇ ਬੌਧਿਕ ਸਮਰੱਥਾ ਵਿਚ ਇਥੇ ਅੰਨਾ ਦੀ ਜੇ.ਪੀ. ਨਾਲ ਕੋਈ ਬਰਾਬਰੀ ਨਹੀਂ ਹੈ ਅਤੇ ਜੇ.ਪੀ. ਦੇ ਉਲਟ ਅੰਨਾ ਸ਼ਾਇਦ 'ਈਮਾਨਦਾਰ' ਖ਼ਪਤਕਾਰ ਪੂੰਜੀ (ਵਾਦੀ) ਵਿਕਾਸ ਦੇ ਸਮਰਥਕ ਹਨ, ਉਥੇ ਹੀ ਕੁਝ ਸਪੱਸ਼ਟ ਸਮਾਨਤਾਵਾਂ ਹਨ ਅਤੇ ਪੂਰੀ ਸੰਭਾਵਨਾ ਹੈ ਕਿ ਅਤੀਤ ਦੀਆਂ ਗ਼ਲਤੀਆਂ ਨੂੰ ਦੇਖਿਆ ਜਾਵੇਗਾ। 1974 ਦੀ ਤਰ੍ਹਾਂ ਅੱਜ ਵੀ ਉਪਰਲੇ ਅਤੇ ਹੇਠਲੇ ਪੱਧਰ ਦੇ ਭ੍ਰਿਸ਼ਟਾਚਾਰ ਨੂੰ ਲੈ ਕੇ ਜਨਤਾ ਵਿਚ ਜੋ ਗੁੱਸਾ ਹੈ ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਕ ਪਾਸੇ ਤਾਂ ਪ੍ਰਸਿੱਧੀ ਪ੍ਰਾਪਤ ਈਮਾਨਦਾਰ ਬਜ਼ੁਰਗ ਹੈ, ਪ੍ਰਤੀਰੋਧ ਦਾ ਪ੍ਰਤੀਕ ਹੈ। ਦੂਜੇ ਪਾਸੇ ਆਰ.ਐਸ.ਐਸ. ਤਿਆਰ ਹੀ ਬੈਠੀ ਹੈ, ਉਹੀ ਇਕੋ ਇਕ ਸ਼ਕਤੀ ਹੈ, ਜਿਹੜੀ ਇਸ ਤੋਂ ਜ਼ਿਆਦਾ ਫ਼ਾਇਦਾ ਲੈ ਸਕਦੀ ਹੈ। ਕੁਝ ਲੋਕ ਅਜਿਹੇ ਵੀ ਹਨ ਜਿਹੜੇ ਅੰਨਾ ਹਜ਼ਾਰੇ ਦੇ ਨਾਲ ਹਨ ਅਤੇ ਉਨ੍ਹਾਂ ਨੂੰ ਆਰ.ਐਸ.ਐਸ. ਦੇ ਜਾਲ ਵਿਚ ਫਸਣ ਤੋਂ ਬਚਣ ਲਈ ਜਾਣੂ ਕਰਵਾ ਰਹੇ ਹਨ। ਅੱਗੇ ਦੇਖੋ ਕੀ ਹੁੰਦਾ ਹੈ।

ਸਵਾਲ : ਤੁਹਾਡੀ ਫ਼ਿਲਮ ਜੈ ਭੀਮ ਕਾਮਰੇਡ ਵਿਚ ਤੁਸੀਂ ਕਵੀ ਅਤੇ ਕਾਰਕੁੰਨ ਬਰਵਰ ਰਾਵ ਨੂੰ ਕਿਹਾ ਕਿ ਵਰਗ ਦੇ ਸਵਾਲ ਦਾ ਹੱਲ ਲਭਦੇ ਹੋਏ ਖੱਬੇਪੱਖੀਆਂ ਨੇ ਜਾਤੀ ਦੇ ਸਵਾਲ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਐਨਾ ਹੀ ਨਹੀਂ, ਤੁਹਾਡੀ ਫ਼ਿਲਮ ਖੱਬੇਪੱਖੀਆਂ ਦੀ ਅਗਵਾਈ ਵਿਚ ਉਚੀਆਂ ਜਾਤੀਆਂ ਦੇ ਦਬਦਬੇ ਨੂੰ ਲੈ ਕੇ ਵੀ ਟਿੱਪਣੀ ਕਰਦੀ ਹੈ। 'ਭਾਰਤ ਵਿਚ ਜਾਤੀਗਤ ਹੋਣੀ ਨਾਲ ਮੁਲਾਕਾਤ' (ਟਰਿਸ਼ਟ ਵਿਦ ਕਾਸਟ ਡੈਸਟਨੀ) ਅਤੇ ਲੰਮੀ ਖੋਜ ਨੂੰ ਤੁਸੀਂ ਜੈ ਭੀਮ ਕਾਮਰੇਡ ਰਾਹੀਂ ਕਿਸ ਤਰ੍ਹਾਂ ਅੱਗੇ ਵਧਾਉਂਦੇ ਹੋ?

ਜਵਾਬ : ਮੈਂ ਕਿਸੇ ਵਿਅਕਤੀ ਜਾਂ ਪਾਰਟੀ ਦੇ ਬਾਰੇ ਵਿਚ ਫ਼ੈਸਲਾ ਸੁਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਅਤੇ ਨਾ ਹੀ ਮੈਂ ਉਨ੍ਹਾਂ ਲੋਕਾਂ ਦੇ ਮਹਾਨ ਯੋਗਦਾਨ ਘਟਾਉਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਗ਼ਰੀਬੀ ਅਤੇ ਕਲੰਕਿਤ ਪ੍ਰਸਥਿਤੀਆਂ ਵਿਚ ਪੈਦਾ ਨਾ ਹੋਣ ਦੇ ਬਾਵਜੂਦ ਪੀੜਤਾਂ ਦਾ ਸਾਥ ਦਿੱਤਾ। ਇਹ ਫ਼ਿਲਮ ਇਕ ਯਤਨ ਹੈ ਜਾਤੀ ਦੇ ਮੁੱਦੇ 'ਤੇ ਸੰਵਾਦ ਲਈ ਸਪੇਸ ਤਿਆਰ ਕਰਨ ਦਾ, ਨਾ ਕੇਵਲ ਖੱਬੇਪੱਖੀਆਂ ਦੇ ਹੱਕ ਵਿਚ ਬਲਕਿ ਦਲਿਤ ਅੰਦੋਲਨ ਵਿਚ ਵੀ ਅਤੇ ਉਚ ਜਾਤੀ ਤੱਤਾਂ ਦੇ ਨਾਲ ਜਿਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਇਸ ਦੇਸ਼ ਵਿਚ ਜਾਤੀ ਦੀ ਸਮੱਸਿਆ ਹੈ। ਮੈਨੂੰ ਲਗਦਾ ਹੈ ਕਿ ਵੱਖਰੀ ਤਰ੍ਹਾਂ ਦੇ ਲੋਕ ਇਸ ਫ਼ਿਲਮ ਤੋਂ ਵਖਰੀ ਕਿਸਮ ਦੀਆਂ ਚੀਜ਼ਾਂ ਗ੍ਰਹਿਣ ਕਰਨਗੇ। ਮੈਂ ਇਸ ਗੱਲ ਤੋਂ ਖੁਸ਼ ਹਾਂ ਕਿ ਮੁਖ਼ਤਲਿਫ਼ ਵਰਗ, ਜਾਤੀ ਅਤੇ ਰਾਜਨੀਤੀਕ ਵਿਚਾਰਧਾਰਾ ਤੋਂ ਆਉਣ ਵਾਲੇ ਬਹੁਤ ਸਾਰੇ ਲੋਕਾਂ ਨੇ ਮੈਨੂੰ ਕਿਹਾ ਕਿ ਫ਼ਿਲਮ ਦੇਖਣ ਤੋਂ ਬਾਅਦ ਸਾਰੀ ਰਾਤ ਉਹ ਸੌਂ ਨਹੀਂ ਸਕੇ।




ਜੇ.ਪੀ. ਨੇ ਆਰ.ਐਸ.ਐਸ. ਦੇ ਪੁਨਰਵਾਸ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਉਨ੍ਹਾਂ ਨੇ ਕੁਝ ਸਾਲ ਪਹਿਲਾਂ ਅਕਾਲ ਰਾਹਤ ਕੰਮਾਂ ਵਿਚ ਉਨ੍ਹਾਂ ਦਾ ਸਮਰਥਨ ਅਤੇ ਪ੍ਰਤੀਬੱਧਤਾ ਦੇਖੀ ਸੀ। ਦੇਸ਼ ਦੇ ਲੋਕਾਂ ਵਿਚ ਆਰ.ਐਸ.ਐਸ. ਫਿਰ ਵੀ ਉਹ ਵਿਚਾਰਕ ਸ਼ਕਤੀ ਸੀ ਜਿਸ ਨੇ ਮਹਾਤਮਾ ਗਾਂਧੀ ਨੂੰ ਮਾਰਿਆ ਸੀ ਪਰ ਜੇ.ਪੀ. ਦਾ ਇਹ ਪੱਕਾ ਵਿਸ਼ਵਾਸ ਸੀ ਕਿ ਉਹ ਅਤੇ ਬਿਹਾਰ ਅੰਦੋਲਨ ਆਰ.ਐਸ.ਐਸ. ਨੂੰ ਘੱਟ ਗਿਣਤੀਆਂ ਪ੍ਰਤੀ ਧਾਰਮਕ ਘ੍ਰਿਣਾ ਤੋਂ ਦੂਰ ਲਿਜਾ ਕੇ ਸਮਾਜਕ ਪਰਿਵਰਤਨ ਲਈ ਨੌਜਵਾਨਾਂ ਦਾ ਇਕ ਜੋਸ਼ ਭਰਪੂਰ ਅੰਦੋਲਨ ਵਿਕਸਤ ਕਰ ਲੈਣਗੇ। ਮੈਨੂੰ ਇਸ 'ਤੇ ਸ਼ੱਕ ਸੀ ਅਤੇ ਆਰ.ਐਸ.ਐਸ. ਦੇ ਦਾਖ਼ਲੇ ਨੂੰ ਲੈ ਕੇ ਆਗਾਹ ਕਰਨ ਵਾਲੇ ਕੁਝ ਲੇਖ ਮੈਂ 'ਏਵਰੀਮਨ' ਵਿਚ ਲਿਖੇ ਸਨ, ਜਿਹੜਾ ਕਿ ਅੰਦੋਲਨ ਵਲੋਂ ਚਲਾਇਆ ਜਾ ਰਿਹਾ ਅਖ਼ਬਾਰ ਸੀ। ਇਤਿਹਾਸ ਨੇ ਦਿਖਾ ਦਿੱਤਾ ਸੀ ਕਿ ਜਿਥੇ ਆਰ.ਐਸ.ਐਸ. ਨੂੰ ਬਦਲਣ ਵਿਚ ਜੇ.ਪੀ. ਕੋਈ ਚੰਗਾ ਕੰਮ ਨਹੀਂ ਕਰ ਸਕੇ, ਉਥੇ ਹੀ ਆਰ.ਐਸ.ਐਸ. ਨੇ ਜੇ.ਪੀ. ਨੂੰ ਵਰਤ ਕੇ ਆਪਣਾ ਪੁਨਰਵਾਸ ਕਰਵਾ ਲਿਆ ਅਤੇ ਗੰਭੀਰਤਾ ਨਾਲ ਲਈ ਜਾਣ ਵਾਲੀ ਰਾਸ਼ਟਰੀ ਸ਼ਕਤੀ ਬਣ ਗਿਆ। ਫਿਰ ਭਾਜਪਾ ਦਾ ਗਠਨ ਹੋਣ, ਬਾਬਰੀ ਮਸਜਿਦ ਦੇ ਢਾਹ ਦਿੱਤੇ ਜਾਣ ਤੋਂ ਬਾਅਦ ਧਰੁਵੀਕਰਨ ਦੀ ਪ੍ਰਕਿਰਿਆ 'ਚੋਂ ਭਾਰਤ ਕਦੇ ਨਿਕਲ ਨਹੀਂ ਸਕਿਆ।

ਸਵਾਲ : ਇਹ ਨਿਰਾਸ਼ ਕਰਨ ਵਾਲੀ ਸਥਿਤੀ ਹੈ ਕਿ ਮਹਾਰਾਸ਼ਟਰ ਦਾ ਦਲਿਤ ਅੰਦੋਲਨ ਟੁਕੜ-ਟੁਕੜੇ ਹੋ ਗਿਆ ਅਤੇ ਦਲਿਤ ਅਸਿਮਤਾ ਨੂੰ ਛੱਡ ਦਿੱਤਾ ਜਾਵੇ ਤਾਂ ਉਨ੍ਹਾਂ ਕੋਲ ਕੋਈ ਦੂਰਦ੍ਰਿਸ਼ਟੀ (ਵਿਜ਼ਨ) ਨਹੀਂ ਹੈ। ਇਕ ਸਮੇਂ ਦੇ ਵਿਦਰੋਹੀ ਕਵੀ ਨਾਮਦੇਵ ਢਸਾਲ ਅਤੇ ਰਿਪਬਲੀਕਨ ਪਾਰਟੀ ਆਫ਼ ਇੰਡੀਆ ਦੇ ਰਾਮਦਾਸ ਆਠਵਲੇ ਨੂੰ ਹਿੰਦੂਵਾਦੀ ਸ਼ਕਤੀਆਂ ਨੇ ਆਪਣੇ ਪੱਖ 'ਚ ਕਰ ਲਿਆ। ਆਪਣੇ ਮਿੱਤਰ ਅਤੇ ਕਵੀ ਵਿਲਾਸ ਘੋਗਕੇ ਦੀ ਆਤਮ ਹੱਤਿਆ ਅਤੇ ਭਾਈ ਸਾਂਗਰੇ ਨਾਮ ਦੇ ਤੇਜ਼ ਤਰਾਰ ਨੇਤਾ ਦੀ ਹੱਤਿਆ ਤੋਂ ਬਾਅਦ ਤੁਹਾਡੀ ਫ਼ਿਲਮ ਵਿਚ ਕਈ ਸੱਚੇ ਪ੍ਰਸੰਗ ਹਨ, ਜਿਹੜੇ ਬਹੁਤ ਅਵਸਾਦਕਾਰੀ ਹਨ। ਤੁਸੀਂ ਆਪਣੀ ਫ਼ਿਲਮ ਦਾ ਪ੍ਰੀਮੀਅਰ ਸਿੱਧੇ ਜਨਤਾ ਤਕ ਲੈ ਗਏ। ਅਜਿਹਾ ਕਰ ਕੇ ਤੁਸੀਂ ਆਪਣੀ ਫ਼ਿਲਮ ਅਤੇ ਦਲਿਤ ਏਕਤਾ ਦੋਵਾਂ ਵਿਚ ਹੀ ਇਸ ਅਵਸਾਦਕਾਰੀ ਸਥਿਤੀ ਵੱਲ ਧਿਆਨ ਦੁਆਇਆ ਹੈ ਅਤੇ ਇਸ ਨਾਲ ਸਿੱਧਾ ਮੁਕਾਬਲਾ ਕੀਤਾ ਹੈ। ਹੁਣ ਇਸ ਤੋਂ ਬਾਅਦ?

ਜਵਾਬ : ਕੁਲ ਮਿਲਾ ਕੇ ਦਲਿਤ ਭਾਈਚਾਰੇ ਦਾ ਹੁੰਗਾਰਾ ਹੈਰਾਨੀਜਨਕ ਸੀ। ਦਰਸ਼ਕਾਂ ਦੀ ਗਿਣਤੀ ਜ਼ਿਆਦਾ ਸੀ ਜਿਵੇਂ ਬੀ.ਆਈ.ਟੀ. ਚਾਲ ਵਿਚ 800 ਅਤੇ ਰਮਾਬਾਈ ਕਾਲੋਨੀ ਵਿਚ 1500, ਐਨਾ ਹੀ ਨਹੀਂ ਲੋਕ ਸਾਢੇ ਤਿੰਨ ਘੰਟਿਆਂ ਤਕ ਖੜੇ ਰਹੇ ਕਿਉਂਕਿ ਕੁਰਸੀਆਂ ਨਹੀਂ ਸਨ। ਸੂਬੇ ਦੇ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਸਕਰੀਨਿੰਗ ਦੀ ਮੰਗ ਕਰਦੇ ਹੋਏ ਰੋਜ਼ ਫ਼ੋਨ ਆਉਂਦੇ ਹਨ।

ਜ਼ਾਹਿਰ ਹੈ ਕਿ ਇਹ ਫ਼ਿਲਮ ਇਕ ਮਹਿਸੂਸ ਕੀਤੀ ਜਾ ਰਹੀ ਜ਼ਰੂਰਤ ਨੂੰ ਪੂਰਾ ਕਰ ਰਹੀ ਹੇ। ਲੋਕਾਂ ਨੇ ਆਪਣੇ ਨੇਤਾਵਾਂ ਨੂੰ ਵਿਕਦੇ ਹੋਏ ਦੇਖਿਆ ਹੈ ਅਤੇ ਫਿਰ ਵੀ ਉਨ੍ਹਾਂ ਕੋਲ ਅਜਿਹਾ ਹੀ ਕੋਈ ਸਮਝੌਤਾ ਕਰ ਚੁੱਕੀ ਸਿਆਸੀ ਸੰਸਥਾ ਨਾਲ ਜੁੜਨ ਤੋਂ ਇਲਾਵਾ ਕੋਈ ਬਦਲ ਨਹੀਂ ਹੈ। ਪਿਛਲੇ 40 ਸਾਲਾਂ ਵਿਚ ਮਿਹਨਤਕਸ਼ ਵਰਗ ਦੇ ਦਰਸ਼ਕਾਂ ਨੂੰ ਮੈਂ ਕਈ ਫ਼ਿਲਮਾਂ ਦਿਖਾਈਆਂ ਹਨ। ਪਰ ਇਹ ਫ਼ਿਲਮ ਭੀੜ ਖਿਚਦੀ ਹੈ ਅਤੇ ਉਨ੍ਹਾਂ ਦੀ ਤਵੱਜੋਂ ਹਾਸਲ ਕਰਦੀ ਹੈ। ਸ਼ਾਇਦ ਇਹ ਭਾਸ਼ਾ ਮਤਲਬ ਉਸ ਇਲਾਕੇ ਵਿਚ ਜਿਸ ਤਰ੍ਹਾਂ ਦੀ ਮਰਾਠੀ ਬੋਲੀ ਜਾਂਦੀ ਹੈ, ਉਸ ਕਾਰਨ ਹੈ, ਸ਼ਾਇਦ ਇਹ ਸੰਗੀਤ ਦੇ ਕਾਰਨ ਹੈ ਪਰ ਬਹੁਤ ਸੰਭਵ ਹੈ ਕਿ ਇਸ ਲਈ ਹੈ ਕਿਉਂਕਿ ਲੋਕ ਆਪਣੇ ਆਪ ਨੂੰ ਨੇਤਾਵਾਂ ਵਲੋਂ ਠੱਗਿਆ ਹੋਇਆ ਮਹਿਸੂਸ ਕਰਦੇ ਹਨ ਅਤੇ ਬਿਨਾ ਕਿਸੇ ਸਮਝੌਤੇ ਦੇ ਰੈਡੀਕਲ ਦਬਾਅ ਦੀ ਗੱਲ ਫ਼ਿਲਮ ਵਿਚ ਕਰਨ ਵਾਲੇ ਡਾਇਨਮਿਕ ਨੌਜਵਾਨ ਦੀ ਸਾਫ਼ ਆਵਾਜ਼ ਨਾਲ ਜੁੜਿਆ ਹੋਇਆ ਮਹਿਸੂਸ ਕਰਦੇ ਹਨ।

ਸਵਾਲ : ਹੁਣ ਜ਼ਰਾ ਸਾਹਿਤ ਬਾਰੇ ਗੱਲ ਕਰਦੇ ਹਾਂ। ਬੰਗਾਲੀ ਸਾਹਿਤ ਦੇ ਉਲਟ ਮਹਾਰਾਸ਼ਟਰ ਵਿਚ ਦਲਿਤ ਲੇਖਨ ਦੀਆਂ ਜੜ੍ਹਾਂ ਕਾਫ਼ੀ ਮਜ਼ਬੂਤ ਰਹੀਆਂ ਹਨ। 'ਦਲਿਤ' ਸ਼ਬਦ ਹੀ ਬੰਗਾਲੀ ਸ਼ਬਦਕੋਸ਼ ਲਈ ਅਣਜਾਣ ਹੈ। ਹਾਲਾਂਕਿ ਪਲਾਸ਼ ਚੰਦਰ ਬਿਸਵਾਸ ਵਰਗੇ ਮੇਰੇ ਮਿੱਤਰ ਬੰਗਾਲੀ ਸਾਹਿਤ ਵਿਚ ਜਾਤੀਗਤ ਗਲਬੇ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਆਮ ਸਮਝਿਆ ਜਾਂਦਾ ਹੈ ਕਿ ਉਤਰ-ਟੈਗੋਰ ਕਾਲਖੰਡ ਵਿਚ ਹਾਸ਼ੀਏ ਦੇ ਲੋਕਾਂ ਨੂੰ ਮੁੱਖਧਾਰਾ ਦੀ ਚਰਚਾ ਵਿਚ ਲਿਆਉਣ ਦਾ ਕੰਮ ਮਹਾਸ਼ਵੇਤਾ ਦੇਵੀ ਵਰਗੇ ਲੇਖਕਾਂ ਨੇ ਕੀਤਾ ਹੈ। ਲੇਖਕ ਬੁਧੀਜੀਵੀ ਹੁੰਦੇ ਹਨ। ਮਰਾਠੀ ਵਿਚ ਕੀ ਸਥਿਤੀ ਹੈ? ਤੁਹਾਡੀ ਫ਼ਿਲਮ ਜੈ ਭੀਮ ਕਾਮਰੇਡ ਵਿਚ ਨਾਟਕਕਾਰ ਵਿਜੇ ਤੇਂਦੂਲਕਰ ਆਮ ਆਦਮੀ ਦੀ ਭਾਸ਼ਾ ਅਤੇ ਲਹਿਜੇ ਵਿਚ ਸ਼ਿਵਸੈਨਾ 'ਤੇ ਵਾਰ ਕਰਦੇ ਹਨ। ਕੀ ਲੇਖਕ ਜਨਤਕ ਜੀਵਨ ਵਿਚ ਆਪਣੀ ਹਾਜ਼ਰੀ ਦਾ ਅਹਿਸਾਸ ਕਰਵਾਉਂਦੇ ਹਨ? ਕੀ ਮਰਾਠੀ ਦਲਿਤ ਲਿਖਤਾਂ ਸਾਹਿਤਕ ਹਲਕਿਆਂ ਤੋਂ ਬਾਹਰ ਅਸਰ ਰਖਦੀਆਂ ਹਨ?

ਜਵਾਬ : ਇਥੇ ਮੈਂ ਇਕ ਚੀਜ਼ ਮੰਨਣੀ ਚਾਹੁੰਦਾ ਹਾਂ। ਮੈਂ ਬੜੀ ਮੁਸ਼ਕਲ ਨਾਲ ਅਤੇ ਕਦੇ-ਕਦਾਰ ਹੀ ਮਰਾਠੀ ਸਾਹਿਤ ਪੜ੍ਹਦਾ ਹਾਂ। ਘਰ ਵਿਚ ਮੇਰੇ ਮਾਤਾ-ਪਿਤਾ ਕਦੇ ਮਰਾਠੀ ਵਿਚ ਗੱਲ ਨਹੀਂ ਕਰਦੇ ਸਨ ਕਿਉਂਕਿ ਮੇਰੀ ਮਾਂ ਸਿੰਧ ਦੇ ਹੈਦਰਾਬਾਦ ਤੋਂ ਸੀ। ਇਸ ਲਈ ਤਕਰੀਬਨ ਮੇਰੀ ਮਾਂ ਬੋਲੀ ਅੰਗਰੇਜ਼ੀ ਹੀ ਸੀ (ਸਿਵਾਏ ਇਸ ਦੇ ਕਿ ਜਦੋਂ ਮੈਂ ਆਪਣੇ ਪਿਤਾ ਦੇ ਰਿਸ਼ਤੇਦਾਰਾਂ ਨਾਲ ਗੱਲ ਰਿਹਾ ਹੁੰਦਾ ਸੀ), ਜਿਸ ਦੇ ਨਾਲ ਮੈਂ ਵੱਡਾ ਹੋਇਆ ਅਤੇ ਜਿਹੜੇ ਸਕੂਲਾਂ ਵਿਚ ਮੈਂ ਪੜ੍ਹਿਆ ਉਥੇ ਵੀ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਹੀ ਸੀ। ਅਸਲ ਵਿਚ ਮੈਂ ਚੰਗੀ ਤਰ੍ਹਾਂ ਹਿੰਦੀ ਸਿੱਖਣਾ ਅਤੇ ਬੋਲਣਾ ਉਦੋਂ ਸ਼ੁਰੂ ਕੀਤਾ ਜਦੋਂ ਮੈਂ ਮੱਧ ਪ੍ਰਦੇਸ਼ ਦੇ ਪੇਂਡੂ ਪ੍ਰਾਜੈਕਟ ਕਿਸ਼ੋਰ ਭਾਰਤੀ ਨਾਲ ਜੁੜਿਆ ਅਤੇ ਫਿਰ ਉਸ ਤੋਂ ਬਾਅਦ ਬਿਹਾਰ ਅੰਦੋਲਨ ਦੌਰਾਨ ਵੀ। ਮਰਾਠੀ ਬਾਰੇ ਮੇਰਾ ਗਿਆਨ ਅਜੇ ਵੀ ਮੁਢਲੇ ਪੱਧਰ ਦਾ ਹੈ ਪਰ ਇਸ ਫ਼ਿਲਮ ਨੂੰ ਬਣਾਉਣ ਵਿਚ ਲੱਗੇ 14 ਸਾਲਾਂ ਵਿਚ ਉਸ 'ਚ ਸੁਧਾਰ ਆਇਆ ਹੈ। ਹਾਲਾਂਕਿ ਹੁਣ ਵੀ ਮਰਾਠੀ ਵਿਚ ਭਾਸ਼ਣ ਦਿੰਦੇ ਸਮੇਂ ਮੈਨੂੰ ਸ਼ਬਦਾਂ ਲਈ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਹੈ।

ਇਹ ਮੰਨਣਾ ਠੀਕ ਨਹੀਂ ਹੈ ਕਿ ਇਸ ਫ਼ਿਲਮ ਵਿਚ ਮੈਂ ਸਾਹਿਤਕ ਯੋਜਨਾ ਨਾਲ ਪਹੁੰਚ ਕੀਤੀ ਹੈ। ਇਸ ਦਾ ਸ਼ੁਰੂਆਤੀ ਕਾਰਨ ਸੀ ਖਾਸ ਕਰ ਕੇ ਵਿਲਾਸ

ਦੀ ਕਵਿਤਾ ਅਤੇ ਸੰਗੀਤ ਨੂੰ ਲੈ ਕੇ ਪ੍ਰੇਮ ਅਤੇ ਫਿਰ ਉਸ ਵਰਗੇ ਦੂਜਿਆਂ ਦੀਆਂ ਕਵਿਤਾਵਾਂ, ਸੰਗੀਤ ਅਤੇ ਡਾਇਨਮਿਕ ਕਬੀਰ ਕਲਾ ਮੰਚ। ਜਿਥੋਂ ਤਕ ਮਰਾਠੀ ਲੇਖਕਾਂ ਦੀ ਜਨਤਕ ਭੂਮਿਕਾ ਦੀ ਗੱਲ ਹੈ ਤਾਂ ਹਾਲ ਹੀ ਦੌਰਾਨ ਬਹੁਤ ਸਾਰੇ ਲੋਕ ਬਹਾਦਰੀ ਦੇ ਇਮਤਿਹਾਨ ਵਿਚ ਪਾਸ ਨਹੀਂ ਹੋਏ ਜਦਕਿ ਅਤੀਤ ਵਿਚ ਇਕ ਸ਼ਾਨਦਾਰ ਦੌਰ ਅਜਿਹਾ ਵੀ ਸੀ ਜਦੋਂ ਮਰਾਠੀ ਲੇਖਕ, ਵਿਸ਼ੇਸ਼ ਕਰ ਕੇ ਦਲਿਤ ਲੇਖਕ, ਜਨਤਾ ਦੇ ਪੱਖ ਵਿਚ ਅਤੇ ਅਨਿਆਂ ਵਿਰੁੱਧ ਬੋਲਿਆ ਕਰਦੇ ਸਨ। ਉਸ ਤੋਂ ਬਾਅਦ ਦੇ ਸਾਲਾਂ ਵਿਚ ਬਹੁਤ ਸਾਰੇ ਤਥਾਕਥਿਤ ਪ੍ਰਗਤੀਸ਼ੀਲ ਲੇਖਕ ਜਿਹੜੇ ਆਪਣੀਆਂ ਰਚਨਾਵਾਂ ਵਿਚ ਗਰਮਦਲੀਏ ਰਹਿੰਦੇ ਸਨ, ਸੱਤਾ ਵਿਚ ਆਉਣ ਵਾਲੇ ਪਾਰਟੀ ਦੇ ਅੱਗੇ ਸਿਰ ਝੁਕਾਉਂਦੇ ਮਿਲੇ। ਵਿਜੇ ਤੇਂਦੂਲਕਰ ਅਤੇ ਪੀ.ਐਲ. ਦੇਸ਼ਪਾਂਡੇ ਉਨ੍ਹਾਂ ਵਿਚੋਂ ਨੇ ਜਿਨ੍ਹਾਂ ਨੇ ਬਿਨਾਂ ਝੁਕੇ, ਬਿਨਾ ਡਰੇ ਫਾਸੀਵਾਦੀ ਸ਼ਕਤੀਆਂ ਦਾ ਸਾਹਮਣਾ ਕੀਤਾ।

ਸਵਾਲ : ''ਮੈਨੂੰ ਸਾਹਿਤ ਪਸੰਦ ਸੀ ਪਰ ਜਦੋਂ ਮੈਂ ਇਸ ਨੂੰ ਅਕਾਦਮਿਕ ਤੌਰ 'ਤੇ ਪੜ੍ਹਨਾ ਸ਼ੁਰੂ ਕੀਤਾ ਤਾਂ ਮੈਂ ਇਸ ਤੋਂ ਅੱਕ ਗਿਆ।'' ਕੀ ਇਹ ਸਥਿਤੀ ਤੁਹਾਡੇ ਨਾਲ ਅਜੇ ਵੀ ਹੈ? ਜੇਕਰ ਹਾਂ, ਤਾਂ ਕਿਉਂ? ਕੀ ਤੁਹਾਨੂੰ ਲਗਦਾ ਹੈ ਕਿ ਅਕਾਦਮਿਕ ਜਨ ਅਕਾਊ ਹੁੰਦੇ ਹਨ?

ਜਵਾਬ : ਅਜਿਹਾ ਕਿਹਾ ਜਾ ਸਕਦਾ ਹੈ। ਕਦੇ-ਕਦੇ ਜ਼ਰੂਰੀ ਨਹੀਂ ਕਿ ਉਹ ਅਕਾਊ ਹੀ ਹੋਵੇ ਪਰ ਉਨ੍ਹਾਂ ਦਾ ਕੰਮ ਜ਼ਰੂਰ ਅਕਾਊ ਹੁੰਦਾ ਹੈ। ਪੈਰਾਂ 'ਚ ਟਿੱਪਣੀਆਂ ਦੇਣ ਦੇ ਨਾਲ-ਨਾਲ ਜਾਂ ਉਨ੍ਹਾਂ ਤੋਂ ਬਿਨਾਂ ਪ੍ਰਤੀ -ਨਿਰਦੇਸ਼ਤ (ਕ੍ਰਾਸ-ਰੈਫਰੰਸਿੰਗ) ਕਰਨ ਵਾਲੀ ਲਲਿਤ ਕਲਾ ਉਨ੍ਹਾਂ ਨੂੰ ਆ ਗਈ ਹੈ। ਮੇਰੇ ਲਈ ਸਾਹਿਤ ਜਾਂ ਸਾਹਿਤਕ ਆਲੋਚਨਾ ਉਦੋਂ ਬੇਮਤਲਬ ਹੋ ਜਾਂਦੀ ਹੈ ਜਦੋਂ ਉਹ ਪੂਰੀ ਤਰ੍ਹਾਂ ਕਿਸੇ ਹੋਰ ਗਿਆਨ ਸੂਤਰ 'ਤੇ ਨਿਰਭਰ ਹੋ ਜਾਂਦੀ ਹੈ, ਜਿਸ ਦਾ ਉਹ ਹਵਾਲਾ ਦਿੰਦੀ ਰਹਿੰਦੀ ਹੈ। ਟੀ.ਐਸ. ਐਲੀਅਟ ਨੂੰ ਸਮਝਣ ਲਈ ਤੁਹਾਨੂੰ ਇਜਰਾ ਪਾਊਂਡ ਨੂੰ ਪੜ੍ਹਨਾ ਪਵੇਗਾ ਅਤੇ ਪਾਊਂਡ ਨੂੰ ਸਮਝਣ ਲਈ ਤੁਹਾਨੂੰ ਚੀਨੀ ਪੁਸਤਕਾਂ ਪੜ੍ਹਨੀਆਂ ਪੈਣਗੀਆਂ ਅਤੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਪਰ ਕਿਉਂ? ਮੈਂ ਚਾਹੁੰਦਾ ਹਾਂ ਕਿ ਰਚਨਾਵਾਂ ਇਥੇ ਹੀ, ਇਸੇ ਥਾਂ ਅਤੇ ਉਸੇ ਸਮੇਂ ਮੇਰੇ ਨਾਲ ਸੰਵਾਦ ਕਰਨ। ਮੈਂ ਉਨ੍ਹਾਂ ਨੂੰ ਮਹਿਸੂਸ ਕਰਨਾ, ਸੁੰਘਣਾ ਅਤੇ ਚੱਖਣਾ ਚਾਹੁੰਦਾ ਹਾਂ। ਫਿਰ ਉਸ ਤੋਂ ਬਾਅਦ ਜੇਕਰ ਮੈਂ ਪੂਰੇ ਉਤਸ਼ਾਹ ਨਾਲ ਭਰ ਜਾਵਾਂ ਤਾਂ ਮੈਂ ਪੁਰਾਣਿਆਂ ਬਾਰੇ ਸੋਚਾਂਗਾ।

ਅਕਾਦਮਿਕ ਦੁਨੀਆ ਵਿਚ ਜੋ ਹੁੰਦਾ ਹੈ ਉਹ ਕਲਾ ਦੀ ਦੁਨੀਆ ਤੋਂ ਬਹੁਤਾ ਵੱਖਰਾ ਨਹੀਂ ਹੈ। ਭਾਰੀ-ਭਰਕਮ ਸ਼ਬਦਾਂ ਅਤੇ ਰਹੱਸਮਈ ਵਾਕਾਂ ਨੂੰ ਪ੍ਰਤਿਭਾ ਦਾ ਸੂਚਕ ਮੰਨ ਲਿਆ ਜਾਂਦਾ ਹੈ। ਮੈਂ ਮੰਨਦਾ ਹਾਂ ਕਿ ਸ਼ੁਰੂ-ਸ਼ੁਰੂ ਵਿਚ ਕਿਸੇ ਰਚਨਾ ਨੂੰ ਬੈਨੀਫਿਟ ਆਫ਼ ਡਾਊਟ ਦਿੰਦੇ ਹੋਏ ਮੈਂ ਚੱਕਰ ਵਿਚ ਪੈ ਜਾਂਦਾ ਹਾਂ। ਫਿਰ ਹੌਲੀ-ਹੌਲੀ ਮੈਂ ਆਪਣੇ ਆਪ ਨੂੰ ਖਿਝਦਾ ਹੋਇਆ ਪਾਉਂਦਾ ਹਾਂ ਕਿਉਂਕਿ ਮੈਨੂੰ ਉਸ ਤੱਥ 'ਤੇ ਭਰੋਸਾ ਹੈ ਕਿ ਮੈਂ ਨਿਰਾ ਮੂਰਖ ਨਹੀਂ ਹਾਂ ਅਤੇ ਮੈਨੂੰ ਕੋਈ ਗੱਲ ਸਮਝ ਵਿਚ ਆ ਹੀ ਨਹੀਂ ਰਹੀ ਹੈ ਤਾਂ ਸੰਭਵ ਹੈ ਕਿ ਉਸ ਵਿਚ ਕੋਈ ਮਹੱਤਵਪੂਰਨ ਗੱਲ ਰੱਖੀ ਹੀ ਨਹੀਂ ਜਾ ਰਹੀ ਅਤੇ ਇਹ ਸਾਰਿਆਂ ਨੂੰ ਹੱਕਾ-ਬੱਕਾ ਕਰਨ ਵਾਲੀ ਸੁੰਦਰਤਾ ਸਿਰਫ਼ ਦਿਖਾਵਾ ਹੈ।

ਡਾਕੂਮੈਂਟਰੀ ਫ਼ਿਲਮਕਾਰ ਦੇ ਤੌਰ 'ਤੇ ਮੈਨੂੰ ਲਗਦਾ ਹੈ ਕਿ ਇਸ ਗੱਲ ਨਾਲ ਜੂਝਣਾ ਪੈਂਦਾ ਹੈ ਕਿ ਰੋਜ਼ਾਨਾ ਦੀ ਜ਼ਿੰਦਗੀ ਦਾ ਔਖਾ ਯਥਾਰਥ ਕਿਸ ਤਰ੍ਹਾਂ ਪੇਸ਼ ਕੀਤਾ ਜਾਵੇ। ਜੇਕਰ ਮੈਂ ਸਿਨੇਮਾ ਦੀ ਉਹ ਭਾਸ਼ਾ ਜਾਂ ਕੋਡ ਵਰਤਾਂ ਜਿਹੜੇ ਚੋਣਵੇਂ ਲੋਕਾਂ ਦੀ ਸਮਝ ਵਿਚ ਆਉਂਦਾ ਹੈ ਤਾਂ ਅਜਿਹੀ ਪਹੁੰਚ ਪਸੰਦ ਕਰਨ ਵਾਲੇ ਹਲਕਿਆਂ ਵਿਚ ਥੋੜ੍ਹਾ ਸਫ਼ਲ ਸਾਬਤ ਹੋ ਸਕਾਂਗਾ ਪਰ ਅਜਿਹਾ ਕਰ ਕੇ ਮੈਂ ਉਨ੍ਹਾਂ ਲੋਕਾਂ ਨੂੰ ਹੈਰਾਨ ਅਤੇ ਆਪਣੇ ਤੋਂ ਦੂਰ ਕਰ ਦੇਵਾਂਗਾ ਜਿਨ੍ਹਾਂ ਤਕ ਮੈਂ ਪਹੁੰਚਣਾ ਚਾਹੁੰਦਾ ਹਾਂ। ਇਸ ਲਈ ਜਿਥੋਂ ਤਕ ਮੈਂ ਆਪਣੇ ਦੇਖੇ ਦਾ ਅਤਿ ਸਰਲੀਕਰਨ ਕਰਨ ਦਾ ਯਤਨ ਨਹੀਂ ਕਰਦਾ, ਉਥੇ ਹੀ ਮੈਂ ਕਿਸੇ ਮੌਕੇ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਨੂੰ ਸਿਨੇਮੇ ਦੀ ਅਜਿਹੀ ਭਾਸ਼ਾ ਵਿਚ ਸਾਹਮਣੇ ਲਿਆਉਣ ਦੀ ਪੂਰੀ-ਪੂਰੀ ਕੋਸ਼ਿਸ਼ ਕਰਦਾ ਹਾਂ ਜੋ ਸਾਫ਼ ਅਤੇ ਸਪੱਸ਼ਟ ਹੋਵੇ ਤਾਂ ਕਿ ਮੈਂ ਉਦੋਂ ਹੀ ਉਲਝਣ ਵਿਚ ਪਾਵਾਂ ਜਦੋਂ ਤੁਹਾਡੇ ਸਾਹਮਣੇ ਚੀਜ਼ ਸੱਚਮੁਚ ਉਲਝਾਊ ਹੋਵੇ।

ਸਵਾਲ : ਕੀ ਤੁਸੀਂ ਨਾਸਤਿਕ ਹੋ?

ਜਵਾਬ : ਮੈਂ ਸੰਸਾਵਾਦੀ ਹਾਂ। ਮੈਨੂੰ ਨਹੀਂ ਪਤਾ ਕਿ ਕੋਈ ਵਿਚਾਰਪੂਰਣ ਸ੍ਰਿਸ਼ਟੀਕਰਤਾ ਹੈ ਜਾਂ ਇਹ ਸਭ ਸੰਯੋਗ ਨਾਲ ਹੋਇਆ ਹੈ। ਜਦੋਂ ਅਸੀਂ ਕੁਦਰਤ ਨੂੰ ਦੇਖਦੇ ਹਾਂ ਅਤੇ ਕਿਸ ਤਰ੍ਹਾਂ ਸਾਰੇ ਜੀਵ-ਜੰਤੂ ਇਕ ਦੂਜੇ 'ਤੇ ਨਿਰਭਰ ਹਨ ਤਾਂ ਇਸ ਦੀ ਖ਼ਾਲਸ ਪ੍ਰਤਿਭਾ ਨੂੰ ਦੇਖ ਕੇ ਭਰੋਸਾ ਹੋਣ ਲੱਗਦਾ ਹੈ ਕਿ ਕਿਤੇ ਕੁਝ ਹੈ। ਦੂਜੇ ਪਾਸੇ ਲਗਦਾ ਹੈ ਕਿ ਸ੍ਰਿਸ਼ਟੀਕਰਤਾ ਕਿੰਨਾ ਵਿਚਾਰਪੂਰਨ ਹੈ ਕਿ ਉਸ ਨੇ ਬੁਰਾਈ, ਦੁੱਖ, ਕਸ਼ਟ ਅਤੇ ਮੌਤ ਵੀ ਰਚੀ ਹੈ? ਜੇਕਰ ਉਸ ਕੋਲ ਅਜਿਹੀਆਂ ਅਲੌਕਿਕ ਸ਼ਕਤੀਆਂ ਸਨ ਤਾਂ ਉਸ ਨੇ ਥੋੜ੍ਹੀ ਖ਼ੁਸ਼ਹਾਲ ਦੁਨੀਆ ਕਿਉਂ ਨਾ ਬਣਾਈ? ਜੈ ਭੀਮ ਕਾਮਰੇਡ ਦੇ ਪਹਿਲੇ ਹਿਸੇ ਦੇ ਅੰਤ ਵਿਚ ਭਾਈ ਸਾਂਗਰੇ ਜੋ ਕਹਿੰਦੇ ਹਨ ਉਹ ਮੈਨੂੰ ਚੰਗਾ ਲਗਦਾ ਹੈ। ''ਜੇਕਰ ਪ੍ਰਮਾਤਮਾ ਦੀ ਹੋਂਦ ਹੈ ਤਾਂ ਉਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਜੇਕਰ ਉਸ ਦੀ ਹੋਂਦ ਨਹੀਂ ਵੀ ਹੈ ਤਾਂ ਵੀ ਉਸ ਨਾਲ ਕੋਈ ਫ਼ਰਕ ਨਹੀਂ ਪਵੇਗਾ। ਇਸੇ ਲਈ ਬੁੱਧ ਨੇ ਈਸ਼ਵਰ ਦੇ ਜਾਂ ਆਤਮਾ ਦੇ ਜਾਂ ਪ੍ਰਮਾਤਮਾ ਦੇ ਬਾਰੇ ਵਿਚ ਕੁਝ ਵੀ ਨਹੀਂ ਕਿਹਾ। ਉਹ ਮਨੁੱਖ ਦੀ ਹੋਂਦ ਦੇ ਬਾਰੇ ਵਿਚ ਬੋਲੇ। ਮੌਤ ਤੋਂ ਬਾਅਦ ਕੀ ਹੁੰਦਾ ਹੈ, ਇਸ ਸਬੰਧੀ ਵੀ ਉਨ੍ਹਾਂ ਕੁਝ ਨਹੀਂ ਕਿਹਾ। ਜਨਮ ਅਤੇ ਮੌਤ ਦੇ ਵਿਚਕਾਰ ਦੀ ਯਾਤਰਾ ਦੌਰਾਨ ਅਸੀਂ ਕਿਸ ਤਰ੍ਹਾਂ ਵਿਹਾਰ ਕਰੀਏ, ਸਿਰਫ਼ ਇਸੇ ਸਬੰਧੀ ਬੁੱਧ ਕਹਿੰਦੇ ਹਨ।''






ਮੁੰਬਈ ਵਿਖੇ ਨਸੀਰੂਦੀਨਸ਼ਾਹ ਅਤੇ ਅਨੰਦ ਪਟਵਰਧਨ ਡਾਕੂਮੈਂਟਰੀ ਦੀ ਡੀ.ਵੀ.ਡੀ. ਰਿਲੀਜ਼ ਕਰਨ ਸਮੇਂ।

ਮੈਨੂੰ ਨਹੀਂ ਲਗਦਾ ਕਿ ਨਰਕ ਦੀ ਕਲਪਨਾ ਈਸ਼ਵਰ ਨੇ ਰਚੀ ਹੋਈ ਹੈ ਅਤੇ ਇਸੇ ਲਈ ਸਵਰਗ ਅਤੇ ਨਰਕ ਦਾ ਦਵੈਤ ਮੇਰੇ ਲਈ ਅਰਥਹੀਣ ਹੋ ਜਾਂਦਾ ਹੈ।

ਮੇਰੇ ਵਿਚਾਰ ਵਿਚ ਧਾਰਮਕ ਹੋਏ ਬਿਨਾਂ ਵੀ ਅਧਿਆਤਮਕ ਅਤੇ ਜ਼ਹਿਨੀ ਤੌਰ 'ਤੇ ਨੀਂਹ ਬਣਾਈ ਰੱਖਣਾ ਸੰਭਵ ਹੈ। ਮੇਰੇ ਪਿਤਾ ਜੀ ਅਜਿਹੇ ਹੀ ਸਨ। ਉਹ ਕਿਸੇ ਤਰਕਹੀਣ ਧਾਰਮਕ ਵਿਸ਼ਵਾਸ ਨੂੰ ਨਹੀਂ ਮੰਨਦੇ ਸਨ ਅਤੇ ਇਸ ਦੇ ਬਾਵਜੂਦ 94 ਸਾਲ ਦੀ ਉਮਰ ਵਿਚ ਜਦ ਮੌਤ ਉਨ੍ਹਾਂ ਦੇ ਨੇੜੇ ਸੀ, ਮੈਂ ਉਨ੍ਹਾਂ ਤੋਂ ਜ਼ਿਆਦਾ ਨਿਸਚਿੰਤ ਕੋਈ ਹੋਰ ਨਹੀਂ ਦੇਖਿਆ। ਉਨ੍ਹਾਂ ਨੂੰ ਜ਼ਿੰਦਗੀ ਨਾਲ ਪਿਆਰ ਸੀ ਪਰ ਬਿਨਾ ਕਿਸੇ ਖ਼ੌਫ਼ ਤੋਂ ਉਹ ਮੌਤ ਨੂੰ ਗਲ ਨਾਲ ਲਾਉਣ ਲਈ ਤਿਆਰ ਸਨ। ਮੈਂ ਅਜਿਹਾ ਨਹੀਂ ਹਾਂ।

ਦੂਜੇ ਪਾਸੇ, ਭਾਵੇਂ ਮੈਂ ਧਾਰਮਕ ਕੱਟੜਤਾ ਵਿਰੁੱਧ ਕਈ ਫ਼ਿਲਮਾਂ ਬਣਾਈਆਂ ਹਨ ਮੈਂ ਉਨ੍ਹਾਂ ਲੋਕਾਂ ਦਾ ਵਿਰੋਧੀ ਨਹੀਂ ਹਾਂ ਜਿਹੜੇ ਸੱਚਮੁਚ ਧਾਰਮਕ ਹੁੰਦੇ ਹਨ ਅਤੇ ਖਾਸਕਰ ਕੇ ਜੇਕਰ ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਨਿਆਂ ਅਤੇ ਦੂਜੇ ਪ੍ਰਤੀ ਦਿਆਲੂ ਹੋਣਾ ਸਿਖਾਉਂਦਾ ਹੈ, ਜਿਵੇਂ ਕਿ ਧਰਮ ਦੇ ਬਾਰੇ ਵਿਚ ਗਾਂਧੀ ਦੇ ਵਿਚਾਰਾਂ ਨਾਲ ਹੋਇਆ ਜਾਂ ਲਿੰਕਨ ਦੇ ਵਿਚਾਰਾਂ ਨਾਲ ਹੋਇਆ।

ਸਵਾਲ : ਸਿਵਾਏ 'ਵਾਰ ਐਂਡ ਪੀਸ' ਦੇ ਤੁਸੀਂ ਆਪਣੀਆਂ ਸਾਰੀਆਂ ਫ਼ਿਲਮਾਂ ਵਿਚ ਮੁਢਲਾ ਪੁਰਸ਼ ਇਕਵਚਨ ਅਰਥਾਤ ''ਮੈਂ'' ਨੂੰ ਲੈ ਕੇ ਕਾਫ਼ੀ ਕੰਜੂਸ ਰਹੇ। 'ਵਾਰ ਐਂਡ ਪੀਸ' ਵਿਚ ਤੁਸੀਂ ਰਾਸ਼ਟਰੀ ਰਾਜਨੀਤੀ ਵਿਚ ਆਪਣੇ ਪਰਿਵਾਰ ਦੀਆਂ ਜੜ੍ਹਾਂ ਅਤੇ ਉਪਰੰਤ ਹੋਏ ਮੋਹ ਭੰਗ ਦਾ ਜ਼ਿਕਰ ਕਰਦੇ ਹੋ। ਉਦੋਂ ਪਹਿਲੀ ਵਾਰ ਦਰਸ਼ਕਾਂ ਨੂੰ ਪਟਵਰਧਨ ਪਰਿਵਾਰ ਦੇ ਨਾਲ ਪਟਵਰਧਨ -ਸੰਸਾਰ ਦੇਖਣ ਨੂੰ ਮਿਲਿਆ। ਪਰ ਤੁਹਾਡੀ ਰਚਨਾ ਵਿਚ (ਮਸਲਨ : 'ਕਮਿਟੇਡ ਟੂ ਦ ਯੂਨੀਵਰਸਲ', 'ਇੰਡੀਆ ਐਂਡ ਪਾਕਿਸਤਾਨ : ਫ਼ਿਲਮ ਫ਼ੈਸਟੀਵਲ ਇੰਨ ਕੰਟ੍ਰਾਸਟ', 'ਦ ਬੈਟਲ ਆਫ਼ ਚੀਲੇ', 'ਟੇਰਰ: ਦ ਆਫ਼ਟਰਮੈਥ', 'ਦ ਗੁੱਡ ਡਾਕਟਰ ਇੰਨ ਛੱਤੀਸਗੜ੍ਹ', 'ਮੈਸੇਂਜਰਸ ਆਫ਼ ਬੈਡ ਨਿਊਜ਼', 'ਹਾਊ ਵੀ ਲਾਰਨਡ ਟੂ ਲਵ ਦਾ ਬਾਂਬ' ਅਤੇ 'ਰਿਪਬਲਿਕ ਡੇ ਸ਼ਰਾਡ') ਨਰੇਟਰ ਅਤੇ ਪਾਠਕ ਵਿਚਕਾਰ ਸਬੰਧ 'ਆਪ' ਦੇ (ਜਾਂ 'ਮੇਰੇ') ਉਥੇ ਹੋਣ ਨਾਲ ਬੜੇ ਅਰਾਮ ਨਾਲ ਸਥਾਪਤ ਹੋ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਸਾਰੀਆਂ ਫ਼ਿਲਮਾਂ ਦੇ 'ਨਿਰੇਸ਼ਨ' ਵਿਚ ਤੁਹਾਡਾ ਹੋਣਾ ਜ਼ਰੂਰੀ ਨਹੀਂ, ਕਿਉਂਕਿ ਤੁਸੀਂ ਕੈਮਰਾ ਸੰਭਾਲਦੇ ਹੋ ਅਤੇ ਸੰਪਾਦਨ ਕਰਦੇ ਹੋ। ਫਿਰ ਵੀ ਇਹ ਸੰਸਾ ਬਣਿਆ ਰਹਿੰਦਾ ਹੈ। ਸਿਨੇਮਾ ਅਤੇ ਰਚਨਾ ਇਨ੍ਹਾਂ ਮਾਧਿਅਮਾਂ ਦੇ ਵਿਚਲੇ ਅੰਤਰ ਨਾਲ ਕੀ ਕੋਈ ਲੈਣਾ-ਦੇਣਾ ਹੈ? ਸਿਨੇਮਾ ਵਿਚ ਤੁਹਾਡੇ ਵੱਖ-ਵੱਖ ਔਜਾਰ ਹੁੰਦੇ ਹਨ ਅਤੇ ਰਚਨਾ ਵਿਚ ਬਸ ਸ਼ਬਦ ਹੀ ਇਕੋ ਇਕ ਔਜਾਰ ਹੈ ਅਤੇ 'ਤੁਸੀਂ' ਖ਼ੁਦ ਨੂੰ ਠੋਸ ਰੂਪ ਵਿਚ ਰੱਖ ਸਕਦੇ ਹੋ। ਕੀ ਮੈਂ ਠੀਕ ਕਹਿ ਰਿਹਾ ਹਾਂ?

ਜਵਾਬ : ਜਦੋਂ-ਜਦੋਂ ਸੰਭਵ ਹੋਇਆ ਮੈਂ ਕਮੈਂਟਰੀ ਅਤੇ 'ਨਿਰੇਸ਼ਨ' ਤੋਂ ਬਚਣ ਜਾਂ ਉਸ ਨੂੰ ਇਕਦਮ ਘੱਟ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਪਸੰਦ ਕਰਦਾ ਹਾਂ ਕਿ ਜੋ ਤਸਵੀਰਾਂ ਅਤੇ ਆਵਾਜ਼ਾਂ ਮੈਂ ਕੈਦ ਕੀਤੀਆਂ ਹਨ ਉਹ ਆਪਣੀ ਕਹਾਣੀ ਖ਼ੁਦ ਕਹਿਣ, ਜੇ ਸੰਪਾਦਨ ਦੇ ਰੂਪ ਵਿਚ ਮੈਂ ਥੋੜ੍ਹੀ ਮਦਦ ਕਰ ਦਿਆਂ। ਬਹੁਤ ਘੱਟ ਮੌਕਿਆਂ 'ਤੇ ਮੈਂ ਅਜਿਹਾ ਕਰ ਸਕਿਆ, ਜਿਵੇਂ ਬਾਂਬੇ ਅਵਰ ਸਿਟੀ ਵਿਚ ਜਿਥੇ ਪੂਰੇ 82 ਮਿੰਟਾਂ ਤਕ ਬਿਲਕੁਲ ਕੋਈ ਵਾਇਸ-ਓਵਰ ਨਹੀਂ ਹੈ। ਕਾਫ਼ੀ ਮੌਕਿਆਂ 'ਤੇ ਜਦੋਂ ਮੇਰੀਆਂ ਕੈਦ ਕੀਤੀਆਂ ਤਸਵੀਰਾਂ ਅਤੇ ਆਵਾਜ਼ਾਂ ਨੂੰ ਕੁਝ ਵਰਣਨ ਜਾਂ ਮਹੱਤਵਪੂਰਨ ਪਿੱਠਭੂਮੀ ਦੀ ਜ਼ਰੂਰਤ ਸੀ, ਉਦੋਂ ਮੈਂ ਇਹ ਨਰੇਸ਼ਨ ਰਾਹੀਂ ਮੁਹੱਈਆ ਕਰਵਾਇਆ। ਇਨ੍ਹਾਂ ਮੈਮਰੀ ਆਫ਼ ਫ੍ਰੈਂਡਜ਼ ਵਿਚ ਅੱਸੀ ਦੇ ਦਹਾਕੇ ਦੇ ਪੰਜਾਬ ਅਤੇ ਭਾਰਤ 'ਤੇ ਟਿੱਪਣੀ ਕਰਨ ਲਈ ਮੈਂ ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਰਤੋਂ ਕੀਤੀ ਸੀ।

ਵਾਰ ਐਂਡ ਪੀਸ ਵਿਚ ਮੁਢਲੇ ਪੁਰਸ਼ 'ਨਰੇਟਿਵ' ਦੀ ਵਰਤੋਂ ਕਰਨ ਦੀ ਖਾਸ ਵਜ੍ਹਾ ਸੀ। ਭਾਜਪਾ ਸੱਤਾ ਵਿਚ ਸੀ ਅਤੇ ਮੈਨੂੰ ਪਤਾ ਸੀ ਕਿ ਭਾਰਤ ਦੇ ਪ੍ਰਮਾਣੂ ਰਾਸ਼ਟਰਵਾਦ 'ਤੇ ਸਵਾਲ ਉਠਾਉਣ ਵਾਲੀ ਫ਼ਿਲਮ ਬਣਾਉਣ 'ਤੇ ਮੈਨੂੰ ਰਾਸ਼ਟਰ-ਵਿਰੋਧੀ ਕਰਾਰ ਦਿੱਤਾ ਜਾਵੇਗਾ। ਇਸ ਲਈ ਮੈਂ ਫ਼ਿਲਮ ਦਰਸ਼ਕਾਂ ਨੂੰ ਇਹ ਦਸਦੇ ਹੋਏ ਅਰੰਭ ਕੀਤੀ ਕਿ ਮੇਰੇ ਚਾਚਾ-ਤਾਇਆ ਆਜ਼ਾਦੀ ਲਈ ਲੜੇ ਸਨ ਅਤੇ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਉਨ੍ਹਾਂ ਨੇ ਕਈ ਸਾਲ ਬਿਤਾਏ ਸਨ, ਮਤਲਬ ਮੈਨੂੰ ਗੱਦਾਰ ਕਹਿ ਕੇ ਖਾਰਜ ਕਰਨ ਤੋਂ ਪਹਿਲਾਂ ਜ਼ਰਾ ਸੋਚੋ।

ਫਿਰ ਜੈ ਭੀਮ ਕਾਮਰੇਡ ਬਣਾਉਂਦੇ ਸਮੇਂ ਮੈਂ ਵਾਇਸ-ਓਵਰ ਨਾ ਰੱਖਣ ਦਾ ਫ਼ੈਸਲਾ ਕੀਤਾ ਅਤੇ ਪੂਰੀ ਫ਼ਿਲਮ ਦੌਰਾਨ ਸੂਚਨ ਅਤੇ ਸੰਕੇਤ ਦੇਣ ਲਈ ਇੰਟਰ-ਟਾਈਟਲਜ਼ ਦੀ ਵਰਤੋਂ ਕੀਤੀ ਜੋ ਵਿਅਕਤੀਗਤ ਹੁੰਦੇ ਹਨ। ਇਹ ਇਸ ਲਈ ਕਿ ਮੈਂ ਇਸ ਫ਼ਿਲਮ ਦਾ ਫ਼ੋਕਸ ਨਹੀਂ ਬਣਨਾ ਚਾਹੁੰਦਾ ਸੀ ਕਿਉਂਕਿ ਕਿਤੇ ਜ਼ਿਆਦਾ ਮਹੱਤਵਪੂਰਨ ਘਟਨਾਵਾਂ ਅਤੇ ਲੋਕ ਤਵੱਜੋਂ ਦੇ ਲਾਇਕ ਸਨ। ਬੇਸ਼ੱਕ, ਜਿਸ ਤਰ੍ਹਾਂ ਕਿ ਤੁਸੀਂ ਕਹਿੰਦੇ ਹੋ ਮੈਂ ਫ਼ਿਲਮ ਵਿਚ ਹੁੰਦਾ ਹੀ ਹਾਂ, ਸਵਾਲਾਂ ਦੇ ਦੁਆਰਾ, ਕੈਮਰੇ ਦੇ ਦੁਆਰਾ, ਸੰਪਾਦਨ ਰਾਹੀਂ ਅਤੇ ਉਨ੍ਹਾਂ ਦੋਸਤੀਆਂ ਰਾਹੀਆਂ ਜੋ ਮੈਂ ਬਣਾਉਂਦਾ ਹਾਂ।

ਸਵਾਲ : ਸ਼ੀਤ ਯੁੱਧ ਦੌਰਾਨ ਜੋ 'ਆਇਰਨ ਕਰਟਨ' (ਲੋਹੇ ਦਾ ਪਰਦਾ) ਹੋਇਆ ਕਰਦਾ ਸੀ, ਉਸ ਤੋਂ ਬਾਅਦ ਹੁਣ ਵਿਸ਼ਵ ਮੀਡੀਆ ਵਿਚ 'ਵੈਲਵੇਟ ਕਰਟਨ' (ਮਖਮਲੀ ਪਰਦਾ) ਹੈ ਜੋ ਬਹੁਤ ਪੇਚੀਦਾ ਹੈ। ਸੂਬੇ ਦੀ ਸੈਂਸਰਸ਼ਿਪ ਵਿਰੁੱਧ ਤੁਸੀਂ ਕਈ ਲੜਾਈਆਂ ਲੜੀਆਂ ਅਤੇ ਜਿੱਤੀਆਂ। ਤੁਸੀਂ ਵੈਲਵੇਟ ਕਰਟਨ ਦੇ ਬਾਰੇ ਵਿਚ ਲਿਖਿਆ, ''ਅੱਜ ਦੇ ਲੋਕਤੰਤਰਾਂ ਵਲੋਂ ਜਿਸ ਤਰ੍ਹਾਂ ਦਾ ਸੈਂਸਰਸ਼ਿਪ ਵਿਹਾਰ ਵਿਚ ਲਿਆਂਦਾ ਗਿਆ ਹੈ, ਉਹ ਕਈ ਤਰ੍ਹਾਂ ਨਾਲ ਬਹੁਤ ਜ਼ਿਆਦਾ ਘਾਤਕ ਹੈ। ਕਿਉਂਕਿ ਜਨਤਾ ਉਸ ਤੋਂ ਪੂਰੀ ਤਰ੍ਹਾਂ ਨਾਲ ਅਣਜਾਣ ਹੋ ਕੇ ਮਸਤ ਹੈ। ਇਕ ਸੌ ਚੈਨਲਾਂ ਦੀ 'ਚੁਆਇਸ' ਹੈ

ਜੋ ਉਨ੍ਹਾਂ ਦੀ ਖ਼ਿਦਮਤ ਵਿਚ ਲੱਗੀ ਹੈ ਅਤੇ ਜੋ ਉਨ੍ਹਾਂ ਨੂੰ ਇਕੋ ਜਿਹਾ ਭੋਜਨ ਪਰੋਸਦੇ ਹਨ, ਉਹੀ ਸਾਬਣ ਅਤੇ ਕੋਲਾ ਵੇਚਦੇ ਹਨ ਅਤੇ ਲਗਭਗ ਉਹੀ 'ਇੰਫੋਟੈਂਮੇਂਟ' ਅਤੇ ਹਫ਼ਤੇ ਦੇ ਚੌਵੀ ਘੰਟੇ 'ਪੇਜ ਥ੍ਰੀ ਨਿਊਜ਼' ਮੁਹੱਈਆ ਕਰਵਾਉਂਦੇ ਹਨ। ਉਹ ਇਸ ਭੋਜਨ ਦੇ ਐਨੇ ਆਦੀ ਹੋ ਗਏ ਹਨ ਕਿ ਸਾਡੇ ਸਮੇਂ ਦੀਆਂ ਜ਼ਰੂਰੀ ਦਾਸਤਾਨਾਂ ਦੀ ਪੂਰਨ ਘਾਟ ਨਾਲ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ। ਇਸ ਵੈਲਵੇਟ ਕਰਟਨ ਨੂੰ ਕਿਸ ਤਰ੍ਹਾਂ ਪਾੜ ਕੇ ਹਟਾਇਆ ਜਾਵੇ? ਅਥੱਕ ਉਤਸ਼ਾਹ ਨਾਲ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਗੁਮਸ਼ੁਦਾ ਕਹਾਣੀਆਂ ਰਿਕਾਰਡ ਕਰਨ ਦੇ ਬਾਅਦ ਵੀ ਕੀ ਤੁਸੀਂ ਆਪਣੇ ਆਪ ਨੂੰ ਉਲਝਣ ਵਿਚ ਨਹੀਂ ਮਹਿਸੂਸ ਕਰਦੇ ਜਾਂ ਕੁਝ-ਕੁਝ ਅਜਿਹਾ ਨਹੀਂ ਲਗਦਾ ਕਿ ਗਿਆਨੀਆਂ ਨੂੰ ਅਰਦਾਸ ਸੁਣਾ ਰਹੇ ਹੋ?

ਜਵਾਬ : ਬਿਲਕੁਲ ਨਹੀਂ। ਹਰ ਰੋਜ਼ ਅਤੇ ਜਨਤਕ ਪ੍ਰਦਰਸ਼ਨ ਜਿਸ ਵਿਚ ਮੈਂ ਜਾਂਦਾ ਹਾਂ, ਉਸ ਵਿਚ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਸਾਰੀ ਮਿਹਨਤ ਕੰਮ ਆਈ ਹੈ। ਦਰਸ਼ਕਾਂ ਤੋਂ ਮੈਨੂੰ ਬਹੁਤ ਸਾਰੀ ਸਾਕਾਰਾਤਮਕ ਪ੍ਰਤੀਕਿਰਿਆ ਮਿਲਦੀ ਹੈ। ਮੈਂ ਇਸ ਗੱਲ ਨੂੰ ਮੰਨਦਾ ਹਾਂ ਕਿ ਨਿਰਾਸ਼ ਕਰਨ ਵਾਲੀ ਗੱਲ ਇਹ ਹੈ ਕਿ ਡਾਕੂਮੈਂਟਰੀ ਫ਼ਿਲਮਾਂ ਨੂੰ ਆਮ ਤੌਰ 'ਤੇ ਡਿਸਟ੍ਰੀਬਿਊਟਰ ਬਹੁਤ ਘੱਟ ਮਿਲਦੇ ਹਨ ਅਤੇ ਇਸ ਦਾ ਨਤੀਜਾ ਇਹ ਹੋਇਆ ਕਿ ਲੱਖਾਂ ਹੀ ਹਿੰਦੁਸਤਾਨੀਆਂ ਨੇ ਇਹ ਫ਼ਿਲਮ ਦੇਖੀ ਹੀ ਨਹੀਂ। ਦੇਖਦੇ ਹਾਂ ਅੱਗੇ ਕੀ ਹੁੰਦਾ ਹੈ। ਮੈਨੂੰ ਲਗਦਾ ਹੈ ਕਿ ਜੈ ਭੀਮ ਕਾਮਰੇਡ ਦੇ ਨਾਲ ਘੱਟ ਤੋਂ ਘੱਟ ਇਸ ਫ਼ਿਲਮ ਨੂੰ ਜਨਤਾ ਤਕ ਪਹੁੰਚਾਉਣ ਦੇ ਮਾਮਲੇ ਵਿਚ ਅਸੀਂ ਇਕ ਅਸਲੀ ਅਤੇ ਮਹੱਤਵਪੂਰਨ ਕੰਮ ਕਰ ਸਕਦੇ ਹਾਂ।



ਸੰਜੇ ਕਾਕ, ਅਨੰਦ ਪਟਵਰਧਨ ਅਤੇ ਮੇਘਨਾਥ ਆਪਸ 'ਚ ਗੱਲਬਾਤ ਕਰਦੇ ਹੋਏ।

ਸਵਾਲ : ਤੁਸੀਂ ਕਿਹਾ ਸੀ ਕਿ ਉਪਯੋਗੀ ਹੋਣ ਲਈ ਕਲਾ ਦਾ ਮਹਾਨ ਜਾਂ ਹਾਈ ਆਰਟ ਹੋਣਾ ਜ਼ਰੂਰੀ ਨਹੀਂ। ਜੇਕਰ ਮੈਂ ਤੁਹਾਨੂੰ ਕਹਾਂ ਕਿ ਮੇਰੇ ਅਨੁਭਵ ਵਿਚ ਤੁਹਾਡੀ ਫ਼ਿਲਮ ਵਾਰ ਐਂਡ ਪੀਸ ਹਾਈ ਆਰਟ ਨੂੰ ਟ੍ਰਾਂਸੇਂਡ ਕਰ ਜਾਂਦੀ ਹੈ ਤਾਂ ਕੀ ਤੁਹਾਨੂੰ ਅਜੀਬ ਲੱਗੇਗਾ?

ਜਵਾਬ : ਮੈਨੂੰ ਲਗਦਾ ਹੈ ਕਿ ਕਲਾ ਜੇਕਰ ਹੈ ਤਾਂ ਰੋਜ਼ਾਨਾ ਦੇ ਜੀਵਨ ਵਿਚ ਹੈ। ਕਦੀ-ਕਦੀ ਆਦਮੀ ਦੀ ਕਿਸਮਤ ਚੰਗੀ ਹੁੰਦੀ ਹੈ ਅਤੇ ਉਹ ਇਨ੍ਹਾਂ ਪਲਾਂ ਨੂੰ ਕੈਦ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ।

'ਵਾਰ ਐਂਡ ਪੀਸ' ਵਿਚ ਪ੍ਰਮਾਣੂ ਯੁੱਧ ਦੇ ਬਾਰੇ ਵਿਚ ਬਹਿਸ ਕਰਦਿਆਂ ਪਾਕਿਸਤਾਨ ਦੀਆਂ ਸਕੂਲੀ ਲੜਕੀਆਂ ਦੀ ਮਿਸਾਲ ਦਿੱਤੀ ਸੀ। ਮੇਰੇ ਕੈਮਰੇ ਦੀ ਅੱਖ ਕੰਮ ਨਹੀਂ ਕਰ ਰਹੀ ਸੀ, ਇਸ ਲਈ ਮੈਂ ਕੈਮਰਾ ਆਟੋ-ਫੋਕਸ ਅਤੇ ਵਾਈਡ ਐਂਗਲ 'ਤੇ ਸੈਟ ਕਰ ਦਿੱਤਾ ਅਤੇ ਜਿਥੋਂ-ਜਿਥੋਂ ਆਵਾਜ਼ ਆਉਂਦੀ ਉਸ ਪਾਸੇ ਕੈਮਰੇ ਬਿਨਾ ਦੇਖੇ ਘੁਮਾ ਦਿੰਦਾ। ਇਹ ਇਸ ਫ਼ਿਲਮ ਦਾ ਸਭ ਤੋਂ ਚੰਗਾ ਦ੍ਰਿਸ਼ ਬਣ ਗਿਆ।

ਸਵਾਲ : ਤੁਸੀਂ ਸੋਚਦੇ ਹੋ ਕਿ ਭਾਰਤ ਵਿਚ ਫਾਸੀਵਾਦ ਸਾਡੀ ਸਦੀਆਂ ਪੁਰਾਣੀ ਲੋਕਤੰਤਰਿਕ ਪਰੰਪਰਾਵਾਂ ਕਾਰਨ ਇਕ ਪੂਰਨ-ਵਿਕਸਤ ਰੂਪ ਨਹੀਂ ਲੈ ਸਕਿਆ ਅਤੇ ਅਰੁੰਧਤੀ ਰਾਏ ਮੰਨਦੀ ਹੈ ਕਿ ਲੋਕਤੰਤਰ ਤਾਂ ਕੁਝ ਖਾਸ ਨਹੀਂ ਪਰ ਇਕ ਕਿਸਮ ਦੀ ਅੰਤਰਜਾਤ ਅਰਾਜਕਤਾ ਭਾਰਤ ਨੂੰ ਬਚਾਏਗੀ। ਫਾਸੀਵਾਦ ਨੂੰ ਪੈਦਾ ਹੋਣ ਲਈ ਜਿਸ ਵਿਵਸਥਾ ਅਤੇ ਸੰਗਠਨ ਦੀ ਜ਼ਰੂਰਤ ਹੁੰਦੀ ਹੈ, ਉਹ ਸਾਡੇ ਇਥੇ ਹੈ ਹੀ ਨਹੀਂ। ਲੇਕਿਨ ਜਦੋਂ ਅਰੁੰਧਤੀ ਬੜੀ ਹਤਾਸ਼ਾ ਨਾਲ ਅੱਜ ਦੇ ਲਗਭਗ ਸਾਰੇ ਅਹਿੰਸਕ ਅੰਦੋਲਨਾਂ ਦੇ ਬਾਰੇ ਵਿਚ ਬੋਲੀ ਅਤੇ ਮਹਾਤਮਾ ਗਾਂਧੀ ਨੂੰ 'ਸ਼ਾਇਦ ਸਾਡਾ ਪਹਿਲਾ ਐਨ.ਜੀ.ਓ.' ਕਰਾਰ ਦਿੱਤਾ ਤਾਂ ਤੁਸੀਂ ਉਸ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਤੁਸੀਂ ਮਾਰਕਸ ਲਈ ਗਾਂਧੀ ਨੂੰ ਨਹੀਂ ਨਕਾਰਦੇ ਅਤੇ ਨਾ ਹੀ ਗਾਂਧੀ ਲਈ ਮਾਰਕਸ ਨੂੰ। ਤੁਸੀਂ ਸਵੀਕਾਰ ਕੀਤਾ ਹੈ ਕਿ ਤੁਹਾਡਾ ਆਦਰਸ਼ ਹਮੇਸ਼ਾ ਰਲਿਆ-ਮਿਲਿਆ ਰਿਹਾ ਹੈ। ਫ਼ੇਨਾਨ ਅਤੇ ਗਾਂਧੀ ਨੂੰ ਘੇਰਦੇ ਹੋਏ ਤੁਸੀਂ 1971 ਵਿਚ ਇਕ ਪਰਚਾ ਲਿਖਿਆ ਸੀ, ਫੇਨਾਨ ਅਨੁਸਾਰ ਆਪਣੇ ਅੰਦਰ ਬੈਠੀ ਹੀਣਤਾ ਦੀ ਭਾਵਨਾ 'ਚੋਂ ਨਿਕਲਣ ਲਈ ਕਾਲਿਆਂ ਲਈ ਹਿੰਸਾ ਜ਼ਰੂਰੀ ਸੀ ਅਤੇ ਗਾਂਧੀ ਦੇ ਇਥੇ ਤੁਸੀਂ ਸਿਰਫ਼ ਅਹਿੰਸਾ ਨਾਲ ਹੀਣਤਾ ਨੂੰ ਦੂਰ ਕਰ ਸਕਦੇ ਹਾਂ। ਤੁਹਾਨੂੰ ਨਹੀਂ ਲਗਦਾ ਕਿ ਅੱਜ ਦਾ ਆਦਿਵਾਸੀ ਵਿਦਰੋਹ, ਭਾਵੇਂ ਦੇਖਣ ਵਿਚ ਇਹ ਮਾਓਵਾਦੀ ਹਿੰਸਾ ਹੈ ਪਰ ਮੂਲਰੂਪ ਵਿਚ ਉਹ ਨਿਰਾਸ਼ ਹਨ। ਨਿਰਾਸ਼ ਹਨ ਉਸ ਸੂਬੇ ਤੋਂ ਸਮਝੌਤਾ ਕਰਨ ਲਈ ਜੋ ਸਿਰਫ਼ ਹਿੰਸਾ ਦਾ ਮੂੰਹਤੋੜ ਜਵਾਬ ਦਿੰਦਾ ਹੈ? ਤੁਹਾਨੂੰ ਨਹੀਂ ਲਗਦਾ ਕਿ ਹਿੰਸਾ ਦਿਖਾਵੇ (ਐਕਸਪ੍ਰੈਸ਼ਨ) ਦਾ ਇਕ ਤਰੀਕਾ ਹੈ, ਇਕ ਗੁਣਧਰਮ ਹੈ, ਸਾਰ ਨਹੀਂ। ਅਯੋਧਿਆ ਦੇ ਮਹੰਤ ਲਾਲ ਦਾਸ ਦੀ ਹੀ ਤਰ੍ਹਾਂ ਸਾਡੇ ਪੈਸਟਰ ਜਾਨ ਆਰ ਹਿਗਿੰਸ ਦਾ ਕਹਿਣਾ ਹੈ ਕਿ ਪਾਣੀ ਦਾ ਸਾਰ ਐਚ 2 ਓ ਹੈ ਪਰ ਪਾਣੀ ਦਾ ਗੁਣਧਰਮ ਪਾਰਦਰਸ਼ਤਾ ਹੈ। ਸ਼ਾਇਦ ਅਰੁੰਧਤੀ ਮਾਓਵਾਦੀ ਮੁੱਦੇ ਦੇ ਇਸ 'ਗੁਣਧਰਮ-ਸਾਰ' ਤੱਤ ਦੇ ਬਾਰੇ ਵਿਚ ਆਪਣੀ ਗੱਲ ਜ਼ੋਰਦਾਰ ਤਰੀਕੇ ਨਾਲ ਰੱਖਣਾ ਚਾਹੁੰਦੀ ਸੀ। ਤੁਸੀਂ ਕੀ ਸੋਚਦੇ ਹੋ?

ਜਵਾਬ : ਅਰੁੰਧਤੀ ਨਾਲ ਮੇਰੇ ਕੋਈ ਬੁਨਿਆਦੀ ਮਤਭੇਦ ਨਹੀਂ ਹਨ, ਸਿਵਾਏ ਇਸ ਦੇ ਕਿ ਮੈਨੂੰ ਬੰਦੂਕਾਂ ਨਾਲ ਬਿਲਕੁਲ ਪਿਆਰ ਨਹੀਂ ਹੈ। ਜਿਥੇ ਹਿੰਸਾ ਪ੍ਰਤੀ ਮੇਰਾ ਵਿਰੋਧ ਭਾਵਨਾਤਮਕ ਅਤੇ ਸੁਭਾਅ ਤੋਂ ਪ੍ਰੇਰਿਤ ਹੈ ਉਥੇ ਹੀ ਮੈਨੂੰ ਨਹੀਂ ਲਗਦਾ ਕਿ ਹਿੰਸਾ ਦੀ ਕੋਈ ਵਿਹਾਰਕ ਕੀਮਤ ਵੀ ਹੈ। ਮੈਨੂੰ ਨਹੀਂ ਲਗਦਾ ਕਿ ਜੰਗਲਾਂ ਵਿਚ ਛੇੜੇ ਗਏ ਇਸ ਹਥਿਆਰਬੰਦ ਸੰਘਰਸ਼ ਰਾਹੀਂ 21ਵੀਂ ਸਦੀ ਵਿਚ ਇਕ ਵਿਕਸਤ ਭਾਰਤੀ ਸੂਬੇ ਨੂੰ ਉਖਾੜ ਕੇ ਸੁੱਟਿਆ ਜਾ ਸਕਦਾ ਹੈ। ਇਸ ਲਈ ਮੈਂ ਆਪਣੇ ਉਨ੍ਹਾਂ ਬਹਾਦਰ ਅਤੇ ਹੋਣਹਾਰ ਲੋਕਾਂ ਦੀ ਫ਼ਿਕਰ ਕਰਦਾ ਹਾਂ ਜੋ ਹਥਿਆਰਾਂ ਰਾਹੀਂ ਕ੍ਰਾਂਤੀ ਲਿਆਉਣ ਦਾ ਰਸਤਾ ਚੁਣਦੇ ਹਨ ਕਿਉਂਕਿ ਮੈਨੂੰ ਲਗਦਾ ਹੈ ਕਿ ਇਹ ਆਤਮ ਹੱਤਿਆ ਦਾ ਤਰੀਕਾ ਹੈ। ਸੂਬੇ ਦੀ ਹਿੰਸਾ ਅਤੇ ਮਾਓਵਾਦੀਆਂ ਦੀ ਹਿੰਸਾ ਵਿਚਕਾਰ ਮੈਂ ਆਦਿਵਾਸੀਆਂ ਨੂੰ ਫਸਿਆ ਹੋਇਆ ਦੇਖਦਾ ਹਾਂ। ਲੋਕਾਂ ਦੀਆਂ ਜ਼ਮੀਨਾਂ ਅਤੇ ਰੁਜ਼ਗਾਰ ਖੁਸ ਜਾਣ ਦਾ ਜ਼ਿਆਦਾਤਰ ਦੋਸ਼ ਬੇਸ਼ੱਕ ਸੂਬੇ ਦੇ ਸਿਰ ਜਾਣਾ ਚਾਹੀਦਾ ਹੈ ਪਰ ਮਾਓਵਾਦੀਆਂ ਵਲੋਂ ਦਿਤੇ ਗਏ ਜਵਾਬ ਤੋਂ ਕੋਈ ਸਥਾਈ ਰਾਹਤ ਨਹੀਂ ਮਿਲੇਗੀ। ਵਿਵਸਥਾ ਦੀ ਹਿੰਸਾ ਦਾ ਵਿਰੋਧ ਕਰਨ ਵਾਲੇ ਆਮ ਆਦਮੀ, ਜਿਨ੍ਹਾਂ ਵਿਚ ਜ਼ਿਆਦਾਤਰ ਦਲਿਤ, ਆਦਿਵਾਸੀ ਮਿਹਨਤਕਸ਼ ਵਰਗ ਦੇ ਵੱਡੇ ਹਿੱਸੇ ਸ਼ਾਮਲ ਹਨ, ਨੂੰ ਮਾਓਵਾਦੀ ਕਰਾਰ ਦਿੱਤਾ ਜਾ ਰਿਹਾ ਹੈ, ਜਿਵੇਂ ਕਿ ਕਬੀਰ ਕਲਾ ਮੰਚ ਨਾਲ ਹੋਇਆ। ਇਹ ਇਕ ਤ੍ਰਾਸਦੀ ਬਣ ਰਹੀ ਹੈ।

ਸਵਾਲ : ਹੁਣ ਮੈਂ ਆਪਣੀ ਗਤੀ ਥੋੜ੍ਹੀ ਘੱਟ ਕਰਦਾ ਹਾਂ ਅਤੇ ਤੁਹਾਡੇ ਤੋਂ ਛੋਟੇ ਅਤੇ ਵਿਅਕਤੀਗਤ ਸਵਾਲ ਪੁੱਛਦਾ ਹਾਂ। ਓੜੀਸਾ ਕਲੇਕਟਿਵ ਨਾਲ ਤੁਸੀਂ ਆਪਣੇ ਸਬੰਧਾਂ, ਜਾਨ ਅਬਰਹਾਮ ਅਤੇ ਫਿਰ ਸ਼ਰਤ (ਸੀ ਸ਼ਰਤਚੰਦ੍ਰਨ) ਨਾਲ ਤੁਹਾਡੀ ਮਿੱਤਰਤਾ ਦੇ ਬਾਰੇ ਦਸੋ।

ਜਵਾਬ : ਜਾਨ ਅਬਰਾਹਮ ਨੇ ਮੇਰੀਆਂ ਫ਼ਿਲਮਾਂ 'ਪ੍ਰਿਜਨਰਸ ਆਫ਼ ਕਾਨਸ਼ੰਸ' ਅਤੇ 'ਅ ਟਾਈਮ ਟੂ ਰਾਈਜ਼' ਦੇਖੀਆਂ ਅਤੇ ਮੈਨੂੰ ਆਪਣੀ ਓੜੀਸਾ ਟੀਮ ਨਾਲ ਜੁੜਨ ਅਤੇ 16 ਮਿ.ਮੀ. ਪ੍ਰੋਜੈਕਟਰ ਲੈ ਕੇ ਪਿੰਡ-ਪਿੰਡ ਵਿਚ ਫ਼ਿਲਮਾਂ ਦਿਖਾਉਂਦੇ ਪੂਰੇ ਕੇਰਲ ਵਿਚ ਘੁੰਮਣ ਦਾ ਸੱਦਾ ਦਿੱਤਾ। ਫਿਰ ਮੈਂ ਬੰਬੇ ਅਵਰ ਸਿਟੀ ਦੇ ਮਾਮਲੇ ਵਿਚ ਅਜਿਹਾ ਹੀ ਕੀਤਾ। ਇਹ ਇਕ ਹੈਰਾਨੀਜਨਕ ਤਜ਼ਰਬਾ ਸੀ ਹਾਲਾਂਕਿ ਅਬਰਾਹਮ ਨਾਲ ਮੇਰੀ ਗੱਲਬਾਤ ਹਮੇਸ਼ਾ ਮਜ਼ੇਦਾਰ ਹੁੰਦੀ ਕਿਉਂਕਿ ਉਨ੍ਹਾਂ ਅਕਸਰ ਸ਼ਰਾਬ ਪੀਤੀ ਹੁੰਦੀ ਅਤੇ ਉਸ ਦੇ ਬਾਵਜੂਦ ਉਨ੍ਹਾਂ ਦੀਆਂ ਗੱਲਾਂ ਵਿਚ ਕਿਤੇ ਨਾ ਕਿਤੇ ਡੂੰਘੇ ਅਰਥ ਹੁੰਦੇ।

ਸ਼ਰਤ ਨਾਲ ਲੰਮਾ ਸਮਾਂ ਵਾਹ ਪੈਂਦਾ ਰਿਹਾ, ਜਿਸ ਦਾ ਕਾਰਨ ਸਿਨੇਮੇ ਨੂੰ ਲੋਕਾਂ ਤਕ ਲੈ ਕੇ ਜਾਣ ਦੀ ਸਾਡੀ ਇੱਛਾ ਸੀ। ਸ਼ਰਤ ਮੇਰੇ ਦੇਖੇ ਹੋਏ ਸਭ ਤੋਂ ਨਿਰਸਵਾਰਥ ਫ਼ਿਲਮਕਾਰਾਂ ਵਿਚ ਹਨ, ਦੂਜਿਆਂ ਨੂੰ ਪ੍ਰਮੋਟ ਕਰਨਾ ਆਪਣੇ ਬੇਹੱਦ ਜ਼ਰੂਰੀ ਕੰਮ ਦਾ ਜ਼ਿਕਰ ਕੀਤੇ ਬਿਨਾ, ਜਿਸ ਵਿਚ ਉਨ੍ਹਾਂ ਨੇ ਕੇਰਲ ਦੇ ਸਾਰੇ ਪ੍ਰਮੁੱਖ ਵਾਤਾਵਰਣ ਸਬੰਧੀ ਅਤੇ ਜਨਤਾ ਦੇ ਸੰਘਰਸ਼ ਨੂੰ ਦਰਜ ਕੀਤਾ ਸੀ। ਇਸ ਵਿਚ ਕੋਕਾ ਕੋਲਾ ਨੂੰ ਪਲਾਚੀਮਾੜ ਤੋਂ ਬਾਹਰ ਕਰਨ ਵਾਲਾ ਸੰਘਰਸ਼ ਵੀ ਸ਼ਾਮਲ ਹੈ। ਮੇਰੀਆਂ ਫ਼ਿਲਮਾਂ ਦੀ ਸਕ੍ਰੀਨਿੰਗ ਲਈ ਸ਼ਰਤ ਮੈਨੂੰ ਕਈ ਵਾਰ ਕੇਰਲ ਲਿਆਏ ਅਤੇ ਆਪਣੇ ਸੀਮਤ ਸਾਧਨਾਂ ਨਾਲ ਉਨ੍ਹਾਂ ਨੇ ਮੇਰੀ ਫ਼ਿਲਮ ਰਾਮ ਕੇ ਨਾਮ ਨੂੰ ਮਲਿਆਲਮ ਵਿਚ ਵੀ ਬਣਾਇਆ।

ਸਵਾਲ : ਮੈਂ ਜਾਣਦਾ ਹਾਂ ਕਿ ਅਰਵਿੰਦਨ ਕਾ ਤੰਬੂ ਤੁਹਾਡੀਆਂ ਮਨਪਸੰਦ ਫ਼ਿਲਮਾਂ ਵਿਚੋਂ ਹੈ। ਮੇਰੇ ਕੋਲ ਉਸ ਦੀ ਇਕ ਬਿਨਾਂ ਸਬ-ਟਾਈਟਲ ਵਾਲੀ ਕਾਪੀ ਹੈ ਜੋ ਮੈਂ ਤੁਹਾਨੂੰ ਤੋਹਫ਼ੇ ਵਿਚ ਦੇਵਾਂਗਾ। ਤੁਹਾਨੂੰ ਤੰਬੂ ਕਿਉਂ ਪਸੰਦ ਹੈ?

ਜਵਾਬ : ਇਸ ਬਾਰੇ ਮੈਂ ਕਦੇ ਸੋਚਿਆ ਨਹੀਂ, ਪਰ ਪਹਿਲਾਂ ਸ਼ਾਇਦ ਇਸ ਲਈ ਚੰਗੀ ਲਗੀ ਹੋਵੇਗੀ ਕਿਉਂਕਿ ਇਹ ਡਾਕੂਮੈਂਟਰੀ ਨਾਲ ਬਹੁਤ ਮਿਲਦੀ ਹੈ। ਨਾਟਕੀ ਢੰਗ ਨਾਲ ਉਸ ਨੂੰ ਬਹੁਤ ਖ਼ੂਬਸੂਰਤ ਢੰਗ ਨਾਲ ਅਪਣਾਇਆ ਗਿਆ ਸੀ, ਇਹ ਕੁਦਰਤੀ ਰੋਸ਼ਨੀ ਦੀ ਤਰ੍ਹਾਂ ਲਗਦਾ ਸੀ, ਕਥਾਵਸਤੂ ਬਹੁਤ ਘੱਟ ਸੀ ਪਰ ਫਿਰ ਵੀ ਇਸ ਮਿਹਨਤਕਸ਼ ਵਰਗ ਦੇ ਚਲਦੇ-ਫਿਰਦੇ ਸਰਕਸ ਦੇ ਕਿਰਦਾਰ ਤੁਹਾਡੇ 'ਤੇ ਛਾ ਜਾਂਦੇ ਹਨ।

ਸਵਾਲ : ਕਲਾ ਅਤੇ ਰਾਜਨੀਤੀ ਦੋਵਾਂ ਦਾ ਹੀ ਤੁਹਾਡੇ ਪਰਿਵਾਰ ਨਾਲ ਸਬੰਧ ਸੀ। ਤੁਹਾਡੀ ਮਾਂ ਸ਼ਾਂਤੀ ਨਿਕੇਤਨ ਵਿਚ ਬਹੁਤ ਵਧੀਆ ਮਿੱਟੀ ਦੇ ਭਾਂਡੇ ਬਣਾਉਣ ਵਾਲੀ ਕਲਾਕਾਰ ਸੀ ਅਤੇ ਤੁਹਾਡੇ ਵੱਡੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਨ ਵਾਲੇ ਇਕ ਸਮਾਜਵਾਦੀ ਪਰਿਵਾਰ ਵਿਚੋਂ ਸਨ। ਪੰਡਤ ਭੀਮਸੇਨ ਜੋਸ਼ੀ ਦੇ ਪ੍ਰੋਗਰਾਮਾਂ ਵਿਚ ਮੈਂ ਤੁਹਾਨੂੰ ਆਪਣੇ ਪਿਤਾ ਨਾਲ ਜਾਂਦੇ ਹੋਏ ਦੇਖਿਆ ਹੈ। ਹਾਲ ਹੀ ਵਿਚ ਇਹ ਦੋਵਾਂ ਦੀ ਮੌਤ ਹੋ ਗਈ। ਤੁਹਾਡਾ ਜੈ ਭੀਮ ਕਾਮਰੇਡ ਫ਼ਿਲਮ ਨੂੰ ਸ਼ਰਤ, ਤਾਰਿਕ ਮਸੂਦ ਅਤੇ ਆਪਣੇ ਮਾਤਾ-ਪਿਤਾ ਨੂੰ ਸਮਰਪਤ ਕਰਨਾ ਦਿਲ ਨੂੰ ਛੂ ਲੈਂਦਾ ਹੈ। ਆਪਣੇ ਮਾਤਾ ਪਿਤਾ ਅਤੇ ਆਪਣੇ ਪਾਲਣ ਪੋਸ਼ਣ ਬਾਰੇ ਦੱਸੋ।

ਜਵਾਬ : ਆਪਣੇ ਮਾਤਾ-ਪਿਤਾ ਦੇ ਬਾਰੇ ਵਿਚ ਗੱਲ ਕਰਨਾ ਮੇਰੇ ਲਈ ਮੁਸ਼ਕਲ ਹੈ ਕਿਉਂਕਿ ਅਜਿਹਾ ਕੋਈ ਦਿਨ ਨਹੀਂ ਲੰਘਦਾ ਜਦੋਂ ਮੈਂ ਇਹ ਕਾਮਨਾ ਨਾ ਕਰਾਂ ਕਿ ਕਾਸ਼ ਉਹ ਮੇਰੇ ਨਾਲ ਹੁੰਦੇ। ਮੈਨੂੰ ਹੌਸਲਾ ਦਿੰਦੇ ਹੋਏ ਹਰ ਕੋਈ ਕਹਿੰਦਾ ਹੈ ਕਿ ਮੈਂ ਕਿੰਨਾ ਕਿਸਮਤ ਵਾਲਾ ਹਾਂ ਕਿ ਉਹ ਮੇਰੇ ਨਾਲ ਐਨੇ ਲੰਮੇ ਸਮੇਂ ਤਕ ਰਹੇ। ਪਰ ਜਦੋਂ ਤੁਸੀਂ ਆਪਣੀ ਜ਼ਿੰਦਗੀ ਦੇ ਸੱਠ ਸਾਲ ਕਿਸੇ ਦੋ ਲੋਕਾਂ ਨਾਲ ਬਤੀਤ ਕੀਤੇ ਹੋਣ ਤਾਂ ਇਕਦਮ ਉਨ੍ਹਾਂ ਦੀ ਅਣਹੋਂਦ ਸਹਿਣ ਕਰਨਾ ਮੁਸ਼ਕਲ ਹੋ ਜਾਂਦਾ ਹੈ। 2008 ਵਿਚ 80 ਦੀ ਉਮਰ ਵਿਚ ਮੇਰੀ ਮਾਂ ਕੈਂਸਰ ਨਾਲ ਮਰ ਗਈ ਅਤੇ ਮੈਂ ਅਜੇ ਤਕ ਉਨ੍ਹਾਂ ਦੀਆਂ ਚੀਜ਼ਾਂ ਨਹੀਂ ਹਟਾਈਆਂ ਅਤੇ ਨਾ ਹੀ ਉਨ੍ਹਾਂ ਦੀ ਯਾਦ ਵਿਚ ਵੈਬਸਾਈਟ ਬਣਾਈ ਜਿਸ ਤਰ੍ਹਾਂ ਕਿ ਮੈਂ ਕਰਨਾ ਚਾਹੁੰਦਾ ਸੀ। ਉਹ ਭਾਰਤ ਵਿਚ ਮਿੱਟੀ ਦੇ ਭਾਂਡੇ ਬਣਾਉਣ ਵਾਲੇ ਸ਼ੁਰੂਆਤੀ ਕਲਾਕਾਰਾਂ ਵਿਚੋਂ ਸੀ, ਜਿਨ੍ਹਾਂ ਦੀ ਵਿਸ਼ੇਸ਼ਤਾ 'ਗਲੇਜ਼ਿੰਗ' ਵਿਚ ਸੀ। ਉਨ੍ਹਾਂ ਦੀ ਪੁਸਤਕ 'ਹੈਂਡਬੁਕ ਫਾਰ ਪਾਟਰਸ' ਅੱਜ ਭਾਰਤ ਦੇ ਸਾਰੇ 'ਗਲੇਜ' ਵਾਲੇ ਮਿੱਟੀ ਦੇ ਬਣਾਉਣ ਵਾਲੇ ਕਲਾਕਾਰਾਂ ਕੋਲ ਮਿਲ ਜਾਵੇਗੀ ਕਿਉਂਕਿ ਉਨ੍ਹਾਂ ਨੇ ਰਸਾਇਣ ਸ਼ਾਸਤਰ ਦੇ ਆਪਣੇ ਉਤਮ ਗਿਆਨ ਅਤੇ ਸਰੀਰਕ ਸਮਰਥਾ ਅਨੁਸਾਰ ਹਜ਼ਾਰਾਂ ਗਲੇਜ ਮਿੱਟੀਆਂ ਅਤੇ ਤਾਪਮਾਨਾਂ ਨਾਲ ਪ੍ਰਯੋਗ ਕੀਤੇ ਅਤੇ ਆਪਣੇ ਵਲੋਂ ਖੋਜੇ ਗਏ 'ਰਹੱਸਾਂ' ਨੂੰ ਆਪਣੇ ਤਕ ਸੀਮਤ ਕਰਨ ਦੀ ਬਜਾਏ, ਉਨ੍ਹਾਂ ਨੇ ਆਪਣੀ ਮਿਹਨਤ ਦਾ ਫ਼ਲ ਉਨ੍ਹਾਂ ਪ੍ਰਯੋਗਾਂ 'ਤੇ ਲਿਖੀ ਆਪਣੀ ਰੈਸਪੀ ਬੁੱਕ ਨਾਲ ਸਾਂਝਾ ਕੀਤਾ।

ਪਿਤਾ ਜੀ ਦੀ ਗ਼ੈਰ-ਹਾਜ਼ਰੀ ਮੈਨੂੰ ਜ਼ਿਆਦਾ ਮਹਿਸੂਸ ਹੁੰਦੀ ਹੈ। 2010 ਵਿਚ 94 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋ ਗਈ, ਸਰਦੀ ਜ਼ੁਕਾਮ ਨਾਲ ਜੋ ਸ਼ਾਇਦ ਨਮੋਨੀਆ ਵਿਚ ਬਦਲ ਗਿਆ ਹੋਵੇਗਾ ਕਿਉਂਕਿ ਉਨ੍ਹਾਂ ਦਾ ਬੁੱਢਾ ਦਿਲ ਕਮਜ਼ੋਰ ਹੋ ਗਿਆ ਸੀ। ਉਹ ਅਖ਼ੀਰ ਤਕ ਤੰਦਰੁਸਤ ਬਣੇ ਰਹੇ ਅਤੇ ਸਾਨੂੰ ਜ਼ਰਾ ਜਿੰਨਾ ਵੀ ਅੰਦਾਜ਼ਾ ਨਾ ਹੋਣ ਦਿੱਤਾ ਕਿ ਇਹ ਉਨ੍ਹਾਂ ਦਾ ਆਖ਼ਰੀ ਦਿਨ ਸਨ। ਉਹ ਹਮੇਸ਼ਾ ਕਹਿੰਦੇ ਸਨ ਕਿ ਜਦੋਂ ਜਾਣ ਦਾ ਸਮਾਂ ਆਵੇਗਾ ਤਾਂ ਉਹ ਇਕ ਪਲ ਵਿਚ ਚਲੇ ਜਾਣਗੇ ਅਤੇ ਉਨ੍ਹਾਂ ਨੇ ਅਜਿਹਾ ਹੀ ਕੀਤਾ।

ਅਖ਼ੀਰ ਤਕ ਉਨ੍ਹਾਂ ਦਾ ਦਿਮਾਗ ਮੇਰੇ ਤੋਂ ਜ਼ਿਆਦਾ ਤੇਜ਼ ਬਣਿਆ ਰਿਹਾ। ਸਿਰਫ਼ ਇਕ ਵਾਰ ਜ਼ੋਰ ਨਾਲ ਬੋਲਣ 'ਤੇ ਉਨ੍ਹਾਂ ਨੂੰ ਲੋਕਾਂ ਦੇ ਮੋਬਾਈਲ ਨੰਬਰ ਯਾਦ ਹੋ ਜਾਂਦੇ, ਇਸ ਲਈ ਉਹ ਸਾਡੀ ਡਾਇਰੈਕਟਰੀ ਅਤੇ ਸਾਡੇ ਇੰਸਾਈਕਲੋਪੀਡੀਆ ਸਨ। ਉਹ ਫ਼ਿਲਮਾਂ ਦੇਖਦੇ ਹੋਏ ਰੋ ਪੈਂਦੇ ਅਤੇ ਟੋਪੀ ਦੇ ਡਿੱਗ ਜਾਣ 'ਤੇ ਵੀ ਹੱਸ ਪੈਂਦੇ। ਇਸ ਦੇ ਬਾਵਜੂਦ ਮੈਂ ਉਨ੍ਹਾਂ ਤੋਂ ਜ਼ਿਆਦਾ ਸ਼ਾਂਤ ਅਤੇ ਭਲਾ ਆਦਮੀ ਨਹੀਂ ਦੇਖਿਆ, ਜਿਸ ਨੇ ਗੁੱਸੇ ਵਿਚ ਤੇਜ਼ ਆਵਾਜ਼ ਵਿਚ ਗੱਲ ਨਹੀਂ ਕੀਤੀ। ਅਜਿਹੇ ਮਾਤਾ-ਪਿਤਾ ਦੀ ਸੰਤਾਨ ਹੋਣਾ ਮੇਰੇ ਲਈ ਖ਼ੁਸ਼-ਕਿਸਮਤੀ ਦੀ ਗੱਲ ਸੀ। ਅਜੇ ਕੁਝ ਦਿਨ ਪਹਿਲਾਂ ਮੇਰੀ ਨਜ਼ਰ ਆਪਣੇ ਜਨਮ ਪ੍ਰਮਾਣ ਪੱਤਰ 'ਤੇ ਪਈ ਜਿਸ 'ਤੇ ਫਰਵਰੀ 1950 ਦੀ ਤਰੀਕ ਪਈ ਹੋਈ ਸੀ। ਜਿਥੇ ਜਾਤੀ ਲਿਖੀ ਹੁੰਦੀ ਹੈ, ਉਹ ਜਾਤੀ ਲਿਖਿਆ ਸੀ- ਭਾਰਤੀ।

ਸਵਾਲ : ਇਕ ਆਖ਼ਰੀ ਸਵਾਲ ਹੋਰ। ਫ਼ਿਲਮਾਂ ਵਿਚ ਤੁਸੀਂ ਇਕਬਾਲੀਆ (ਕੰਫੇਸ਼ਨਲ) ਨਹੀਂ ਬਲਕਿ ਡਾਇਰੀ ਫ਼ਾਰਮ ਪਸੰਦ ਕਰਦੇ ਹੋ। ਤੁਸੀਂ ਕਿਹਾ, ''ਮੈਂ ਅਜੇ ਉਸ ਪੱਧਰ ਤਕ ਨਹੀਂ ਪਹੁੰਚਿਆ ਕਿ ਆਪਣਾ ਆਪ ਕੈਮਰੇ ਦੇ ਸਾਹਮਣੇ ਪੇਸ਼ ਕਰ ਸਕਾਂ।'' ਇਕਬਾਲੀਆ ਨੂੰ ਲੈ ਕੇ ਅਜਿਹੀ ਵਿਮੁਖਤਾ ਕਿਉਂ? ਕੀ ਤੁਹਾਨੂੰ ਲਗਦਾ ਹੈ ਕਿ ਇਕਬਾਲੀਆ ਹੋਣਾ 'ਕਲਾਤਮਕ ਸਿਨੇਮਾ' ਦਾ ਫ਼ੈਸ਼ਨ ਹੈ ਅਤੇ ਤੁਹਾਡੇ 'ਤਰੁੱਟੀਪੂਰਨ ਸਿਨੇਮਾ' ਵਿਚ ਇਹ ਨਹੀਂ ਚਲਦਾ? ਪਰ ਗਾਂਧੀ ਵੀ ਕੰਫ਼ੈਸ਼ਨਲ ਸਨ। ਰਿਚਰਡ ਐਟਨਬਰੋ ਨੇ ਸ਼ਾਇਦ ਇਨ੍ਹਾਂ ਪਹਿਲੂਆਂ ਨੂੰ ਛੁਪਾਇਆ ਸੀ। ਇਕਨੌਮਿਕ ਐਂਡ ਪੌਲੀਟੀਕਲ ਵੀਕਲੀ ਵਿਚ 'ਗਾਂਧੀ: ਫ਼ਿਲਮ ਏਜ਼ ਥਿਓਲੌਜੀ' ਸਿਰਲੇਖ ਹੇਠ ਛਪੀ ਤੁਹਾਡੀ ਸਮੀਖਿਆ ਵਿਚ ਵੀ ਇਕ ਫ਼ਿਲਮਕਾਰ ਵਲੋਂ ਆਉਣ ਵਾਲਾ ਅੰਤਰੰਗ ਕਿਸਮ ਦਾ ਕੰਫ਼ੈਸ਼ਨਲ ਲੇਖਕੀ ਗੁਣ ਸੀ। ਆਪਣਾ ਅੰਤਰੰਗ ਕੈਮਰੇ ਦੇ ਸਾਹਮਣੇ ਕਿਉਂ ਨਾ ਉਤਾਰਿਆ ਜਾਵੇ?

ਜਵਾਬ : ਨਾ ਤਾਂ ਮੈਂ ਗਾਂਧੀ ਜਿੰਨਾ ਇਮਾਨਦਾਰ ਹਾਂ ਅਤੇ ਨਾ ਹੀ ਆਪਣੇ ਆਪ ਪ੍ਰਤੀ ਓਨਾ ਸੁਚੇਤ ਹਾਂ। ਨਾ ਹੀ ਮੈਂ ਇਹ ਮੰਨਦਾ ਹਾਂ ਕਿ ਜੋ ਵੀ ਮੈਂ ਕਰਦਾ ਹਾਂ, ਚੰਗਾ ਜਾਂ ਬੁਰਾ, ਉਸ ਤੋਂ ਦੂਜਿਆਂ ਨੂੰ ਕੁਝ ਸਿੱਖਣ ਨੂੰ ਮਿਲੇਗਾ। ਇਸ ਲਈ ਮੈਂ ਆਪਣੀ ਵਿਅਕਤੀਗਤ ਜ਼ਿੰਦਗੀ ਨੂੰ ਜਨਤਕ ਨਹੀਂ ਕਰਨਾ ਚਾਹੁੰਦਾ। ਮੈਂ ਉਸ ਮੱਛੀ ਘਰ ਵਿਚ ਨਹੀਂ ਰਹਿਣਾ ਚਾਹੁੰਦਾ ਜਿਥੇ ਲੋਕਾਂ ਦੀਆਂ ਅੱਖਾਂ ਹਮੇਸ਼ਾਂ ਤੱਕਦੀਆਂ ਰਹਿਣ। ਮੇਰੀਆਂ ਫ਼ਿਲਮਾਂ ਦੀ ਗੱਲ ਵਖਰੀ ਹੈ। ਮੈਂ ਚਾਹੁੰਦਾ ਤਾਂ ਲੋਕ ਉਨ੍ਹਾਂ ਨੂੰ ਦੇਖਦੇ ਰਹਿਣ, ਬਸ ਇਹੀ ਫ਼ਰਕ ਹੈ।



ਪੰਜਾਬੀ ਅਨੁਵਾਦ
ਮਹਿੰਗਾ ਸਿੰਘ
+91-99883-34213
mehangasingh78@gmail.com


NIRVANA
ENTERTAINMENT INC.
NIRVANA
Lunch
&
Dinner
Buffet
7 Days
a Week
(Veg. & Non-Veg.)
1009-5075 Falconridge Blvd. N.E.
403-590-9797
www.nirvanacalgary.com/nirvanantertainmentic.com

# ਟੁੱਟੇ ਖੰਭਾਂ ਵਾਲੀ ਤਿਤਲੀ

ਲੜੀ ਨੰ. 2




ਹਰਪਿੰਦਰ ਰਾਣਾ
+91-94648-14456
harpinderrana21@yahoo.com


ਹਰਪਿੰਦਰ ਰਾਣਾ ਨੂੰ ਪੰਜਾਬੀ ਸਾਹਿਤ ਦੀ ਲਗਭਗ ਹਰ ਵਿਧਾ 'ਤੇ ਆਬੂਰ ਹਾਸਲ ਹੈ। ਕਵਿਤਾ ਦੇ ਨਾਲ-ਨਾਲ ਉਹਨੇ ਨਾਵਲ ਵੀ ਲਿਖਿਆ ਹੈ। ਇਸੇ ਦੌਰਾਨ ਆਪਣੇ ਜੀਵਨ ਵਿਚ ਹੋਏ ਹਾਦਸਿਆਂ ਅਤੇ ਘਟਨਾਵਾਂ ਨੂੰ ਵੀ ਹਰਪਿੰਦਰ ਨੇ ਸਾਹਿਤਕ ਅੰਦਾਜ਼ ਵਿਚ ਚਿਤਰਿਆ ਹੈ। ਕਹਾਣੀ ਰਸ ਵਾਲੀਆਂ ਇਨ੍ਹਾਂ ਲਿਖਤਾਂ ਵਿਚ ਜਿਥੇ ਯਥਾਰਥ ਹੈ ਉਥੇ ਅਹਿਸਾਸ ਦੀ ਸ਼ਿੱਦਤ ਵੀ ਪੇਸ਼-ਪੇਸ਼ ਹੈ। 'ਟੁੱਟੇ ਖੰਭਾਂ ਵਾਲੀ ਤਿਤਲੀ' ਵਿਚ ਉਹਦੇ ਅਜਿਹੇ ਲੇਖ ਹੀ ਸ਼ਾਮਲ ਹਨ। 'ਨਵੀਂ ਦੁਨੀਆ' ਹਰਪਿੰਦਰ ਰਾਣਾ ਦੀਆਂ ਇਨ੍ਹਾਂ ਹਕੀਕਤਾਂ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜ਼ਿਆਦਾਤਰ ਘਰ 'ਚ ਦਾਦੀ ਤੇ ਭੂਆ ਦੀ ਚਲਦੀ। ਮੇਰੀ ਮਾਂ ਵੀ ਬੇਵੱਸ। ਮੇਰੀ ਹਾਲਤ 'ਤੇ ਤਰਸ, ਪਿਆਰ, ਗੁੱਸੇ ਦਾ ਗੁਬਾਰ ਜਦ ਉਸ ਦੇ ਅੰਦਰੋਂ ਉਠਦਾ ਤਾਂ ਉਹ ਢਿੰਗਰੀ ਵਾਲਾ ਰੱਸਾ ਮੇਰੇ ਲੱਕ ਨਾਲ ਬੰਨ੍ਹ ਮੈਨੂੰ ਖੜਾ ਕਰਦੀ, ਰੱਸਾ ਤਾਰ ਤੇ ਟੰਗ ਦਿੰਦੀ ਤੇ ਇੱਕ ਗੱਲ ਵਾਰ ਵਾਰ ਕਹਿੰਦੀ 'ਆਪਣੇ ਪੈਰਾਂ 'ਤੇ ਮਾੜਾ ਮੋਟਾ ਭਾਰ ਦੇਣਾ ਸਿੱਖ ਨਈਂ ਤਾਂ ਚੂਕਦੀ ਰਹੀ ਕੁੱਤੇ ਵਾਂਗ ਸਾਰੀ ਉਮਰ। ਕਿਹੜਾ ਤੇਰਾ ਗੂੰਹ ਮੂਤ ਧੋਇਆ ਕਰੂਗਾ?' ਉਦੋਂ ਮਾਂ ਮੈਨੂੰ ਵਿਹੁ ਵਰਗੀ ਲੱਗਦੀ ਪਰ ਅੱਜ ਸੋਚਦੀ ਹਾਂ ਕਿ ਉਹ ਕਿਹੜਾ ਬੱਚਿਆਂ ਦੇ ਮਨੋਵਿਗਿਆਨ ਦੀ ਪੀ.ਐਚ.ਡੀ ਸੀ ਜਿਹੜਾ ਇਹ ਸੋਚ ਸਕਦੀ ਕਿ ਉਹਦੇ ਸ਼ਬਦ ਮੈਨੂੰ ਕਿੰਜ ਤੜਪਾਉਂਦੇ ਸਨ ਪਰ ਫਿਰ ਮਾਂ ਆਪ ਰੋਣ ਲੱਗਦੀ। ਮੇਰੇ ਲੱਕ ਨਾਲੋਂ ਰੱਸਾ ਖੋਲ੍ਹਦੀ ਤੇ ਲੱਕੜ ਦੀ ਛੋਟੀ ਜਿਹੀ ਪੀੜ੍ਹੀ ਗਲੀ ਵਿਚ ਨਾਲੀ ਦੇ ਦੋਹੀਂ ਪਾਸੀਂ ਰੱਖ ਮੈਨੂੰ ਬਿਠਾ ਦਿੰਦੀ । ਫਿਰ ਵੀ ਮੇਰੀਆਂ ਅੱਖਾਂ ਭਰੀਆਂ ਰਹਿੰਦੀਆਂ। ਮੈਂ ਚੁੱਪ ਵੱਟ ਕੇ ਦੂਰ ਆਕਾਸ਼ ਵੱਲ ਵੇਖਦੀ ਰਹਿੰਦੀ। ਜੇਕਰ ਕਿਤੇ ਕੋਈ ਅਵਾਰਾ ਜਿਹਾ ਬੱਦਲ ਟੋਟਾ ਜਿਹਾ ਹਵਾ ਦੇ ਕੰਦੇੜੇ ਚੜ੍ਹ ਉੱਡਦਾ ਫਿਰਦਾ ਨਜ਼ਰ ਆ ਜਾਂਦਾ ਤਾਂ ਮੇਰੇ ਭਾਅ ਦਾ ਦਿਨੇ ਚੰਨ ਚੜ੍ਹ ਜਾਂਦਾ। ਹਵਾ ਨਾਲ ਬਦਲਦੀਆਂ ਆਕ੍ਰਿਤੀਆਂ ਨੂੰ ਮਨ ਚਾਹੇ ਨਾਂ ਦਿੰਦੀ ਤੇ ਮੇਰੀ ਉਦਾਸੀ ਦੂਰ ਹੋ ਜਾਂਦੀ।

ਤੇ ਜੇ ਕਿਤੇ ਇਹ ਮਨ ਪਸੰਦ ਖਿਡੌਣੇ ਨਜ਼ਰ ਨਾ ਆਉਣੇ ਤਾਂ ਭਰੀਆਂ ਅੱਖਾਂ ਨਾਲ ਸਿਰ ਸੁੱਟ ਕੇ ਜ਼ਮੀਨ 'ਤੇ ਹੀ ਆਸੇ ਪਾਸੇ ਵੇਖਣ ਲੱਗਦੀ। ਕੀੜੇ ਮਕੌੜੇ ਜੀਵ, ਸੁੰਡ ਲੱਭਦੀ ਰਹਿੰਦੀ। ਨਾਲੀ ਵਿਚ ਫਿਰਦੇ ਸੁੰਡ ਕਈ ਵਾਰ ਬਾਹਰ ਨਿਕਲ ਆਉਂਦੇ। ਉਨ੍ਹਾਂ ਨੂੰ ਵੇਖਦੀ ਕਿ ਕਿਵੇਂ ਉਹ ਪਹਿਲਾਂ ਪੂਛ ਨੂੰ ਇਕੱਠੀ ਕਰਦੇ ਤੇ ਫਿਰ ਮੂੰਹ ਵਾਲੇ ਪਾਸੇ ਅੱਗੇ ਨੂੰ ਵੱਧ ਜਾਂਦੇ। ਮੈਂ ਡੱਕਾ ਲੈ ਕੇ ਉਨ੍ਹਾਂ ਨੂੰ ਫਿਰ ਤੋਂ ਨਾਲੀ ਵਿਚ ਸੁੱਟ ਦਿੰਦੀ।

ਕਿਸੇ ਦੇ ਪੈਰ ਥੱਲੇ ਆ ਕੇ ਜਿਸਮ ਦਾ ਅੱਧਾ ਹਿੱਸਾ ਤੁੜਵਾ ਕੇ ਵੀ ਭੱਜ ਉਠਦੇ ਕਾਲੇ ਕੀੜਿਆਂ ਨੂੰ ਨੀਝ ਨਾਲ ਵੇਖਦੀ। ਇਹ ਜਾਦੂਗਰੀ ਮੈਨੂੰ ਅਜੀਬ ਲੱਗਦੀ। ਬਚਪਨ ਦੇ ਇਹ ਸਾਰੇ ਦ੍ਰਿਸ਼ ਅੱਜ ਮੇਰੀ ਪ੍ਰੇਰਨਾ ਬਣਦੇ ਹਨ। ਇੱਕ ਹੋਰ ਬਹੁਤ ਹੀ ਖੂਬਸੂਰਤ ਤੇ ਮਨਪਸੰਦ ਗੱਲ ਪਿੱਛੇ ਵੀ ਮੈਂ ਕੁੱਟ ਖਾਂਦੀ। ਦਰਵਾਜ਼ਿਆਂ ਦੀਆਂ ਝੀਥਾਂ ਪਿੱਛੇ ਲੁਕੇ ਜੁਗਨੂੰ ਡੱਕੇ ਨਾਲ ਕੱਢ ਕੇ ਤੀਲਾਂ ਵਾਲੀ ਡੱਬੀ ਵਿਚ ਪਾ ਲੈਂਦੀ। ਸਾਰਾ ਦਿਨ ਲੁਕੋਈ ਰੱਖਦੀ। ਰਾਤ ਨੂੰ ਅਰਧ ਬੇਹੋਸ਼ ਜਿਹੇ ਜੁਗਨੂੰ ਕੱਢ ਕੇ ਸਿਰਹਾਣੇ ਖਿਲਾਰ ਲੈਂਦੀ। ਮਿੱਧੇ ਜਿਹੇ ਖੰਭਾਂ ਕਰ ਕੇ ਉਹ ਉੱਡ ਨਾ ਸਕਦੇ ਤੇ ਉੱਥੇ ਹੀ ਲਾਇਟਾਂ ਜਗਾਉਂਦੇ ਰਹਿੰਦੇ ਆਪਣੇ ਕਮਜ਼ੋਰ ਤੇ ਵਿੰਗੇ ਜਿਹੇ ਸੱਜੇ ਹੱਥ ਦੀ ਤਲੀ ਤੇ ਉਹ ਜੁਗਨੂੰ ਰੱਖ ਖੱਬੇ ਹੱਥ ਨਾਲ ਉਸ 'ਤੇ ਗੁਫਾ ਜਿਹੀ ਬਣਾ ਕੇ ਉਸਨੂੰ ਵੇਖਦੀ। ਮੈਨੂੰ ਲੱਗਦਾ ਸਾਰਾ ਆਕਾਸ਼ ਮੇਰੀ ਮੁੱਠੀ 'ਚ ਹੈ। ਮੈਂ ਇਸ ਖੇਡ ਨਾਲ ਸਾਰੇ ਦਿਨ ਦੀ ਉਦਾਸੀ, ਬੇਵੱਸੀ ਤੇ ਕੁੱਟ ਭੁੱਲ ਜਾਂਦੀ ।



ਤੇ ਅਗਲੀ ਸਵੇਰ ਫਿਰ ਤੋਂ ਮੇਰੇ ਲਈ ਪਹਾੜ ਜਿੱਡਾ ਦਿਨ ਮੂੰਹ ਅੱਡੀ ਖੜਾ ਹੁੰਦਾ। ਕਿਉਂਕਿ ਮੈਂ ਬਿਲਕੁਲ ਗ਼ਰੀਬ ਤੇ ਅਨਪੜ੍ਹ ਪਰਿਵਾਰ 'ਚ ਸਾਂ। ਮੇਰੀ ਭੂਆ ਤੇ ਚਾਚਾ ਬੀ.ਏ.ਪਾਸ ਸੀ ਪਰ ਸ਼ਾਇਦ ਮੇਰਾ ਤੁਰਨੋਂ ਵਾਂਝੀ ਹੋਣਾ ਉਨ੍ਹਾਂ ਨੂੰ ਬੋਝ ਲੱਗਦਾ। ਉਹ ਵੀ ਕੁਝ ਖਾਸ ਨਾ ਸੋਚਦੇ ਪਰ ਮੈਂ ਵੀ ਤਾਂ ਇਹ ਸਭ ਕੁਝ ਹੁਣ ਹੀ ਸੋਚ ਰਹੀ ਹਾਂ। ਕਿਉਂਕਿ ਮੈਨੂੰ ਪਤਾ ਹੈ ਕਿ ਬਚਪਨ ਦੀਆਂ ਕੁਝ ਗੱਲਾਂ ਮੈਨੂੰ ਅੱਜ ਵੀ ਯਾਦ ਆਉਣ 'ਤੇ ਤੋੜ ਦਿੰਦੀਆਂ ਹਨ। ਇਕ ਹੋਰ ਰੋਜ਼ ਦੀ ਘਟਨਾ ਮੈਨੂੰ ਤੋੜ ਕੇ ਰੱਖਦੀ ਸੀ। ਉਦੋਂ ਵੀ ਮੈਨੂੰ ਸ਼ਰਮ ਆਉਂਦੀ ਸੀ ਤੇ ਅੱਜ ਵੀ ਸੋਚਦੀ ਹਾਂ ਤਾਂ ਉਦਾਸ ਹੋ ਜਾਂਦੀ ਹਾਂ।

ਰੋਜ਼ ਸਵੇਰੇ ਕੁਦਰਤੀ ਕ੍ਰਿਆ ਭਾਵ ਹਾਜਤ ਰਫਾ ਕਰਵਾਉਣਾ ਮੇਰੇ ਘਰਦਿਆਂ ਲਈ ਮੁਸੀਬਤ ਸੀ। ਘਰ ਬਹੁਤ ਹੀ ਛੋਟਾ ਹੋਣ ਕਰ ਕੇ ਥੋੜ੍ਹੀ ਜਿਹੀ ਥਾਂ 'ਤੇ ਖੂਹੀ ਵਾਲਾ ਪਾਖਾਨਾ ਬਣਾਇਆ ਹੋਇਆ ਸੀ ਜਿਸ ਦਾ ਭੀੜਾ ਜਿਹਾ ਦਰਵਾਜ਼ਾ ਪਰ ਮੈਨੂੰ ਵਿਚ ਡਿੱਗ ਜਾਣ ਦੇ ਡਰੋਂ ਉੱਥੇ ਨਹੀਂ ਬਿਠਾਇਆ ਜਾਂਦਾ ਸੀ। ਮੁਸੀਬਤ ਦੇ ਹੱਲ ਲਈ ਨਿੱਕਾ ਜਿਹਾ ਸਟੂਲ ਬਣਵਾਇਆ ਜਿਸ ਉੱਤੇ ਗੋਲ ਮੋਰਾ ਕਰਵਾਇਆ ਗਿਆ। ਮੇਰੀ ਦਾਦੀ ਰੋਜ਼ ਸਵੇਰੇ ਸਟੂਲ ਗਲੀ ਵਿਚ ਡਾਹ ਕੇ ਮੈਨੂੰ ਬਿਠਾ ਦਿੰਦੇ ਤੇ ਥੱਲੇ ਲੋਹੇ ਦਾ ਪੱਤਰਾ ਜਿਹਾ ਰੱਖ ਦਿੰਦੀ। ਇੰਜ ਗਲੀ ਵਿਚ ਬੈਠ ਕੇ ਇਹ ਰੋਜ਼ ਦੀ ਕ੍ਰਿਆ ਮੈਨੂੰ ਪਸੰਦ ਨਹੀਂ ਸੀ। ਮੈਂ ਮਨ੍ਹਾ ਕਰਦੀ ਹੁੰਦੀ ਸੀ ਕਿਉਂਕਿ ਉਦੋਂ ਹੀ ਰਿਕਸ਼ੇ ਵਾਲਾ ਛੋਟੇ ਬੱਚਿਆਂ ਨੂੰ ਲੈ ਕੇ ਸਕੂਲ ਛੱਡਣ ਲਈ ਗਲੀ ਵਿਚੋਂ ਲੰਘਦਾ। ਉਹ ਰੋਜ਼ ਇੱਕੋ ਗੱਲ ਕਹਿੰਦਾ ਚੱਲ ਸਕੂਲ ਚੱਲੀਏ ਪਰ ਉਸ ਦੀ ਖਚਰੀ ਜਿਹੀ ਮੁਸਕਾਨ ਮੈਨੂੰ ਡਰਾ ਦਿੰਦੀ। ਮੈਂ ਸਿਰਫ ਸਿਰ ਸੁੱਟ ਕੇ ਮਨ ਹੀ ਮਨ ਉਸ ਨੂੰ ਗਾਲ੍ਹਾਂ ਕੱਢਦੀ ਪਰ ਅਫਸੋਸ ਮੇਰੀ ਇਹ ਬੇਵੱਸੀ ਘਰ 'ਚ ਕੋਈ ਨਹੀਂ ਸਮਝ ਸਕਦਾ ਸੀ। ਹਾਲਾਂਕਿ ਮੈਂ ਤੀਜੀ 'ਚ ਪੜ੍ਹਦੀ ਸਾਂ ਪਰ ਉਨ੍ਹਾਂ ਨੂੰ ਹਾਲੇ ਵੀ ਨਿੱਕੀ ਨਜ਼ਰ ਆਉਂਦੀ ਸੀ। ਅੱਜ ਸੋਚਦੀ ਹਾਂ ਕਿ ਇਹ ਗੱਲ ਭੂਆ ਅਤੇ ਚਾਚੇ ਦੇ ਦਿਮਾਗ 'ਚ ਕਿਉਂ ਨਾ ਆਈ ਉਹ ਤਾਂ ਪੜ੍ਹੇ ਲਿਖੇ ਸਨ ?

ਖੈਰ ਜਦ ਉਨ੍ਹਾਂ ਨੂੰ ਇਹ ਗੱਲ ਸਮਝ ਆਈ ਤਾਂ ਮੈਨੂੰ ਅੰਦਰ ਬਿਠਾਉਣਾ ਸ਼ੁਰੂ ਕਰ ਦਿੱਤਾ ਪਰ ਉਹ ਸਮਾਂ ਮੈਨੂੰ ਅੱਜ ਵੀ ਗੁੱਸਾ ਦੁਆ ਦਿੰਦਾ ਹੈ। ਦੁਆ ਕਰਦੀ ਹਾਂ ਕਿ ਅਜਿਹਾ ਬਚਪਨ ਕਿਸੇ ਦਾ ਵੀ ਨਾ ਹੋਵੇ।

ਰੋਜ਼ ਖੂਹੀ ਪੁੱਟ ਪਾਣੀ ਪੀਣ ਵਾਲੇ ਮੇਰੇ ਪਰਿਵਾਰ ਲਈ ਮੇਰਾ ਕੁੜੀ ਹੋਣਾ ਤੇ ਦੂਜਾ ਅਪਾਹਜ ਹੋਣਾ ਰੱਬ ਦੀ ਦੂਹਰੀ ਮਾਰ ਤੇ ਕਿਸੇ ਪਿਛਲੇ ਜਨਮ ਦੇ ਪਾਪ ਵਾਂਗ ਸੀ। ਆਮ ਹੀ ਕੋਈ ਨਾ ਕੋਈ ਆਂਢ ਗੁਆਂਢ ਚੋਂ ਆ ਕੇ ਗੱਲਾਂ 'ਚ ਇਹ ਸੁਣਾ ਜਾਂਦੀ, 'ਦਲੀਪ ਕੁਰੇ! (ਦਾਦੀ ਦਾ ਨਾਂ) ਇਹ ਤਾਂ ਕੋਈ ਪਿਛਲੇ ਜਨਮਾਂ ਦਾ ਪਾਪ ਐ ਭਾਈ। ਨਾਲੇ ਇਹ ਭੋਗੀ ਜਾਂਦੀ ਏ ਨਾਲੇ ਤੁਸੀਂ। ਕੀ ਪਤਾ ਕਿੰਨਾ ਕੁ ਦੇਣਾ ਤੁਸੀ ਏਹਦਾ'। ਇਹ ਗੱਲਾਂ ਡੂੰਘੀਆਂ ਹੀ ਉਕਰੀਆਂ ਗਈਆਂ ਹੋਣੀਆਂ ਨੇ ਮੇਰੇ ਜ਼ਿਹਨ 'ਚ ਜੋ ਅੱਜ ਵੀ ਉਸੇ ਕਰੂਪਤਾ ਨਾਲ ਯਾਦ ਆਉਂਦੀਆਂ ਨੇ ਤੇ ਮਨ 'ਚ ਕੁੜਤਨ ਭਰ ਦਿੰਦੀਆਂ ਨੇ।

ਸਾਡੇ ਘਰ ਕਿਸੇ ਨਾ ਕਿਸੇ ਡਾਕਟਰ, ਵੈਦ ਜਾਂ ਫਿਰ ਚੇਲੇ ਚਾਟੜੇ ਦੀ ਦੱਸ ਪਾਉਣ ਵਾਲੇ ਲੋਕਾਂ ਦਾ ਆਉਣਾ ਜਾਣਾ ਲੱਗਾ ਰਹਿੰਦਾ। ਹਰ ਨਵੀਂ ਦੱਸ ਤੇ ਮੈਨੂੰ ਫਿਰ ਤੋਂ ਲਿਜਾਇਆ ਜਾਂਦਾ। ਦੂਰ ਕਦੇ ਨੇੜੇ। ਵੈਦ ਹਕੀਮਾਂ ਦੀਆਂ ਮੁਸ਼ਕ ਮਾਰਦੀਆਂ ਦੁਕਾਨਾਂ 'ਚ ਤੇਲ ਨਾਲ ਮਾਲਸਾਂ ਕਰਵਾਉਣ। ਡਾਕਟਰਾਂ ਕੋਲ ਜੋ ਨਿੱਕੀਆਂ ਨਿੱਕੀਆਂ ਰਬੜ ਦੀਆਂ ਨਰਮ ਜਿਹੀਆਂ ਹਥੌੜੀਆਂ ਮੇਰੀਆਂ ਲੱਤਾਂ ਤੇ ਗੋਡਿਆਂ ਤੇ ਮਾਰ ਕੇ ਦੇਖਦੇ ਤੇ ਕਦੇ ਵਾਲ ਖੋਲ ਕੇ ਸਿਰ ਘੁਕਾਉਂਦੇ ਚੇਲਿਆਂ ਕੋਲ। ਜੋ ਉੱਚੀ ਉੱਚੀ ਬੁੱਕਦੇ ਤਾਂ ਮੈਂ ਸਹਿਮ ਕੇ ਦਾਦੀ ਦੀ ਹਿੱਕ ਨਾਲ ਲੱਗ ਜਾਂਦੀ।

ਪਰ ਇਸ ਸਾਰੇ ਖਲਜਗਣ 'ਚੋਂ ਵੀ ਕੁਝ ਦ੍ਰਿਸ਼ ਮੇਰੇ ਜ਼ਿਹਨ 'ਚ ਚਿਤਰੇ ਗਏ ਜਿਨ੍ਹਾਂ ਦੀ ਯਾਦ ਮੈਨੂੰ ਉਦਾਸੀ ਚੋਂ ਕੱਢ ਲੈਂਦੀ ਹੈ।

**(ਚਲਦਾ)**


ANNUAL GENERAL BODY MEETING

***SUNDAY***
FEB 16, 2014
2:00pm
Location : Main Hall

AGENDA

1. Introduction by Chairman
2. Statement by Outgoing Committee
3. Statement by Current Committee
4. Questions from Sangat

**Dashmesh Culture Centre**
www.dashmesh.ca
**135 Martindala Blvd. NE**
**403-590-0970**



ANJALI AGARWAL

**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

# ਸੰਵੇਦਨਾਂ ਦੀ ਸਿਖ਼ਰ ਹੈ 'ਸਾਵੇ ਅਕਸ'



ਗੁਰਜਿੰਦਰ ਮਾਹੀ
780-803-9696
gmahikkp@gmail.com

ਸੂਝ-ਬੂਝ, ਬਹੁਤਿਆਂ ਦਾ ਇਸ ਬਾਰੇ ਖਿਆਲ ਹੈ ਕਿ ਇਹ ਉਮਰ ਦੇ ਹਿਸਾਬ ਨਾਲ ਹੀ ਆਉਂਦੀ ਹੈ। ਪਰ ਮੈਂ ਇਸ ਵਿਚਾਰ ਨਾਲ ਸਹਿਮਤ ਨਹੀ ਹਾਂ। ਮੈਂ ਪੜ੍ਹਿਆ-ਸੁਣਿਆ ਹੈ ਕਿ ਜਿਨ੍ਹਾਂ ਕਿਸੇ ਇਨਕਲਾਬ ਦੀਆਂ ਨੀਹਾਂ ਰੱਖਣੀਆਂ ਹੁੰਦੀਆਂ ਹਨ, ਉਹ ਛੋਟੀ ਉਮਰੇ ਹੀ ਬੰਦੂਕਾਂ ਬੀਜਦੇ ਨੇ। ਪੰਜਾਬੀ ਦੀ ਕਹਾਵਤ ਵੀ ਹੈ ਕਿ 'ਜੰਮਦੀਆਂ ਸੂਲਾਂ ਦੇ ਹੀ ਮੂੰਹ ਤਿੱਖੇ ਹੁੰਦੇ ਹਨ।' ਮੈਂ ਤੁਹਾਨੂੰ ਆਪਣੀ ਗੱਲ ਨਾਲ ਸਹਿਮਤ ਕਰਨ ਲਈ ਅਜੇਹੀ ਹੀ ਉਦਾਹਰਨ ਤੁਹਾਡੇ ਸਾਹਮਣੇ ਰੱਖਾਂਗਾ।

ਉਹ ਹੈ ਪੰਜਾਬੀ ਗਜ਼ਲ ਦੇ ਵਿਹੜੇ 'ਸਾਵੇ ਅਕਸ' ਨਾਲ ਆਪਣਾ ਪਹਿਲਾ ਕਦਮ ਧਰਨ ਵਾਲਾ ਸਮਰਥ ਸ਼ਾਇਰ ਰਾਜਿੰਦਰਜੀਤ। ਰਾਜਿੰਦਰਜੀਤ ਦੀ ਪਲੇਠੀ ਕਿਤਾਬ ਨੂੰ ਪੜ੍ਹਦਿਆਂ ਕਈ ਘਾਗ ਪਾਠਕ ਕਿਤਾਬ ਦੇ ਆਖਰ 'ਚ ਛਪੀ ਤਸਵੀਰ ਵੇਖ ਕੇ ਇਹ ਮੰਨਣ ਨੂੰ ਹੀ ਤਿਆਰ ਨਹੀ ਕਿ ਇਸ ਮੁੰਡੇ ਨੇ ਇਹ ਗ਼ਜ਼ਲਾਂ ਲਿੱਖੀਆਂ ਹੋਣਗੀਆਂ, ਉਹ ਬਹਿਸਦੇ ਹਨ ਕਿ ਸ਼ਾਇਦ ਲੇਖਕ ਦੀ ਬਜਾਏ ਗ਼ਲਤੀ ਨਾਲ ਕਿਸੇ ਹੋਰ ਦੀ ਫੋਟੋ ਛਪ ਗਈ ਹੋਵੇਗੀ। ਉਹ ਵੀ ਸ਼ਾਇਦ ਆਪਣੀ ਜਗ੍ਹਾ ਠੀਕ ਹੀ ਬਹਿਸਦੇ ਹੋਣਗੇ ਕਿਉਂਕਿ ਜਿਸ ਮਿਆਰ ਦੀ ਰਾਜਿੰਦਰਜੀਤ ਦੀ ਸ਼ਾਇਰੀ ਹੈ, ਉਹ ਮਿਆਰ ਹਾਸਲ ਕਰਨ ਲਈ ਉਮਰਾਂ ਲਗ ਜਾਂਦੀਆਂ ਨੇ। ਵਿਚਾਰ ਤੇ ਤਕਨੀਕ ਦੇ ਬੇਜੋੜ ਸੁਮੇਲ ਨਾਲ ਕੀਤੀ ਰਾਜਿੰਦਰਜੀਤ ਦੀ ਪੁਖ਼ਤਾ ਸ਼ਾਇਰੀ ਵਿਚ ਦੁੱਖ-ਸੁੱਖ, ਵਿਦਰੋਹ-ਹਲੀਮੀ, ਸ਼ਿੱਦਤ, ਲਗਨ ਤੇ ਸੰਘਰਸ਼ ਦੇ ਭਾਵ ਜ਼ਿੰਦ.ਗੀ ਬਣ ਕੇ ਧੜਕਦੇ ਹਨ। ਕਮਾਲ ਦੇ ਬਿੰਬ ਚਿਤਰਦਾ ਉਹ ਪਾਠਕ ਨੂੰ ਦਿਸਹੱਦੇ ਤੋਂ ਪਾਰ ਲੈ ਜਾਂਦਾ ਹੈ। ਉਸ ਵਿਚ ਅਣਕਹੇ ਨੂੰ ਕਹਿਣ ਦੀ ਸਮਰਥਾ ਹੈ।

ਖ਼ੁਦੀ ਨੂੰ ਆਸਰਾ ਦਿੱਤਾ ਬੇਗਾਨੀ ਆਸ ਤੋਂ ਪਹਿਲਾਂ
ਮੈਂ ਅੱਥਰੂ ਪੂੰਝ ਚੁੱਕਾ ਸੀ ਤੇਰੇ ਧਰਵਾਸ ਤੋਂ ਪਹਿਲਾਂ (ਪੰਨਾ 18)

ਲਿਆ ਜ਼ਰਾ ਕਾਗਜ਼ ਹੁਣੇ ਅਪਣੀ ਵਸੀਅਤ ਲਿਖ ਦਿਆਂ
ਤਪਦਿਆਂ ਲਈ ਆਪਣੇ ਹਿੱਸੇ ਦੀ ਰਾਹਤ ਲਿਖ ਦਿਆਂ (ਪੰਨਾ 39)

ਕਿਵੇਂ ਕਲੀਆਂ ਨੂੰ ਪਾਉਂਦਾ ਵਾਸਤਾ ਮੈਂ ਮੂੰਹ ਵਿਖਾਲਣ ਦਾ
ਮਿਰੇ ਸਿਰ ਦੋਸ਼ ਆਇਆ ਹੈ ਸੁਗੰਧਾਂ ਨੂੰ ਉਧਾਲਣ ਦਾ (ਪੰਨਾ 64)

ਮੇਰੀ ਪਸੰਦ ਦੀਆਂ ਉਪਰੋਤਕ ਖ਼ੂਬਸੂਰਤ ਮਤਲੇ ਵਾਲੀਆਂ ਇਨ੍ਹਾਂ ਗਜ਼ਲਾਂ ਦੇ ਸਾਰੇ ਸ਼ੇਅਰ ਹੀ ਵਿਚਾਰ ਅਤੇ ਮਿਆਰ ਪੱਖੋਂ ਇੱਕ ਦੂਜੇ ਤੋਂ ਵੱਧ ਕੇ ਹਨ। ਇਨ੍ਹਾਂ ਤੋਂ ਇਲਾਵਾ ਕਿਤਾਬ 'ਚ ਬਾਕੀ ਗਜ਼ਲਾਂ ਵਿਚ ਇੱਕ ਵੀ ਸ਼ੇਅਰ ਐਸਾ ਨਹੀਂ ਮਿਲੇਗਾ ਜਿਸ ਨੂੰ ਅਸੀਂ ਭਰਤੀ ਜਾਂ ਮਾਮੂਆਨਾ ਕਹਿ ਸਕਦੇ ਹੋਈਏ, ਸਗੋਂ ਹੋਰ ਬੁਲੰਦੀ ਵੱਲ ਲੈ ਜਾਂਦੇ ਉਸ ਦੇ ਕਾਬਿਲੇ-ਏ-ਗੌਰ ਸ਼ੇਅਰ ਤੁਹਾਡੀ ਨਜ਼ਰ ਕਰਾਂਗਾਂ-

ਉਲੀਕੇ ਖੰਬ ਕਾਗ਼ਜ਼ 'ਤੇ, ਦੁਆਲੇ ਹਾਸ਼ੀਆ ਲਾਵੇ
ਕਿਵੇਂ ਵਾਪਸ ਨਿਆਣੀ ਤੋਂ ਉਦ੍ਹੇ ਅੰਦਰਲੇ ਡਰ ਲਈਏ ? (ਪੰਨਾ 19)

ਮੈਂ ਅਪਣੇ-ਆਪ ਵਿਚ ਇੱਕ ਬੀਜ ਹੀ ਸਾਂ
ਉਨ੍ਹਾਂ ਨੇ ਮੇਰੇ ਅੰਦਰ ਬਿਰਖ ਤੱਕਿਆ
ਮੈਂ ਉੱਠਾਂ ਕੁਝ ਕਰਾਂ ਉਗਮਣ ਦਾ ਚਾਰਾ
ਉਹ ਸਾਰੇ ਮੇਰੇ ਵੱਲ ਹੀ ਵੇਖਦੇ ਨੇ (ਪੰਨਾ 17)

ਉਹਲਿਆਂ ਤੋਂ ਬਿਨ ਹੀ ਧੁੱਪੇ ਖੜ੍ਹ ਸਕੇ
ਛਾਂ ਨਿਮਾਣੀ ਦੀ ਵੀ ਕੀ ਔਕਾਤ ਸੀ (ਪੰਨਾ 26)

ਕਿੰਨੇ ਹਤਾਸ਼ ਹੋਣਗੇ ਉਹ ਮੇਰੇ ਹਾਲ 'ਤੇ
ਆਪੇ ਮੈਂ ਫੇਰ ਹੱਸਿਆ ਆਪਣੇ ਖਿਆਲ 'ਤੇ (ਪੰਨਾ 36)

ਰਾਜਿੰਦਰਜੀਤ ਦੀ ਸ਼ਾਇਰੀ ਬਾਰੇ ਪੰਜਾਬੀ ਗਜ਼ਲ ਦੀ ਸਥਾਪਤ ਹਸਤੀ ਜਸਵਿੰਦਰ ਹੁਰਾਂ ਲਿਖਿਆ- "ਰਾਜਿੰਦਰਜੀਤ ਦੀਆਂ ਗ਼ਜ਼ਲਾਂ ਪੜ੍ਹ ਕੇ ਪਾਠਕ ਦੀ ਧੜਕਣ ਸਹਿਜ ਨਹੀਂ ਰਹਿੰਦੀ, ਦਿਲ ਦੀ ਜ਼ਮੀਨ ਵਿਚ ਵਿਸਫੋਟ ਹੋਣ ਲਗਦੇ ਨੇ, ਪੈਰਾਂ ਹੇਠਲੇ ਬਣੇ ਬਣਾਏ ਰਾਹਾਂ ਨੂੰ ਕੰਬਨੀ ਛਿੜ ਜਾਂਦੀ ਹੈ। ਪਲਾਂ ਛਿਣਾਂ ਦੀ ਸੁੰਨ ਮਗਰੋਂ ਪਾਠਕ ਇਸ ਮਹਾਂ-ਦ੍ਰਿਸ਼ ਵਿਚ ਆਪਣੀ ਸਪੇਸ ਤਲਾਸ਼ਣ ਲਗਦਾ ਹੈ। ਰਾਜਿੰਦਰਜੀਤ ਦੀ ਸ਼ਾਇਰੀ, ਪੰਜਾਬੀ ਗ਼ਜ਼ਲ ਸਿਰੋਂ ਕਈ ਉਲਾਂਭੇ ਲਾਹੁੰਦੀ ਹੈ। ਮਸਲਨ ਕਿਹਾ ਜਾਂਦਾ ਹੈ ਕਿ ਗ਼ਜ਼ਲ ਦੇ ਬੰਧੇਜ ਦੀ ਕੰਡਿਆਲੀ ਵਾੜ ਵਿਚ ਖ਼ਿਆਲਾਂ ਦੇ ਮਿਰਗ ਖੁੱਲ੍ਹੀਆਂ ਚੁੰਗੀਆਂ ਨਹੀ ਭਰ ਸਕਦੇ। ਪਰ ਰਾਜਿੰਦਰਜੀਤ ਦੇ ਸ਼ੇਅਰਾਂ ਵਿਚ ਸ਼ਬਦ ਏਨੀ ਰੂਹਦਾਰੀ ਅਤੇ ਸਹਿਜ ਨਾਲ ਦਾਖਲ ਹੁੰਦੇ ਨੇ ਕਿ ਖ਼ਿਆਲਾਂ ਦਾ ਅਸਮਾਨ ਜਗਮਗਾ ਉਠਦਾ ਹੈ। ਉਹ ਆਮ ਵਰਤੀ ਜਾਂਦੀ ਭਾਸ਼ਾ ਵਿਚ ਆਪਣੀ ਕਲਾਤਮਕ ਛੋਹ ਨਾਲ ਅਜਿਹਾ ਜਾਦੂ ਭਰ ਦਿੰਦਾ ਹੈ ਕਿ ਫਿਜ਼ਾ ਵਿਚ ਹਰਫ਼ਾਂ ਦੀ ਗੂੰਜ ਫੈਲ ਜਾਂਦੀ ਹੈ।"




ਲੰਡਨ ਦੀ ਰੁਝੇਵਿਆਂ ਭਰੀ ਜ਼ਿੰਦਗੀ ਜਿਉਂਦਿਆਂ ਵੀ ਉਹਦੀ ਸਹਿਜਤਾ ਤੇ ਰੂਹਦਾਰੀ ਉਸ ਦੀਆਂ ਗ਼ਜ਼ਲਾਂ ਦੀ ਖ਼ਾਸੀਅਤ ਹੈ। ਇਸੇ ਕਰ ਕੇ ਉਸ ਦੇ ਪ੍ਰਗਟਾ ਸਬਰ ਵਿਆਪਕ ਹੋ ਜਾਂਦੇ ਨੇ-

ਤੁਰ ਜਾਂਵਾ ਮੈਂ ਵੀ ਕੰਮ ਨੂੰ, ਗੁੰਮ ਜਾਵਾਂ ਭੀੜ ਵਿਚ
ਪੋਣੇ 'ਚ ਬੰਨ੍ਹ ਕੇ ਰੋਟੀਆਂ, ਗੁੜ ਦੀ ਡਲ਼ੀ ਦੇ ਨਾਲ (ਪੰਨਾ 76)

ਪ੍ਰਦੇਸ ਵੱਸਦਿਆਂ ਹੋਇਆਂ ਵੀ ਇਥੋਂ ਦੇ ਸਮਾਜਕ-ਰਾਜਨੀਤਕ ਹਲਾਤਾਂ ਬਾਰੇ ਜਾਗਰੁਕ ਤੇ ਫਿਕਰਮੰਦ ਰਹਿੰਦਾ ਹੈ। ਅਖੌਤੀ ਜਿਹੇ ਇਨਕਲਾਬੀਆਂ ਦੀ ਪਹੁੰਚ 'ਤੇ ਕਹਿਣੀ-ਕਰਨੀ ਬਾਰੇ ਉਹ ਲਿਖਦੈ-ਹਨੇਰੀ ਰਾਤ ਵਿਚ ਰਾਹ ਲੱਭਦਿਆਂ ਉਹ ਹੋ ਗਿਆ ਜ਼ਖਮੀ

ਉਹਨੂੰ ਸ਼ੱਕ ਸੀ ਕਿ ਇੱਕ ਸੂਰਜ ਉਦ੍ਹੇ ਮੱਥੇ 'ਚ ਬਲਦਾ ਹੈ (ਪੰਨਾ 40)

ਵੋਟਾਂ ਦੀ ਰਾਜਨੀਤੀ 'ਚ ਮਨੁੱਖਤਾ ਦਾ ਘਾਣ ਕਰ ਕੇ ਖ਼ੁਦ ਹੀ ਰਖਵਾਲੇ ਬਣਨ ਦਾ ਢੋਂਗ ਕਰਨ ਵਾਲੇ ਰਾਜਨੀਤਕਾਂ ਤੋਂ ਪ੍ਰੇਸ਼ਾਨ ਹੋ ਉਹ ਲਿਖਦੈ-

ਭੇਜੇ ਸਨ ਬਾਗਾਂ ਨੂੰ, ਜੋ ਮਹਿਕਾਂ ਲੈਣ ਲਈ
ਕੁਝ ਨਾਅਰੇ ਲੈ ਆਏ, ਤੇ ਕੁਝ ਹਥਿਆਰ ਨਵੇਂ

ਅਜੇਹੇ ਵਿਸ਼ਲੇਸ਼ਨ ਕਰਦਿਆਂ ਕਈ ਵਾਰ ਉਸ ਦੀ ਕਲਮ ਪਲ ਕੁ ਭਰ ਲਈ ਨਿਰਾਸ਼ਾ ਦੇ ਆਲਮ 'ਚ ਵੀ ਡੁੱਬ ਜਾਂਦੀ ਹੈ-

ਨ੍ਹੇਰ ਦੇ ਸੁੰਨੇ ਪਲਾਂ ਵਿਚ ਭਟਕਦੇ 'ਕੱਲੇ ਅਸੀਂ
ਭਾਲ਼ਦੇ ਪੂਰਬ ਨੂੰ ਖ਼ੁਦ ਹੀ ਅਸਤ ਹੋ ਚੱਲੇ ਅਸੀਂ (ਪੰਨਾ 47)

ਮੈਂ ਜਦੋਂ ਵੀ ਉਸ ਨੂੰ ਮਿਲਦਾਂ ਹਾਂ, ਹਰ ਸੰਵੇਦਨਸ਼ੀਲ ਮਨੁੱਖ ਵਾਗ ਉਹ ਮੈਨੂੰ ਕਿਸੇ ਨਾ ਕਿਸੇ ਮੁਸੀਬਤ 'ਚ ਫਸਿਆ ਹੀ ਮਿਲਦੈ, ਪਰ ਮੈਂ ਕਦੇ ਉਸ ਦੇ ਮੱਥੇ ਤਿਉੜੀ ਨਹੀਂ ਦੇਖੀ ਸਗੋਂ ਉਹ ਸਦਾ ਮੁਸਕਰਾ ਕੇ ਜੂਝਦਾ ਹੀ ਮਿਲਿਆ, ਆਪਣੇ ਸੁਭਾਅ ਮੁਤਾਬਕ ਹੀ ਰਾਜਿੰਦਰਜੀਤ ਇਸ ਨਿਰਾਸ਼ਾ 'ਚ ਸਦਾਚਿਰ ਡੁੱਬ ਕੇ ਨਹੀਂ ਬੈਠਦਾ ਸਗੋਂ ਅਗਲੇ ਹੀ ਪਲ ਉਹ ਆਸ ਪੱਲ੍ਹਾ ਫੜਦੈ-

ਹੁਣੇ ਹੀ ਚਹਿਕੀਆਂ ਚਿੜੀਆਂ ਤੇ ਪੌਣ ਰੁਮਕੀ ਹੈ
ਤੂੰ ਆਪਣੀ ਸ਼ਾਖ ਨੂੰ ਕਹਿ ਦੇ ਅਜੇ ਨਾ ਕਮਲਾਵੇ (ਪੰਨਾ 59)

ਹਰ ਲੇਖ਼ਕ ਕਿਸੇ ਆਪਣੇ ਦੇ ਹੇਰਵੇ 'ਚ ਲਿਖਣਾ ਸ਼ੁਰੂ ਕਰਦਾ ਹੈ, ਫਿਰ ਇਹੀ ਨਿੱਜ ਦਾ ਦੁਖਾਂਤ ਹੀ ਪ੍ਰਪੱਕ ਹੋ ਕੇ ਮਾਨਵਤਾ ਦੇ ਦੁੱਖ ਸਮਝਣ-ਲਿਖਣ ਜੋਗਾ ਹੰਦਾ ਹੈ। ਅਜੇਹੇ ਰੰਗ ਰਾਜਿੰਦਰਜੀਤ ਦੀਆਂ ਲਿਖਤਾਂ 'ਚ ਮਿਲਦੇ ਹਨ, ਉਸ ਦੇ ਅਹਿਸਾਸ ਦੀ ਸ਼ਿੱਦਤ ਤਾਂ ਵੇਖੋ-

ਯਾਦ ਤੇਰੀ ਪੀੜ ਸੀ ਦਿਲ ਦੀ ਕਦੇ
ਹੌਲੀ-ਹੌਲੀ ਰੂਹ ਦਾ ਕੱਜਣ ਹੋ ਗਈ (ਪੰਨਾ 71)

ਅੱਧਮੋਈ ਹੋ ਕੇ ਰਹਿ ਗਈ ਹੱਥਾਂ ਦੀ ਛੋਹ ਬਿਨਾਂ
ਪਾਈ ਸੀ ਚਾਵਾਂ ਨਾਲ ਜੋ ਘੁੱਗੀ ਰੁਮਾਲ 'ਤੇ (ਪੰਨਾ 36)

ਵੈਸੇ ਤਾਂ ਉਹ ਹੇਰਵੇ ਨੂੰ ਦਿਲ ਦੀਆਂ ਤਹਾਂ 'ਚ ਸਮੋ ਇਸ ਦਾ ਮੰਥਨ ਕਰਦਾ ਰਹਿੰਦਾ ਹੈ, ਇਸ ਨੂੰ ਸਿੱਧੇ ਰੂਪ ਕਦੇ ਸਾਹਮਣੇ ਨਹੀਂ ਆਉਣ ਦਿੰਦਾ, ਪਰ ਉਸ ਨੂੰ ਵਿਸਾਰ ਵੀ ਨਹੀਂ ਸਕਦਾ। ਅਜੋਕੀ ਅੰਨ੍ਹੀ-ਦੌੜ ਭਰੀ ਜ਼ਿੰਦ.ਗੀ 'ਚ ਹਰ ਮਨੁੱਖ ਕਿਸੇ ਨਾ ਕਿਸੇ ਰੂਪ ਪਰਵਾਸ ਦਾ ਸੰਤਾਪ ਜਾਂ ਹੇਰਵਾ ਹੰਢਾ ਰਿਹਾ ਹੈ ਤੇ ਸ਼ਾਇਦ ਉਹ ਵੀ-

ਰੋਹੀਆਂ 'ਚ ਰੁਲਦਿਆਂ ਨੂੰ, ਭੱਖੜੇ 'ਤੇ ਤੁਰਦਿਆਂ ਨੂੰ
ਮਿਲਿਆ ਨਾ ਖੜ ਕੇ ਰੋਣਾ ਅੰਦਰਲੇ ਮੁਰਦਿਆਂ ਨੂੰ (ਪੰਨਾ 55)

ਬਿਗਾਨੇ ਸ਼ਹਿਰ ਵਿਚ ਖ਼ੁਸ਼ ਰਹਿਣ ਦਾ ਸਾਮਾਨ ਹੈ ਸਾਰਾ
ਬਿਠਾ ਕੇ ਗੋਦ ਅੱਥਰੂ ਪੂੰਝਦੀ ਪਰ ਮਾਂ ਨਹੀ ਕੋਈ (ਪੰਨਾ 35)

ਉਹ ਪੰਜਾਬੀ ਸ਼ਾਇਰੀ 'ਚ ਵਰ੍ਹਿਆਂ ਜਾਂ ਸਦੀਆਂ ਪੁਰਾਣੀਆਂ ਮਿੱਥਾਂ ਦਾ ਅੱਜ ਦੇ ਸਮੇ ਦੇ ਪ੍ਰਸੰਗ 'ਚ ਵਿਸ਼ਲੇਸ਼ਨ ਵੀ ਕਰਦਾ ਹੈ, ਜਿਵੇਂ ਪਿਛਲੇ ਦਹਾਕਿਆਂ 'ਚ ਚੱਲੀ ਕਾਲੀ ਹਨੇਰੀ ਬਾਰੇ ਉਹ ਲਿਖਦਾ ਹੈ-

ਉਹ ਜੋ ਜੋਬਨ ਦੀ ਰੁੱਤੇ ਘਰਾਂ ਤੋਂ ਗਏ
ਨਾ ਘਰਾਂ ਨੂੰ ਮੁੜੇ ਨਾ ਸਿਵੇ ਤੱਕ ਗਏ
ਰੁੱਤ ਕਾਲ਼ੀ ਜਿਨ੍ਹਾਂ ਨੂੰ ਨਿ.ਗਲ ਹੀ ਗਈ
ਉਹ ਨਾ ਫੁੱਲ ਬਣ ਸਕੇ ਤੇ ਨਾ ਤਾਰੇ ਬਣੇ।

'ਸਾਵੇ ਅਕਸ' ਵਿਚੋਂ ਚੁਨੀਦਾ ਗ਼ਜ਼ਲਾਂ ਨੂੰ ਦਿੱਲੀ ਯੂਨੀਵਰਸਟੀ ਦੇ ਪ੍ਰੋ. ਰਾਜਪਾਲ ਦੀ ਸੰਗੀਤ ਨਿਰਦੇਸ਼ਨਾ ਹੇਠ ਸਫਲਤਾ ਪੂਰਵਕ ਗਾ ਕੇ, ਰਾਜਿੰਦਰਜੀਤ ਆਪਣੀ ਅਵਾਜ਼ ਅਤੇ ਅੰਦਾਜ਼ ਨਾਲ ਆਡੀਓ ਸੀ.ਡੀ 'ਸਾਵੇ ਅਕਸ' ਦੇ ਜ਼ਰੀਏ ਵੀ ਆਪਣੇ ਸਰੋਤਿਆਂ ਦੇ ਸਨਮੁੱਖ ਹੋਇਆ ਹੈ।

ਉਹ ਖ਼ੂਬਸੂਰਤ ਸਰਵਰਕ 'ਚ ਬੱਝੀ ਇਸ ਕਿਤਾਬ ਦੀ ਸ਼ੁਰੂਆਤ ਤੇ ਮੁਕਾਅ, ਕਾਵਿਕ ਅੰਦਾਜ਼ 'ਚ ਲਿਖੀ ਨਿਵੇਕਲੀ ਆਦਿਕਾ-ਅੰਤਿਕਾ ਨਾਲ ਕਰਦਾ ਹੈ। ਉਸ ਦੀ ਇਸ ਮਾਣਮੱਤੀ ਸਫਲਤਾ ਨੂੰ ਜੇ ਮੈਂ ਉਸ ਦੇ ਹੀ ਸ਼ਬਦਾਂ 'ਚ ਲਿਖਾਂ-

ਚੁਫ਼ੇਰੇ ਚਿਣੇ ਹੋਣ ਸ਼ਬਦਾਂ ਦੇ ਮੋਤੀ
ਤੇ ਚਾਨਣ ਖਿਲਾਰੇ ਖ਼ਿਆਲਾਂ ਦੀ ਜੋਤੀ
ਸਜ਼ਾਵਾਂ ਇਨ੍ਹਾਂ ਨੂੰ ਮੈਂ ਇਉਂ ਵਰਕਿਆਂ 'ਤੇ
ਜਿਵੇਂ ਸਿਰ ਸਜੀ ਹੋਈ ਦਸਤਾਰ ਹੋਵੇ ਪੰਨਾ

ਸ਼ਾਲਾ, ਉਸ ਦਾ ਇਹ ਯਤਨ ਸੱਚਮੁੱਚ ਹੀ ਪੰਜਾਬੀ ਗ਼ਜ਼ਲ 'ਸਿਰ ਸਜੀ ਦਸਤਾਰ' ਸਾਬਤ ਹੋਵੇ।

Gurpreet Singh Sohal (B.E. Mech.)
Tel.: 780.935.2990
Driver Instructor
Professional Training
Class 4
Class 5 Basic
Class 5 Advance

Please Call
Lock Smith
If:
→ Your Car is Locked
→ Your Car Need Boost
Rental Car Available For Road Test (Dual Brake)

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL
STUCCO & RENOVATION

Residential
Commercial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਈਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਪੌਸ਼ਟਿਕ ਤੱਤਾਂ ਨਾਲ ਭਰਪੂਰ ਟਮਾਟਰ



ਘਰਾਂ ਵਿਚ ਆਮ ਪਾਇਆ ਜਾਣ ਵਾਲਾ ਫ਼ਲ ਟਮਾਟਰ ਬਹੁਤ ਹੀ ਗੁਣਕਾਰੀ ਹੈ। ਇਸ ਦੀ ਤਾਸੀਰ ਨਾ ਠੰਢੀ ਹੁੰਦੀ ਹੈ ਅਤੇ ਨਾ ਹੀ ਗਰਮ। ਇਹ ਸਾਡੇ ਸਰੀਰ ਵਿਚਲੀ ਕਲੈਸਟਰੋਲ ਦੀ ਮਾਤਰਾ ਘੱਟ ਕਰਦਾ ਹੈ। ਜੇ ਫ਼ਲ ਦੇ ਤੌਰ ’ਤੇ ਇਸ ਦੀ ਗੱਲ ਕਰੀਏ ਤਾਂ ਇਸ ਵਿਚ ਸੇਬ ਅਤੇ ਸੰਤਰੇ ਜਿੰਨੀ ਹੀ ਪੌਸ਼ਟਿਕਤਾ ਪਾਈ ਜਾਂਦੀ ਹੈ। ਟਮਾਟਰ ਦੇ ਰਸ ਵਿਚ ਸ਼ਹਿਦ ਮਿਲਾ ਕੇ ਖਾਣ ਨਾਲ ਇਸ ਦੀ ਪੌਸ਼ਟਿਕਤਾ ਹੋਰ ਵਧ ਜਾਂਦੀ ਹੈ। ਟਮਾਟਰ ਵਿਚ ਪ੍ਰੋਟੀਨ, ਚਰਬੀ, ਖਣਿਜ, ਕਾਰਬੋਹਾਈਡ੍ਰੇਟ, ਪੋਟਾਸ਼ੀਅਮ, ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਫਾਸਫੋਰਸ, ਸਲਫਰ, ਸਿਲੀਕੋਨ, ਕਲੋਰੀਨ, ਵਿਟਾਮਿਨ-1, 2 ਅਤੇ 5 ਪਾਏ ਜਾਂਦੇ ਹਨ। ਬਾਕੀ ਸਬਜ਼ੀਆਂ ਵਾਂਗ ਗਰਮ ਕਰਨ ’ਤੇ ਇਸ ਦੇ ਤੱਤ ਨਸ਼ਟ ਨਹੀਂ ਹੁੰਦੇ।

ਇਹ ਗਠੀਏ ਅਤੇ ਸ਼ੂਗਰ ਦੇ ਮਰੀਜ਼ਾਂ ਲਈ ਗੁਣਕਾਰੀ ਹੈ। ਇਹ ਮੋਟਾਪਾ ਘੱਟ ਕਰਦਾ ਹੈ। ਇਸ ਵਿਚਲਾ ਖੱਟਾਪਨ ਸ਼ੂਗਰ ਨੂੰ ਘੱਟ ਕਰਦਾ ਹੈ ਅਤੇ ਇਸ ਨੂੰ ਕਾਬੂ ਵਿਚ ਰੱਖਣ ’ਚ ਮਦਦ ਕਰਦਾ ਹੈ। ਟਮਾਟਰ ਨੂੰ ਕਾਲਾ ਨਮਕ ਲਾ ਕੇ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ ਤੇ ਭੁੱਖ ਵੀ ਵਧਦੀ ਹੈ। ਇਸ ਵਿਚ ਲੋਹ ਤੱਤ ਕਾਫ਼ੀ ਮਾਤਰਾ ਵਿਚ ਪਾਇਆ ਜਾਂਦਾ ਹੈ। ਗਰਭ ਅਵਸਥਾ ਦੌਰਾਨ ਰੋਜ਼ਾਨਾ 1 ਗਲਾਸ ਟਮਾਟਰ ਦਾ ਜੂਸ ਜਾਂ ਸੂਪ ਬਣਾ ਕੇ ਪੀਣ ਨਾਲ ਖ਼ੂਨ ਦੀ ਕਮੀ ਨਹੀਂ ਹੁੰਦੀ। ਟਮਾਟਰ ਵਿਚ ਚੂਨਾ ਜ਼ਿਆਦਾ ਮਾਤਰਾ ਵਿਚ ਪਾਇਆ ਜਾਂਦਾ ਹੈ। ਮੂੰਹ ਦੇ ਛਾਲੇ ਹੋਣ ’ਤੇ ਟਮਾਟਰ ਦੇ ਰਸ ਨਾਲ ਕੁਰਲੀ ਕਰਨ ’ਤੇ ਲਾਭ ਮਿਲਦਾ ਹੈ। ਪੀਲੀਏ ਦੇ ਮਰੀਜ਼ ਨੂੰ ਰੋਜ਼ਾਨਾ 1 ਗਲਾਸ ਟਮਾਟਰ ਦਾ ਜੂਸ ਪੀਣਾ ਚਾਹੀਦਾ ਹੈ। ਇਹ ਮਰੀਜ਼ ਨੂੰ ਤਰੋਤਾਜ਼ਾ ਕਰ ਦਿੰਦਾ ਹੈ। ਇਹ ਖੁਸ਼ਕੀ ਦੂਰ ਕਰਦਾ ਹੈ। ਇਸ ਨੂੰ ਭੁੱਖੇ ਪੇਟ ਖਾਣਾ ਜ਼ਿਆਦਾ ਫ਼ਾਇਦੇਮੰਦ ਹੁੰਦਾ ਹੈ। ਇਸ ਨੂੰ ਖਾਣ ਤੋਂ ਬਾਅਦ ਇੱਕ ਘੰਟੇ ਤਕ ਕੁਝ ਵੀ ਨਹੀਂ ਖਾਣਾ ਚਾਹੀਦਾ। ਸਾਧਾਰਨ ਬੁਖ਼ਾਰ ਵਿਚ ਟਮਾਟਰ ਦਾ ਰਸ ਲੈਣਾ ਚਾਹੀਦਾ ਹੈ। ਇਹ ਛੋਟੇ ਬੱਚਿਆਂ ਲਈ ਵੀ ਫ਼ਾਇਦੇਮੰਦ ਹੈ।

**ਸਾਵਧਾਨੀਆਂ**

1. ਪਥਰੀ ਦੇ ਰੋਗੀ ਨੂੰ ਟਮਾਟਰ ਦਾ ਸੇਵਨ ਨਹੀਂ ਕਰਨਾ ਚਾਹੀਦਾ।
2. ਜ਼ਿਆਦਾ ਖਾਂਸੀ ਹੋਣ ’ਤੇ ਟਮਾਟਰ ਨਹੀਂ ਖਾਣਾ ਚਾਹੀਦਾ।
3. ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਜਾਂ ਸਰੀਰ ਵਿਚ ਕਿਧਰੇ ਸੋਜ਼ ਹੋਵੇ ਤਾਂ ਟਮਾਟਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
4. ਟਮਾਟਰ ਖਾਣ ਤੋਂ ਬਾਅਦ ਪਾਣੀ ਨਹੀਂ ਪੀਣਾ ਚਾਹੀਦਾ।

## ਘਰੇਲੂ ਨੁਸਖੇ

- ਭੋਜਨ ਕਰਨ ਤੋਂ ਬਾਅਦ ਸੌਂਫ ਅਤੇ ਮਿਸ਼ਰੀ ਮਿਲਾ ਕੇ ਖਾਣ ਨਾਲ ਸਾਡੀ ਪਾਚਨ ਸ਼ਕਤੀ ਵਿਚ ਵਾਧਾ ਹੁੰਦਾ ਹੈ ਤੇ ਇਸ ਨਾਲ ਭੋਜਨ ਵੀ ਆਸਾਨੀ ਨਾਲ ਪਚ ਜਾਂਦਾ ਹੈ।
- ਖਾਂਸੀ ਅਤੇ ਵਮਨ ਹੋਣ ’ਤੇ ਧਨੀਏ ਦੇ ਪੱਤਿਆਂ ਦਾ ਰਸ ਡਾਕਟਰ ਦੀ ਸਲਾਹ ਨਾਲ ਲਓ। ਫ਼ਾਇਦਾ ਮਿਲੇਗਾ।
- ਖੱਟੇ ਡਕਾਰ ਆਉਂਦੇ ਹੋਣ ਤਾਂ ਸੌਂਫ ਦਾ ਚੂਰਨ ਕੋਸੇ ਪਾਣੀ ਨਾਲ ਲੈਣ ’ਤੇ ਆਰਾਮ ਮਿਲਦਾ ਹੈ।
- ਦੋ ਚਮਚ ਸ਼ਹਿਦ ਵਿਚ ਇਕ ਚਮਚ ਨਿੰਬੂ ਦਾ ਰਸ ਮਿਲਾ ਕੇ ਸਵੇਰੇ-ਸ਼ਾਮ ਪੀਣ ਨਾਲ ਬਲੱਡ ਪ੍ਰੈਸ਼ਰ ਘੱਟ ਹੁੰਦਾ ਹੈ।
- ਖਾਂਸੀ ਹੋਣ ’ਤੇ ਤੁਲਸੀ ਦੇ ਰਸ ਦਾ ਸੇਵਨ ਕਰਨਾ ਕਾਫ਼ੀ ਲਾਭਕਾਰੀ ਹੈ।
- ਮੇਥੀ ਦੇ ਲੱਡੂ ਖਾਣ ਨਾਲ ਜੋੜਾਂ ਦੇ ਦਰਦ ’ਚ ਲਾਭ ਮਿਲਦਾ ਹੈ।
- ਸੁੱਕੇ ਅਦਰਕ ਨੂੰ ਪਾਣੀ ਨਾਲ ਪੀਸ ਕੇ ਪੇਸਟ ਬਣਾ ਕੇ ਮੱਥੇ ’ਤੇ ਲਗਾਉਣ ਨਾਲ ਸਿਰਦਰਦ ਦੂਰ ਹੁੰਦਾ ਹੈ।
- ਪਿਆਜ਼ ਦਾ ਰਸ ਕੋਸਾ ਕਰ ਕੇ ਕੰਨ ’ਚ ਪਾਉਣ ਨਾਲ ਦਰਦ ਤੋਂ ਰਾਹਤ ਮਿਲਦੀ ਹੈ।
- ਦੁੱਧ ਵਿਚ ਥੋੜ੍ਹਾ ਜਿਹਾ ਘਿਓ ਪਾ ਕੇ ਸੌਣ ਵੇਲੇ ਪੀਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੇ।
- ਸੱਟ-ਫੇਟ ਲੱਗਣ ’ਤੇ ਇੱਕ ਗਿਲਾਸ ਦੁੱਧ ਵਿਚ ਚੁਟਕੀ ਭਰ ਹਲਦੀ ਪਾ ਕੇ ਇਸ ਦਾ ਸੇਵਨ ਲਾਭਕਾਰੀ ਹੈ।
- ਗੈਸ ਹੋਣ ’ਤੇ ਪੇਟ ਦਰਦ ਕਰ ਰਿਹਾ ਹੋਵੇ ਤਾਂ ਚੁਟਕੀ ਭਰ ਅਜਵਾਇਣ ਵਿਚ ਥੋੜ੍ਹਾ ਜਿਹਾ ਨਮਕ ਮਿਲਾ ਕੇ ਥੋੜ੍ਹੇ ਜਿਹੇ ਗਰਮ ਪਾਣੀ ਲਵੋ। ਆਰਾਮ ਮਿਲੇਗਾ।






## ਔਸ਼ਧੀ ਗੁਣਾਂ ਵਾਲਾ ਬਾਥੂ



‘ਬਾਥੂ’ ਹਿੰਦੋਸਤਾਨ ਵਿਚ ਹਰ ਥਾਂ ਪਾਇਆ ਜਾਂਦਾ ਹੈ। ਪੰਜਾਬ ਅਤੇ ਹਰਿਆਣਾ ਵਿਚ ਲੋਕ ਬਾਥੂ ਦੀ ਵਰਤੋਂ ਸਰ੍ਹੋਂ ਦੇ ਸਾਗ ਵਿਚ ਵੀ ਕਰਦੇ ਹਨ। ਗ਼ਰੀਬ ਲੋਕ ਇਸ ਦਾ ਸਾਗ ਬਣਾ ਕੇ ਖਾਂਦੇ ਹਨ। ਬਾਥੂ ਦੇ ਪੱਤਿਆਂ ਨੂੰ ਉਬਾਲ ਅਤੇ ਨਿਚੋੜ ਕੇ ਦਹੀਂ ਵਿਚ ਮਿਲਾ ਕੇ ਰਾਇਤੇ ਦੇ ਰੂਪ ਵਿਚ ਖਾਧਾ ਜਾਂਦਾ ਹੈ। ਇਸ ਦੀ ਤਸੀਰ ਠੰਢੀ ਹੁੰਦੀ ਹੈ। ਇਸ ਵਿਚ ਲੋਹਾ ਭਰਪੂਰ ਮਾਤਰਾ ਵਿਚ ਹੁੰਦਾ ਹੈ।

ਹੁਕਵਰਮ ਰੋਗ ਵਿਚ ਮਨੁੱਖ ਦੇ ਪੇਟ ਵਿਚ ਖ਼ਾਸ ਪ੍ਰਕਾਰ ਦੇ ਕੀੜੇ ਪੈਦਾ ਹੋ ਜਾਂਦੇ ਹਨ, ਜਿਸ ਕਾਰਨ ਰੋਗੀ ਕਮਜ਼ੋਰ ਹੋ ਜਾਂਦਾ ਹੈ। ਇਸ ਰੋਗ ਨੂੰ ਦੂਰ ਕਰਨ ਲਈ ਬਾਥੂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬਾਥੂ ਦੇ ਬੀਜਾਂ ਦਾ ਤੇਲ ਚੀਨੋਪੋਡੀਅਮ ਨਾਂ ਦੀ ਔਸ਼ਧੀ ਦੇ ਰੂਪ ਵਿਚ ਮਿਲਦਾ ਹੈ। ਇਸ ਦੀ ਥੋੜ੍ਹੀ ਜਿਹੀ ਮਾਤਰਾ ਇਸ ਰੋਗ ਨੂੰ ਠੀਕ ਕਰ ਸਕਦੀ ਹੈ। ਕੁਝ ਹਫ਼ਤੇ ਤਕ ਰੋਜ਼ ਬਾਥੂ ਦੀ ਸਬਜ਼ੀ ਖਾਣ ਨਾਲ ਵੀ ਕੀੜੇ ਮਰ ਜਾਂਦੇ ਹਨ। ਕੱਚੇ ਬਾਥੂ ਦਾ ਰਸ ਇਕ ਕੱਪ 10 ਦਿਨ ਤਕ ਨਮਕ ਪਾ ਕੇ ਇਕ ਵਾਰ ਰੋਜ਼ ਪੀਂਦੇ ਰਹਿਣ ਨਾਲ ਕੀੜੇ ਮਰ ਜਾਂਦੇ ਹਨ। ਇਸ ਦੇ ਬੀਜ ਪੀਸ ਕੇ ਇਕ ਚਮਚ ਸ਼ਹਿਦ ਵਿਚ ਮਿਲਾ ਕੇ ਚੱਟਣ ਨਾਲ ਵੀ ਕੀੜੇ ਮਰ ਜਾਂਦੇ ਹਨ। ਬਾਥੂ ਉਬਾਲ ਕੇ ਇਸ ਦੇ ਪਾਣੀ ਨਾਲ ਸਿਰ ਧੋਣ ਨਾਲ ਜੂੰਆਂ ਮਰ ਜਾਂਦੀਆਂ ਹਨ ਅਤੇ ਸਿੱਕਰੀ ਵੀ ਦੂਰ ਹੋ ਜਾਂਦੀ ਹੈ। ਇਸ ਦੀ ਵਰਤੋਂ ਨਾਲ ਕਬਜ਼ ਵੀ ਦੂਰ ਹੋ ਜਾਂਦੀ ਹੈ।

## ਫ਼ਾਇਦੇਮੰਦ ਸੇਮ

ਸੇਮ ਇਕ ਵੇਲ ਹੈ। ਇਸ ਦੀਆਂ ਫਲੀਆਂ ਦੀ ਵਰਤੋਂ ਸਬਜ਼ੀ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਸ ਦੀ ਤਾਸੀਰ ਠੰਢੀ ਹੁੰਦੀ ਹੈ। ਇਸ ਵਿਚ ਬਹੁਤ ਸਾਰੇ ਖਣਿਜ ਅਤੇ ਵਿਟਾਮਿਨ ਪਾਏ ਜਾਂਦੇ ਹਨ। ਇਸ ਦੀ 100 ਗ੍ਰਾਮ ਮਾਤਰਾ ਵਿਚ ਕੈਲਸ਼ੀਅਮ 210 ਮਿਲੀਗ੍ਰਾਮ, ਫਾਸਫੋਰਸ 68 ਮਿਲੀਗ੍ਰਾਮ, ਮੈਗਨੀਸ਼ੀਅਮ 34 ਮਿਲੀਗ੍ਰਾਮ, ਸੋਡੀਅਮ 56 ਮਿਲੀਗ੍ਰਾਮ, ਪੋਟਾਸ਼ੀਅਮ 74 ਮਿਲੀਗ੍ਰਾਮ, ਸਲਫਰ 40 ਮਿਲੀਗ੍ਰਾਮ, ਲੋਹਾ 1.7 ਮਿਲੀਗ੍ਰਾਮ, ਵਿਟਾਮਿਨ -ਏ 312 ਆਈ.ਯੂ. ਅਤੇ ਵਿਟਾਮਿਨ -ਸੀ 9 ਮਿਲੀਗ੍ਰਾਮ ਪਾਏ ਜਾਂਦੇ ਹਨ। ਇਸ ਵਿਚ ਤਾਂਬਾ, ਵਿਟਾਮਿਨ ਬੀ-1, ਬੀ-2 ਅਤੇ ਬੀ-3 ਵੀ ਪਾਏ ਜਾਂਦੇ ਹਨ। ਇਸ ਵਿਚ ਫਲੇਵਵੋਨਾਇਡ ਪਾਏ ਜਾਂਦੇ ਹਨ ਜਿਹੜੇ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟ ਹਨ।



ਸੰਸਾਰ ਵਿਚ ਕਰੋੜਾਂ ਹੀ ਲੋਕ ਸ਼ੂਗਰ ਰੋਗ ਤੋਂ ਪੀੜਤ ਹਨ। ਸ਼ੂਗਰ ਦਾ ਰੋਗ ਇਨਸੂਲਿਨ ਦੀ ਕਮੀ ਕਾਰਨ ਹੁੰਦਾ ਹੈ। ਇਸ ਰੋਗ ਦਾ ਗੁਰਦਿਆਂ ਅਤੇ ਅੱਖਾਂ ’ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਸੇਮ ਦੀ ਵਰਤੋਂ ਸ਼ੂਗਰ ਰੋਗ ਤੋਂ ਬਚਾਉਂਦੀ ਹੈ। ਸੇਮ ਵਿਚ ਕੁਦਰਤੀ ਇਨਸੂਲਿਨ ਪਾਇਆ ਜਾਂਦਾ ਹੈ ਜੋ ਸਰੀਰ ਵਿਚ ਸ਼ੂਗਰ ਨੂੰ ਨਸ਼ਟ ਕਰਨ ਵਿਚ ਸਹਾਇਕ ਹੁੰਦਾ ਹੈ। ਸ਼ੂਗਰ ਰੋਗੀ ਨੂੰ ਹਰ ਰੋਜ਼ ਕੱਚੀ ਸੇਮ ਦੀ ਫਲੀ ਦਾ ਰਸ ਇਕ ਕੱਪ ਦੋ ਵਾਰ ਪੀਣਾ ਚਾਹੀਦਾ ਹੈ। ਇਸ ਦੀ ਸਬਜ਼ੀ ਖਾਧੀ ਜਾ ਸਕਦੀ ਹੈ। ਇਸ ਦੀ ਵਰਤੋਂ ਕਰਦੇ ਰਹਿਣ ਨਾਲ ਸਰੀਰ ਵਿਚ ਇਨਸੂਲਿਨ ਦੀ ਕਮੀ ਪੂਰੀ ਹੋ ਜਾਂਦੀ ਹੈ। ਇਸ ਲਈ ਸੇਮ ਦੀ ਵਰਤੋਂ ਨਾਲ ਸ਼ੂਗਰ ਰੋਗ ਤੋਂ ਬਚਾਅ ਰਹਿੰਦਾ ਹੈ। ਇਸ ਵਿਚ ਰੇਸ਼ੇ ਦੀ ਮਾਤਰਾ ਕਾਫ਼ੀ ਹੁੰਦੀ ਹੈ। ਇਸ ਨੂੰ ਖਾਣ ਨਾਲ ਕਬਜ਼ ਨਹੀਂ ਹੁੰਦੀ। ਇਸ ਵਿਚ ਮੌਜੂਦ ਲੋਹ ਤੱਤ ਸਰੀਰ ਵਿਚ ਨਵੇਂ ਖ਼ੂਨ ਦੀ ਰਚਨਾ ਕਰਦਾ ਹੈ।

# ਹਾਕੀ ਨੂੰ ਪ੍ਰਫੁੱਲਤ ਕਰਨ ਲਈ 'ਜਸਟ ਪਲੇਅ' ਪ੍ਰੋਗਰਾਮ ਕਰਵਾਇਆ



ਵਿਨੀਪੈਗ-(ਨਦਬ) ਹਾਕੀ ਡਿਸਕਵਰੀ ਡੇਅ ਦੇ ਮੌਕੇ ਹਾਕੀ ਮੈਨੀਟੋਬਾ ਵੱਲੋਂ ਜਸਟ ਪਲੇਅ ਨਾਂ ਦੇ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 26 ਬੱਚਿਆਂ ਨੂੰ ਚੁਣ ਕੇ ਵਿਸ਼ੇਸ਼ ਤੌਰ 'ਤੇ ਹਾਕੀ ਖੇਡਣ ਦਾ ਮੌਕਾ ਦਿੱਤਾ ਗਿਆ। ਦੋ ਸੰਸਥਾਵਾਂ ਵੱਲੋਂ ਇਹਨਾਂ ਬੱਚਿਆਂ ਦੀਆਂ ਦੋ ਟੀਮਾਂ ਬਣਾਈਆਂ ਗਈਆਂ। ਜ਼ਿਕਰਯੋਗ ਹੈ ਕਿ ਇਹਨਾਂ ਬੱਚਿਆਂ ਦੀ ਉਮਰ ਪੰਜ ਤੋਂ ਬਾਰ੍ਹਾਂ ਸਾਲ ਵਿਚਕਾਰ ਸੀ। ਇਸ ਮੌਕੇ ਬੱਚਿਆਂ ਨੂੰ ਦਿੱਤਾ ਗਿਆ ਖੇਡ ਦਾ ਸਾਮਾਨ ਚੰਦਾ ਇਕੱਠਾ ਕਰਕੇ ਲਿਆਂਦਾ ਗਿਆ ਸੀ। ਇਹਨਾਂ ਬੱਚਿਆਂ ਵਿੱਚੋਂ ਬਹੁਤ ਸਾਰੇ ਬੱਚੇ ਪਹਿਲੀ ਵਾਰ ਮੈਦਾਨ ਵਿੱਚ ਆਏ ਸਨ। ਹਾਕੀ ਮੈਨੀਟੋਬਾ ਦੇ ਪ੍ਰਬੰਧਕ ਡਸਟਿਨ ਸਟੀਵਾਰਟ ਨੇ ਇਸ ਟੂਰਨਾਮੈਂਟ ਬਾਰੇ ਬੋਲਦਿਆਂ ਕਿਹਾ ਕਿ ਇਹ ਟੂਰਨਾਮੈਂਟ ਕਰਵਾਉਣ ਦਾ ਸਾਡਾ ਮਕਸਦ ਹਾਕੀ ਨੂੰ ਪ੍ਰਮੋਟ ਕਰਨਾ ਹੈ। ਉਹਨਾਂ ਕਿਹਾ ਕਿ ਪਿਛਲੇ ਕੁੱਝ ਸਮੇਂ ਵਿੱਚ ਹਾਕੀ ਦੀ ਸਥਿਤੀ ਨਾਜ਼ੁਕ ਹੋਈ ਹੈ ਜੋ ਕਿ ਚਿੰਤਾਜਨਕ ਹੈ। ਇਸ ਸਥਿਤੀ ਨੂੰ ਦੇਖਦਿਆਂ ਅਸੀਂ ਬੱਚਿਆਂ ਨੂੰ ਇਸ ਖੇਡ ਨਾਲ ਜੋੜਨਾ ਚਾਹੁੰਦੇ ਹਾਂ ਤਾਂ ਜੋ ਮੌਜੂਦਾ ਸਥਿਤੀ ਵਿੱਚ ਸੁਧਾਰ ਹੋ ਸਕੇ। ਉਹਨਾਂ ਕਿਹਾ ਕਿ ਅਸੀਂ ਟੂਰਨਾਮੈਂਟ ਲਈ ਸਾਰੀਆਂ ਕਮਿਊਨਿਟੀਆਂ ਦੇ ਬੱਚਿਆਂ ਨੂੰ ਸੱਦਿਆ ਸੀ। ਇਸ ਮੌਕੇ ਕੋਚ ਜੇਨ ਗਲੇਨ ਰਾਈਟ ਨੇ ਕਿਹਾ ਕਿ ਹਾਕੀ ਲੋਕਪ੍ਰਿਅ ਖੇਡ ਹੈ ਤੇ ਇਹ ਕਨੇਡਾ ਦੇ ਸੱਭਿਆਚਾਰ ਦਾ ਹਿੱਸਾ ਹੈ, ਇਸ ਲਈ ਬੱਚਿਆਂ ਨੂੰ ਇਹ ਖੇਡ ਜਰੂਰ ਖੇਡਣੀ ਚਾਹੀਦੀ ਹੈ ਤੇ ਇਸ ਮਾਮਲੇ ਵਿੱਚ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਬੱਚਿਆਂ ਨੂੰ ਇਸ ਖੇਡ ਬਾਰੇ ਜਾਣਕਾਰੀ ਦੇਈਏ ਤੇ ਉਹਨਾਂ ਨੂੰ ਖੇਡਣ ਲਈ ਪ੍ਰੇਰੀਏ।

## 2014 ਫੀਮੇਲ ਵਰਲਡ ਸਪੋਰਟ ਸਕੂਲ ਚੈਲੇਂਜ ਮਾਰਚ ਵਿੱਚ

ਵਿਨੀਪੈਗ-(ਨਦਬ) ਕਨੇਡਾ ਦੇ ਸਾਰੇ ਪ੍ਰੈਪ ਸਕੂਲਾਂ ਦੇ ਹਾਕੀ ਖਿਡਾਰੀ ਮਾਰਚ ਮਹੀਨੇ ਵਿਨੀਪੈਗ ਵਿੱਚ ਇਕੱਠੇ ਹੋਣਗੇ, ਕਿਉਂਕਿ ਸੇਂਟ ਮੈਰੀ ਅਕੈਡਮੀ ਵੱਲੋਂ ਮਾਰਚ 2014 ਦੀ ਫੀਮੇਲ ਵਰਲਡ ਸਪੋਰਟ ਸਕੂਲ ਚੈਲੇਂਜ ਦੀ ਮੇਜ਼ਬਾਨੀ ਕੀਤੀ ਜਾਵੇਗੀ। ਵਿਨੀਪੈਗ ਵਿੱਚ ਇਹ ਟੂਰਨਾਮੈਂਟ ਦੂਜੀ ਵਾਰੀ ਹੋ ਰਿਹਾ ਹੈ। ਇਸ ਤੋਂ ਪਹਿਲਾਂ ਵੀ ਇਹ ਟੂਰਨਾਮੈਂਟ ਦੀ ਮੇਜ਼ਬਾਨੀ ਇਸੇ ਅਕੈਡਮੀ ਵੱਲੋਂ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਸ ਟੂਰਨਾਮੈਂਟ ਵਿੱਚ ਅੱਠ ਟੀਮਾਂ ਭਾਗ ਲੈਣਗੀਆਂ।

**ਸੇਂਟ ਮੈਰੀ ਸਕੂਲ ਕਰੇਗਾ ਮੇਜ਼ਬਾਨੀ**

ਟੂਰਨਾਮੈਂਟ ਦੀ ਸ਼ੁਰੂਆਤ ਐਮਟੀਐਸ ਆਈਸਪਲੈਕਸ ਵਿੱਚ 13 ਮਾਰਚ ਨੂੰ ਹੋਵਗੀ। 15 ਮਾਰਚ ਨੂੰ ਸੈਮੀਫਾਈਨਲ ਅਤੇ ਫਾਈਨਲ ਮੈਚ ਖੇਡੇ ਜਾਣਗੇ ਤੇ 16 ਮਾਰਚ ਨੂੰ ਇਸ ਟੂਰਨਾਮੈਂਟ ਦਾ ਇਨਾਮ ਵੰਡ ਸਮਾਰੋਹ ਹੋਵੇਗਾ।

# ਰੌਇਲ ਵਿਨੀਪੈਗ ਬੈਲੀ ਸਕੂਲ ਵਿੱਚ ਡਾਂਸ ਔਡੀਸ਼ਨ



ਵਿਨੀਪੈਗ-(ਨਦਬ) ਪਿਛਲੇ ਦਿਨੀਂ ਰੌਇਲ ਵਿਨੀਪੈਗ ਬੈਲੀ ਸਕੂਲ ਵਿੱਚ ਪ੍ਰਿਸਟੀਜੀਅਸ ਪ੍ਰੋਫੈਸ਼ਨਲ ਡਿਵੀਜ਼ਨ ਪ੍ਰੋਗਰਾਮ ਤਹਿਤ ਡਾਂਸ ਕਲਾਕਾਰ ਚੁਣਨ ਲਈ ਔਡੀਸ਼ਨ ਪ੍ਰੋਗਰਾਮ ਹੋਇਆ। ਇਹ ਪੰਦਰ੍ਹਾਂ ਦਿਨਾਂ ਦੱਖਣੀ ਅਮਰੀਕਾ ਟੂਰ ਦਾ ਆਖ਼ਰੀ ਪੜਾਅ ਸੀ ਜਿਸ ਤਹਿਤ ਨੌਜਵਾਨ ਡਾਂਸਰਾਂ ਅਤੇ ਗੁਰੂ ਨੂੰ ਚੁਣਨਾ ਸੀ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਵਿੱਚ ਕਲਾ ਨੂੰ ਲੈ ਕੇ ਦਿਲਚਸਪੀ ਪੈਦਾ ਕਰਨਾ ਹੈ ਤੇ ਨਵੇਂ ਡਾਂਸਰਾਂ ਦੀ ਖੋਜ ਕਰਨਾ ਹੈ। ਸਕੂਲ ਦੇ ਨਿਰਦੇਸ਼ਕ ਅਰਲੀਨ ਮਿੰਕੋਰੋਸਟ ਦਾ ਕਹਿਣਾ ਹੈ ਕਿ ਸਾਡੇ ਲਈ ਇਹ ਪ੍ਰੋਗਰਾਮ ਬਹੁਤ ਹੀ ਉਤਸ਼ਾਹਪੂਰਨ ਸੀ, ਇਹ ਸੰਭਾਵਨਾਵਾਂ ਨੂੰ ਪ੍ਰਫੁੱਲਤ ਕਰਨ ਵਾਲਾ ਪ੍ਰੋਗਰਾਮ ਸੀ। ਜ਼ਿਕਰਯੋਗ ਹੈ ਕਿ ਬੈਲੀ ਅਕੈਡਮਿਕ ਪ੍ਰੋਗਰਾਮ ਫੁੱਲ ਟਾਈਮ ਹੈ ਤੇ ਹਰ ਉਮਰ ਦੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਇਸ ਵਿੱਚ ਸੱਤ ਪੜਾਵਾਂ ਵਿੱਚ ਸਿੱਖਿਆ ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀਆਂ ਨੇ ਔਡੀਸ਼ਨ ਪਾਸ ਕਰ ਲਿਆ ਹੈ ਉਹ ਜੁਲਾਈ ਵਿੱਚ ਗਰਮੀਆਂ ਦੌਰਾਨ ਚਾਰ ਹਫਤਿਆਂ ਦੀ ਸਿੱਖਿਆ ਲੈਣਗੇ। ਸਕੂਲ ਦੇ ਨਿਰਦੇਸ਼ਕ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਕਲਾ ਦੇ ਖੇਤਰ ਵਿੱਚ ਜਾਣ ਤੇ ਆਪਣੇ ਕੈਰੀਅਰ ਦੀਆਂ ਬੁਲੰਦੀਆਂ ਨੂੰ ਛੂਹਣ। ਉਹਨਾਂ ਕਿਹਾ ਕਿ ਸਾਡੇ ਕੋਲ ਯੋਗ ਸਟਾਫ਼ ਹੈ ਤੇ ਅਸੀਂ ਉਹਨਾਂ ਦੀ ਮਿਹਨਤ ਅਤੇ ਸਹਿਯੋਗ ਸਦਕਾ ਬੱਚਿਆਂ ਨੂੰ ਬੁਲੰਦੀਆਂ 'ਤੇ ਲੈ ਕੇ ਜਾਣਾ ਚਾਹੁੰਦੇ ਹਾਂ।

## ਹਾਕੀ ਵਿਸ਼ਵ ਕੱਪ : ਭਾਰਤ ਆਸਟਰੇਲੀਆ ਤੇ ਇੰਗਲੈਂਡ ਇੱਕ ਪੂਲ ਵਿੱਚ

ਵਿਨੀਪੈਗ-(ਨਦਬ) ਹਾਲੈਂਡ ਵਿੱਚ ਹੋਣ ਵਾਲੇ ਵਿਸ਼ਵ ਹਾਕੀ ਕੱਪ 2014 (ਪੁਰਸ਼ ਸ਼੍ਰੇਣੀ) ਲਈ ਪੂਲਾਂ ਦੀ ਵੰਡ ਕਰ ਦਿੱਤੀ ਗਈ ਹੈ। ਪੂਲਾਂ ਵਿੱਚ ਵੰਡ ਟੀਮਾਂ ਦੀ ਕਾਰਗੁਜ਼ਾਰੀ ਅਤੇ ਖੇਡੇ ਗਏ ਕੌਮਾਂਤਰੀ ਟੂਰਨਾਮੈਂਟਾਂ ਦੇ ਆਧਾਰ 'ਤੇ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤ ਨੂੰ ਪੂਲ ਏ ਵਿੱਚ ਰੱਖਿਆ ਗਿਆ ਹੈ। ਇਸ ਪੂਲ ਵਿੱਚ ਵਿਸ਼ਵ ਦੀਆਂ ਚੋਟੀ ਦੀਆਂ ਟੀਮਾਂ ਹਨ, ਜਿਨ੍ਹਾਂ ਵਿੱਚ ਆਸਟਰੇਲੀਆ, ਇੰਗਲੈਂਡ, ਬੈਲਜੀਅਮ, ਭਾਰਤ, ਸਪੇਨ ਅਤੇ ਮਲੇਸ਼ੀਆ ਸ਼ਾਮਿਲ ਹਨ।

# ਅੰਮ੍ਰਿਤਸਰ ਦੇ ਪੁਰਾਤਨ ਭਲਵਾਨੀ ਅਖਾੜੇ

ਮਨਮੋਹਨ ਸਿੰਘ ਢਿੱਲੋਂ
+91-94171-82993

ਕੁਸ਼ਤੀ ਨੂੰ ਓਲੰਪਿਕ ਖੇਡ ਰੋਸਟਰ ਵਿਚ ਮੁੜ ਥਾਂ ਮਿਲਣ 'ਤੇ ਦੇਸ਼ ਭਰ ਦੇ ਪਹਿਲਵਾਨ ਬਾਗੋ-ਬਾਗ ਹਨ। ਇਸ ਤੋਂ ਵੀ ਵੱਧ ਖੁਸ਼ ਹੈ ਅੰਮ੍ਰਿਤਸਰ ਸ਼ਹਿਰ ਵਿਚ ਚਲ ਰਹੇ ਪੁਰਾਤਨ ਮੱਲ ਅਖਾੜਿਆਂ ਦਾ ਪਹਿਲਵਾਨ ਭਾਈਚਾਰਾ। ਪਹਿਲਵਾਨ ਇਸ ਲਈ ਖੁਸ਼ ਹਨ ਕਿ ਕੁਸ਼ਤੀ ਖ਼ਤਮ ਹੋਣ ਤੋਂ ਬਚ ਗਈ ਹੈ। ਨਹੀਂ ਤਾਂ ਸਰਕਾਰੀ ਨੌਕਰੀਆਂ ਵਿਚੋਂ ਕੁਸ਼ਤੀ ਦਾ ਕੋਟਾ ਹੀ ਬੰਦ ਹੋ ਜਾਣਾ ਸੀ।

ਸ਼ਹਿਰ ਦੇ ਪੁਰਾਤਨ ਇਤਿਹਾਸ ਵਿਚ ਮੱਲ ਅਖਾੜਿਆਂ ਦਾ ਵਿਲੱਖਣ ਇਤਿਹਾਸ ਹੈ। ਇਨ੍ਹਾਂ ਅਖਾੜਿਆਂ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਇਸ ਲਈ ਇਹ ਅਖਾੜੇ ਅੰਮ੍ਰਿਤਸਰ ਦੀ ਅਮੀਰ ਵਿਰਾਸਤ ਦਾ ਉਹ ਹਿੱਸਾ ਹਨ, ਜਿਨ੍ਹਾਂ ਕੁਸ਼ਤੀ ਦੇ ਵਿਕਾਸ ਤੇ ਇਸ ਦੀ ਪ੍ਰਫੁਲਤਾ ਲਈ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਅੱਜ ਵੀ ਪਾ ਰਹੇ ਹਨ।

ਭਾਵੇਂ ਅੱਜ ਕੁਸ਼ਤੀ ਮਿੱਟੀ ਦੇ ਦਾਇਰੇ ਵਿਚੋਂ ਨਿਕਲ ਕੇ ਗੱਦਿਆਂ ਰਾਹੀਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਓਲੰਪਿਕ ਤਕ ਪਹੁੰਚ ਗਈ ਹੈ ਪਰ ਪੁਰਾਤਨ ਮੱਲ ਅਖਾੜੇ ਥੋੜ੍ਹੀ ਗਿਣਤੀ ਵਿਚ ਰਹਿ ਜਾਣ ਦੇ ਬਾਵਜੂਦ ਆਪਣੀ ਪਰੰਪਰਾ ਜਾਰੀ ਰੱਖ ਰਹੇ ਹਨ। ਸਰਕਾਰ ਨੇ ਸ਼ਹਿਰ ਦੀ ਇਸ ਅਮੀਰ ਵਿਰਾਸਤ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਹੈ। ਭਵਿੱਖ ਵਿਚ ਜੇਕਰ ਇਨ੍ਹਾਂ ਨੂੰ ਸੰਭਾਲਿਆ ਨਾ ਗਿਆ ਤਾਂ ਇਹ ਅਖਾੜੇ ਹੌਲੀ-ਹੌਲੀ ਖ਼ਤਮ ਹੋ ਜਾਣਗੇ।

ਸ਼ਹਿਰ ਦੀ ਸਥਾਪਨਾ ਤੋਂ ਪਹਿਲਾਂ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਚ ਰਹਿੰਦਿਆਂ ਨੌਜਵਾਨਾਂ ਨੂੰ ਸਿਹਤਮੰਦ ਅਤੇ ਮਜ਼ਬੂਤ ਜੁੱਸੇ ਵਾਲਾ ਬਣਾਉਣ ਲਈ ਕੁਸ਼ਤੀ ਮੁਕਾਬਲੇ ਸ਼ੁਰੂ ਕਰਵਾਏ ਸਨ। ਅੰਮ੍ਰਿਤਸਰ ਦੀ ਸਥਾਪਨਾ ਤੋਂ ਬਾਅਦ ਗੁਰੂ ਸਾਹਿਬਾਨ ਨੇ ਵੀ ਪਹਿਲਵਾਨੀ ਦੀ ਪਰੰਪਰਾ ਨੂੰ ਉਤਸ਼ਾਹਿਤ ਕੀਤਾ ਹੋਵੇਗਾ। ਇਸੇ ਸਦਕਾ ਹੌਲੇ-ਹੌਲੇ ਸ਼ਹਿਰ ਵਿਚ ਮੱਲ ਅਖਾੜੇ ਹੋਂਦ ਵਿਚ ਆਉਂਦੇ ਗਏ। ਕੁਝ ਵਰ੍ਹੇ ਪਹਿਲਾਂ ਤਕ ਸ਼ਹਿਰ ਵਿਚ 50 ਤੋਂ ਵੱਧ ਅਖਾੜੇ ਹੋਇਆ ਕਰਦੇ ਸਨ ਪਰ ਅੱਜ ਇਨ੍ਹਾਂ ਦੀ ਗਿਣਤੀ ਕੇਵਲ ਦਸ ਕੁ ਹੀ ਰਹਿ ਗਈ ਹੈ। ਇਨ੍ਹਾਂ ਅਖਾੜਿਆਂ ਵਿਚ ਤਿਆਰ ਹੋਣ ਵਾਲੇ ਪਹਿਲਵਾਨ ਪੇਂਡੂ ਮੇਲਿਆਂ ਵਿਚ ਪੈਂਦੀਆਂ ਛਿੰਝਾਂ ਵਿਚ ਆਪਣੀ ਤਾਕਤ ਤੇ ਦਾਅ ਪੇਚਾਂ ਦੇ ਜੌਹਰ ਵਿਖਾ ਕੇ 'ਝੰਡੀ ਦੀ ਕੁਸ਼ਤੀ' ਜਿੱਤਦੇ ਰਹੇ। ਅੱਜ ਵੀ ਇਨ੍ਹਾਂ ਅਖਾੜਿਆਂ ਵਿਚ ਇਹ ਪਰੰਪਰਾ ਜਾਰੀ ਹੈ। ਇਨ੍ਹਾਂ ਅਖਾੜਿਆਂ ਵਿਚ ਸਕੂਲਾਂ, ਕਾਲਜਾਂ ਦੇ ਉਹ ਬੱਚੇ ਤੇ ਨੌਜਵਾਨ, ਜਿਹੜੇ ਕੁਸ਼ਤੀ ਰਾਹੀਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਆਪਣਾ ਭਵਿੱਖ ਤਲਾਸ਼ਣ ਲਈ ਯਤਨਸ਼ੀਲ ਹਨ, ਸਵੇਰੇ ਤੇ ਸ਼ਾਮ ਕੁਸ਼ਤੀ ਦੀ ਸਿਖਲਾਈ ਲੈ ਰਹੇ ਹਨ। ਇਹ ਸਿਖਲਾਈ ਉਹ ਉਸਤਾਦ ਦੇ ਰਹੇ ਹਨ, ਜਿਨ੍ਹਾਂ ਆਪਣੇ ਉਸਤਾਦਾਂ ਦੀ ਸ਼ਗਿਰਦੀ ਕੀਤੀ ਅਤੇ ਉਸਤਾਦ ਬਣੇ। ਸਿਖਲਾਈ ਲੈਣ ਵਾਲਿਆਂ ਵਿਚ ਸ਼ੌਕ ਪਾਲਣ ਵਾਲੇ ਵੀ ਕਾਰਜਸ਼ੀਲ ਹਨ ਅਤੇ ਸਵੇਰੇ-ਸ਼ਾਮ ਬਿਨਾਂ ਨਾਗਾ ਜ਼ੋਰ-ਅਜ਼ਮਾਈ ਕਰਦੇ ਹਨ।

ਸ਼ਹਿਰ ਵਿਚ ਮੌਜੂਦ ਅਖਾੜਿਆਂ ਵਿਚ ਅਖਾੜਾ ਬਜਰੰਗ ਬਲੀ (ਹੁਣ ਅਖਾੜਾ ਕੁਲਦੀਪ ਉਸਤਾਦ) , ਅਖਾੜਾ ਰੂੜੀ ਉਸਤਾਦ, ਅਖਾੜਾ ਘਈਓ ਉਸਤਾਦ, ਅਖਾੜਾ ਉਸਤਾਦ ਗੰਡਾ ਸਿੰਘ, ਅਖਾੜਾ ਕਿਸ਼ਨ ਪੀ.ਐਂਡ.ਟੀ., ਅਖਾੜਾ ਮੋਹਣੀ ਉਸਤਾਦ, ਅਖਾੜਾ ਕੱਲੂ ਉਸਤਾਦ, ਮਾਣਕ ਉਸਤਾਦ ਦੀ ਬਗੀਚੀ ਅਖਾੜਾ ਘੁੱਜੋ ਪਹਿਲਵਾਨ ਆਦਿ ਸ਼ਾਮਲ ਹਨ। ਇਨ੍ਹਾਂ ਅਖਾੜਿਆਂ 'ਚ ਮਿੱਟੀ ਦਾਇਰਿਆਂ ਵਿਚ ਪਹਿਲਵਾਨੀ ਦੇ ਦਾਅ-ਪੇਚ ਸਿੱਖ ਕੇ ਸਕੂਲਾਂ, ਕਾਲਜਾਂ ਦੇ ਨੌਜੁਆਨ ਜ਼ਿਲ੍ਹਾ, ਰਾਜ ਤੇ ਕੌਮੀ ਪੱਧਰ 'ਤੇ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਅਖਾੜਾ ਰੂੜੀ ਉਸਤਾਦ ਨੂੰ ਬਿੱਲਾ ਤੇ ਮਹੇਸ਼ ਉਸਤਾਦ ਚਲਾ ਰਹੇ ਹਨ। ਇਸ ਅਖਾੜੇ ਵਿਚ 60 ਤੋਂ ਵੱਧ ਨੌਜੁਆਨ ਸਵੇਰੇ-ਸ਼ਾਮ ਜ਼ੋਰ-ਅਜ਼ਮਾਈ ਕਰਦੇ ਹਨ। 10ਵੀਂ ਵਿਚ ਪੜ੍ਹਦੇ ਇਕ ਬੱਚੇ ਬਿਸ਼ਨ ਨੇ ਕਿਹਾ ਕਿ ਉਸ ਦਾ ਸੁਪਨਾ ਓਲੰਪਿਕ ਵਿਚ ਪੁੱਜਣ ਦਾ ਹੈ। ਅਖਾੜਾ ਘਈਓ ਉਸਤਾਦ ਵਿਚ ਵੀ 50 ਤੋਂ ਵੱਧ ਨੌਜਵਾਨ ਕਾਰਜਸ਼ੀਲ ਹਨ। ਆਟੋ ਸਪੇਅਰ ਪਾਰਟਸ ਦਾ ਕੰਮ ਕਰਨ ਵਾਲੇ ਸਤਨਾਮ ਸਿੰਘ ਨੇ ਕਿਹਾ ਕਿ ਮੈਂ ਸ਼ੌਕ ਵਜੋਂ ਪਹਿਲਵਾਨੀ ਕਰਦਾ ਹਾਂ ਅਤੇ ਮੇਰੇ ਵਰਗੇ ਹੋਰ ਵੀ ਕਈ ਹਨ ਪਰ ਬਹੁਤੇ ਸਕੂਲਾਂ-ਕਾਲਜਾਂ ਦੇ ਨੌਜਵਾਨ ਹਨ।

ਦੇਸ਼ ਵੰਡ ਤੋਂ ਪਹਿਲਾਂ ਹੋਏ ਮਹਾਨ ਪਹਿਲਵਾਨ, ਗੁਲਾਮ, ਕਿੱਕਰ ਸਿੰਘ, ਰਹੀਮ ਬਖ਼ਸ਼ ਸੁਲਤਾਨੀਵਾਲਾ, ਗੁਲਾਮ ਮੋਹੀਉਦੀਨ, ਗਾਮਾ ਅਤੇ ਇਮਾਮ ਬਖ਼ਸ਼ ਦੇ ਨਾਂ ਪਹਿਲਵਾਨੀ ਦੇ ਇਤਿਹਾਸ ਵਿਚ ਅੱਜ ਵੀ ਮੌਜੂਦ ਹਨ। ਇਨ੍ਹਾਂ ਵਿਚੋਂ ਨਾਮੀ ਪਹਿਲਵਾਨ ਚੈਂਪੀਅਨ ਗੁਲਾਮ ਨੇ 1890 ਵਿਚ ਆਪਣੇ ਨਾਂ 'ਤੇ ਮੱਲ ਅਖਾੜਾ ਸਥਾਪਤ ਕੀਤਾ ਸੀ। ਉਸ ਵੇਲੇ ਦੇ ਅੰਗਰੇਜ਼ ਬ੍ਰਿਗੇਡੀਅਰ ਜਨਰਲ ਚਾਰਲਸ ਗਰੇਨਵਿਲੇ ਬਰੂਸ ਨੇ ਇਸਨੂੰ ਆਪਣੀ ਸਰਪ੍ਰਸਤੀ ਦਿੱਤੀ ਸੀ। ਇਸ ਅਖਾੜੇ ਵਿਚ ਅਨੇਕਾਂ ਪਹਿਲਵਾਨਾਂ ਨੇ ਕੁਸ਼ਤੀ ਦੇ ਦਾਅ-ਪੇਚ ਸਿੱਖ ਕੇ ਨਾਮਣਾ ਖੱਟਿਆ।

ਪੰਜਾਬ ਦੇ ਮੌਜੂਦਾ ਆਈ.ਜੀ.ਪੀ. ਪਹਿਲਵਾਨ ਕਰਤਾਰ ਸਿੰਘ, ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਕੰਵਰ ਪਹਿਲਵਾਨ ਇਨ੍ਹਾਂ ਅਖਾੜਿਆਂ ਦੀ ਹੀ ਦੇਣ ਹਨ। ਮੁੱਢਲੀ ਸਿਖਲਾਈ ਇਨ੍ਹਾਂ ਇਥੋਂ ਦੇ ਅਖਾੜਾ ਘਈਓ ਉਸਤਾਦ ਵਿਚ ਹੀ ਲਈ ਦੱਸੀ ਜਾਂਦੀ ਹੈ। ਰੁਸਤਮ-ਏ-ਹਿੰਦ ਦਾਰਾ ਸਿੰਘ ਨੇ ਵੀ ਇਥੋਂ ਦੇ ਅਖਾੜਾ ਘੁੱਜੋ ਪਹਿਲਵਾਨ ਵਿਚ ਕੁਝ ਸਮਾਂ ਲਾਇਆ ਸੀ।

ਆਧੁਨਿਕ ਜੀਵਨ ਸ਼ੈਲੀ, ਪੱਛਮੀ ਸਭਿਆਚਾਰ ਦੇ ਮਾੜੇ ਪ੍ਰਭਾਵ ਅਤੇ ਨੈਤਿਕ ਕਦਰਾਂ-ਕੀਮਤਾਂ ਵਿਚ ਆਈ ਤਬਦੀਲੀ ਨੇ ਨੌਜੁਆਨਾਂ ਦੇ ਸ਼ੌਕ ਹੀ ਬਦਲ ਦਿੱਤੇ ਹਨ ਤੇ ਇਨ੍ਹਾਂ ਅਖਾੜਿਆਂ ਵਿਚੋਂ ਰੌਣਕਾਂ ਘਟਦੀਆਂ ਗਈਆਂ। ਦੂਜਾ ਕੁਸ਼ਤੀ ਦੀ ਬਦਲ ਗਈ ਤਕਨੀਕ ਨੇ ਵੀ ਇਨ੍ਹਾਂ ਅਖਾੜਿਆਂ 'ਤੇ ਅਸਰ ਪਾਇਆ ਹੈ ਕਿਉਂਕਿ ਕੌਮੀ ਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿਚ ਗੱਦਾ ਤਕਨੀਕ ਰਾਹੀਂ ਕੁਸ਼ਤੀ ਦੀ ਸਿਖਲਾਈ ਲੈਣ ਵਾਲੇ ਹਿੱਸਾ ਲੈ ਸਕਦੇ ਹਨ। ਪਰ ਇਸ ਦੇ ਬਾਵਜੂਦ ਇਨ੍ਹਾਂ ਮੱਲ ਅਖਾੜਿਆਂ ਵਿਚ ਅੱਜ ਵੀ ਰੌਣਕ ਹੈ।

ਪੰਜਾਬ ਪੁਲੀਸ ਵਲੋਂ ਨਿਯੁਕਤ ਕੁਸ਼ਤੀ ਕੋਚ ਹੈਡ ਕੰਸਟੇਬਲ ਵਿਕਰਮ ਸ਼ਰਮਾ ਦੋ ਵਾਰੀ ਵਰਲਡ ਪੁਲੀਸ ਗੇਮਜ਼ ਚੈਂਪੀਅਨ ਅਤੇ ਅੱਠ ਵਾਰ ਆਲ ਇੰਡੀਆ ਪੁਲੀਸ ਗੇਮਜ਼ ਚੈਂਪੀਅਨ ਰਹੇ ਹਨ। ਉਨ੍ਹਾਂ ਅਮਰੀਕਾ ਤੇ ਕੈਨੇਡਾ ਵਿਚ 2009 ਤੇ 2011 ਵਿਚ ਹੋਈਆਂ ਵਿਸ਼ਵ ਪੁਲੀਸ ਕੁਸ਼ਤੀ ਖੇਡਾਂ ਵਿਚ ਦੋ ਗੋਲਡ ਮੈਡਲ ਜਿੱਤੇ ਸਨ। ਇਹ ਗੱਲ ਜ਼ਿਕਰਯੋਗ ਹੈ ਕਿ ਗੋਲਬਾਗ ਵਿਚ ਕੁਸ਼ਤੀ ਸੈਂਟਰ 1962 ਵਿਚ ਇਥੇ ਰਹੇ ਮੈਜਿਸਟਰੇਟ ਕੁਲਦੀਪ ਸਿੰਘ ਮਿਨਹਾਸ ਅਤੇ ਉਨ੍ਹਾਂ ਦੇ ਦੋਸਤ ਸ੍ਰੀ ਸਰਬਜੀਤ ਸਿੰਘ ਸੰਧੂ ਨੇ ਸ਼ੁਰੂ ਕੀਤਾ ਸੀ। ਇਨ੍ਹਾਂ ਦੋਵਾਂ ਨੂੰ ਪਹਿਲਵਾਨੀ ਦਾ ਸ਼ੌਕ ਸੀ। ਅਮਰੀਕਨ ਫਰੀ ਸਟਾਈਲ ਰੈਸਲਰ ਤੇ ਰੈਫਰੀ ਅਤੇ ਜ਼ਿਲ੍ਹਾ ਕੁਸ਼ਤੀ ਸੰਸਥਾ ਅੰਮ੍ਰਿਤਸਰ ਦੇ ਜਨਰਲ ਸਕੱਤਰ 82 ਸਾਲਾ ਓਮਾਨ ਚੈਂਪੀਅਨ ਟਾਈਗਰ ਨਿਰਮਲ ਸਿੰਘ ਧੀਰ ਅਤੇ ਸਾਬਕਾ ਜ਼ਿਲ੍ਹਾ ਸਪੋਰਟਸ ਅਫਸਰ ਰੁਸਤਮੇ ਚੱਬਾ ਵੀ ਇਨ੍ਹਾਂ ਅਖਾੜਿਆਂ ਦੀ ਦੇਣ ਹਨ। ਇਹ ਅੱਜ ਵੀ ਕੁਸ਼ਤੀ ਸਿਖਲਾਈ ਵਿਚ ਅਹਿਮ ਭੂਮਿਕਾ ਨਿਭਾਅ ਰਹੇ ਹਨ।

WE LOOK AFTER ALL YOUR MORTGAGE NEEDS Ph. : (780)479-2222
Best Rates, Choice of Lenders, Mortagage for purchase, construction renewal, Refinance of your home, rental or commercial property, Good or bad credit, New Immigrant or Self Employed

Anuj Gupta
Associate Broker
Alberta Mortgage Centre
Phone # 78, 4003-98 Street, Edmonton, AB
CAAMP ACCHA
AXIOM
AMBA
BBB
think MORTGAGE think AMP™

Krishan(KK)Gupta, AMP
"Experienced, Knowledgeable, Committed"
Serving the Community Since 1999
www.albertamortgagecentre.com



# ਗੀਤਕਾਰੀ ਤੇ ਗਾਇਕੀ ਵਿਚ ਬਦਲਾਅ ਸਾਰਥਕ ਅਤੇ ਮਿਆਰੀ ਹੋਣ

# ਉਪਿੰਦਰ ਮਠਾਰੂ

ਮੁਲਾਕਾਤੀ : ਕਿਰਤਮੀਤ
780-200-5328

ਪੰਜਾਬੀ ਗਾਇਕੀ ਦਾ ਅੰਬਰ ਅੱਜ ਧੁਆਂਖਿਆ-ਧੁਆਂਖਿਆ ਨਜ਼ਰ ਆ ਰਿਹਾ ਹੈ। ਮੌਜੂਦਾ ਦੌਰ ਦੀ ਗਾਇਕੀ ਹਲਕੇਪਣ ਦੀਆਂ ਸਾਰੀਆਂ ਸੀਮਾਵਾਂ ਉਲੰਘਦੀ ਜਾ ਰਹੀ ਹੈ। ਪਰ ਇਸ ਝੱਖੜ ਵਿਚ ਵੀ ਕੁੱਝ ਸਮਰਪਤ ਲੋਕ ਹਨ ਜੋ ਚਿਰਾਗ਼ ਬਾਲਣ ਦਾ ਹੌਸਲਾ ਰੱਖਦੇ ਹਨ। ਚੰਗੀ ਅਤੇ ਸਾਫ-ਸੁਥਰੀ ਗਾਇਕੀ ਨੂੰ ਸਥਿਰ ਰੱਖਣ ਲਈ ਕੁੱਝ ਗਾਇਕਾਂ ਵਲੋਂ ਮੁਨਾਫ਼ੇ ਦੀ ਦੌੜ ਤੋਂ ਦੂਰ ਰਹਿ ਕੇ ਯਤਨ ਜਾਰੀ ਹਨ ਪਰ ਇਨ੍ਹਾਂ ਚੰਗੇ ਗਾਇਕਾਂ ਦੇ ਨਾਮ ਹੁਣ ਪੋਟਿਆਂ ’ਤੇ ਹੀ ਗਿਣੇ ਜਾ ਸਕਦੇ ਹਨ। ਮੌਜੂਦਾ ‘ਟਰੈਂਡ’ ਤੋਂ ਦੂਰ ਹੱਟ ਕੇ ਚੰਗੀ ਗਾਇਕੀ ਦੀ ਹੋਂਦ ਨੂੰ ਬਚਾਉਣ ਵਾਲਿਆਂ ਵਿਚ ਇਕ ਨਾਮ ਕਨੇਡਾ ਦੇ ਸ਼ਹਿਰ ਐਡਮਿੰਟਨ ਵਿਚ ਰਹਿੰਦੇ ਉਪਿੰਦਰ ਮਠਾਰੂ ਦਾ ਵੀ ਸ਼ਾਮਲ ਹੈ।

## ਚੰਗਾ ਤੇ ਸਾਫ਼ ਸੁਥਰਾ ਗਾਉਣ ਦੀ ਸਹੁੰ

ਉਪਿੰਦਰ ਮਠਾਰੂ ਨੇ ਕਦੇ ਵੀ ਦੌਲਤ ਲਈ ਨਹੀਂ ਗਾਇਆ। ਉਪਿੰਦਰ ਨੇ ਜਦੋਂ ਗਾਉਣ ਨੂੰ ਕਿੱਤੇ ਵਜੋਂ ਚੁਣਿਆ ਤਾਂ ਕੇਵਲ ਚੰਗਾ ਤੇ ਸਾਫ਼ ਸੁਥਰਾ ਗਾਉਣ ਲਈ ਸਹੁੰ ਖਾਧੀ ਤੇ ਉਸ ’ਤੇ ਕਾਇਮ ਰਿਹਾ। ਉਸ ਦੀ ਪਛਾਣ ਕਈ ਮੌਜੂਦਾ ਗਾਇਕਾਂ ਵਾਂਗਾ ਊਟ-ਪਟਾਂਗ ਗਾਣੇ ਗਾ ਕੇ ਜਾਂ ਬੇਢੰਗ ਕੱਪੜੇ ਪਾ ਕੇ ਗਾਉਣ ਨਾਲ ਨਹੀਂ ਬਣੀ, ਬਲਕਿ ਸਮਾਜ ਨੂੰ ਸੇਧ ਦੇਣ ਅਤੇ ਸਿੱਖੀ ਸਰੂਪ ਨੂੰ ਕਾਇਮ ਰੱਖ ਕੇ ਗਾਣੇ ਗਾਉਣ ਕਰ ਕੇ ਹੀ ਬਣੀ ਹੈ।

## ਸੰਗੀਤ ਦੀ ਸਿਖਿਆ

ਕੀਰਤਨ ਕਰਨ ਅਤੇ ਢਾਡੀ ਵਾਰਾਂ ਗਾਉਣ ਲਈ ਉਪਿੰਦਰ ਨੇ ਸ. ਗੁਰਦੇਵ ਸਿੰਘ ਸ਼ੀਤਲ ਅਤੇ ਸ. ਬਲਬੀਰ ਸਿੰਘ ਚਾਨਾ (ਜੋ ਗੁਰਦੁਆਰਾ ਰਾਮਗੜ੍ਹੀਆ ਦੇ ਮੌਜੂਦਾ ਚੇਅਰਮੈਨ ਹਨ) ਕੋਲੋਂ ਸਿਖਿਆ ਲਈ। ਕਈ ਸਾਲ ਸਿੱਖਣ ਅਤੇ ਬਲਬੀਰ ਚਾਨਾ ਨਾਲ ਰਲ ਕੇ ਢਾਡੀ ਵਾਰਾਂ ਗਾਉਣ ਉਪਰੰਤ ਉਪਿੰਦਰ ਨੇ ਗਾਇਕੀ ਦੇ ਅਖਾੜੇ ਵਿਚ ਉਤਰਨ ਦਾ ਫ਼ੈਸਲਾ ਕੀਤਾ। ਗਾਉਣ ਨੂੰ ਕਿਤੇ ਵੱਜ਼ੋ ਚੁਣ ਕੇ ਉਪਿੰਦਰ ਨੇ ਗੁਰਪ੍ਰੀਤ ਕਾਹਲੋਂ ਤੋਂ ਸੰਗੀਤ ਦੀ ਸਿਖਿਆ ਲਈ।

## ਸਮਾਜ ਪ੍ਰਤੀ ਜਵਾਬਦੇਹੀ ਜ਼ਰੂਰੀ

ਅੱਜਕਲ੍ਹ ਦੀ ਭਾਵਨਾ ਭੜਕਾਊ ਗਾਇਕੀ ਅਤੇ ਗਾਇਕੀ ਵਿਚ ਆ ਰਹੀ ਗਿਰਾਵਟ ਬਾਰੇ ਪੁਛੇ ਜਾਣ ’ਤੇ ਉਪਿੰਦਰ ਨੇ ਕਿਹਾ ਕਿ ਉਸ ਦੀ ਨਿੱਜੀ ਰਾਏ ਹੈ ਕਿ ਇਸ ਦੌਰ ਨੂੰ ਖ਼ਤਮ ਕਰਨ ਲਈ ਸਰੋਤਿਆਂ ਨੂੰ ਸੁਚੇਤ ਹੋਣਾ ਪਵੇਗਾ, ਗੀਤਕਾਰਾਂ ਅਤੇ ਗਾਇਕਾਂ ਨੂੰ ਸਮਾਜ ਪ੍ਰਤੀ ਜਵਾਬਦੇਹ ਬਣਨਾ ਪਵੇਗਾ। ਜੇਕਰ ਸਰੋਤੇ ਚੰਗਾ ਸੁਣਨ ਦੀ ਆਦਤ ਪਾਉਣਗੇ ਅਤੇ ਚੰਗੇ ਦੀ ਮੰਗ ਕਰਨਗੇ ਤਾਂ ਕੋਈ ਗੀਤਕਾਰ ਮਾੜਾ ਨਹੀਂ ਲਿਖੇਗਾ ਅਤੇ ਕੋਈ ਗਾਇਕ ਸਭਿਆਚਾਰ ਨੂੰ ਗੰਧਲਾ ਨਹੀਂ ਕਰੇਗਾ।

ਇਹ ਪੁੱਛੇ ਜਾਣ ’ਤੇ ਕਿ ਗਾਇਕ ਤੇ ਗੀਤਕਾਰਾਂ ਦਾ ਮੰਨਣਾ ਹੈ ਕਿ ‘ਜੋ ਦਿਖਤਾ ਹੈ ਵੋ ਵਿਕਤਾ ਹੈ’ ਭਾਵ ਜੋ ਲੋਕ ਮੰਗ ਕਰਨਗੇ ਉਹੀ ਲਿਖਿਆ ਤੇ ਗਾਇਆ ਜਾਵੇਗਾ ਤਾਂ ਉਪਿੰਦਰ ਨੇ ਇਸ ਨੂੰ ਮੂਲੋਂ ਹੀ ਨਕਾਰ ਦਿੱਤਾ। ਉਪਿੰਦਰ ਨੇ ਕਿਹਾ ਕਿ ਸਰੋਤਿਆਂ ਅਤੇ ਦਰਸ਼ਕਾਂ ਨੂੰ ਕਈ ਵਾਰ ਧੱਕੇ ਨਾਲ ਪਰੋਸਿਆ ਜਾਂਦਾ ਹੈ। ਅੱਜ ਕੋਈ ਟੀ.ਵੀ. ਚੈਨਲ ਚਲਾ ਲਉ ਹਰੇਕ ’ਤੇ ਮਾੜੀ ਗਾਇਕੀ ਭਾਰੂ ਹੈ, ਪਰ ਜਦੋਂ ਤੁਸੀਂ ਕੁਝ ਦਿਨਾਂ ਬਾਅਦ ਉਹ ਗਾਣਾ ਲੱਭੋਗੇ ਤਾਂ ਉਹ ਕਿਤੇ ਨਹੀਂ ਲੱਭੇਗਾ, ਧੂੜ ਵਿਚ ਗਵਾਚ ਚੁੱਕਾ ਹੋਵੇਗਾ। ਪਰ ਸਾਫ਼ ਸੁਧਰੀ ਗਾਇਕੀ ਨੂੰ ਜਦੋਂ ਮਰਜ਼ੀ ਸੁਣ ਲਉ, ਰੂਹ ਨੂੰ ਸਕੂਨ ਪ੍ਰਦਾਨ ਕਰੇਗੀ ਅਤੇ ਹਮੇਸ਼ਾ ਸੁਰਜੀਤ ਰਹੇਗੀ।

ਉਪਿੰਦਰ ਦੀ ਨਿੱਜੀ ਰਾਏ ਹੈ ਕਿ ਨੌਜਵਾਨੀ ਨੂੰ ਵਿਗਾੜਨ ਅਤੇ ਕੁਰਾਹੇ ਪਾਉਣ ਵਿਚ ਅੱਜਕਲ੍ਹ ਦੀ ਮਾੜੀ ਗਾਇਕੀ ਦੀ ਸਭ ਤੋਂ ਵੱਡੀ ਭੂਮਿਕਾ ਹੈ। ਨੌਜਵਾਨਾਂ ਨੂੰ ਟੀ.ਵੀ. ’ਤੇ ਗਾਇਕੀ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਕਿ ਹਰੇਕ ਨੌਜਵਾਨ ਉਸ ਦੀ ਨਕਲ ਕਰ ਕੇ ਗੁੰਡਾਗਰਦੀ ਅਤੇ ਮਾਰਧਾੜ ਵਿਚ ਗਵਾਚ ਰਿਹਾ ਹੈ। ਮਿਹਨਤ ਛੱਡ ਕੇ ਰਾਤੋ-ਰਾਤ ਸਫ਼ਲ ਹੋਣ ਲਈ ਵਿਚਲੇ ਰਾਹ (ਸ਼ਾਰਟਕੱਟ) ਲਭ ਰਿਹਾ ਹੈ। ਹਾਂ ਇਹ ਵੀ ਸੱਚ ਹੈ ਕਿ ਸਭ ਕੁਝ ਮਾੜਾ ਨਹੀਂ ਹੋ ਰਿਹਾ। ਕਈ ਗਾਇਕ ਅਤੇ ਗੀਤਕਾਰ ਸਮਾਜ ਲਈ ਚੰਗਾ ਕਰਨ ਵਿਚ ਯਤਨਸ਼ੀਲ ਹਨ। ਚੰਗੇ ਗੀਤਕਾਰਾਂ ਅਤੇ ਗਾਇਕਾਂ ਨੇ ਆਪਣੇ ਅਸਲੀ ਰੂਪ ਨੂੰ ਗੁਆਚਣ ਨਹੀਂ ਦਿੱਤਾ।

## ਗਾਇਕੀ ਇਕ ਇਬਾਦਤ

ਅੱਜਕਲ੍ਹ ਦੀ ਸੂਫ਼ੀ ਗਾਇਕੀ ਬਾਰੇ ਪੁੱਛੇ ਜਾਣ ’ਤੇ ਉਪਿੰਦਰ ਨੇ ਆਪਣਾ ਪ੍ਰਤੀਕਰਮ ਜਾਹਿਰ ਕਰਦਿਆਂ ਕਿਹਾ ਕਿ ਇਸ ਨੂੰ ਸੂਫ਼ੀਇਜ਼ਮ ਨਹੀਂ ਕਿਹਾ ਜਾ ਸਕਦਾ। ਹਾਂ ਇਸ ਨੂੰ ਚੰਗੀ ਗਾਇਕੀ ਜ਼ਰੂਰ ਕਿਹਾ ਜਾ ਸਕਦਾ ਹੈ। ਗਾਇਕੀ ਇਕ ਇਬਾਦਤ ਹੈ। ਕਿਸੇ ਨੂੰ ਪਾਉਣ ਲਈ ਇਬਾਦਤ ਕਰਨੀ ਪੈਂਦੀ ਹੈ। ਕੋਈ ਗਾ ਕੇ ਇਬਾਦਤ ਕਰਦਾ ਹੈ, ਕੋਈ ਲਿਖ ਕੇ ਤੇ ਕੋਈ ਸੁਣ ਕੇ ਇਬਾਦਤ ਕਰਦਾ ਹੈ। ਪਰ ਇਸ ਵਿਚ ਇਹ ਬਹੁਤ ਜ਼ਰੂਰੀ ਬਣ ਜਾਂਦਾ ਹੈ ਕਿ ਇਬਾਦਤ ਕਰਦੇ ਸਮੇਂ ਤੁਹਾਡੀ ਨੀਯਤ ਵਿਚ ਖੋਟ ਨਾ ਹੋਵੇ। ਤੁਹਾਡੀ ਕਹਿਣੀ, ਕਰਨੀ ਵਿਚ ਫ਼ਰਕ ਨਾ ਆਵੇ ਤਾਂ ਦੁਨੀਆ ਦੀਆਂ ਸਭ ਖੁਸ਼ੀਆਂ ਤੁਹਾਡੀ ਝੋਲੀ ਵਿਚ ਆ ਡਿਗਦੀਆਂ ਹਨ।

## ਬਦਲਾਅ ਸਾਰਥਕ ਅਤੇ ਮਿਆਰੀ ਹੋਣ

ਅਗਲੀ ਪੀੜ੍ਹੀ ਨੂੰ ਗਾਇਕੀ ਕਿਸ ਰੂਪ ਵਿਚ ਸੌਂਪਣੀ ਹੈ, ਦੇ ਜਵਾਬ ਵਿਚ ਮਠਾਰੂ ਨੇ ਕਿਹਾ ਕਿ ਮੌਜੂਦਾ ਦੌਰ ਵਿਚ ਚੰਗੀ ਗਾਇਕੀ ਦੇ ਨਾਲ-ਨਾਲ ਕੁਝ ਵੀ ਨੌਜਵਾਨ ਪੀੜ੍ਹੀ ਨੂੰ ਸੌਂਪਿਆ ਜਾ ਰਿਹਾ ਹੈ, ਇਹ ਗਾਇਕਾਂ ਅਤੇ ਗੀਤਕਾਰਾਂ ਦੇ ਹੱਥ ਵੱਸ ਹੈ ਕਿ ਉਹ ਆਪਣੀ ਅਗਲੀ ਪੀੜ੍ਹੀ ਅਤੇ ਬੱਚਿਆਂ ਨੂੰ ਕਿਸ ਰੂਪ ਵਿਚ ਵੇਖਣਾ ਚਾਹੁੰਦੇ ਹਨ। ਜੇਕਰ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਸਮਾਜ ਵਿਚ ਆਪਣੀ ਚੰਗੀ ਅਤੇ ਸਾਫ਼ ਸੁਥਰੀ ਗਾਇਕੀ ਰਾਹੀਂ ਪਛਾਣ ਬਣਾਉਣ ਤਾਂ ਬੱਚਿਆਂ ਨੂੰ ਉਹੀ ਗਾਇਕੀ ਵਿਰਸੇ ਵਿਚ ਦੇਣੀ ਪਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬਦਲਾਅ ਕੁਦਰਤ ਦਾ ਨਿਯਮ ਹੈ ਅਤੇ ਇਸ ਨਿਯਮ ਦੇ ਉਲਟ ਨਹੀਂ ਜਾਇਆ ਜਾ ਸਕਦਾ। ਪਰ ਬਦਲਾਅ ਸਾਰਥਕ ਅਤੇ ਮਿਆਰੀ ਹੋਣ, ਨਹੀਂ ਤਾਂ ਸਭ ਕੁਝ ਤਬਾਹ ਹੋ ਜਾਵੇਗਾ। ਉਪਿੰਦਰ ਨੇ ਕਿਹਾ ਕਿ ਜੇਕਰ ਮਾੜੀ ਗਾਇਕੀ ਦਾ ਇਹ ਦੌਰ ਇਸੇ ਤਰ੍ਹਾਂ ਜਾਰੀ ਰਿਹਾ ਅਤੇ ਚੰਗੇ ਗਾਇਕਾਂ/ਗੀਤਕਾਰਾਂ ਨੇ ਹਾਰ ਮੰਨ ਲਈ ਤਾਂ ਉਹ ਦਿਨ ਦੂਰ ਨਹੀਂ ਜਦੋਂ ਹਾਸ਼ੀਏ ’ਤੇ ਪਹੁੰਚ ਚੁੱਕੀ ਪੰਜਾਬੀ ਗਾਇਕੀ ਹਾਸ਼ੀਏ ਤੋਂ ਬਾਹਰ ਹੋ ਜਾਵੇਗੀ।

## ਰੰਗਲਾ ਪੰਜਾਬ ਅਤੇ ‘ਸੱਚ ਦਾ ਹੋਕਾ’

ਸੰਨ 2009 ਵਿਚ ਜਦੋਂ ਉਪਿੰਦਰ ਮਠਾਰੂ ਨੇ ਆਪਣਾ ਪਹਿਲਾ ਪ੍ਰੋਜੈਕਟ ਕਰਨ ਦਾ ਫ਼ੈਸਲਾ ਲਿਆ ਉਸ ਦੇ ਸਾਹਮਣੇ ਸਮਾਜ ਨੂੰ ਸੁਨੇਹਾ ਦੇਣ ਅਤੇ ਨੌਜਵਾਨਾਂ ਨੂੰ ਸੇਧ ਦੇਣ ਦੀ ਚੁਣੌਤੀ ਪਹਾੜ ਵਾਂਗ ਖੜੀ ਸੀ। ਗੁਰਬਾਣੀ ਤੋਂ ਲਈ ਸੇਧ ਅਤੇ ਸਿੱਖੀ ਦੀ ਸ਼ਾਨ ਨੂੰ ਦਰਸਾਉਂਦੀਆਂ ਵਾਰਾਂ ਗਾਉਣ ਉਪਰੰਤ ਜਦੋਂ ਉਹ ਪੰਜਾਬੀ ਦੀ ਮੁਖਧਾਰਾ ਦੀ ਗਾਇਕੀ ਵੱਲ ਆਇਆ ਤਾਂ ਉਹ ਨਹੀਂ ਸੀ ਚਾਹੁੰਦਾ ਕਿ ਉਹ ਵੀ ਸਭਿਆਚਾਰ ਦੇ ਨਾਂਅ ’ਤੇ ਪੈਂਦੇ ਰੌਲੇ-ਰੱਪੇ ਵਿਚ ਗੁਆਚ ਜਾਵੇ। ਇਸ ਦੀ ਖਾਤਰ ਉਸ ਨੇ ਚੰਗੇ ਗੀਤਕਾਰਾਂ ਦੀ ਭਾਲ ਸ਼ੁਰੂ ਕਰ ਦਿੱਤੀ। ਉਸ ਦੀ ਮਿਹਨਤ ਨੂੰ ਬੂਰ ਪਿਆ ਤੇ ਕਨੇਡਾ ਦੇ ਸ਼ਹਿਰ ਐਡਮਿੰਟਨ ਵਸਦੇ ਗੀਤਕਾਰ ਲਾਡੀ ਸੂਸ ਨਾਲ ਉਸ ਦਾ ਸੰਪਰਕ ਹੋਇਆ। ਇਕ-ਇਕ ਤੇ ਦੋ ਗਿਆਰਾਂ ਦੀ ਕਹਾਵਤ ਨੂੰ ਸਹੀ ਸਾਬਤ ਕਰਦਿਆਂ ਉਨ੍ਹਾਂ ਨੇ ਰਲ ਕੇ ਇਸ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਦਾ ਫ਼ੈਸਲਾ ਕੀਤਾ। ਉਪਰੰਤ ਲਾਡੀ ਸੂਸ ਨੇ ਪੰਜਾਬ ਰਹਿੰਦੇ ਮਿਊਜ਼ਿਕ ਡਾਇਰੈਕਟਰ ਅਸ਼ੋਕ ਸ਼ਰਮਾ ਨਾਲ ਸੰਪਰਕ ਕੀਤਾ। ਸਮਾਜ ਨੂੰ ਗੀਤਕਾਰੀ ਰਾਹੀਂ ਸੇਧ ਦੇਣ ਵਾਲੇ ਹੋਰ ਗੀਤਕਾਰਾਂ ਦੀ ਭਾਲ ਕੀਤੀ। ਅਖ਼ੀਰ ਵਿਚ 2009 ਵਿਚ ਆਪਣੀ ਪਹਿਲੀ ਕੈਸਟ ਦਾ ਨਾਮ ‘ਰੰਗਲਾ ਪੰਜਾਬ’ ਰੱਖਿਆ। ਇਸ ਕੈਸਟ ਵਿਚ 5 ਗੀਤ ਲਾਡੀ ਸੂਸਾ ਵਾਲਾ, ਇਕ -ਇਕ ਗੀਤ ਕ੍ਰਮਵਾਰ ਪ੍ਰੋ. ਮਲਕੀਤ ਜੌੜਾ, ਜੇਮਜ ਧਾਲੀਵਾਲ ਤੇ ਲੱਕੀ ਦੀਵਾਨਾ ਨੇ ਲਿਖੇ। ਇਸ ਦੇ ਨਾਲ ਹੀ ਇਸ ਪ੍ਰੋਜੈਕਟ ਵਿਚ ਉਘੀ ਗਾਇਕਾ ਸੁਦੇਸ਼ ਕੁਮਾਰੀ ਦੀ ਆਵਾਜ਼ ਵੀ ਡਿਊਟ ਗੀਤਾਂ ਦੇ ਰੂਪ ਵਿਚ ਸ਼ਾਮਲ ਕੀਤੀ ਗਈ। ਜਦੋਂ ‘ਵੰਝਲੀ ਰੈਕਡਜ਼’ ਨੇ ‘ਰੰਗਲਾ ਪੰਜਾਬ’ ਰਾਹੀਂ ਉਪਿੰਦਰ ਮਠਾਰੂ ਨੂੰ ਲੋਕਾਂ ਦੇ ਸਨਮੁਖ ਪੇਸ਼ ਕੀਤਾ ਤਾਂ ਹਰੇਕ ਸਰੋਤਾ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਪੰਜਾਬ ਦੀ ਧਰਤੀ ਤੋਂ ਦੂਰ ਵਿਦੇਸ਼ਾਂ ਵਿਚ ਵੀ ਚੰਗੀ ਗਾਇਕੀ ਤੇ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਿਆ ਜਾ ਸਕਦਾ ਹੈ। ਮਿਆਰੀ ਗੀਤ ਅਤੇ ਲੋਕ ਸੁਨੇਹੇ ਦਿੰਦੇ ਗੀਤਾਂ ਨਾਲ ਮਠਾਰੂ ਦੀ ਗਾਇਕੀ ਦੇ ਪਿੜ੍ਹ ਵਿਚ ਵਿਦੇਸ਼ੀ ਗਾਇਕ ਵਜੋਂ ਚੰਗੀ ਪਛਾਣ ਬਣ ਗਈ।







ਉਪਿੰਦਰ ਦੀ ਪਛਾਣ ਵਿਚ 2012 ਵਿਚ ਆਈ ਉਸ ਦੀ ਕੈਸਿਟ ‘ਸੱਚ ਦਾ ਹੋਕਾ ਲਾਇਆ ਬਾਬੇ ਨਾਨਕ ਨੇ’ ਮੀਲ ਪੱਥਰ ਸਾਬਤ ਹੋਈ। ਅਸ਼ੋਕ ਸ਼ਰਮਾ ਦੇ ਮਿਊਜ਼ਿਕ ਹੇਠ ਪਰਮ ਮਿਊਜ਼ਿਕ ਵਲੋਂ ਸਰੋਤਿਆਂ ਦੀ ਕਚਹਿਰੀ ਵਿਚ ਪੇਸ਼ ਕੀਤੀ, ਇਸ ਕੈਸਿਟ ਨੂੰ ਲੋਕਾਂ ਨੇ ਖਾਸ ਤੌਰ ’ਤੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੇ ਬੇਹੱਦ ਮਾਣ ਬਖ਼ਸ਼ਿਆ ਅਤੇ ਸਾਥ ਸੁਥਰੀ ਗਾਇਕੀ ਨੂੰ ਉਤਸ਼ਾਹਿਤ ਕਰਨ ਦਾ ਇਨਾਮ ਦਿੱਤਾ। ਇਸ ਕੈਸਿਟ ਵਿਚ ਲਾਡੀ ਸੂਸਾਵਾਲਾ ਨੇ ਪੰਜ ਗੀਤ ਲਿਖੇ, ਇਕ-ਇਕ ਗੀਤ ਲੱਖੀ ਦੀਵਾਨਾ, ਬਿੱਲਾ ਵੈਨਕੂਵਰ, ਗੋਪੀ ਕਾਊਂਕੇ, ਅਬੀ ਫੱਤੋਵਾਲ (ਐਡਮਿੰਟਨ) ਪ੍ਰੋ. ਮਲਕੀਤ ਜੋੜਾ ਵਲੋਂ ਲਿਖਿਆ ਗਿਆ। ਇਸ ਕੈਸਿਟ ਨਾਲ ਉਪਿੰਦਰ ਆਪਣੇ ਪ੍ਰਣ ਨੂੰ ਦੁਹਰਾਉਂਦਿਆਂ ਸਿੱਖੀ, ਧਰਮ ਅਤੇ ਸਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਪੀੜ੍ਹੀ ਨੂੰ ਸੁਚੇਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਸਹੀ ਰਸਤਾ ਦਰਸਾਉਣ ਵਿਚ ਕਾਮਯਾਬ ਰਹੇ।

## ‘ਮਿੱਤਰਾਂ’ ਤੇ ਪਰਿਵਾਰ ਦਾ ਸਾਥ

ਵਿਦੇਸ਼ਾਂ ਵਿਚ ਰਹਿ ਕੇ ਗਾ ਕੇ ਢਿੱਡ ਭਰਨਾ ਅਤੇ ਪਰਿਵਾਰ ਦੀ ਪਾਲਣਾ ਕਰਨਾ ਬੇਹੱਦ ਮੁਸ਼ਕਲ ਹੀ ਨਹੀਂ ਬਲਕਿ ਨਾਮੁਮਕਿਨ ਹੈ। ਪਰ ਉਪਿੰਦਰ ਲਈ ਗਾਇਕੀ ਅਤੇ ਬਿਜ਼ਨਸ ਵਿਚ ਇਹ ਕਦੀ ਵੀ ਅੜਚਨਾ ਨਹੀਂ ਬਣੀ। ਉਪਿੰਦਰ ਨੇ ਬੜੇ ਹੀ ਮਾਣ ਨਾਲ ਦੱਸਿਆ ਕਿ ਗਾਇਕੀ ਦੇ ਸ਼ੌਕ ਨੂੰ ਬਿਜ਼ਨਸ (ਫੈਂਸੀ ਡੋਰ ਐਂਡ ਮੌਲਡਿੰਗ) ਦੇ ਨਾਲ-ਨਾਲ ਪੂਰਾ ਕਰਨਾ ਮੁਸ਼ਕਲ ਸੀ ਜੇਕਰ ਇਸ ਕੰਮ ਵਿਚ ਮੌਂਟੀ ਗਰੇਵਾਲ ਉਸ ਦਾ ਸਾਥ ਨਾ ਦਿੰਦੇ। ਉਪਿੰਦਰ ਨੇ ਕਿਹਾ ਕਿ ਉਸ ਦੇ ਪਰਿਵਾਰ ਨੇ ਹਮੇਸ਼ਾ ਉਸ ਦਾ ਸਾਥ ਦਿੱਤਾ ਹੈ। ਗਾਇਕੀ ਦੇ ਸ਼ੌਕ ਨੂੰ ਜਾਰੀ ਰੱਖਣ ਵਿੱਚ ਕਈ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਸੁਨੇਹੀਆਂ ਦਾ ਵੀ ਸਹਿਯੋਗ ਰਿਹਾ।

## ਮੌਜੈਕ ਵਿੱਚ ਭੂਮਿਕਾ

ਕਨੇਡੀਅਨ ਮੌਜੈਕ ਆਰਟਿਸਟ ਐਸਸੀਏਸ਼ਨ ਆਫ਼ ਐਡਮਿੰਟਨ ਦੇ ਚੇਅਰਮੈਨ ਵੱਜ਼ੋ ਭੂਮਿਕਾ ਨਿਭਾ ਰਹੇ ਉਪਿੰਦਰ ਮਠਾਰੂ ਨੇ ਦੱਸਿਆ ਕਿ ਇਸ ਸੰਸਥਾ ਨੂੰ ਹੋਂਦ ਵਿੱਚ ਲਿਆਉਣ ਦਾ ਮੁੱਖ ਕਾਰਨ ਕਨੇਡਾ ਦੇ ਜੰਮਪਲ ਨੌਜਵਾਨ ਪੀੜ੍ਹੀ ਦੇ ਗੁਣਾਂ ਨੂੰ ਨਿਖਾਰਨਾ ਅਤੇ ਇਕ ਸਾਂਝਾਂ ਮੰਚ ਪ੍ਰਦਾਨ ਕਰਨਾ ਸੀ। ਇਸ ਦੇ ਨਾਲ ਹੀ ਇਥੋਂ ਦਾ ਨੌਜਵਾਨ ਜਦੋਂ ਇਹ ਦੇਖਦਾ ਸੀ ਉਨ੍ਹਾਂ ਦੂ ਗੁਣਾਂ ਨੂੰ ਅੱਖੋਂ ਪਰੋਖਿਆਂ ਕਰਕੇ ਭਾਰਤ ਤੋਂ ਗਾਇਕ/ਗਾਇਕਾਵਾਂ/ਹਾਸ ਕਾਲਾਕਾਰ ਅਤੇ ਹੋਰ ਕਾਲਾਕਾਰਾਂ ਨੂੰ ਪ੍ਰਮੁੱਤਾ ਦਿੱਤੀ ਜਾ ਰਹੀ ਤਾਂ ਇਸ ਸੰਸਥਾ ਨੂੰ ਹੋਂਦ ਵਿੱਚ ਲਿਆਉਣਾ ਸਮੇਂ ਦੀ ਜਰੂਰਤ ਬਣ ਗਿਆ। ਮੌਜੈਕ ਦੇ ਸਭ ਅਹੁਦੇਦਾਰਾਂ ਦੀ ਮਿਹਨਤ ਦੇ ਯਤਨਾਂ ਸਦਕਾਂ ਲੋਕਾਂ ਨੇ ਇਸ ਨੂੰ ਭਰਵਾਂ ਹੁੰਗਾਰਾ ਦਿੱਤਾ ਅਤੇ ਹੁਣ ਇਸ ਵਿੱਚ ਉਮੀਦ ਨਾਲੋਂ ਜਿਆਦਾ ਕਾਲਾਕਾਰ ਭਾਗ ਲੈ ਰਹੇ ਹਨ। ਮੌਜੈਕ ਦੀ ਇੱਕ ਹੋਰ ਖੂਬੀ ਹੈ ਕਿ ਇਸ ਸੰਸਥਾ ਵਿਚਲੇ ਕਾਲਾਕਾਰ ਸਿਰਫ਼ ਪੰਜਾਬ ਦੇ ਨਾਲ ਸਬੰਧਿਤ ਨਾ ਹੋ ਕੇ ਹੋਰਨਾਂ ਸੂਬਿਆਂ ਜਿਵੇਂ ਹਰਿਆਣਾ, ਹਿਮਾਚਲ, ਜੰਮੂ, ਰਾਜਸਥਾਨ, ਗੁਜਰਾਤ ਆਦਿ ਕਈ ਹੋਰ ਸੂਬਿਆਂ ਨਾਲ ਵੀ ਸਬੰਧ ਰੱਖਦੇ ਹਨ। ਇਹ ਇੱਕ ਕਿਸਮ ਨਾਲ ਵੱਖ-ਵੱਖ ਫੁੱਲਾਂ ਨਾਲ ਮਹਿਕ ਵੰਡਦਾ ਗੁਲਦਸਤਾ ਹੈ।

ਸੰਸਥਾ ਦੀ ਕਾਮਯਾਬੀ ਇਸ ਗੱਲ ਤੋਂ ਹੀ ਪਤਾ ਲੱਗ ਜਾਂਦੀ ਹੈ ਕਿ 2013 ਵਿੱਚ ਕੀਤਾ ਗਿਆ ਪਲੇਠਾ ਸਮਾਗਮ ਸਫ਼ਲਤਾ ਦੀ ਸਿਖ਼ਰ ਨੂੰ ਛੂਅ ਗਿਆ। ਇਸ ਕਾਮਯਾਬੀ ਦਾ ਸਿਹਰਾ ਕਨੇਡਾ ਦੇ ਲੋਕਾਂ ਅਤੇ ਕਾਲਾਕਾਰਾਂ ਦੀ ਮਿਹਨਤ ਨੂੰ ਜਾਂਦਾ ਹੈ। ਇਸੇ ਲਈ ਸੰਸਥਾ ਜੁਲਾਈ 2014 ਵਿੱਚ ਆਪਣਾ ਦੂਸਰਾ ਸਮਾਗਮ ਕਰਨ ਜਾ ਰਹੀ ਹੈ।

## ਆਉਣ ਵਾਲੇ ਪ੍ਰੋਜੈਕਟ

ਆਉਣ ਵਾਲੀ ਕੈਸਿਟ ਬਾਰੇ ਪੁੱਛੇ ਜਾਣ ’ਤੇ ਉਪਿੰਦਰ ਨੇ ਦੱਸਿਆ ਕਿ ਫ਼ਰਵਰੀ 2014 ਦੇ ਅਖ਼ੀਰ ਵਿਚ ਉਹ ਇਕ ਮਲਟੀ ਕੈਸਿਟ ਸਰੋਤਿਆਂ ਦੀ ਕਸਵੱਟੀ ਉਤਾਰਨ ਜਾ ਰਹੇ ਹਨ। ਹੋਰ ਕਾਲਾਕਾਰਾਂ ਦੇ ਨਾਲ ਇਸ ਕੈਸਿਟ ਵਿਚ ਉਨ੍ਹਾਂ ਦਾ ਇਕ ਗੀਤ ਸ਼ਾਮਿਲ ਹੈ, ਜੋ ਕਿ ਉਘੇ ਗੀਤਕਾਰ ਜਸਵੀਰ ਗੁਣਾਚੌਰੀਆ ਦਾ ਲਿਖਿਆ ਹੈ। ਇਸ ਗਾਣੇ ਰਾਹੀਂ ਵੀ ਉਨ੍ਹਾਂ ਨੌਜਵਾਨਾਂ ਨੂੰ ਸੇਧ ਦੇਣ ਦੀ ਗੱਲ ਦੁਹਰਾਈ ਹੈ। ਆਪਣੇ ਵਖਰੇ ਪ੍ਰੋਜੈਕਟ ਬਾਰੇ ਉਨ੍ਹਾਂ ਦੱਸਿਆ ਕਿ ਇਸ ਦੇ ਸਾਲ 2014 ਦੇ ਅੱਧ ਤਕ ਉਹ ਆਪਣੀ ਇਕ ਕੈਸਿਟ ਕਰਨ ਜਾ ਰਹੇ ਹਨ। ਇਸ ਵਿਚ ਚੰਗੇ ਤੇ ਸਮਾਜ ਨੂੰ ਸੇਧ ਦੇਣ ਵਾਲੇ ਗੀਤ ਸ਼ਾਮਲ ਕੀਤੇ ਜਾਣਗੇ। ਇਸ ਆਉਣ ਵਾਲੀ ਕੈਸਿਟ ਵਿਚ ਪੰਜਾਬੀ ਸਭਿਆਚਾਰ ਵਿਚਲੀਆਂ ਬੋਲੀਆਂ, ਲੋਕ ਗੀਤਾਂ ਤੋਂ ਇਲਾਵਾ ਕਈ ਹੋਰ ਰੰਗ ਵੀ ਸ਼ਾਮਲ ਕੀਤੇ ਜਾਣਗੇ।

**ਉਪਿੰਦਰ ਮਠਾਰੂ ਨਾਲ 780-267-7740 ’ਤੇ ਸੰਪਰਕ ਕੀਤਾ ਜਾ ਸਕਦਾ ਹੈ।**


DASHMESH TIRE & LUBE
All Brands of Tires
MRF Or JK (Indian)
B.F. Goodrich. Michelin. Dunlop
Tire Repairs, Brakes, Oil Change & Lubrication
Do Service on Remote Locations Including weighing scales
vehicle inspection by certified machines
ਲੈਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Enough Parking Space
Call : Manjit S. Khosa. Garry Dhaliwal
Ph: 780-298-1114, 780-993-4441
6609 34 St. Edmonton. Alberta.


Maharaja
Banquet Facility
Banques Facility From
100 to 1200 People
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ
ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਮਹਾਰਾਜਾ ਬੈਂਕੁਇਟ ਹਾਲ ਬੁਕ ਕਰੋ।
Big Dance Floor
Full Bar
Excellent Bridal Chair
Great Music System
Beauty Service Elegance
9257-34A Ave. Edmonton, AB.
Call : Tariq Chaudhry 780-695-7200


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
50 SunnyVale Gate, Unit # 7,
Brampton, ON L6S 0C4


ਮੁਲਾਕਾਤ
Productions
ਟੀ.ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ


WILDROSE MASONARY & STONE WORKS
Commertial & Residential
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ
Ph: 780 340 1400
Off: 780 450 1413
Fax: 780 490 4888
Dave Johal
Culture Stone Bricks
Blocks Glass Blocks
email:wildrosemasonary@live.ca ✦ 1404-69th St. SW Edmonton, AB T6L 1L4


HARRY`S EXCAVATING
PH: 780-918-2252
Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।


'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ
ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ
ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# ਗੁਰਦੁਆਰਾ ਕਮੇਟੀਆਂ ਹੰਗਾਮੀ ਹਾਲਤਾਂ ਲਈ ਵਿਸ਼ੇਸ਼ ਪ੍ਰੋਟੋਕੋਲ ਤਿਆਰ ਕਰਨ

ਮਨਪ੍ਰੀਤ ਗਰੇਵਾਲ
Grewal.manpreet.25@gmail.com

ਗੁਰਦੁਆਰਾ ਸਿੱਖਾਂ ਦੀ ਆਸਥਾ ਦਾ ਘਰ ਹੈ। ਇਹ ਉਹ ਪਵਿੱਤਰ ਥਾਂ ਹੈ, ਜਿੱਥੇ ਸਿੱਖ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਨ। ਹਰ ਤਿੱਥ ਤਿਓਹਾਰ ਮੌਕੇ ਸਿੱਖ ਗੁਰੂਘਰ ਜਾਂਦੇ ਹਨ ਤੇ ਗੁਰੂ ਤੋਂ ਆਸ਼ੀਰਵਾਦ ਲੈਂਦੇ ਹਨ। ਇਸੇ ਪਰੰਪਰਾ ਦੇ ਚਲਦਿਆਂ ਨਵੇਂ ਸਾਲ ਮੌਕੇ ਵੀ ਬਹੁਤ ਸਾਰੇ ਸਿੱਖ ਵਿਨੀਪੈਗ ਦੇ ਸਥਾਨਕ ਗੁਰੂਘਰ ਵਿਚ ਇਕੱਠੇ ਹੋਏ। ਇਸ ਵਾਰੀ ਮੈਂ ਆਪਣੇ ਪਰਿਵਾਰ ਨਾਲ ਗੁਰੂਘਰ ਗਿਆ। ਭੀੜ ਇੰਨੀ ਸੀ ਕਿ ਵਹੀਕਲਾਂ ਦੇ ਪਾਰਕਿੰਗ ਲਈ ਥਾਂ ਨਹੀਂ ਸੀ। ਵਹੀਕਲ ਇਕ ਦੂਜੇ ਵਿਚ ਘੁਸੇ ਪਏ ਸਨ। ਜਦੋਂ ਅਸੀਂ ਗੁਰੂਘਰ ਵਿਚ ਪ੍ਰਵੇਸ਼ ਕੀਤਾ ਤਾਂ ਸਭ ਤੋਂ ਪਹਿਲਾਂ ਅਸੀਂ ਆਪਣੇ ਜੁੱਤੇ ਉਤਾਰੇ ਤੇ ਫਿਰ ਰੁਮਾਲ ਨਾਲ ਆਪਣਾ ਸਿਰ ਢਕਿਆ। ਉਸ ਤੋਂ ਬਾਅਦ ਪੰਜ ਸ਼ਨਾਨਾ ਕੀਤਾ ਤੇ ਗੁਰੂ ਦੇ ਚਰਨਾ ਵਿਚ ਅਰਦਾਸ ਕੀਤੀ। ਅੱਜ ਗੁਰੂਘਰ ਵਿਚ ਆਮ ਦਿਨਾਂ ਤੋਂ ਵੱਖਰਾ ਮਾਹੌਲ ਸੀ। ਹਰ ਬੰਦਾ ਰੱਬ ਦੇ ਰੰਗ ਵਿਚ ਰੰਗਿਆ ਹੋਇਆ ਜਾਪਦਾ ਸੀ। ਅਰਦਾਸ ਕਰਨ ਤੋਂ ਬਾਅਦ ਅਸੀਂ ਲੰਗਰ ਹਾਲ ਵਿਚ ਚਾਹ ਪੀਤੀ, ਉਦੋਂ ਮੈਨੂੰ ਮਹਿਸੂਸ ਹੋਇਆ ਕਿ ਇਕ ਆਂਟੀ ਕੁਝ ਉਖੜੀ ਹੋਈ ਮਹਿਸੂਸ ਕਰ ਰਹੀ ਹੈ। ਉਸ ਨੇ ਮੈਨੂੰ ਕਿਹਾ ਕਿ ਮਨਪ੍ਰੀਤ ਦਰਬਾਰ ਸਾਹਿਬ ਵਿਚ ਔਰਤ ਬੇਹੋਸ਼ ਹੋ ਗਈ ਹੈ ਤੇ ਸਾਨੂੰ ਤੇਰੀ ਸਹਾਇਤਾ ਦੀ ਜ਼ਰੂਰਤ ਹੈ। ਉਸ ਦੇ ਇੰਨਾ ਕਹਿਣ ’ਤੇ ਮੈਂ ਦੌੜਿਆ ਤੇ ਕੀ ਦੇਖਦਾ ਹਾਂ ਕਿ ਬਜ਼ੁਰਗ ਔਰਤ ਫਰਸ਼ ’ਤੇ ਲੇਟੀ ਪਈ ਹੈ ਤੇ ਜਸਪ੍ਰੀਤ ਨਾਂ ਦੀ ਨੌਜਵਾਨ ਕੁੜੀ ਉਸ ਦੀ ਸਹਾਇਤਾ ਕਰ ਰਹੀ ਹੈ, ਜਿਹੜੀ ਕਿ ਉਸ ਦੀ ਰਿਸ਼ਤੇਦਾਰ ਹੈ। ਔਰਤ ਬੇਹੋਸ਼ੀ ਵਰਗੀ ਹਾਲਤ ਵਿਚ ਸੀ, ਉਹ ਦੇਖ ਨਹੀਂ ਪਾ ਰਹੀ ਸੀ। ਮੈਂ ਸਭ ਤੋਂ ਪਹਿਲਾਂ ਉਸ ਦੀ ਨਬਜ਼ ਚੈੱਕ ਕੀਤੀ ਤੇ ਮਹਿਸੂਸ ਕੀਤਾ ਕਿ ਨਬਜ਼ ਬਹੁਤ ਹੌਲੀ ਚੱਲ ਰਹੀ ਹੈ। ਮੈਂ ਸਮਝ ਗਿਆ ਕਿ ਸਾਨੂੰ ਫੋਨ ਕਰ ਕੇ ਐਂਬੂਲੈਂਸ ਸੱਦਣੀ ਚਾਹੀਦੀ ਸੀ ਤੇ ਮੈਂ ਇਸ ਬਾਰੇ ਦੂਜਿਆਂ ਨੂੰ ਪੁੱਛਿਆ। ਪਰ ਕਿਸੇ ਨੇ ਵੀ ਇਹ ਕੰਮ ਨਹੀਂ ਕੀਤਾ ਸੀ। ਇਸ ਤੋਂ ਤਰੁੰਤ ਬਾਅਦ ਇਕ ਵਿਅਕਤੀ ਵਲੋਂ ਐਂਬੂਲੈਂਸ ਨੂੰ ਫੋਨ ਕੀਤਾ ਗਿਆ ਤੇ ਇਸ ਸਮੇਂ ਦਰਮਿਆਨ ਮੈਂ ਜਸਪ੍ਰੀਤ ਨਾਲ ਮਿਲ ਕੇ ਔਰਤ ਨੂੰ ਹੋਸ਼ ਵਿਚ ਰੱਖਣ ਦੀ ਕੋਸ਼ਿਸ਼ ਕੀਤੀ। ਇੰਨੇ ਵਿਚ ਇਕ ਭੱਦਰਪੁਰਸ਼ ਆਇਆ ਤੇ ਕਹਿਣ ਲੱਗਿਆ ਕਿ ਔਰਤ ਨੂੰ ਦਰਬਾਰ ਸਾਹਿਬ ਤੋਂ ਲੰਗਰ ਹਾਲ ਵਿਚ ਲੈ ਜਾਵੋ। ਮੈਂ ਉਨ੍ਹਾਂ ਨੂੰ ਕਿਹਾ ਕਿ ਇਸ ਹਾਲਤ ਵਿਚ ਔਰਤ ਨੂੰ ਹਿਲਾਉਣਾ ਠੀਕ ਨਹੀਂ, ਅਜਿਹਾ ਕਰਨਾ ਇਸ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ ਤੇ ਮੈਨੂੰ ਇਸ ਗੱਲ ਦਾ ਵੀ ਯਕੀਨ ਸੀ ਕਿ ਲੰਗਰ ਹਾਲ ਵਿਚ ਵੀ ਭੀੜ ਹੈ ਅਤੇ ਇੱਥੋਂ ਨਾਲੋਂ ਖੁੱਲ੍ਹੀ ਥਾਂ ਨਹੀਂ ਹੈ। ਔਰਤ ਦੀ ਹਾਲਤ ਹੋਰ ਨਾਜ਼ੁਕ ਹੁੰਦੀ ਜਾ ਰਹੀ ਹੈ, ਉਸ ਦੀ ਨਬਜ਼ ਸਥਿਰ ਕਰਨ ਲਈ ਜਸਪ੍ਰੀਤ ਨੇ ਉਨ੍ਹਾਂ ਨੂੰ ਸਾਹ ਦੇਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਕਰਨ ਨਾਲ ਉਸ ਦੀ ਨਬਜ਼ ਫਿਰ ਤੋਂ ਚੱਲਣ ਲੱਗ ਪਈ। ਹੁਣ ਉਸ ਨੇ ਪਹਿਲਾਂ ਨਾਲੋਂ ਵੱਧ ਤੜਫਨਾ ਸ਼ੁਰੂ ਕਰ ਦਿੱਤਾ, ਹਾਲਾਂਕਿ ਉਹ ਕਿਸੇ ਗੱਲ ਦਾ ਜਵਾਬ ਨਹੀਂ ਦੇ ਸਕਦੀ ਸੀ।

ਕੁਝ ਸਮੇਂ ਵਿਚ ਹੀ ਪੈਰਾਮੈਡੀਕਲ ਦੀ ਟੀਮ ਆ ਗਈ ਤੇ ਉਨ੍ਹਾਂ ਨੇ ਔਰਤ ਦੀ ਸਿਹਤ ਦਾ ਮੁਲਾਂਕਣ ਕੀਤਾ। ਔਰਤ ਦਾ ਬਲੱਡ ਪ੍ਰੈਸ਼ਰ ਘਟਿਆ ਹੋਇਆ ਸੀ ਤੇ ਉਹ ਉਚਿਤ ਆਕਸ਼ੀਜਨ ਨਹੀਂ ਲੈ ਪਾ ਰਹੀ ਸੀ, ਜਿਸ ਨਾਲ ਸਰੀਰ ਦਾ ਤਾਪਮਾਨ ਘੱਟ ਗਿਆ ਸੀ ਅਤੇ ਉਸ ਨੂੰ ਸਾਹ ਲੈਣ ਵਿਚ ਦਿੱਕਤ ਮਹਿਸੂਸ ਹੋ ਰਹੀ ਸੀ। ਉਨ੍ਹਾਂ ਹਾਲਤ ਦੇਖਦਿਆਂ ਉਸ ਨੂੰ ਸਟਰੈਚਰ ’ਤੇ ਪਾ ਕੇ ਲਿਜਾਇਆ ਗਿਆ, ਪਰ ਮੈਂ ਇੱਥੇ ਜਿਹੜੀ ਗੱਲ ਨੋਟ ਕੀਤੀ, ਉਹ ਇਹ ਸੀ ਕਿ ਪੈਰਾਮੈਡੀਕਲ ਵਰਕਰ ਆਪਣੇ ਜੁੱਤੇ ਬਾਹਰ ਕੱਢ ਕੇ ਆਏ ਸਨ ਤੇ ਸਟਰੈਚਰ ਵੀ ਦਰਬਾਰ ਸਾਹਿਬ ਦੇ ਅੰਦਰ ਲੈ ਕੇ ਨਹੀਂ ਆਏ। ਮੈਂ ਉਲਝਣ ਵਿਚ ਪੈ ਗਿਆ। ਸ਼ਾਇਦ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਗਿਆ ਸੀ। ਜਦੋਂ ਮੈਂ ਇਸ ਬਾਰੇ ਉਨ੍ਹਾਂ ’ਚੋਂ ਇੱਕ ਵਿਅਕਤੀ ਨੂੰ ਪੁੱਛਿਆ ਜੋ ਕਿ ਬਾਹਰ ਖੜਾ ਇੰਤਜ਼ਾਰ ਕਰ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਉਹ ਆਪਣੇ ਜੁੱਤੇ ਨਹੀਂ ਉਤਾਰ ਸਕਦਾ ਤੇ ਇਸ ਲਈ ਉਹ ਅੰਦਰ ਨਹੀਂ ਗਿਆ। ਹੁਣ ਮੈਂ ਸਮਝ ਗਿਆ ਕਿ ਉਨ੍ਹਾਂ ਨੂੰ ਜੁੱਤੇ ਬਾਹਰ ਕੱਢਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਤੇ ਸਟਰੈਚਰ ਵੀ ਦਰਬਾਰ ਸਾਹਿਬ ਤੋਂ ਬਾਹਰ ਰੱਖਣ ਲਈ ਕਿਹਾ ਗਿਆ ਸੀ। ਇਹ ਦੇਖਦਿਆਂ ਮੈਂ ਸਟਰੈਚਰ ਨੂੰ ਧੱਕਾ ਲਾਇਆ ਤੇ ਅੰਦਰ ਲੈ ਆਇਆ, ਅਜਿਹਾ ਕਰਨ ਲਈ ਮੈਂ ਕੋਲ ਖੜੇ ਇਕ ਭੱਦਰ ਪੁਰਸ਼ ਨੂੰ ਸਹਾਇਤਾ ਕਰਨ ਲਈ ਕਿਹਾ। ਮੈਨੂੰ ਇਸ ਗੱਲ ’ਤੇ ਹੈਰਾਨੀ ਹੋਈ ਕਿ ਔਰਤ ਨੂੰ ਸਹਾਇਤਾ ਦੀ ਜ਼ਰੂਰਤ ਹੈ ਤੇ ਇਸ ਹਾਲਤ ਵਿਚ ਅਖੌਤੀ ਭੱਦਰ ਪੁਰਸ਼ ਪੈਰਾਮੈਡੀਕਲ ਵਾਲਿਆਂ ਨੂੰ ਠੀਕ ਢੰਗ ਨਾਲ ਕੰਮ ਨਹੀਂ ਕਰਨ ਦੇ ਰਹੇ ਸਨ। ਇੰਨੇ ਵਿਚ ਹੀ ਔਰਤ ਨੂੰ ਉਲਟੀ ਆਈ ਪਰ ਪੈਰਾਮੈਡੀਕਲ ਵਾਲਿਆਂ ਨੇ ਔਰਤ ਨੂੰ ਸਟਰੈਚਰ ’ਤੇ ਸਾਂਭ ਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਜੁੱਤੇ ਪਾਏ ਤੇ ਗੁਰਦੁਆਰੇ ਦੇ ਉਸ ਗੇਟ ਤੋਂ ਨਿੱਕਲ ਗਏ, ਜਿੱਥੋਂ ਉਹ ਸੁਖਾਲੇ ਨਿੱਕਲ ਸਕਦੇ ਸਨ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੋਈ ਕਿ ਔਰਤ ਦੀ ਹੁਣ ਸਹੀ ਦੇਖਭਾਲ ਹੋ ਸਕੇਗੀ ਤੇ ਉਹ ਖਤਰੇ ਤੋਂ ਬਾਹਰ ਹੋ ਗਈ। ਪਰ ਮੈਂ ਅਖੌਤੀ ਭੱਦਰ ਪੁਰਸ਼ਾਂ ਦੇ ਵਤੀਰੇ ’ਤੇ ਹੈਰਾਨ ਸੀ, ਜਿਨ੍ਹਾਂ ਨੇ ਸਥਿਤੀ ਦੀ ਨਾਜ਼ੁਕਤਾ ਨੂੰ ਨਹੀਂ ਸਮਝਿਆ। ਇਸ ਤਜ਼ਰਬੇ ਤੋਂ ਮੈਂ ਸਿੱਖਿਆ ਕਿ ਅਜਿਹੀਆਂ ਹੰਗਾਮੀ ਹਾਲਤਾਂ ਨੂੰ ਦੇਖਦਿਆਂ ਗੁਰਦਆਰਾ ਕਮੇਟੀ ਵਲੋਂ ਐਮਰਜੈਂਸੀ ਪ੍ਰੋਟੋਕੋਲ ਤਿਆਰ ਕਰਨਾ ਚਾਹੀਦਾ ਹੈ ਤਾਂ ਜੋ ਅਜਿਹੀ ਹਾਲਤ ਵਿਚ ਅਸੀਂ ਆਪਣੀ ਸਹੀ ਭੂਮਿਕਾ ਨਿਭਾ ਸਕੀਏ। ਮੇਰੇ ਖ਼ਿਆਲ ਮੁਤਾਬਕ ਇਹ ਇਸ ਗੁਰਦੁਆਰੇ ਵਿਚ ਅਜਿਹੀ ਪਹਿਲੀ ਘਟਨਾ ਸੀ। ਪਰ ਫੇਰ ਵੀ ਇਸ ਨੂੰ ਦੇਖਦਿਆਂ ਕਿ ਸਾਨੂੰ ਕੁਝ ਪਹਿਲਕਦਮੀਆਂ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹੀ ਪਾਰਕਿੰਗ ਦੇ ਮਾਮਲੇ ਵਿਚ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ ਜੇ ਕੋਈ ਐਮਰਜੈਂਸੀ ਵਿਚ ਵਹੀਕਲ ਆ ਜਾਵੇ ਤਾਂ ਉਸ ਨੂੰ ਪਾਰਕਿੰਗ ਕਰਨ ਲਈ ਉਚਿਤ ਥਾਂ ਹੋਵੇ। ਇਸ ਤੋਂ ਇਲਾਵਾ ਗੁਰਦੁਆਰੇ ਵਿਚ ਇਕ ਪਾਸੇ ਅਜਿਹਾ ਦਰਵਾਜ਼ਾ ਹੋਣਾ ਚਾਹੀਦਾ ਹੈ, ਜੋ ਹੰਗਾਮੀ ਹਾਲਤ ਵਿਚ ਸਟਰੈਚਰ ਆਦਿ ਲੈ ਕੇ ਜਾਣ ਲਈ ਵਰਤਿਆ ਜਾਵੇ, ਜਿਸ ਰਾਹੀਂ ਐਂਬੂਲੈਂਸ ਸਿੱਧੀ ਅੰਦਰ ਜਾ ਸਕੇ ਤੇ ਉਸ ਦੇ ਰਾਹ ਵਿਚ ਕੋਈ ਰੁਕਾਵਟ ਨਾ ਆਵੇ। ਜਦੋਂ ਇਹ ਪ੍ਰੋਟੋਕੋਲ ਤਿਆਰ ਕੀਤਾ ਜਾਵੇ ਤਾਂ ਅਜਿਹੀ ਹਾਲਤ ਵਿਚ ਪੈਰਾਮੈਡੀਕਲ ਜਾਂ ਸਹਾਇਤਾ ਕਰਨ ਆਏ ਹੋਰ ਵਿਅਕਤੀਆਂ ਲਈ ਖਾਸ ਵਿਧਾਨ ਹੋਵੇ। ਮੈਨੂੰ ਇਹ ਗੱਲ ਸਭ ਤੋਂ ਅਜੀਬ ਲੱਗੀ ਕਿ ਪੈਰਾਮੈਡੀਕਲ ਵਾਲਿਆਂ ਨੂੰ ਜੁੱਤੇ ਬਾਹਰ ਕੱਢਣ ਲਈ ਕਿਹਾ ਗਿਆ। ਜਿੰਨਾ ਚਿਰ ’ਚ ਉਨ੍ਹਾਂ ਨੇ ਜੁੱਤੇ ਕੱਢੇ ਤੇ ਪਾਏ ਹਨ, ਕਈ ਵਾਰ ਓਨੇ ਚਿਰ ਹੀ ਵਿਅਕਤੀ ਦੀ ਜਾਨ ਜਾ ਸਕਦੀ ਹੈ। ਅਜਿਹੀ ਹਾਲਤ ਵਿਚ ਇੱਕ-ਇੱਕ ਸਕਿੰਟ ਕੀਮਤੀ ਹੁੰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਜੇ ਅਜਿਹੀ ਹਾਲਤ ਵਿਚ ਕਿਸੇ ਨਿਯਮ ਜਾਂ ਮਰਿਆਦਾ ਦੀ ਉਲੰਘਣਾ ਹੁੰਦੀ ਹੈ ਤਾਂ ਰੱਬ ਭਲੀਭਾਂਤ ਸਮਝ ਲਵੇਗਾ, ਉਸ ਬਾਰੇ ਸਾਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਅਜਿਹੀ ਹਾਲਤ ਵਿਚ ਸਾਨੂੰ ਸਪੀਕਰ ਬੰਦ ਕਰ ਦੇਣੇ ਚਾਹੀਦੇ ਹਨ, ਕਿਉਂਕਿ ਇਹ ਮਰੀਜ਼ ਲਈ ਘਾਤਕ ਹੋ ਸਕਦੇ ਹਨ, ਭਾਵੇਂ ਅਸੀਂ ਅਰਦਾਸ ਨਾ ਰੋਕੀਏ ਪਰ ਸਪੀਕਰ ਤਾਂ ਬੰਦ ਕਰ ਸਕਦੇ ਹਾਂ ਜਾਂ ਉਨ੍ਹਾਂ ਦੀ ਆਵਾਜ਼ ਧੀਮੀ ਕਰ ਸਕਦੇ ਹਾਂ। ਇਸ ਤਰ੍ਹਾਂ ਅਸੀਂ ਪ੍ਰੋਟੋਕੋਲ ਬਣਾ ਕੇ ਹੰਗਾਮੀ ਹਾਲਤਾਂ ’ਤੇ ਕਾਬੂ ਪਾ ਸਕਦੇ ਹਾਂ। ਸ਼ਰਧਾ ਦੇ ਨਾਲ-ਨਾਲ ਸਾਨੂੰ ਇਸ ਸੇਵਾ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

## ਹੰਗਾਮੀ ਹਾਲਤਾਂ ਨੂੰ ਲੈ ਕੇ ਉਸਾਰੂ ਬਹਿਸ ਦੀ ਲੋੜ

ਵੈਂਡੀ ਔਜਲਾ
waujla@gmail.com

ਅਲਬਰਟਾ ਦੇ ਸ਼ਹਿਰ ਐਡਮਿੰਟਨ ਵਿਚ ਅਜਿਹਾ ਗੁਰਦੁਆਰਾ ਹੈ ਜਿੱਥੇ ਹੰਗਾਮੀ ਹਾਲਤਾਂ ਨਾਲ ਨਜਿੱਠਣ ਲਈ ਵਿਸ਼ੇਸ਼ ਤਰ੍ਹਾਂ ਦਾ ਪ੍ਰੋਟੋਕੋਲ ਹੈ। ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਕੀ ਸਾਡੇ ਗੁਰਦੁਆਰਿਆਂ ਦੀਆਂ ਕਮੇਟੀਆਂ ਵੀ ਅਜਿਹੀਆਂ ਹਾਲਤਾਂ ਨੂੰ ਨਜਿੱਠਣ ਲਈ ਕੁਝ ਪਹਿਲਕਦਮੀਆਂ ਕਰਨਗੀਆਂ। ਇੱਕ ਕਮੇਟੀ ਮੈਂਬਰ ਨੇ ਮੈਨੂੰ ਜਾਣਕਾਰੀ ਦਿੱਤੀ ਹੈ ਕਿ ਸੰਗਤ ਵਲੋਂ ਪਾਰਕਿੰਗ ਨਿਯਮਾਂ ਦਾ ਵੀ ਸਤਿਕਾਰ ਨਹੀਂ ਕੀਤਾ ਜਾਂਦਾ। ਪਾਰਕਿੰਗ ਸਬੰਧੀ ਕਈ ਹਦਾਇਤਾਂ ਦਿੱਤੀਆਂ ਗਈਆਂ ਹਨ, ਬੋਰਡ ਲੱਗੇ ਹੋਏ ਹਨ ਪਰ ਸੰਗਤ ਅਕਸਰ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ। ਮੇਰੇ ਖ਼ਿਆਲ ਮੁਤਾਬਕ ਇਸ ਮਾਮਲੇ ਨੂੰ ਲੈ ਕੇ ਗੁਰਦੁਆਰਾ ਕਮੇਟੀ ਕੋਲ ਇੱਛਾ ਸ਼ਕਤੀ ਦੀ ਘਾਟ ਹੈ। ਐਡਮਿੰਟਨ ਦੇ ਗੁਰਦੁਆਰਾ ਕਮੇਟੀ ਦੇ ਇੱਕ ਮੈਂਬਰ ਨੇ ਦੱਸਿਆ ਕਿ ਸਾਡੇ ਗੁਰਦੁਆਰੇ ਵਿਚ ਜੇਕਰ ਕੋਈ ਵਿਅਕਤੀ ਆਪਣਾ ਵਹੀਕਲ ਗ਼ਲਤ ਪਾਰਕ ਕਰਦਾ ਹੈ ਤਾਂ ਉਸ ਨੂੰ ਚੈਨ ਨਾਲ ਚੁੱਕ ਕੇ ਸਹੀ ਜਗ੍ਹਾ ’ਤੇ ਲਾ ਦਿੱਤਾ ਜਾਂਦਾ ਹੈ, ਇਸ ਤੋਂ ਇਲਾਵਾ ਉਨ੍ਹਾਂ ਵਲੋਂ ਵਿਸ਼ੇਸ਼ ਤੌਰ ’ਤੇ ਅਨਾਊਸਮੈਂਟ ਵੀ ਕੀਤੀ ਜਾਂਦੀ ਹੈ ਤਾਂ ਜੋ ਵਿਅਕਤੀ ਆਪਣਾ ਵਹੀਕਲ ਆਪ ਹੀ ਸਹੀ ਥਾਂ ’ਤੇ ਖੜਾ ਕਰ ਦੇਵੇ। ਮਹੱਤਵਪੂਰਨ ਗੱਲ ਉਨ੍ਹਾਂ ਇਹ ਦੱਸੀ ਕਿ ਪਾਰਕਿੰਗ ਲਈ ਗੁਰਦੁਆਰਾ ਕਮੇਟੀ ਨੇ ਟਿਕਟ ਪ੍ਰਣਾਲੀ ਨੂੰ ਵੀ ਅਪਣਾਇਆ ਹੋਇਆ ਹੈ। ਅਜਿਹਾ ਪ੍ਰਬੰਧ ਨਿਸਚਤ ਤੌਰ ’ਤੇ ਹੰਗਾਮੀ ਹਾਲਤਾਂ ਵਿਚ ਸਹਾਇਕ ਹੁੰਦਾ ਹੈ।

ਪੈਰਾਮੈਡੀਕਲ ਵਾਲਿਆਂ ਨੂੰ ਇਸ ਮਾਮਲੇ ਵਿਚ ਬਿਲਕੁੱਲ ਆਰਾਮਦਾਇਕ ਸਥਿਤੀ ਚਾਹੀਦੀ ਹੈ, ਪ੍ਰਬੰਧ ਅਜਿਹਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੰਮ ਕਰਦੇ ਸਮੇਂ ਬਿਲਕੁੱਲ ਵੀ ਰੁਕਾਵਟ ਨਾ ਆਵੇ। ਇਸ ਤੋਂ ਇਲਾਵਾ ਕੁਝ ਕਮੇਟੀ ਮੈਂਬਰਾਂ ਨੂੰ ਫਸਟ ਏਡ ਦੀ ਟਰੇਨਿੰਗ ਵੀ ਹੋਣੀ ਚਾਹੀਦੀ ਹੈ ਤਾਂ ਜੋ ਹੰਗਾਮੀ ਹਾਲਤਾਂ ’ਤੇ ਕਾਬੂ ਪਾਇਆ ਜਾ ਸਕੇ। ਮਹੱਤਵਪੂਰਨ ਗੱਲ ਇਹ ਹੈ ਕਿ ਜਿਹੜਾ ਵੀ ਪ੍ਰੋਟੋਕੋਲ ਗੁਰਦੁਆਰਾ ਕਮੇਟੀ ਵਲੋਂ ਤਿਆਰ ਕੀਤਾ ਜਾਵੇ, ਉਸ ਦੀ ਜਾਣਾਕਰੀ ਸਮੁੱਚੀ ਸੰਗਤ ਨੂੰ ਹੋਣੀ ਚਾਹੀਦੀ ਹੈ। ਇਸ ਲਈ ਮੇਰੇ ਵਲੋਂ ਅਤੇ ਮਨਪ੍ਰੀਤ ਗਰੇਵਾਲ ਵਲੋਂ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਬੇਨਤੀ ਹੈ ਕਿ ਉਹ ਜਲਦੀ ਹੀ ਸਾਡੇ ਇਸ ਸੁਝਾਅ ’ਤੇ ਗੌਰ ਫੁਰਮਾਉਣ। ਅਸੀਂ ਚਾਹੁੰਦੇ ਹਾਂ ਕਿ ਇਸ ਮਸਲੇ ’ਤੇ ਉਸਾਰੂ ਬਹਿਸ ਆਰੰਭੀ ਜਾਵੇ ਤਾਂ ਜੋ ਇਸ ਦਾ ਉਚਿਤ ਹੱਲ ਹੋਵੇ।









# ਨੰਨ੍ਹੀ ਛਾਂ ਦੀ ਕੁਰਬਾਨੀ !

ਮੌਜੂਦਾ ਸਰਕਾਰ ਦੀ ਸਿਆਸੀ ਰਾਜਧਾਨੀ ਬਠਿੰਡਾ ਵਿਖੇ ਇੱਕ ਬੇਰੁਜ਼ਗਾਰ ਅੰਦੋਲਨਕਾਰੀ ਅਧਿਆਪਕਾ ਦੀ ਨੰਨ੍ਹੀ ਬੱਚੀ ਦੀ ਠੰਢ ਨਾਲ ਹੋਈ ਦਰਦਨਾਕ ਮੌਤ ਸਰਕਾਰ ਅਤੇ ਪੁਲੀਸ ਦੇ ਅਣਮਨੁੱਖੀ, ਹੈਂਕੜਬਾਜ਼ ਅਤੇ ਧੱਕੜ ਵਤੀਰੇ ਦੇ ਨਾਲ-ਨਾਲ ਸਮਾਜ ਵਿੱਚ ਵਧ ਰਹੀ ਸੰਵੇਦਨਹੀਣਤਾ ਦਾ ਵੀ ਪ੍ਰਗਟਾਵਾ ਕਰਦੀ ਹੈ। ਮੀਡੀਆ ਖ਼ਬਰਾਂ ਅਨੁਸਾਰ ਸਿਆਸੀ ਇਸ਼ਾਰੇ 'ਤੇ ਇੱਕ ਪੁਲੀਸ ਅਧਿਕਾਰੀ ਦੇ ਹੁਕਮਾਂ ਤਹਿਤ ਪੁਲੀਸ ਕਰਮਚਾਰੀਆਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਅੰਦੋਲਨਕਾਰੀ ਅਧਿਆਪਕਾਂ ਤੋਂ ਕੰਬਲ ਖੋਹ ਲਏ। ਹੋਰ ਤਾਂ ਹੋਰ ਪੁਲੀਸ ਨੇ ਟੈਂਟ ਹਾਊਸਾਂ ਅਤੇ ਸਥਾਨਕ ਲੋਕਾਂ ਨੂੰ ਵੀ ਉਨ੍ਹਾਂ ਨੂੰ ਕੱਪੜੇ ਨਾ ਦੇਣ ਦੇ ਨਾਦਰਸ਼ਾਹੀ ਹੁਕਮ ਚਾੜ੍ਹ ਦਿੱਤੇ ਤਾਂ ਜੋ ਠੰਢ ਤੋਂ ਡਰਦੇ ਇਹ ਅਧਿਆਪਕ ਭੱਜ ਜਾਣ। ਪੁਲੀਸ ਅਤੇ ਪ੍ਰਸ਼ਾਸਨ ਦੀ ਇਸ ਅਣਮਨੁੱਖੀ ਕਾਰਵਾਈ ਕਾਰਨ ਅੰਦੋਲਨਕਾਰੀ ਅਧਿਆਪਕਾ ਦੀ 14 ਮਹੀਨਿਆਂ ਦੀ ਬੱਚੀ ਠੰਢ ਦੇ ਕਹਿਰ ਦਾ ਸ਼ਿਕਾਰ ਹੋ ਗਈ ਅਤੇ ਮਾਂ ਦੇ ਰੁਜ਼ਗਾਰ ਦੇ ਸੰਘਰਸ਼ ਵਿੱਚ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਗਾ ਗਈ। ਗ਼ੌਰਤਲਬ ਹੈ ਕਿ ਇਸੇ ਸੰਘਰਸ਼ ਦੌਰਾਨ ਪਹਿਲਾਂ ਹੀ ਕਪੂਰਥਲਾ ਅਤੇ ਮਾਨਸਾ ਜ਼ਿਲ੍ਹਿਆਂ ਦੀਆਂ ਦੋ ਅਧਿਆਪਕਾਵਾਂ ਤੇ ਫ਼ਰੀਦਕੋਟ ਦਾ ਇੱਕ ਅਧਿਆਪਕ ਮੌਤ ਦੀ ਭੇਟ ਚੜ੍ਹ ਚੁੱਕੇ ਹਨ।

ਨੰਨ੍ਹੀ ਬੱਚੀ ਭਾਵੇਂ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਈ ਪਰ ਉਹ ਅਨੇਕਾਂ ਸਵਾਲ ਖੜ੍ਹੇ ਕਰ ਗਈ ਹੈ ਜਿਨ੍ਹਾਂ ਬਾਰੇ ਅੱਜ ਨਹੀਂ ਤਾਂ ਕੱਲ੍ਹ, ਹਰ ਨਾਗਰਿਕ ਨੂੰ ਸੋਚਣਾ ਅਤੇ ਸਮਝਣਾ ਪਵੇਗਾ। ਪੰਜਾਬ ਦਾ ਜਬਰ-ਜ਼ੁਲਮ, ਅਨਿਆਂ ਅਤੇ ਹੱਕਾਂ ਲਈ ਸੰਘਰਸ਼ ਕਰਨ ਦਾ ਲੰਮਾ ਇਤਿਹਾਸ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਖੱਬੇ-ਪੱਖੀ ਧਿਰਾਂ ਤੋਂ ਇਲਾਵਾ ਹੋਰ ਜਨਤਕ ਜਥੇਬੰਦੀਆਂ ਦੀ ਲੋਕ-ਪੱਖੀ ਅੰਦੋਲਨਾਂ ਵਿੱਚ ਸ਼ਲਾਘਾਯੋਗ ਭੂਮਿਕਾ ਰਹੀ ਹੈ ਪਰ ਸਿਆਸਤ ਦੀ ਸ਼ਤਰੰਜ ਨੇ ਸੱਤਾਧਾਰੀਆਂ ਦੀਆਂ ਤਰਜੀਹਾਂ ਬਦਲ ਦਿੱਤੀਆਂ ਹਨ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀਆਂ ਹਾਕਮ ਧਿਰਾਂ ਹੱਕ ਮੰਗਦੇ ਵਿਦਿਆਰਥੀਆਂ, ਅਧਿਆਪਕਾਂ, ਡਾਕਟਰਾਂ, ਬੇਰੁਜ਼ਗਾਰਾਂ, ਲਾਈਨਮੈਨਾਂ ਅਤੇ ਕਿਸਾਨਾਂ ਸਮੇਤ ਸਮਾਜ ਦੇ ਹੋਰ ਚੇਤਨ ਵਰਗਾਂ ਨੂੰ ਪਹਿਲਾਂ ਘੁਰਕੀ ਤੇ ਫਿਰ ਸਰਕਾਰੀ ਡੰਡੇ ਨਾਲ ਦਬਾਉਣ ਦੇ ਰਾਹ ਪੈ ਗਈਆਂ ਹਨ। ਇਸ ਨੀਤੀ ਤਹਿਤ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਸਰਕਾਰੀ ਰੋਹ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਨ੍ਹਾਂ ਨੂੰ ਕੇਵਲ ਪੁਲੀਸ ਦੇ ਹੀ ਨਹੀਂ ਬਲਕਿ 'ਜਥੇਦਾਰਾਂ' ਅਤੇ ਉਨ੍ਹਾਂ ਦੇ ਜ਼ਰਖ਼ਰੀਦ ਲੱਠਮਾਰਾਂ ਦੇ ਕਹਿਰ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਲੋਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਕਰਨ ਦੀ ਥਾਂ ਸਰਕਾਰ ਸੰਘਰਸ਼ਸ਼ੀਲ ਧਿਰਾਂ ਨੂੰ ਦਬਾਉਣ ਦੇ ਰਾਹ ਪੈ ਗਈ ਹੈ। ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਸਮੇਂ ਸੰਘਰਸ਼ਾਂ ਦੀ ਮੂਹਰਲੀ ਕਤਾਰ ਵਿੱਚ ਰਹਿਣ ਵਾਲੀ ਧਿਰ ਹੁਣ ਹੱਕ ਮੰਗਦੇ ਲੋਕਾਂ 'ਤੇ ਲਾਠੀਆਂ ਵਰ੍ਹਾ ਰਹੀ ਹੈ ਅਤੇ ਉਨ੍ਹਾਂ ਤੋਂ ਹੱਕ ਮੰਗਣ ਅਤੇ ਸੰਘਰਸ਼ ਕਰਨ ਦਾ ਜਮਹੂਰੀ ਅਧਿਕਾਰ ਖੋਹ ਰਹੀ ਹੈ। ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਦੀ ਆਵਾਜ਼ ਉਠਾਉਣ ਵਾਲੇ ਨਿਹੱਥੇ ਲੋਕਾਂ ਨੂੰ ਜਨਤਕ ਇਕੱਠਾਂ ਵਿੱਚ ਪੁਲੀਸ ਤੇ ਪਾਰਟੀ ਵਰਕਰਾਂ ਵੱਲੋਂ ਬੇਰਹਿਮੀ ਨਾਲ ਕੁੱਟੇ-ਮਾਰੇ ਜਾਣ ਦੀਆਂ ਘਟਨਾਵਾਂ ਜਿੱਥੇ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਪੇਸ਼ ਕਰਦੀਆਂ ਹਨ, ਉੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੇ ਲੋਕਾਂ ਵੱਲੋਂ ਚੁੱਪ-ਚੁਪੀਤੇ ਇਹ ਤਮਾਸ਼ਾ ਵੇਖਣਾ ਹੋਰ ਵੀ ਅਫ਼ਸੋਸਨਾਕ ਵਰਤਾਰਾ ਹੈ। ਜਬਰ-ਜ਼ੁਲਮ ਵਿਰੁੱਧ ਹਿੱਕਾਂ ਤਾਣ ਕੇ ਖੜ੍ਹਨ ਵਾਲੇ ਲੋਕਾਂ ਦੀ ਜ਼ਮੀਰ ਇੰਨੀ ਮਰ ਗਈ ਹੈ ਕਿ ਉਹ ਆਪਣੀਆਂ ਅੱਖਾਂ ਸਾਹਮਣੇ ਨਿਹੱਥੇ ਧੀਆਂ-ਪੁੱਤਾਂ ਨੂੰ ਕੁੱਟਿਆ ਜਾ ਰਿਹਾ ਵੇਖ ਕੇ ਵੀ ਜਾਗਦੀ ਨਹੀਂ। ਹੜ੍ਹਾਂ ਅਤੇ ਹੋਰ ਕੁਦਰਤੀ ਆਫ਼ਤ ਸਮੇਂ ਪੀੜਤਾਂ ਨੂੰ ਰਾਹਤ ਸਮੱਗਰੀ ਦੇਣ ਵਾਲੇ ਪੁਲੀਸ ਦੇ ਦਾਬੇ ਹੇਠ ਸੜਕ 'ਤੇ ਬੈਠੇ ਠੰਢ ਨਾਲ ਠੁਰ-ਠੁਰ ਕਰ ਰਹੇ ਆਪਣੇ ਪੁੱਤਾਂ-ਧੀਆਂ ਨੂੰ ਕੰਬਲ-ਰਜਾਈਆਂ ਦੇਣ ਤੋਂ ਵੀ ਡਰ ਰਹੇ ਹਨ ਜਿਸ ਕਾਰਨ ਇੱਕ ਨੰਨ੍ਹੀ ਜਿੰਦ ਸਦਾ ਦੀ ਨੀਂਦ ਸੌਂ ਗਈ।




ਸਮਾਜ ਦਾ ਇਹ ਵਰਤਾਰਾ ਸਾਨੂੰ ਗ਼ੁਲਾਮੀ ਵੱਲ ਲੈ ਜਾਣ ਦਾ ਸੰਕੇਤ ਹੈ ਕਿਉਂਕਿ ਜਮਹੂਰੀਅਤ ਤਾਂ ਪਹਿਲਾਂ ਹੀ ਹਾਸ਼ੀਏ 'ਤੇ ਜਾ ਚੁੱਕੀ ਹੈ। ਮਾਸੂਮ ਬੱਚੀ ਦੀ ਮੌਤ ਇਸ ਗੱਲ ਦੀ ਵੀ ਸੂਚਕ ਹੈ ਕਿ ਲੋਕਾਂ ਵਿੱਚੋਂ ਮੋਹ-ਪਿਆਰ ਅਤੇ ਤਰਸ ਦੀ ਭਾਵਨਾ ਖ਼ਤਮ ਹੁੰਦੀ ਜਾ ਰਹੀ ਹੈ। ਰੁਜ਼ਗਾਰ ਦਾ ਮਾਮਲਾ ਪੁੱਤਾਂ-ਧੀਆਂ ਦੇ ਮੋਹ ਉੱਤੇ ਭਾਰੂ ਹੁੰਦਾ ਜਾ ਰਿਹਾ ਹੈ। ਸਰਕਾਰਾਂ, ਪ੍ਰਸ਼ਾਸਨ, ਪੁਲੀਸ ਅਤੇ ਸਮਾਜ ਦੀ ਸੰਵੇਦਨਹੀਣਤਾ ਜੱਗ-ਜ਼ਾਹਰ ਹੋ ਗਈ ਹੈ। ਨੰਨ੍ਹੀ ਛਾਂ ਦੇ ਢੰਡੋਰਚੀਆਂ ਉੱਤੇ ਵੀ ਇਹ ਦਰਦਨਾਕ ਘਟਨਾ ਸਵਾਲੀਆ ਨਿਸ਼ਾਨ ਲਾਉਂਦੀ ਵਿਖਾਈ ਦੇ ਰਹੀ ਹੈ। ਸਰਕਾਰ, ਪੁਲੀਸ ਅਤੇ ਪ੍ਰਸ਼ਾਸਨ ਮਾਸੂਮ ਬੱਚੀ ਦੀ ਮੌਤ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਸੰਘਰਸ਼ਸ਼ੀਲ ਧਿਰਾਂ ਨੂੰ ਵੀ ਇਹ ਸੋਚਣ ਦੀ ਜ਼ਰੂਰਤ ਹੈ ਕਿ ਆਪਣੇ ਹੱਕਾਂ ਦੀ ਲੜਾਈ ਵਿੱਚ ਕਿਸੇ ਉਸ ਮਾਸੂਮ ਦੀ ਜਾਨ ਨਾ ਜਾਵੇ ਜਿਸਨੂੰ ਇਸ ਵਰਤਾਰੇ ਦੀ ਹਾਲੇ ਸੋਝੀ ਵੀ ਨਹੀਂ ਹੈ। ਮਾਵਾਂ ਨੂੰ ਵੀ ਆਪਣੇ ਜਿਗਰ ਦੇ ਟੋਟਿਆਂ ਪ੍ਰਤੀ ਜ਼ਿੰਮੇਵਾਰੀ ਸਮਝਣ ਦੀ ਜ਼ਰੂਰਤ ਹੈ। ਸਮੁੱਚੇ ਸਮਾਜ ਨੂੰ ਸੁਆਰਥੀ ਸੋਚ ਅਤੇ ਸੰਵੇਦਨਹੀਣਤਾ ਛੱਡ ਕੇ ਉੱਚੀਆਂ- ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਭਵਿੱਖ ਵਿੱਚ ਹੋਰ ਮਾਸੂਮ ਜਿੰਦਾਂ ਅਣਮਨੁੱਖੀ ਸਮਾਜਿਕ ਵਰਤਾਰੇ ਦੀ ਭੇਟ ਨਾ ਚੜ੍ਹਨ।

ਪੰਜਾਬੀ ਟ੍ਰਿਬਿਊਨ ਦੀ
8 ਫ਼ਰਵਰੀ 2014 ਦੀ ਸੰਪਾਦਕੀ
ਧੰਨਵਾਦ ਸਹਿਤ





# ਇਕ ਸਦੀ ਤੋਂ ਨਾਸੂਰ ਬਣਿਆ ਜ਼ਖ਼ਮ ਕਾਮਾਗਾਟਾਮਾਰੂ

ਗ਼ਦਰ ਲਹਿਰ ਦੀ ਸ਼ਤਾਬਦੀ ਮਨਾਉਂਦਿਆਂ 'ਕਾਮਾਗਾਟਾ ਮਾਰੂ ਜਹਾਜ਼' ਦਾ ਸਾਕਾ ਵਾਰ-ਵਾਰ ਜ਼ਿਹਨ 'ਤੇ ਹਥੌੜੇ ਵਾਂਗ ਵੱਜਦਾ ਹੈ। ਇਸ ਇਤਿਹਾਸਕ ਘਟਨਾ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਇਕ ਨਵੀਂ ਚੇਤਨਾ ਅਤੇ ਚਿੰਤਨ ਦੇ ਰਾਹੇ ਪਾਉਣ ਦੇ ਨਾਲ-ਨਾਲ ਨਵਾਂ ਜੋਸ਼ ਵੀ ਮੁਹੱਈਆ ਕੀਤਾ। 2013 ਜਿਥੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਰਿਹਾ, ਉਥੇ 2014 ਨੂੰ ਕਾਮਾਗਾਟਾਮਾਰੂ ਦਾ ਸ਼ਤਾਬਦੀ ਵਰ੍ਹਾ ਵੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਇਸ ਸਬੰਧ ਵਿਚ ਸ਼ਤਾਬਦੀ ਸਮਾਗਮ ਕਰਵਾਏ ਜਾ ਰਹੇ ਹਨ। ਹਥਲੀ ਲਿਖਤ ਵਿਚ ਤੇਜਿੰਦਰ ਵਿਰਲੀ ਦੀ ਸੂਝ ਭਰੀ ਨਜ਼ਰ 'ਕਾਮਾਗਾਟਾ ਮਾਰੂ' ਦੀ ਇਸ ਘਟਨਾ ਦੇ ਆਰ-ਪਾਰ ਦੇਖਦੀ ਹੋਈ, ਇਹਦੇ ਸਾਰੇ ਪਾਸਾਰਾਂ ਦੀ ਪੁਣ-ਛਾਣ ਕਰਦੀ ਹੈ। 'ਨਵੀਂ ਦੁਨੀਆ' ਇਸ ਲਿਖਤ ਨੂੰ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। - ਸੰਪਾਦਕ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਬਰਤਾਨਵੀ ਰਣਨੀਤੀ ਤਹਿਤ ਹੀ ਪੰਜਾਬ ਨੂੰ ਗੈਰ ਸਿਆਸੀ, ਸ਼ਾਂਤ, ਪੱਛੜਿਆ ਹੋਇਆ ਤੇ ਸੁਰੱਖਿਅਤ ਰੱਖਿਆ ਗਿਆ ਸੀ। ਸਿੱਖ ਫ਼ੌਜੀ ਬਰਤਾਨਵੀ ਸਲਤਨਤ ਦੀ ਬਰਕਰਾਰੀ ਲਈ ਸਰਵੋਤਮ ਢਾਲ ਸਨ। ਅੰਗਰੇਜ਼ਾਂ ਨੂੰ ਮਜ਼ਬੂਤ ਢਾਲ ਬੜੀ ਆਸਾਨੀ ਨਾਲ ਹੀ ਮਿਲ ਗਈ ਸੀ। ਵਿਦਰੋਹੀ ਸਿੱਖ ਵੀ ਕੁਚਲ ਦਿੱਤੇ ਗਏ ਸਨ।

19ਵੀਂ ਸਦੀ ਦੇ ਦੂਜੇ ਅੱਧ ਦੌਰਾਨ ਵਧੇ ਹੋਏ ਭਾਰੀ ਟੈਕਸਾਂ, ਸ਼ਾਹੂਕਾਰਾਂ ਦੇ ਕਰਜ਼ਿਆਂ ਕਾਰਨ ਪੰਜਾਬੀ ਕਿਸਾਨਾਂ ਦੀ ਆਰਥਕ ਦਸ਼ਾ ਖਰਾਬ ਹੋ ਗਈ ਸੀ। ਜਿਸ ਜ਼ਮੀਨ ਤੋਂ ਉਹ ਆਪਣੀ ਮਾੜੀ ਮੋਟੀ ਰੋਜ਼ੀ ਕਮਾ ਰਹੇ ਸਨ, ਪੰਜਾਬ ਦੀ ਨਿਮਨ ਤੇ ਮਧਵਰਗੀ ਕਿਸਾਨੀ ਧਨੀ ਕਿਸਾਨਾਂ ਤੇ ਬਾਣੀਏ ਸ਼ਾਹੂਕਾਰਾਂ ਕੋਲ ਗਿਰਵੀ ਹੋ ਗਈ ਸੀ। ਪੰਜਾਬ ਦੇ ਨੌਜਵਾਨ ਕਿਸਾਨਾਂ ਕੋਲ ਬਰਤਾਨਵੀ ਫ਼ੌਜ ਵਿਚ ਭਰਤੀ ਹੋਣ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਇਹ ਨੌਕਰੀ ਉਨ੍ਹਾਂ ਦੀ ਜਾਨ ਜ਼ੋਖਮ ਵਿਚ ਪਾ ਕੇ, ਹਰ ਮਹੀਨੇ ਕੇਵਲ ਨੌਂ ਦਸ ਰੁਪਏ ਹੀ ਦਿੰਦਾ ਸੀ, ਜੋ ਮੁਸ਼ਕਲ ਨਾਲ ਉਨ੍ਹਾਂ ਦੇ ਮਾੜੇ ਮੋਟੇ ਗੁਜ਼ਾਰੇ ਜੋਗੇ ਹੀ ਹੁੰਦੇ ਸਨ।

ਬਰਤਾਨਵੀ ਸਰਕਾਰ ਨੇ ਸਿੱਖਾਂ ਦੀ ਫ਼ੌਜ ਨੂੰ ਮਲਾਇਆ ਵਿਚ ਪੈਰਾਕ ਵਿਖੇ ਸੋਨੇ ਦੀਆਂ ਖਾਨਾਂ ਦੀ ਰਾਖੀ ਲਈ ਚੁਣਿਆ। ਇੱਥੇ ਵੱਖ ਵੱਖ ਦੇਸ਼ਾਂ ਦੇ ਲੁਟੇਰੇ ਲੁੱਟ ਮਾਰ ਕਰਦੇ ਸਨ। ਇੱਥੇ ਹੀ ਲੁੱਟ ਮਾਰ ਤੋਂ ਬਚਾਉਣ ਲਈ ਸਿੱਖਾਂ ਨੂੰ ਬੈਂਕਾਂ, ਹੋਟਲਾਂ ਤੇ ਹੋਰ ਕੀਮਤੀ ਥਾਂਵਾਂ ਉੱਪਰ ਪਹਿਰੇਦਾਰ ਦਾ ਕੰਮ ਮਿਲਣ ਲੱਗਾ। ਸਿੱਖਾਂ ਨੇ ਇਸ ਕੰਮ ਵਿਚ ਨਾ ਕੇਵਲ ਬਹਾਦਰੀ ਨਾਲ ਮਾਲਕ ਦੇ ਹਿਤਾਂ ਦੀ ਰਾਖੀ ਕੀਤੀ ਸਗੋਂ ਇਮਾਨਦਾਰੀ ਦਾ ਸਬੂਤ ਦੇ ਕੇ ਉਨ੍ਹਾਂ ਦਾ ਵਿਸ਼ਵਾਸ ਵੀ ਜਿੱਤਿਆ। ਬਾਅਦ ਵਿਚ ਇਨ੍ਹਾਂ ਵਫ਼ਾਦਾਰ ਲੋਕਾਂ ਨੂੰ ਬਰਤਾਨਵੀ ਪੁਲੀਸ ਵਿਚ ਭਰਤੀ ਕਰ ਕੇ ਕੁਝ ਬਰਤਾਨਵੀ ਅਫ਼ਸਰ, ਮਲਾਇਆ, ਸਿੰਘਾਪੁਰ ਤੇ ਪੀਨਾਂਗ ਆਦਿ ਲੈ ਗਏ। ਮਗਰੋਂ ਬਹੁਤ ਸਾਰੇ ਪੰਜਾਬੀ ਆਪਣੇ ਆਪ ਹੀ ਜਾ ਕੇ ਚੀਨੀ ਜਾਂ ਮਲਾਇਆ ਦੇ ਵਪਾਰੀਆਂ ਕੋਲ ਚੌਂਕੀਦਾਰ ਜਾ ਲੱਗੇ। ਭੁੱਖ ਦੇ ਮਾਰੇ ਪੰਜਾਬੀ ਕਿਸਾਨਾਂ ਕੋਲ, ਫ਼ੌਜ ਵਿਚ ਭਰਤੀ ਹੋਣ ਤੋਂ ਬਿਨਾਂ ਹੁਣ ਪਰਦੇਸ਼ਾਂ ਦੇ ਬੂਹੇ ਖੜਕਾਉਣ ਦਾ ਰਾਹ ਵੀ ਲੱਭ ਪਿਆ ਸੀ। 19ਵੀਂ ਸਦੀ ਦੇ ਆਖਰੀ ਦਹਾਕੇ ਵਿਚ ਇਹ ਪੰਜਾਬੀ ਕਿਸਾਨ ਆਪਣੀਆਂ ਜ਼ਮੀਨ ਗਹਿਣੇ ਰੱਖ ਕੇ ਮਲਾਇਆ, ਸਿੰਘਾਪੁਰ, ਪੀਨਾਂਗ ਜਾਂ ਚੀਨ ਵਰਗੇ ਦੇਸ਼ਾਂ ਵਿਚ ਗਏ।

ਸਿੰਘਾਪੁਰ, ਪੀਨਾਂਗ ਤੇ ਸ਼ੰਘਾਈ ਦੀਆਂ ਬੰਦਰਗਾਹਾਂ ਉੱਪਰ ਕਨੇਡਾ ਤੇ ਅਮਰੀਕਾ ਤੋਂ ਆਏ ਮੁਸਾਫ਼ਰ ਇਨ੍ਹਾਂ ਮੁਲਕਾਂ ਦੀ ਖ਼ੁਸ਼ਹਾਲੀ ਬਾਰੇ ਗੱਲਾਂ ਕਰਦੇ ਤਾਂ ਭਾਰਤੀਆਂ ਨੂੰ ਵੀ ਖਿੱਚ ਪਾਉਂਦੇ ਕਿ ਉੱਥੇ ਅਸਿਖਿਅਤ ਮਜ਼ਦੂਰ ਵੀ ਇਥੇ ਨਾਲੋਂ ਨੌਂ ਦਸ ਗੁਣਾਂ ਵੱਧ ਪੈਸੇ ਕਮਾਉਂਦੇ ਹਨ। ਜ਼ਿਆਦਾ ਧਨ ਕਮਾਉਣ ਤੇ ਚੰਗੇਰਾ ਜੀਵਨ ਜੀਊਣ ਦੀ ਉਮੰਗ ਕਾਰਨ, ਉਹ ਕਨੇਡਾ ਅਮਰੀਕਾ ਵੱਲ ਖਿੱਚੇ ਗਏ। ਮੁੱਖ ਤੌਰ 'ਤੇ ਹੇਠ ਲਿਖੇ ਤਿੰਨ ਕਾਰਨਾਂ ਕਰ ਕੇ ਉੱਤਰੀ ਭਾਰਤ ਦੇ ਲੋਕ ਵਿਦੇਸ਼ਾਂ ਵਿਚ ਜਾਣ ਲਈ ਮਜ਼ਬੂਰ ਹੋਏ ਸਨ :

1. ਉਹ ਜ਼ਮੀਨ ਦਾ ਮਾਲੀਆ ਤੇ ਸਰਕਾਰ ਦੇ ਹੋਰ ਸਿੱਧੇ ਅਸਿੱਧੇ ਕਰ ਅਦਾ ਕਰਨ ਦੇ ਯੋਗ ਨਹੀਂ ਸਨ।

2. ਉਹ ਕਾਫੀ ਧਨ ਕਮਾ ਕੇ ਲੋਟੂ ਸ਼ਾਹੂਕਾਰਾਂ ਦੇ ਕਰਜ਼ੇ ਉਤਾਰਨੇ ਚਾਹੁੰਦੇ ਸਨ ਜੋ ਉਨ੍ਹਾਂ ਦੀਆਂ ਪਿੱਠਾਂ ਦੇ ਬੋਝ ਬਣੇ ਹੋਏ ਸਨ।

3. ਉਹ ਆਪਣੇ ਜੀਵਨ ਦੀਆਂ ਪੱਛੜੀਆਂ ਆਰਥਕ ਹਾਲਤਾਂ ਨੂੰ ਸੁਧਾਰਨ ਦੇ ਇਛੁੱਕ ਸਨ।"

ਕੁਝ ਸਿਆਸੀ-ਕਾਰਕੁਨਾਂ ਨੇ ਇਸ ਕਰ ਕੇ ਵੀ ਦੇਸ਼ ਛੱਡਿਆ ਸੀ ਕਿਉਂਕਿ ਉਹ ਬਸਤੀਵਾਦੀ ਐਕਟ ਵਿਰੁੱਧ ਅਜੀਤ ਸਿੰਘ ਹੁਰਾਂ ਦੁਆਰਾ 1906-07 ਵਿਚ ਚਲਾਏ ਜ਼ਮੀਨੀ ਅੰਦੋਲਨ ਵਿਚ ਸ਼ਾਮਲ ਸਨ। ਉਹ ਗ੍ਰਿਫਤਾਰੀਆਂ ਤੋਂ ਬਚਣ ਲਈ ਬਾਹਰ ਗਏ ਸਨ। ਸੋ ਰੋਟੀ ਰੋਜ਼ੀ ਦੀ ਭਾਲ 'ਚ ਜਾਣ ਵਾਲਿਆਂ ਦੇ ਨਾਲ ਕ੍ਰਾਂਤੀਕਾਰੀ ਲੋਕ ਵੀ ਬਦੇਸ਼ਾਂ ਦੇ ਰਾਹ ਪੈ ਚੁੱਕੇ ਸਨ।

ਪੰਜਾਬੀ ਸਿਪਾਹੀਆਂ ਨੇ ਬਰਤਾਨਵੀ ਸਲਤਨਤ ਦੇ ਪਸਾਰੇ ਲਈ ਲੜੀਆਂ ਜੰਗਾਂ ਵਿਚ ਆਪਣਾ ਮੁੱਲ ਪੁਆਇਆ ਹੋਇਆ ਸੀ। ਉਨ੍ਹਾਂ ਨੇ ਸਮੁੰਦਰੋਂ ਪਾਰ ਜਾ ਕੇ ਬਰਤਾਨਵੀ ਝੰਡੇ ਹੇਠ ਕਈ ਦੇਸ਼ਾਂ ਵਿਚ ਲੜਾਈਆਂ ਲੜੀਆਂ ਹੋਈਆਂ ਸਨ ਤੇ ਉਨ੍ਹਾਂ ਨੇ ਵੱਖ ਧਰਮਾਂ, ਰੰਗਾਂ ਤੇ ਕੌਮਾਂ ਦੇ ਲੋਕ ਵੇਖੇ ਹੋਏ ਸਨ। ਇਸ ਕਰ ਕੇ ਉਨ੍ਹਾਂ ਦਾ ਮਾਨਸਿਕ ਦਿਸਹੱਦਾ ਇਕ ਤਰ੍ਹਾਂ ਵਿਕਸਤ ਹੋ ਚੁੱਕਾ ਸੀ ਤੇ ਉਨ੍ਹਾਂ ਦਾ ਸੁਭਾਅ ਮੱਲਾਂ ਮਾਰਨ ਵਾਲਾ ਬਣ ਗਿਆ ਸੀ।

ਕਨੇਡਾ ਦੀ ਧਰਤੀ ਉੱਪਰ ਭਾਰਤੀ ਲੋਕਾਂ ਦੇ ਪੈਰ 1897 ਵਿਚ ਪਏ। ਜਦੋਂ ਮਹਾਰਾਣੀ ਵਿਕਟੋਰੀਆ ਦੀ ਲੰਡਨ ਵਿਖੇ ਡਾਇਮੰਡ ਜੁਬਲੀ ਮਨਾਈ ਗਈ। ਇਸ ਸਮਰੋਹ ਵਿਚ ਸਿੱਖ ਫ਼ੌਜੀਆਂ ਦੀ ਟੁੱਕੜੀ ਨੇ ਭਾਗ ਲਿਆ ਸੀ। ਜੁਬਲੀ ਸਮਰੋਹ ਪਿੱਛੋਂ ਇਹ ਫ਼ੌਜੀ ਟੁਕੜੀ ਕਨੇਡਾ ਦੇ ਰਾਹੀਂ ਦੇਸ਼ ਵਾਪਸ ਮੁੜੀ ਸੀ। ਉਹ ਕੁਝ ਦਿਨ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵੈਨਕੂਵਰ ਰਹੇ ਸਨ। ਉਦੋਂ ਤੋਂ ਉਹ ਕਨੇਡਾ ਦੇ ਦੀਵਾਨੇ ਹੋ ਗਏ ਸਨ। "ਦੂਸਰਾ ਮੌਕਾ ਉਹ ਸੀ ਜਦੋਂ 1902 ਵਿਚ ਇੰਗਲੈਂਡ ਦੇ ਪ੍ਰਿੰਸ ਐਡਵਰਡ ਦੀ ਤਾਜਪੋਸ਼ੀ ਸੀ। ਇਸ ਸਮਰੋਹ ਵਿਚ ਵੀ ਸਿੱਖ ਫ਼ੌਜਾਂ ਨੂੰ ਉਚੇਚੇ ਤੌਰ 'ਤੇ ਸੱਦਿਆ ਗਿਆ ਸੀ। ਇਸ ਫ਼ੌਜੀ ਦਸਤੇ ਦੀ ਅਗਵਾਈ ਮੁਸਲਮਾਨ ਕਮਾਂਡਰ ਕਰ ਰਿਹਾ ਸੀ ਤੇ ਇਹ ਫ਼ੌਜੀ ਟੁਕੜੀ 'ਇੰਪਰਸ' ਨਾਮ ਦੇ ਜਪਾਨੀ ਜਹਾਜ਼ ਰਾਹੀਂ 3 ਜੂਨ 1902 ਵਿਕਟੋਰੀਆ ਤੋਂ ਹੁੰਦੇ ਹੋਏ ਵੈਨਕੂਵਰ ਉੱਤਰੀ ਸੀ।" ਇਹ ਫ਼ੌਜੀ ਰੈਜਮਿੰਟ 8 ਸਤੰਬਰ 1902 ਨੂੰ ਵਾਪਸ ਹਾਂਗਕਾਂਗ ਚਲੇ ਗਈ।" (ਡਾ ਪੂਰਨ ਸਿੰਘ) ਜਿਹੜੇ ਪਹਿਲੇ ਭਾਰਤੀ ਕਨੇਡਾ ਪਹੁੰਚੇ ਉਹ ਇਸੇ ਰੈਜਮੈਂਟ ਦੇ ਫ਼ੌਜੀ ਹੀ ਸਨ। ਦੂਸਰੇ ਪਾਸੇ ਹਜ਼ਾਰਾਂ ਸਿਪਾਹੀ ਫ਼ੌਜ ਵਿਚ ਆਪਣੀ ਹਾਲਤ ਨਾਲ ਸੰਤੁਸ਼ਟ ਨਹੀਂ ਸਨ। ਭਾਵੇਂ ਕਿ ਉਨ੍ਹਾਂ ਵਿਚੋਂ ਕਈਆਂ ਨੇ ਲੜਾਈਆਂ ਵਿਚ ਬਹਾਦਰੀ ਦਿਖਾ ਕੇ ਤਗਮੇ, ਤੇ ਹੋਰ ਸਨਮਾਨ-ਚਿੰਨ੍ਹ ਅੰਗਰੇਜ਼ਾਂ ਪਾਸੋਂ ਪ੍ਰਾਪਤ ਕੀਤੇ ਹੋਏ ਸਨ। ਪਰ ਉਹ ਫ਼ੌਜ ਵਿਚੋਂ ਅਸਤੀਫੇ ਦੇ ਕੇ ਚੰਗੇ ਜੀਵਨ ਦੀ ਤਲਾਸ਼ ਵਿਚ ਬਦੇਸ਼ਾਂ ਵੱਲ ਜਾਣੇ ਸ਼ੁਰੂ ਹੋ ਗਏ। ਇਹ ਗੱਲ ਅੰਗਰੇਜ਼ਾਂ ਵਾਸਤੇ ਚੰਗੀ ਨਹੀਂ ਸੀ ਕਿ ਇਕ ਪਾਸੇ ਉਹ ਜਬਰੀ ਭਰਤੀ ਕਰਨ ਤੇ ਦੂਸਰੇ ਪਾਸੇ ਫ਼ੌਜੀ ਨੌਕਰੀਆਂ ਛੱਡ ਛੱਡ ਕੇ ਬਦੇਸ਼ਾਂ ਨੂੰ ਜਾਣ। ਜਾਣ ਵੀ ਉਹ ਲੋਕ ਜਿਹੜੇ ਬਰਤਾਨਵੀ ਹਕੂਮਤ ਲਈ ਕੁਰਬਾਨੀਆਂ ਕਰ ਚੁੱਕੇ ਸਨ। ਇਸ ਨੂੰ ਰੋਕਣਾ ਅੰਗਰੇਜ਼ਾਂ ਦੀ ਫੌਰੀ ਲੋੜ ਬਣ ਗਈ ਸੀ।

ਕਨੇਡਾ 'ਚ ਪਹਿਲਾ ਭਾਰਤੀ ਪਰਵਾਸੀ ਕਦੋਂ ਪੁੱਜਾ, ਇਸ ਦਾ ਪੱਕਾ ਪਤਾ ਨਹੀਂ। ਇਸ ਬਾਰੇ ਪਹਿਲੀ ਗਵਾਹੀ 1904 'ਚ ਮਿਲਦੀ ਹੈ। ਡਾ. ਪੂਰਨ ਸਿੰਘ ਆਪਣੇ ਖੋਜ ਕਾਰਜ ਵਿਚ ਲਿਖਦੇ ਹਨ ਕਿ 45 ਸਿੱਖਾਂ ਦਾ ਜਥਾ 1904 'ਚ ਵੈਨਕੂਵਰ ਪਹੁੰਚਿਆ। ਸੋਹਣ ਸਿੰਘ ਜੋਸ਼ ਅਨੁਸਾਰ 1905 'ਚ ਭਾਰਤੀਆਂ ਦੀ ਗਿਣਤੀ 46 ਰਿਕਾਰਡ ਕੀਤੀ ਗਈ ਸੀ। 1906 'ਚ ਉਨ੍ਹਾਂ ਦੀ ਸੰਖਿਆ ਵਧ ਕੇ 387 ਹੋ ਗਈ ਪਰ 1907 'ਚ ਇਹ ਤਾਦਾਦ 2,124 ਤੇ 1908 ਵਿਚ ਹੋਰ ਵਧ ਕੇ 2,623 ਹੋ ਗਈ ਸੀ। ਇਨ੍ਹਾਂ ਚੌਂਹ ਵਰ੍ਹਿਆਂ ਦੌਰਾਨ ਪਰਵਾਸੀਆਂ ਦੀ ਕੁੱਲ ਵਸੋਂ 5179 ਸੀ। ਸ਼ੁਰੂ 'ਚ ਭਾਰਤੀ ਪਰਵਾਸੀਆਂ ਨੇ ਅਮਰੀਕਾ ਦੇ ਟਾਕਰੇ ਕਨੇਡਾ ਵਸਣ ਨੂੰ ਤਰਜੀਹ ਦਿੱਤੀ ਕਿਉਂਕਿ ਕਨੇਡਾ ਬਰਤਾਨਵੀ ਬਸਤੀ ਸੀ ਤੇ ਉਹ ਖੁਦ ਬਰਤਾਨਵੀ ਪਰਜਾ ਸਨ। (ਜੋਸ਼) 1901 'ਚ ਕਿਸੇ ਵੀ ਭਾਰਤੀ ਦਾ ਜ਼ਿਕਰ ਕਨੇਡਾ ਦੀ ਮਰਦਮਸ਼ੁਮਾਰੀ 'ਚ ਨਹੀਂ ਮਿਲਦਾ।

ਅਮਰੀਕਾ, ਕਨੇਡਾ ਜਾਣ ਵਾਲਿਆਂ ਵਿਚੋਂ ਲਗਭਗ 90 ਫ਼ੀਸਦੀ ਬਰਤਾਨਵੀ ਫ਼ੌਜ ਦੇ ਪੁਰਾਣੇ ਸਿਪਾਹੀ ਸਨ। ਇਨ੍ਹਾਂ ਸਿਪਾਹੀ-ਪਰਵਾਸੀਆਂ ਨੂੰ ਬਰਤਾਨਵੀ ਸਲਤਨਤ ਦੀ ਪਰਜਾ ਹੋਣ ਦਾ ਫਖਰ ਸੀ। ਉਹ ਗੋਰੇ ਸਿਪਾਹੀਆਂ ਦੇ ਮੋਢੇ ਨਾਲ ਮੋਢਾ ਡਾਹ ਕੇ ਜੰਗਾਂ ਵਿਚ ਜੂਝੇ ਹੋਏ ਸਨ। ਉਨ੍ਹਾਂ ਨੂੰ ਉਮੀਦ ਸੀ ਕਿ ਕਨੇਡਾ ਦੀ ਬਰਤਾਨਵੀ ਬਸਤੀ ਵਿਚ ਜਾਣ ਸਮੇਂ ਉਨ੍ਹਾਂ ਦਾ ਸੁਆਗਤ ਹੋਵੇਗਾ। ਉਹ ਆਪਣੇ ਬਰਤਾਨਵੀ ਤਮਗਿਆਂ ਦੀ ਬੜੇ ਫ਼ਖ਼ਰ ਨਾਲ ਇਹ ਦਰਸਾਉਣ ਲਈ ਨੁਮਾਇਸ਼ ਕਰਿਆ ਕਰਦੇ ਸਨ ਕਿ ਉਹ ਵੀ ਵਫ਼ਾਦਾਰ ਬਰਤਾਨਵੀ ਪਰਜਾ ਹਨ। ਉਹ ਵਫ਼ਾਦਾਰ ਲੋਕ ਸਨ, ਸਿਆਸੀ ਸੂਝ ਤੋਂ ਬਿਲਕੁਲ ਹੀ ਕੋਰੇ। ਉਨ੍ਹਾਂ ਦਾ ਮੁੱਖ ਮਕਸਦ ਨੌਕਰੀਆਂ 'ਤੇ ਲੱਗ ਕੇ ਚੰਗੀ ਜ਼ਿੰਦਗੀ ਬਸਰ ਕਰਨਾ ਹੀ ਸੀ। ਉਹ ਏਨੇ ਭੋਲੇ ਸਨ ਕਿ ਮਲਕਾ ਵਿਕਟੋਰੀਆ ਦੇ ਬਿਆਨਾਂ ਨੂੰ ਸਭ ਤੋਂ ਵੱਡੀ ਸ਼ਕਤੀ ਮੰਨ ਬੈਠੇ ਸਨ। ਜਿਹੜੇ ਬਿਆਨ ਕੇਵਲ ਤੇ ਕੇਵਲ ਲੋਕਾਂ ਨੂੰ ਗੁਮਰਾਹ ਕਰਨ ਨੂੰ ਹੀ ਦਿੱਤੇ ਗਏ ਸਨ।

ਜੇ ਭਾਰਤ ਦੇ ਰਾਜਸੀ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਜਦੋਂ ਭਾਰਤੀ ਪਰਵਾਸੀਆਂ ਨੇ ਬਾਹਰ ਜਾਣਾ ਸ਼ੁਰੂ ਕੀਤਾ, ਉਸ ਸਮੇਂ ਭਾਰਤ ਵਿਚ ਕੋਈ ਵੀ ਸਿਆਸੀ ਲਹਿਰ ਨਹੀਂ ਸੀ। ਲੋਕ ਬਰਤਾਨਵੀ ਤਾਜ ਪ੍ਰਤੀ ਵਫ਼ਾਦਾਰ ਸਨ। ਉਨ੍ਹਾਂ ਨੂੰ ਬਰਾਤਨਵੀ ਸਦਭਾਵਨਾ, ਬਰਤਾਨਵੀ ਕਾਨੂੰਨ ਤੇ ਸਮਾਜਕ ਇਨਸਾਫ ਵਿਚ ਬਹੁਤ ਵਿਸ਼ਵਾਸ ਸੀ। ਉਸ ਸਮੇਂ ਜਿਸ ਤਰ੍ਹਾਂ ਦੀਆਂ ਵੀ ਸੰਪ੍ਰਦਾਇਕ, ਵਿਦਿਅਕ ਜਾਂ ਸਮਾਜ ਸੁਧਾਰ ਦੀਆਂ ਲਹਿਰਾਂ ਚਲ ਰਹੀਆਂ ਸਨ, ਉਹ ਇਕ ਤਰ੍ਹਾਂ ਨਾਲ ਬਰਤਾਵਨੀ ਹਿਤਾਂ ਦੀ ਹੀ ਪੈਰਵਾਈ ਕਰਦੀਆਂ ਸਨ ਤੇ ਭਾਰਤ ਅੰਦਰ ਵੱਖਰੇਪਨ ਦੀ ਪਛਾਣ ਵਧਾ ਰਹੀਆਂ ਸਨ। ਭਾਰਤ ਵਿਚ ਆਮ ਤੌਰ 'ਤੇ ਇਸ ਤਰ੍ਹਾਂ ਦੀ ਵਿਚਾਰਧਾਰਾ ਹੀ ਪ੍ਰਚਾਰੀ ਜਾਂਦੀ ਸੀ ਕਿ ਭਾਰਤ ਦੇ ਉਥਲ ਪੁਥਲ ਭਰੇ ਲੰਮੇ ਇਤਿਹਾਸ ਵਿਚ ਉਨ੍ਹਾਂ ਨੂੰ ਪਹਿਲੀ ਵਾਰ ਅਮਨ ਤੇ ਕਾਨੂੰਨ ਦਾ ਰਾਜ ਨਸੀਬ ਹੋਇਆ ਹੈ। ਇਸ ਲਈ ਉਹ ਕੁਲ ਮਿਲਾ ਕੇ ਅੰਗਰੇਜ਼ਾਂ ਦੇ ਧੰਨਵਾਦੀ ਹੀ ਸਨ। ਪੜ੍ਹੇ ਲਿਖੇ ਲੋਕ ਵੀ ਬਰਤਾਨਵੀ ਪਰਜਾ ਹੋਣ 'ਤੇ ਫ਼ਖ਼ਰ ਮਹਿਸੂਸ ਕਰਦੇ ਸਨ। ਭਾਵੇਂ ਕਿ ਸਮੁੱਚੀ ਕੌਮ ਕਰਜ਼ੇ ਦੇ ਭਾਰ ਹੇਠ ਦੱਬੀ ਹੋਈ ਸੀ। ਇਸ ਸਥਿਤੀ ਵਿਰੁੱਧ ਕਿਤੇ ਕਿਤੇ ਹੀ ਕਮਜ਼ੋਰ ਜਿਹੀਆਂ ਆਵਾਜ਼ਾਂ ਉਠ ਰਹੀਆਂ ਸਨ। ਕੋਈ ਵੀ ਬਰਤਾਨਵੀ ਸਾਮਰਾਜ ਵਿਰੁੱਧ ਲੋਕ ਲਹਿਰ ਨਹੀਂ ਬਣ ਰਹੀ ਸੀ। ਜਿਸ ਕਰ ਕੇ ਆਮ ਲੋਕਾਂ ਦਾ ਸਿਆਸੀ ਤੌਰ 'ਤੇ ਹਕੂਮਤ ਪੱਖੀ ਹੋਣਾ ਕੁਦਰਤੀ ਹੀ ਸੀ।

**(ਚਲਦਾ)**

A City Limos Ltd.
Ph: 780-462-4940
Toll Free: 1-888-462-4623





Wedding
School Proms
Birthday
City Tours
Airport Service

Edmonton-Calgary
Vancouver



Contact
780-951-7260
e-mail: dhaliwalsd@hotmail.com, www.acitylimousine.com

ਸਫ਼ਾ ਤਿੰਨ ਦੀ ਬਾਕੀ

## 14 ਸਾਲਾਂ ਵਿਚ 741 ਬੱਚਿਆਂ ਦੀ ਮੌਤ

ਜ਼ਿਕਰਯੋਗ ਹੈ ਕਿ ਮਨਮੀਤ ਸਿੰਘ ਭੁੱਲਰ ਨੇ ਚਾਈਲਡ ਵੈਲਫ਼ੇਅਰ ਸਿਸਟਮ ਨੂੰ ਸੁਧਾਰਨ ਲਈ ਅਤੇ ਬੱਚਿਆਂ ਦੀਆਂ ਹੁੰਦੀਆਂ ਮੌਤਾਂ ਦੀ ਪੜਚੋਲ ਕਰਨ ਲਈ ਕਈ ਮਹੱਤਵਪੂਰਨ ਕਦਮ ਉਠਾਉਣ ਦਾ ਵਾਅਦਾ ਕੀਤਾ ਹੈ ਤਾਂ ਜੋ ਇਸ ਖੇਤਰ ਵਿੱਚ ਪਾਰਦਰਸ਼ਤਾ ਲਿਆਂਦੀ ਜਾ ਸਕੇ। ਮਨਮੀਤ ਭੁੱਲਰ ਦੇ ਇਸ ਖੁਲਾਸੇ ਨਾਲ ਸਮਾਜ ਸੇਵੀਆਂ, ਰਾਜਨੀਤੀਵਾਨਾਂ ਅਤੇ ਕਮਿਊਨਿਟੀ ਆਗੂਆਂ ਲਈ ਵੀ ਨਵੀਂਆਂ ਚੁਣੌਤੀਆਂ ਖੜੀਆਂ ਹੋ ਗਈਆਂ ਹਨ, ਇਸ ਹਾਲਤ ਵਿਚ ਇਨ੍ਹਾਂ ਨੂੰ ਉਨ੍ਹਾਂ ਰੁਝਾਨਾਂ ਦੀ ਨਿਸ਼ਾਨਦੇਹੀ ਕਰਨੀ ਹੋਵੇਗੀ, ਜਿਨ੍ਹਾਂ ਸਦਕਾ ਨੀਤੀਆਂ ਵਿਚ ਜ਼ਰੂਰੀ ਬਦਲਾਅ ਕੀਤਾ ਜਾ ਸਕਣ। ਮਾਹਰਾਂ ਦਾ ਕਹਿਣਾ ਹੈ ਕਿ ਭੁੱਲਰ ਦੀ ਇਹ ਗੱਲ ਬਿਲਕੁੱਲ ਸਹੀ ਹੈ ਕਿ ਸਾਨੂੰ ਬੱਚਿਆਂ ਦੀ ਉਨ੍ਹਾਂ ਮੌਤਾਂ ਦੀ ਹੀ ਪੜਚੋਲ ਨਹੀਂ ਕਰਨੀ ਚਾਹੀਦੀ, ਜਿਸ ਦਾ ਸਬੰਧ ਚਾਈਲਡ ਵੈਲਫ਼ੇਅਰ ਸਿਸਟਮ ਨਾਲ ਹੈ, ਸਗੋਂ ਇਸ ਮਾਮਲੇ ਸਮੁੱਚੇ ਤੌਰ 'ਤੇ ਬੱਚਿਆਂ ਦੀਆਂ ਮੌਤਾਂ ਦਾ ਮੁਲਾਂਕਣ ਹੋਣਾ ਚਾਹੀਦਾ ਹੈ।

## ਪੋਸਟਲ ਕਾਮਿਆਂ ਵਲੋਂ ਪ੍ਰਸਤਾਵਤ ਤਬਦੀਲੀਆਂ ਖ਼ਿਲਾਫ਼ ਰੈਲੀ

ਕਨੇਡਾ ਪੋਸਟ ਵਲੋਂ ਇਹ ਵੀ ਆਖਿਆ ਗਿਆ ਕਿ ਉਹ ਹੌਲੀ ਹੌਲੀ 6,000 ਤੋਂ 8,000 ਕਰਮਚਾਰੀਆਂ ਦੀ ਛਾਂਟੀ ਕਰੇਗੀ। ਇਸ ਤੋਂ ਇਲਾਵਾ ਸਟੈਂਪ ਦੀ ਕੀਮਤ ਵੀ ਵਧਾ ਕੇ 85 ਸੈਂਟ ਕਰ ਦਿੱਤੀ ਗਈ ਹੈ। ਓਟਵਾ ਦੇ ਡਨਡੌਨਲਡ ਪਾਰਕ ਤੋਂ ਲੈ ਕੇ ਪ੍ਰਧਾਨ ਮੰਤਰੀ ਦੇ ਦਫ਼ਤਰ ਤੱਕ 1500 ਲੋਕਾਂ ਨੇ ਰੈਲੀ ਕੀਤੀ। ਕਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ ਦਾ ਕਹਿਣਾ ਹੈ ਕਿ ਉਹ ਆਪਣੇ ਵਿਚਾਰ ਅਧਿਕਾਰੀਆਂ ਨਾਲ ਸਾਂਝੇ ਕਰ ਰਹੇ ਹਨ। ਸੀ.ਯੂ.ਪੀ.ਡਬਲਿਊ. ਦੇ ਕੌਮੀ ਵਾਈਸ ਪ੍ਰਧਾਨ ਜਾਰਜ ਫਲੋਰੈਸਕੋ ਨੇ ਆਖਿਆ ਕਿ ਉਹ 2015 ਵਿਚ ਹੋਣ ਵਾਲੀਆਂ ਅਗਲੀਆਂ ਫੈਡਰਲ ਚੋਣਾਂ ਤੱਕ ਇਨ੍ਹਾਂ ਪ੍ਰਸਤਾਵਤ ਤਬਦੀਲੀਆਂ ਦੇ ਸਬੰਧ ਵਿਚ ਆਪਣੀ ਮੁਹਿੰਮ ਜਾਰੀ ਰੱਖਣਗੇ।

## ਕਨੇਡਾ ਪੋਸਟ ਦੇ ਸੀ.ਈ.ਓ. ਨੇ ਮੰਗੀ ਮੁਆਫ਼ੀ

ਉਨ੍ਹਾਂ ਆਖਿਆ ਕਿ ਬਰਫੀਲੇ ਤੂਫਾਨ ਤੋਂ ਬਾਅਦ ਬੱਸ ਅਸੀਂ ਤੇਜ਼ੀ ਨਾਲ ਪੈਕੇਜਿਸ ਤੇ ਚਿੱਠੀਆਂ ਆਦਿ ਡਲਿਵਰ ਕਰਨ ਵਿਚ ਰੁੱਝ ਗਏ ਤਾਂ ਹੀ ਇਹ ਗ਼ਲਤੀ ਹੋਈ। ਸਾਨੂੰ ਵੇਲੇ ਸਿਰ ਲੋਕਾਂ ਤੱਕ ਡਾਕ ਤੇ ਪੈਕੇਜ ਆਦਿ ਪਹੁੰਚਾਉਣ ਦੀ ਐਨੀ ਕਾਹਲੀ ਸੀ ਕਿ ਅਸੀਂ ਇਸ ਵਿਚ ਹੋਰ ਦੇਰ ਨਹੀਂ ਸੀ ਕਰਨੀ ਚਾਹੁੰਦੇ ਤੇ ਇਸੇ ਲਈ ਉਨ੍ਹਾਂ ਨਾਲ ਰਾਬਤਾ ਕਾਇਮ ਕਰਨਾ ਰਹਿ ਗਿਆ, ਜਿਨ੍ਹਾਂ ਦੀਆਂ ਸੇਵਾਵਾਂ ਵਿਚ ਵਿਘਨ ਪਿਆ ਸੀ। ਅਸੀਂ ਲੋਕਾਂ ਨੂੰ ਦੱਸ ਹੀ ਨਹੀਂ ਸਕੇ ਕਿ ਸਾਨੂੰ ਵੀ ਸਮੱਸਿਆ ਪੇਸ਼ ਆ ਰਹੀ ਹੈ, ਜਿਸ ਲਈ ਅਸੀਂ ਉਨ੍ਹਾਂ ਤੋਂ ਮੁਆਫ਼ੀ ਮੰਗਦੇ ਹਾਂ।

## ਅਲਬਰਟਾ ਦੇ ਪੰਜਾਬ ਤੇ ਮੇਘਾਲਿਆ ਨਾਲ...

ਮੁਨਾਫ਼ੇ ਦੀ ਖੇਡ ਦਾ ਪਹਿਲਾ ਨਿਯਮ ਹੀ ਇਹ ਹੈ ਕਿ ਜੇ ਇਕ ਪਾਸੇ ਨੇ ਲਾਭ ਕਮਾਉਣਾ ਹੈ ਤਾਂ ਉਹ ਲਾਭ ਦੂਸਰੀ ਧਿਰ ਦੀ ਲੁੱਟ ਵਿਚੋਂ ਹੀ ਨਿਕਲਣਾ ਹੈ। ਇਹਨਾਂ ਸਮਝੌਤਿਆਂ ਬਾਰੇ ਅਲਬਰਟਾ ਦੀ ਪ੍ਰੀਮੀਅਰ ਐਲੀਸਨ ਰੈਡਫੋਰਡ ਦਾ ਕਹਿਣਾ ਹੈ ਕਿ ਇਹ ਸਮਝੌਤੇ 'ਬਿਲਡਿੰਗ ਅਲਬਰਟਾ ਪਲਾਨ ਤਹਿਤ ਕੀਤੇ ਗਏ ਹਨ, ਕਿਉਂਕਿ ਭਾਰਤ ਵਿਸ਼ਵ ਦੀ ਸਭ ਤੋਂ ਵੱਡੀ ਮੰਡੀ ਹੈ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਡੇ ਅਤੇ ਭਾਰਤ ਦਰਮਿਆਨ ਸਬੰਧ ਮਜ਼ਬੂਤ ਹੋਣ। ਜੇਕਰ ਸਾਡੇ ਉਤਪਾਦਕ ਭਾਰਤ ਵਿੱਚ ਨਿਵੇਸ਼ ਕਰਨ ਤਾਂ ਬਿਨਾ ਸ਼ੱਕ ਇਹ ਸਾਡੇ ਲਈ ਲਾਭਕਾਰੀ ਸਿੱਧ ਹੋਵੇਗਾ।

ਇੱਥੇ ਦੱਸਣਯੋਗ ਹੈ ਕਿ ਭਾਰਤ ਅਲਬਰਟਾ ਤੋਂ ਪਹਿਲਾਂ ਹੀ ਸਾਲਾਨਾ 102 ਮਿਲੀਅਨ ਡਾਲਰ ਦੀਆਂ ਵਸਤਾਂ ਅਤੇ ਸੇਵਾਵਾਂ ਦਰਾਮਦ ਕਰ ਰਿਹਾ ਹੈ। ਇਸ ਤੋਂ ਇਲਾਵਾ ਦਾਲਾਂ ਲਈ ਭਾਰਤ, ਕਨੇਡਾ ਦੀ ਸਭ ਤੋਂ ਵੱਡੀ ਮੰਡੀ ਹੈ। ਭਾਰਤ ਵਿੱਚ ਮਿਡਲ ਕਲਾਸ ਦੇ ਵਧਣ ਨਾਲ ਖਾਣ-ਪੀਣ ਵਾਲੀਆਂ ਵਸਤਾਂ ਦੀ ਮੰਗ ਬਹੁਤ ਜ਼ਿਆਦਾ ਮਾਤਰਾ ਵਿੱਚ ਵਧੀ ਹੈ। ਇਹਨਾਂ ਹਾਲਤਾਂ ਨੂੰ ਦੇਖਦਿਆਂ ਅਲਬਰਟਾ ਸਰਕਾਰ ਚਾਹੁੰਦੀ ਹੈ ਕਿ ਭਾਰਤ ਨਾਲ ਸਬੰਧ ਮਜ਼ਬੂਤ ਕਰਕੇ ਸਰਮਾਏਦਾਰਾਂ ਨੂੰ ਭਾਰਤ ਵਿੱਚੋਂ ਹੋਰ ਧਨ ਬਟੋਰਨ ਦੇ ਮੌਕੇ ਉਪਲਬਧ ਕਰਵਾਵੇ। ਇਸ ਮਕਸਦ ਲਈ ਅਲਬਰਟਾ ਸਰਕਾਰ ਵੱਲੋਂ ਭਾਰਤ ਨਾਲ ਵਪਾਰਕ ਸਬੰਧ ਮਜ਼ਬੂਤ ਕਰਨ ਲਈ ਦਿੱਲੀ ਵਿੱਚ ਇੱਕ ਅੰਤਰਰਾਸ਼ਟਰੀ ਵਪਾਰ ਦਫ਼ਤਰ ਵੀ ਖੋਲ੍ਹਿਆ ਗਿਆ ਹੈ। ਇਸ ਦਫ਼ਤਰ ਦਾ ਕੰਮ ਅਲਬਰਟਾ ਅਤੇ ਭਾਰਤ ਦੀਆਂ ਅੰਤਰਰਾਸ਼ਟਰੀ ਕੰਪਨੀਆਂ ਲਈ ਉਹਨਾਂ ਮੌਕਿਆਂ ਦੀ ਭਾਲ ਕਰਨਾ ਹੈ ਜਿਸ ਨਾਲ ਉਹ ਆਪਣੇ ਨਿਵੇਸ਼ ਰਾਹੀਂ ਚੋਖਾ ਮੁਨਾਫ਼ਾ ਕਮਾ ਸਕਣ।

ਇਹਨਾਂ ਸਮਝੌਤਿਆਂ ਨੂੰ ਲੈ ਕੇ ਅਲਬਰਟਾ ਸਰਕਾਰ ਕਹਿ ਰਹੀ ਹੈ ਕਿ ਵਪਾਰਕ ਸਮਝੌਤਿਆਂ ਦਾ ਅਲਬਰਟਾ ਦੇ ਕਿਸਾਨਾਂ ਨੂੰ ਸਿੱਧਾ ਲਾਭ ਪੁੱਜੇਗਾ, ਦੂਜਾ ਇਹ ਕਿ ਇਹਨਾਂ ਸਮਝੌਤਿਆਂ ਤੋਂ ਬਾਅਦ ਹੁਣ ਅਲਬਰਟਾ ਦੇ ਕਿਸਾਨ ਉਹਨਾਂ ਜਿਨਸਾਂ ਨੂੰ ਪਹਿਲ ਦੇ ਸਕਦੇ ਹਨ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਵੱਧ ਕੀਮਤ ਹੈ। ਪਰ ਅਮਲੀ ਪੱਧਰ 'ਤੇ ਅਜਿਹਾ ਕੁੱਝ ਨਹੀਂ ਹੋਵੇਗਾ। ਅਸਲ ਗੱਲ ਇਹ ਹੈ ਕਿ ਇਹਨਾਂ ਸਮਝੌਤਿਆਂ ਰਾਹੀਂ ਸਰਕਾਰ ਨੇ ਅਸਿੱਧੇ ਢੰਗ ਨਾਲ ਕੁੱਝ ਕੰਪਨੀਆਂ ਲਈ ਭਾਰਤ ਦੇ ਰਾਜਾਂ ਵਿੱਚ ਨਿਵੇਸ਼ ਕਰਨ ਦਾ ਰਾਹ ਖੋਲ੍ਹਿਆ ਹੈ। ਇਹ ਕੰਪਨੀਆਂ ਆਪਣਾ ਪੈਸਾ ਭਾਰਤ ਵਿੱਚ ਲਗਾਉਣਗੀਆਂ ਤੇ ਚੋਖਾ ਮੁਨਾਫ਼ਾ ਕਮਾਉਣਗੀਆਂ। ਇਸ ਵਿੱਚੋਂ ਕਿਸਾਨ ਜਾਂ ਮਜ਼ਦੂਰ ਨੂੰ ਕੁੱਝ ਨਹੀਂ ਮਿਲਣ ਵਾਲਾ। ਇਹੀ ਨੀਤੀ ਪੰਜਾਬ ਅਤੇ ਮੇਘਾਲਿਆ ਦੀਆਂ ਸਰਕਾਰਾਂ ਦੀ ਹੈ, ਇਸ ਕਵਾਇਦ ਵਿੱਚੋਂ ਸਿਰਫ਼ ਅੰਤਰਰਾਸ਼ਟਰੀ ਕੰਪਨੀਆਂ ਨੇ ਮੁਨਾਫ਼ਾ ਕਮਾਉਣਾ ਹੈ। ਅਜਿਹੇ ਸਮਝੌਤਿਆਂ ਨੂੰ ਨੇਪਰੇ ਚਾੜਨ ਲਈ ਸਰਕਾਰਾਂ ਵੱਲੋਂ ਜਿਹੜੇ ਖੇਤੀਬਾੜੀ ਖੇਤਰ ਵਿੱਚ ਤਜ਼ਰਬਿਆਂ ਦੀ ਗੱਲ ਕੀਤੀ ਜਾਂਦੀ ਹੈ, ਉਹ ਅਸਲ ਵਿੱਚ ਇਸ ਖੇਤਰ ਦੀਆਂ ਕੌਮਾਂਤਰੀ ਕੰਪਨੀਆਂ ਵੱਲੋਂ ਕੀਤੇ ਜਾਣ ਵਾਲੇ ਤਜ਼ਰਬੇ ਹੁੰਦੇ ਹਨ, ਜਿਹੜੇ ਸਿਰਫ਼ ਮੁਨਾਫ਼ਾ ਕਮਾਉਣ ਲਈ ਕੀਤੇ ਜਾਂਦੇ ਹਨ।

ਸਫ਼ਾ 17 ਦੀ ਬਾਕੀ

## ਨਸ਼ਾ ਮਾਫੀਆ ਤੇ ਗੁੰਡਾ ਅਨਸਰਾਂ....

ਕਈ ਵਾਰ ਇਹਨਾਂ ਦੇਸ਼ਾਂ ਦੇ ਹਾਕਮ ਵੀ ਨਸ਼ਾ ਵਪਾਰੀਆਂ ਦੇ ਗਰੋਹ ਆਪ ਬਣ ਜਾਂਦੇ ਹਨ ਜਾਂ ਉਹਨਾਂ ਨੂੰ ਦੇਸ਼ ਦੀਆਂ ਸਰਮਾਏਦਾਰ ਪਾਰਟੀਆਂ ਦੇ ਆਗੂਆਂ ਦੀ ਪੂਰੀ ਹਮਾਇਤ ਹਾਸਲ ਹੋ ਜਾਂਦੀ ਹੈ। ਦੱਖਣੀ ਅਮਰੀਕਾ ਦੇ ਦੇਸ਼, ਵਿਸ਼ੇਸ਼ ਕਰਕੇ ਮੈਕਸੀਕੋ ਇਸਦੀ ਉਘੜਵੀਂ ਮਿਸਾਲ ਹੈ। ਸਿਰੋਂ ਪਾਣੀ ਲੰਘਦਾ ਵੇਖਕੇ, ਮੈਕਸੀਕੋ ਦੀ ਮੌਜੂਦਾ ਸਰਕਾਰ ਵਲੋਂ ਨਸ਼ਾ ਸਰਦਾਰਾਂ ਵਿਰੁੱਧ ਚੁੱਕੇ ਜਾ ਰਹੇ ਕਦਮਾਂ ਦਾ ਟਾਕਰਾ ਦੋਸ਼ੀਆਂ ਵਲੋਂ ਹਥਿਆਰਾਂ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਇਸ ਪਾਸੇ ਵਲ ਤੇਜੀ ਨਾਲ ਵੱਧ ਰਿਹਾ ਹੈ। ਨਸ਼ਾ ਵਪਾਰੀ ਸ਼ਕਤੀਸ਼ਾਲੀ ਬਣ ਰਹੇ ਹਨ। ਦੋਵੇਂ ਹਾਕਮ ਪਾਰਟੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਵੱਡੇ ਆਗੂ ਇਹਨਾਂ ਵਪਾਰੀਆਂ ਦੇ ਸਮਰਥਕ ਬਣ ਗਏ ਹਨ। ਮੌਜੂਦਾ ਸਮੇਂ ਨਸ਼ਾ ਵਪਾਰੀ ਹਰ ਜਨਤਕ ਅਤੇ ਇਮਾਨਦਾਰ ਅਫਸਰਸ਼ਾਹੀ ਦੇ (ਸ਼ਸ਼ੀਕਾਂਤ, ਕਾਹਨ ਸਿੰਘ ਪੰਨੂੰ) ਦੇ ਵਿਰੋਧ ਨੂੰ ਕੁੱਝ ਹਦ ਤੱਕ ਭੰਨਣ ਅਤੇ ਡਰਾਉਣ ਧਮਕਾਉਣ ਵਿਚ ਸਫਲ ਹਨ। ਪਰ ਅਗਲੀ ਸਟੇਜ 'ਤੇ ਜੇ ਹਾਕਮਾਂ ਨੇ ਅਕਲ ਨਾ ਕੀਤੀ ਤਾਂ ਉਹ ਸਰਕਾਰ ਨੂੰ ਵੀ ਚੈਲੰਜ ਦੇਣ ਦੇ ਸਮਰਥ ਹੋ ਜਾਣਗੇ। ਪਰ ਪੰਜਾਬੀਆਂ ਨੂੰ ਇਹ ਗੱਲ ਜ਼ਰੂਰ ਪੱਲੇ ਬੰਨ੍ਹਣੀ ਚਾਹੀਦੀ ਹੈ ਕਿ ਤਾਕਤ ਦੇ ਨਸ਼ੇ ਅਤੇ ਪੈਸੇ ਦੇ ਲਾਲਚ ਵਿਚ ਅੰਨ੍ਹੇ ਹੋਏ ਹਾਕਮ ਸ਼ਕਤੀਸ਼ਾਲੀ ਜਨਤਕ ਲਹਿਰ ਤੋਂ ਬਿਨਾਂ ਆਪਣੀ ਅਕਲ ਦੇ ਬੰਦ ਦਰਵਾਜ਼ੇ ਕਦੇ ਨਹੀਂ ਖੋਹਲਣਗੇ।

### ਨਸ਼ਾ ਮਾਫੀਆ ਅਤੇ ਗੁੰਡਾ ਅਨਸਰਾਂ ਦਾ ਡੂੰਘਾ ਰਿਸ਼ਤਾ

ਨਸ਼ਾ ਮਾਫੀਏ, ਭੌਂ ਮਾਫੀਏ ਅਤੇ ਰੇਤ, ਬੱਜਰੀ ਮਾਫੀਏ ਦੇ ਸਰਗਣਿਆਂ ਨੂੰ ਦਿਸ਼ਾਹੀਣ, ਨਸ਼ੇ ਖਾਣ ਵਾਲੇ ਅਤੇ ਪੈਸੇ ਲਈ ਕੋਈ ਵੀ ਗੁਨਾਹ ਕਰਨ ਲਈ ਤਿਆਰ ਨੌਜਵਾਨਾਂ ਦੀ ਵੱਡੀ ਗਿਣਤੀ ਵਿਚ ਲੋੜ ਹੁੰਦੀ ਹੈ। ਇਹ ਮਾਫੀਆ ਸਰਗਣੇ ਨੌਜਵਾਨਾਂ ਨੂੰ ਲੋਕ ਪੱਖੀ ਵਿਚਾਰਾਂ ਤੋਂ ਭਟਕਾ ਕੇ ਪੂਰੀ ਤਰ੍ਹਾਂ ਗੁੰਡਾ ਅਨਸਰਾਂ ਵਿਚ ਤਬਦੀਲ ਕਰਕੇ ਉਹਨਾਂ ਨੂੰ ਗੁਨਾਹਾਂ ਦੀ ਜ਼ਿੰਦਗੀ ਵਿਚ ਧੱਕ ਦਿੰਦੇ ਹਨ। ਫਿਰ ਇਹ ਰਸਤਿਉਂ ਭਟਕੇ ਨੌਜਵਾਨ ਲੁੱਟਾਂ, ਖੋਹਾਂ ਕਰਦੇ ਹਨ, ਔਰਤਾਂ ਦੇ ਪਰਸਾਂ ਅਤੇ ਗਹਿਣਿਆਂ ਤੇ ਝੱਪਟੇ ਮਾਰਦੇ ਹਨ ਅਤੇ ਉਹਨਾਂ ਦੀਆਂ ਇੱਜਤਾਂ 'ਤੇ ਹਮਲੇ ਕਰਦੇ ਹਨ। ਉਹ ਆਪਣੇ ਆਪਣੇ ਮਾਫੀਆ ਆਗੂਆਂ ਦੀ ਲੁੱਟ ਵਿਚ ਰੁਕਾਵਟਾਂ ਖੜ੍ਹੀਆਂ ਕਰਨ ਵਾਲੀਆਂ ਜਨਤਕ ਜਥੇਬੰਦੀਆਂ ਅਤੇ ਹੋਰ ਇਨਸਾਫਪਸੰਦ ਲੋਕਾਂ ਤੇ ਹਮਲੇ ਕਰਦੇ ਹਨ। ਪੁਲਸ ਅਤੇ ਰਾਜਸੀ ਆਗੂਆਂ ਦੀ ਸ਼ਹਿ 'ਤੇ ਉਹ ਪੂਰੀ ਤਰ੍ਹਾ ਦਨਦਨਾਉਂਦੇ ਫਿਰਦੇ ਹਨ। ਲੋਕਾਂ 'ਤੇ ਹਮਲੇ ਕਰਕੇ ਅਨੇਕਾਂ ਦੀਆਂ ਲੱਤਾ ਬਾਹਾਂ ਤੋੜਦੇ ਹਨ। ਪੁਲਸ ਇਹਨਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀ। ਬਲਕਿ ਉਹਨਾਂ ਦੇ ਹਮਲਿਆਂ ਦਾ ਸ਼ਿਕਾਰ ਬਣੇ ਲੋਕਾਂ ਵਿਰੁੱਧ ਝੂਠੇ ਮੁਕੱਦਮੇਂ ਦਰਜ ਕਰਕੇ ਧੱਕੇ ਨਾਲ ਸੁਲਾਹ ਸਫਾਈ ਕਰਨ ਦਾ ਨਾਟਕ ਰਚਿਆ ਜਾਂਦਾ ਹੈ। ਲੋਕ ਆਪਣੇ ਘਰਾਂ ਵਿਚ ਸੁਰੱਖਿਅਤ ਨਹੀਂ ਹਨ। ਗੁੰਡਿਆਂ ਵਲੋਂ ਕੀਤੀ ਗਈ ਮਾਰਕੁਟਾਈ ਦਾ ਸ਼ਿਕਾਰ ਹੋਏ ਲੋਕਾਂ ਦਾ ਮੁਕੱਦਮਾ ਦਰਜ ਕਰਨ ਬਾਰੇ ਫੈਸਲਾ ਤੱਥਾਂ ਦੇ ਅਧਾਰ 'ਤੇ ਪੁਲਸ ਆਪ ਨਹੀਂ ਕਰਦੀ। ਇਹ ਫੈਸਲਾ ਹਾਕਮ ਪਾਰਟੀਆਂ ਵਲੋਂ ਥਾਪਿਆ ਹਲਕਾ ਇੰਚਾਰਜ ਕਰਦਾ ਹੈ ਅਤੇ ਪੁਲਸ ਉਸਤੇ ਅਮਲ ਕਰਦੀ ਹੈ। ਲੋਕਾਂ ਵੱਲੋਂ ਕੀਤੇ ਗਏ ਕਿਸੇ ਜਨਤਕ ਵਿਰੋਧ ਦਾ ਵੀ ਪੁਲਸ 'ਤੇ ਕੋਈ ਅਸਰ ਨਹੀਂ ਹੁੰਦਾ। ਵੱਡੇ ਤੋਂ ਵੱਡੇ ਅਧਿਕਾਰੀ ਨੂੰ ਮਿਲੇ ਡੈਪੂਟੇਸ਼ਨਾਂ ਦਾ ਕੋਈ ਅਸਰ ਨਹੀਂ ਹੁੰਦਾ। ਅਕਾਲੀ ਪਾਰਟੀ ਦਾ ਸਭ ਤੋਂ ਵੱਡਾ ਗੁਨਾਹ ਹੈ ਕਿ ਉਨ੍ਹਾਂ ਗੁੰਡਾ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਜਾਂ ਯੂਥ ਅਕਾਲੀ ਦਲ ਦੇ ਵੱਡੇ ਅਹੁਦੇਦਾਰ ਨਿਯੁਕਤ ਕਰਕੇ ਰਾਜਨੀਤੀ ਦੇ ਅਪਰਾਧੀਕਰਨ ਨੂੰ ਹੋਰ ਹਵਾ ਦਿੱਤੀ ਹੈ।

### ਪੰਜਾਬ ਪੁਲਸ ਦਾ ਰਾਜਸੀਕਰਨ

ਪੰਜਾਬ ਪੁਲਸ ਦਾ ਲਗਭਗ ਪੂਰੀ ਤਰ੍ਹਾਂ ਰਾਜਸੀਕਰਨ ਹੋ ਚੁੱਕਾ ਹੈ। ਪੁਲਸ ਕਾਨੂੰਨ ਦੀ ਰਖਵਾਲੀ ਹੋਣ ਦੀ ਥਾਂ ਹਾਕਮ ਪਾਰਟੀ ਦੇ ਆਗੂਆਂ ਦੀ ਦੁਮਛੱਲਾ ਬਣ ਗਈ ਹੈ। ਲੋਕਾਂ ਨਾਲ ਹੋ ਰਹੇ ਧੱਕਿਆਂ ਬਾਰੇ ਗੈਰਸੰਵੇਦਨਸ਼ੀਲ ਹੋਣ ਤੋਂ ਅੱਗੇ ਵਧਕੇ ਉਹ ਪੂਰੀ ਤਰ੍ਹਾਂ ਧੱਕਾ ਕਰਨ ਵਾਲਿਆਂ ਨਾਲ ਖਲੋਅ ਰਹੀ ਹੈ। ਆਪਣੇ ਅਧਿਕਾਰੀਆਂ 'ਤੇ ਹੋ ਰਹੇ ਗੁੰਡਾ ਹਮਲਿਆਂ ਨਾਲ ਵੀ ਉਸਦੀ ਜਮੀਰ ਨਹੀਂ ਜਾਗਦੀ। ਛੇਹਰਟਾ ਵਿਚ ਰਣਜੀਤ ਰਾਣਾ ਜੋ ਉਸ ਵੇਲੇ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਦਿਹਾਤੀ ਦਾ ਜਨਰਲ ਸਕੱਤਰ ਸੀ ਵਲੋਂ ਇਕ ਏ.ਐਸ. ਆਈ. ਦਾ ਇਸ ਕਰਕੇ ਕਤਲ ਕਰ ਦਿੱਤਾ ਗਿਆ ਕਿ ਉਸਨੇ ਆਪਣੀ ਧੀ ਦੀ ਇਸ ਗੁੰਡੇ ਤੋਂ ਰਾਖੀ ਕਰਨ ਦੀ ਹਿੰਮਤ ਕੀਤੀ ਸੀ। ਇਸਤੋਂ ਪਿਛੋਂ ਇਕ ਹੋਰ ਵੱਡੇ ਪੁਲਸ ਅਧਿਕਾਰੀ ਦੀ ਯੂਥ ਅਕਾਲੀ ਦਲ ਦੇ ਸੂਬਾ ਆਗੂ ਅਤੇ ਲੁਧਿਆਣੇ ਦੇ ਹੋਟਲ ਮਾਲਕ ਨੇ ਲੱਤ ਤੋੜ ਦਿੱਤੀ। ਪਰ ਪੁਲਸ ਅਧਿਕਾਰੀਆਂ ਦੀ ਸਰਕਾਰੀ ਚਾਪਲੂਸੀ ਦੀ ਸ਼ਿਖਰ ਉਸ ਸਮੇਂ ਸਾਹਮਣੇ ਆਈ ਜਦੋਂ ਇਹ ਧੁੰਮਾਇਆ ਗਿਆ ਕਿ ਸੰਬੰਧਤ ਅਧਿਕਾਰੀ ਦੀ ਲੱਤ ਪੌੜੀਆਂ ਵਿਚ ਡਿਗਣ ਕਰਕੇ ਟੁੱਟੀ ਹੈ। ਅਜਨਾਲਾ ਹਲਕੇ ਦੇ ਨਸ਼ਾ ਤਸਕਰ ਮਨਿੰਦਰ ਔਲਖ ਜੋ ਹਲਕਾ ਐਮ.ਐਲ. ਏ. ਦਾ ਖਾਸ ਆਦਮੀ ਸੀ ਵੀ ਯੂਥ ਅਕਾਲੀ ਦਲ ਦਾ ਜ਼ਿਲ੍ਹਾ ਆਗੂ ਸੀ, ਨੂੰ ਗ੍ਰਿਫਤਾਰੀ ਤੋਂ ਪਹਿਲਾਂ ਪੁਲਸ ਦੀ ਪੂਰੀ ਹਮਾਇਤ ਅਤੇ ਸਰਪ੍ਰਸਤੀ ਹਾਸਲ ਰਹੀ ਹੈ।

ਉਪਰੋਕਤ ਤੱਥ ਸਪੱਸ਼ਟ ਕਰਦੇ ਹਨ ਕਿ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਪੰਜਾਬੀ ਕਿਰਤੀ ਤਿਕੋਨੇ ਹਮਲਿਆਂ ਦੀ ਮਾਰ ਝੱਲ ਰਹੇ ਹਨ। ਇਕ ਪਾਸੇ ਸਰਕਾਰ ਲੋਕਾਂ 'ਤੇ ਵੱਖ ਵੱਖ ਤਰ੍ਹਾਂ ਦੇ ਟੈਕਸਾਂ ਦੇ ਭਾਰ ਪਾ ਰਹੀ ਹੈ, ਦੂਜੇ ਪਾਸੇ ਸਰਕਾਰੀ ਸਰਪ੍ਰਸਤੀ ਹੇਠ ਕੰਮ ਕਰਦੇ ਨਸ਼ਾ ਮਾਫੀਏ ਤੋਂ ਲੈ ਕੇ ਰੇਤ ਬੱਜਰੀ ਮਾਫੀਏ ਵਰਗੇ ਅਨੇਕਾਂ ਜਥੇਬੰਦ ਲੁਟੇਰੇ ਉਹਨਾਂ ਦੀ ਰੋਟੀ ਰੋਜ਼ੀ 'ਤੇ ਹਮਲਾ ਕਰ ਰਹੇ ਹਨ ਅਤੇ ਤੀਜੇ ਪਾਸੇ ਗਲਤ ਨੀਤੀਆਂ ਦੇ ਸਿੱਟੇ ਵਜੋਂ ਪੈਦਾ ਹੋ ਰਹੇ ਰਸਤਾ ਭਟਕੇ ਗੁੰਡਾਗਰਦੀ ਦੇ ਰਾਹ ਪਏ ਨੌਜਵਾਨਾਂ ਦੇ ਗਰੋਹ ਹਨ। ਉਹ ਲੁੱਟਾਂ, ਖੋਹਾਂ, ਔਰਤਾਂ ਦੀਆਂ ਇਜ਼ਤਾਂ 'ਤੇ ਹਮਲਾ ਕਰਕੇ, ਆਮ ਲੋਕਾਂ ਦੀ ਕੁੱਟਮਾਰ ਕਰਕੇ ਲੋਕਾਂ ਦੀਆਂ ਜ਼ਮੀਨਾਂ ਜਾਇਦਾਦਾਂ ਖੋਹਕੇ ਅਤੇ ਕਈ ਜਨਤਕ ਆਗੂਆਂ ਦੇ ਘਰਾਂ 'ਤੇ ਹਮਲਾ ਕਰਕੇ ਸਮਾਜ ਵਿਚ ਦਹਿਸ਼ਤ ਪੈਦਾ ਕਰਦੇ ਹਨ। ਪੁਲਸ ਅਤੇ ਸਰਕਾਰੀ ਆਗੂਆਂ ਦੀ ਸਰਪ੍ਰਸਤੀ ਮਿਲਣ ਕਰਕੇ ਉਹ ਅਸਲੋਂ ਹੀ ਬੇਵਾਗੇ ਹੋ ਗਏ ਹਨ।

ਪਰ ਨਿਰਾਸ਼ ਹੋਣ ਦੀ ਲੋੜ ਨਹੀਂ। ਸਰਕਾਰ ਦੀਆਂ ਨੀਤੀਆਂ ਰਾਹੀਂ ਲੋਕਾਂ 'ਤੇ ਹੋ ਰਹੇ ਤਿਕੋਨੇ ਹਮਲੇ ਦਾ ਮੁਕਾਬਲਾ ਜਨਤਕ ਲਹਿਰ ਉਸਾਰਕੇ ਹੋ ਸਕਦਾ ਹੈ। ਫਰੀਦਕੋਟ ਸ਼ਹਿਰ ਵਿਚੋਂ ਹਾਕਮ ਪਾਰਟੀ ਦੇ ਚਹੇਤੇ ਨਿਸ਼ਾਨ ਸਿੰਘ ਗੁੰਡੇ ਵਲੋਂ ਇਕ ਬੇਟੀ ਦੇ ਦਿਨ ਦੀਵੀਂ ਹੋਏ ਅਗਵਾਕਾਂਡ ਨੇ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਹਲੂਣ ਦਿੱਤਾ ਸੀ। ਫਰੀਦਕੋਟ ਦੇ ਜ਼ਿਲ੍ਹੇ ਦੇ ਲੋਕਾਂ ਨੇ ਇਸ ਗੁੰਡਾਗਰਦੀ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਨਿਸ਼ਾਨ ਸਿੰਘ ਆਪਣੀ ਮਾਂ ਸਮੇਤ ਜੇਲ੍ਹ ਵਿਚ ਬੰਦ ਹੈ। ਹਾਕਮ ਪਾਰਟੀ ਦੇ ਆਗੂਆਂ ਅਤੇ ਪੁਲਸ ਦੀ ਮਦਦ ਉਸਨੂੰ ਨਹੀਂ ਬਚਾ ਸਕੀ। ਇਸ ਲਈ ਪੰਜਾਬੀਆਂ ਨੂੰ ਹਰ ਜ਼ੁਲਮ ਦਾ ਟਾਕਰਾ ਕਰਨ ਲਈ ਜਾਨ ਹੂਲਵੇਂ ਸੰਘਰਸ਼ ਕਰਨ ਦੀ ਰਵਾਇਤ ਨੂੰ ਹੋਰ ਸ਼ਕਤੀਸ਼ਾਲੀ ਬਣਾਉਣਾ ਚਾਹੀਦਾ ਹੈ।

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"



(780) 233-3100
Friendly Service & Free Market Evaluation



To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
REALTOR
MLS MULTIPLE LISTING SERVICE
Member - Edmonton Real Estate Board, Residential & Commercial Divsion

**House for Sale** by
POWAR Home Ltd in
Diamond State Leduc County

1. 3200 Sq Ft. with finished walk out basement (one bedroom, one thither room, kitchen), fully finish triple ground hearted, two AC., 2 Tank, 4 Bed, 3 washroom. Two kitchen . $7,49,900 .
2. 2000 Sq Ft Trible garage, 3 bed , 2.5 washroom + Den. $ 489,900 .
3. 2750 Sq Ft 4 Bed 4 washroom, main Den Full non row, fully deny leaving room. $5,79,900.
4. 7200 Sq Ft 5 bed, 5 washroom, leaving form den dining, fleet roof, triple garage. $2.2 M

Call : RANJIT POWAR
780-695-6595

ਕਹਾਣੀ

# ਆਪਣਾ ਆਪਣਾ ਹਿੱਸਾ

ਵਰਿਆਮ ਸਿੰਘ ਸੰਧੂ
waryamsandhu@gmail.com
+91-98726-02296



ਮੱਝ ਨੂੰ ਬਾਹਰ ਕੱਢ ਕੇ ਖੁਰਲੀ ਵਿਚ ਤੂੜੀ ਤੇ ਛਟਾਲਾ ਰਲਾਉਂਦਿਆਂ ਘੁੱਦੂ ਨੇ ਮੱਝ ਦੀਆਂ ਨਾਸਾਂ ਵਿਚੋਂ ਉੱਡਦੀ ਹਵਾੜ ਨੂੰ ਤੱਕਿਆ ਤੇ ਧਾਰ ਕੱਢਣ ਲਈ ਬਾਲਟੀ ਲਿਆਉਣ ਵਾਸਤੇ ਆਵਾਜ਼ ਦਿੱਤੀ, ਫਿਰ ਮੱਝ ਦੇ ਪਿੰਡੇ 'ਤੇ ਪਾਈ ਗੋਹੇ ਨਾਲ ਲਿੱਬੜੀ ਪਾਟੀ ਦਰੀ ਨੂੰ ਸੂਤ ਕੀਤਾ ਅਤੇ ਪਾਲੇ ਨਾਲ ਕੰਬਦੇ ਅੰਗਾਂ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਦਾ ਧੁੰਦ ਵਿਚੋਂ ਦੂਰ ਚੜ੍ਹਦੇ ਸੂਰਜ ਵੱਲ ਵੇਖਣ ਲੱਗਾ। ਪਰ ਧੁੰਦ ਤਾਂ ਸੂਰਜ ਨੂੰ ਇੰਜ ਨੱਪ ਕੇ ਬੈਠੀ ਸੀ, ਜਿਵੇਂ ਕੋਈ ਤਕੜਾ ਭਲਵਾਨ ਮਾੜੇ ਭਲਵਾਨ ਦੀ ਗਿੱਚੀ 'ਤੇ ਗੋਡਾ ਦਿੱਤੀ ਬੈਠਾ ਹੋਵੇ। ਘੁੱਦੂ ਦਾ ਹੱਥ ਸਹਿਜੇ ਹੀ ਉਸਦੀ ਧੌਣ 'ਤੇ ਚਲਾ ਗਿਆ। ਕਈ ਸਾਲ ਪਹਿਲਾਂ ਭਲਵਾਨੀ ਕਰਦਿਆਂ ਉਸ ਨੇ ਆਪਣੇ ਉਸਤਾਦ ਜਿੰਦੇ ਪੱਧਰੀ ਵਾਲੇ ਦੇ ਅਤੇ ਹੋਰ ਭਲਵਾਨਾਂ ਦੇ ਗੋਡਿਆਂ ਦੀ ਮਾਰ ਜ਼ੋਰ ਕਰਦਿਆਂ ਤੇ ਘੁਲਦਿਆਂ ਝੱਲੀ ਸੀ। ਉਂਝ ਵੀ ਉਸ ਦੀ ਵਿਸ਼ੇਸ਼ਤਾ ਢਾਹੁਣ ਨਾਲੋਂ ਢਹਿਣ ਵਿਚ ਵਧੇਰੇ ਰਹੀ ਸੀ। ਇਸੇ ਲਈ ਹੀ ਤਾਂ ਉਨ੍ਹਾਂ ਦੇ ਪਿੰਡ ਦੇ ਬਾਬੇ 'ਝਰਲ' ਨੇ ਉਹਨੂੰ ਮਖੌਲ ਨਾਲ ਕਿਹਾ ਸੀ, "ਓਏ ਧਰਮਿਆਂ! ਭੈਣ ਦੇਣਿਆਂ ਕਿੱਡਾ ਤੇਰਾ ਸਰੀਰ ਆ। ਜੇ ਰੋਜ਼ ਢਹਿਣ ਦਾ ਹੀ ਕੰਮ ਫੜਨਾ ਸੀ ਤਾਂ ਏਦੂੰ ਚੰਗਾ ਸੀ ਕੰਜਰਾ ਤੇਰੇ ਸਰੀਰ 'ਚੋਂ ਮੋਛੇ ਕਰ ਕੇ ਦੋ ਬੰਦੇ ਬਣ ਜਾਂਦੇ-ਇਕ ਹਲ ਵਾਹਿਆ ਕਰਦਾ ਤੇ ਇਕ ਪੱਠੇ ਪਾਉਂਦਾ। ਰੱਬ ਵੀ ਸਹੁਰੇ ਨੂੰ ਟਕੇ ਦੀ ਅਕਲ ਨ੍ਹੀਂ..." ਤੇ ਸਾਰੇ ਭਰਾਵਾਂ 'ਚੋਂ ਛੋਟਾ ਧਰਮਾ 'ਘੁੱਦੂ' ਹੀ ਰਹਿ ਗਿਆ ਸੀ। ਹੁਣ ਉਹ ਨਾ ਭਲਵਾਨ ਸੀ ਤੇ ਨਾ ਹੀ ਧੌਣ ਉਤੇ ਕਿਸੇ ਦੇ ਗੋਡੇ ਦਾ ਡਰ। ਪਰ ਫਿਰ ਵੀ ਉਹਨੂੰ ਲੱਗਾ ਉਹਦੀ ਧੌਣ ਜਿਵੇਂ ਪੀੜ ਕਰ ਰਹੀ ਹੋਵੇ। ਉਸਦੀ ਧੌਣ 'ਤੇ ਇਹ ਕਿਸਦਾ ਗੋਡਾ ਸੀ। ਮੱਝ ਚੋਣ ਲਈ ਭਾੜਾ ਤੇ ਬਾਲਟੀ ਲਈ ਆਉਂਦੀ ਭੈਣ ਬਚਨੋਂ ਜਿਹੜੀ ਮਾਂ ਦੇ ਮਰਨ ਤੇ ਜਿਸ ਦਿਨ ਦੀ ਸਹੁਰਿਉਂ ਆਈ ਸੀ, ਇਥੇ ਹੀ ਸੀ-ਘੁੱਦੂ ਨੂੰ ਬਾਲਟੀ ਫੜਾ ਕੇ ਪੱਠਿਆਂ 'ਤੇ ਆਟਾ ਧੂੜਨ ਲੱਗੀ।

ਘੁੱਦੂ ਮੱਝ ਦੇ ਪਿੰਡੇ 'ਤੇ ਥਾਪੀ ਮਾਰ ਕੇ ਹੇਠਾਂ ਬਹਿ ਗਿਆ।

"ਹੈਂ ਵੀਰਾ ਵੇਖੇਂ ਨਾ ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ... ਵੱਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ ਤੇ ਆ ਗਿਆ ਹੋਣਾਂ... ਵੇਖੇਂ ਨਾ... ਤੂੰ ਜਿਹੜਾ ਸ੍ਹਾਬ ਕਤਾਬ ਬਣਦਾ... ਉਨ੍ਹਾਂ ਨਾਲ ਨਬੇੜ ਲੈ.. ਵੇਖੋ ਨਾਂ... ਮਾਂ ਦਾ ਕੱਠ ਵੀ ਕਰਨਾ ਹੋਇਆ... ਉਹਦੇ ਫੁੱਲ ਵੀ ਹਰਦਵਾਰ ਲੈ ਕੇ ਜਾਣੇ ਆਂ.. ਸਿਆਣਿਆਂ ਆਖਿਆ ਲੇਖਾ ਮਾਵਾਂ ਧੀਆਂ ਦਾ... ਵੇਖੇਂ ਨਾਂ...."

ਘੁੱਦੂ ਨੂੰ ਬੜੀ ਖਿਝ ਆਈ।

"ਇਹ ਆਗੀ ਵੱਡੀ ਬੇਬੇ ਮਿੰਨੂ ਮੱਤਾਂ ਦੇਣ ਵਾਲੀ"

ਉਹ ਆਪਣੇ ਤੋਂ ਛੋਟੀ ਬਚਨੋਂ ਬਾਰੇ ਸੋਚਦਾ ਜ਼ਹਿਰੀ ਥੁੱਕ ਅੰਦਰ ਲੰਘਾ ਗਿਆ, ਕੱਲ੍ਹ ਦੀ ਭੂਤਨੀ...'

ਬਚਨੋਂ ਬੋਲੀ ਜਾ ਰਹੀ ਸੀ, "ਵੇਖੇਂ ਨਾਂ... ਮੈਨੂੰ ਪਤਾ ਤੇਰਾ ਹੱਥ ਤੰਗ ਆ... ਪਰ ਇਹ ਕੰਮ ਵੀ ਅਕਸਰ ਕਰਨੇਂ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ... ਤੁਹਾਡਾ ਸਰਦੈ... ਤੁਹਾਡਾ ਹੱਥ ਖੁਲ੍ਹੈ... ਕੋਈ ਨੀਂ... ਵੇਖੇਂ ਨਾਂ... ਉਹ ਅੱਗੋਂ ਆਂਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ। .... ਜ਼ਮੀਨ ਵੀ ਇਹ ਮੁਖਤ 'ਚ ਵਾਹੀ ਜਾਂਦੈ... ਵੇਖੇਂ ਨਾਂ... ਸਾਰੇ ਤੇਰੇ ਭਾਈਏ ਅਰਗੇ ਕਿਵੇਂ ਹੋ ਜਾਣ.... ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਈ ਜਾਂਦੀਆਂ ਪਰ ਉਹਨੇ ਕਦੀ ਇਕ ਵਾਰ ਵੀ ਨ੍ਹੀਂ ਆਖਿਆ... "

ਘੁੱਦੂ ਜਿਵੇਂ ਗਲ ਵਿਚ ਡੱਕਾ ਦਿੱਤੀ ਬੈਠਾ ਸੀ, ਚੀਕ ਹੀ ਪਿਆ, "ਓ ਤੂੰ ਵੀ ਲੈ ਜਾਹ ਤੇ ਉਹ ਵੀ ਲੈ ਜਾਣ... ਜ਼ਮੀਨ ਸਹੁਰੀ ਨੇ ਬੜਾ ਮੈਨੂੰ ਕਾਰੂੰ ਪਾਤਸ਼ਾਹ ਬਣਾ 'ਤਾ"

ਉਚੀ ਚੀਕਵੀਂ ਆਵਾਜ਼ ਸੁਣ ਕੇ ਤੇ ਜ਼ੋਰ ਨਾਲ ਥਣ ਨੱਪਿਆ ਜਾਣ ਕਰ ਕੇ ਮੱਝ ਭੁੜਕ ਪਈ। ਘੁੱਦੂ ਚਿੱਤੜਾਂ ਪਰਨੇ ਡਿੱਗ ਪਿਆ। ਬਚਾਉਂਦਿਆਂ ਵੀ ਥੋੜ੍ਹਾ ਕੁ ਦੁੱਧ ਡੁੱਲ੍ਹ ਹੀ ਗਿਆ। ਉਸ ਉਠਕੇ ਭੌਂੜਾ ਚੁੱਕ ਲਿਆ ਤੇ ਮੱਝ 'ਤੇ ਕਾੜ੍ਹ! ਕਾੜ੍ਹ!! ਵਰ੍ਹ ਪਿਆ।

".... ਵੇਖੇਂ ਨਾਂ... ਸਿੱਧਿਆਂ ਨੂੰ ਪੁੱਠਾ ਆਉਂਦੈ... ਵੇਖੇਂ ਨਾਂ... ਸਿੱਧਿਆਂ ਨੂੰ ਪੁੱਠਾ ਆਊਂਦੈ.... ਬੁੜਬੜਾਉਂਦੀ ਬਚਨੋਂ "ਭੂੰ ਭੂੰ" ਕਰਦੀ ਬਾਲਟੀ ਫੜ ਕੇ ਤੁਰ ਗਈ।

"ਇਹਨੇ ਬੇਜ਼ਬਾਨ ਨੇ ਤੇਰਾ ਕੀ ਵਿਗਾੜਿਆ?" ਚੌਂਕੇ 'ਚੋਂ ਉਠਕੇ ਘੁੱਦੂ ਦੀ ਪਤਨੀ ਰਤਨੀ ਚੀਕੀ, "ਹੋਰਨਾ ਦਾ ਸਾੜ ਵਿਚਾਰੇ ਪਸ਼ੂ ਤੇ ਕਿਉਂ ਕੱਢਦਾ ਫਿਰਦਾਂ..."

ਮੱਝ ਡਰ ਕੇ ਖੁਰਲੀ ਦੇ ਇਕ ਬੰਨੇ ਕੰਨ ਖੜੇ ਕਰ ਕੇ ਡੈਂਬਰੀਆਂ ਅੱਖਾਂ ਨਾਲ "ਖਿਮਾਂ ਯਾਚਨਾਂ" ਦੀ ਮੁਦਰਾ ਵਿਚ ਖੜੀ ਕੰਬੀ ਜਾ ਰਹੀ ਸੀ।

ਦੂਰੋਂ ਮੋਟਰ ਸਾਇਕਲ ਦੀ ਆਵਾਜ਼ ਸੁਣਾਈ ਦਿੱਤੀ। ਘੁੱਦੂ ਡੰਗਰਾਂ ਦੀਆਂ ਖੁਰਲੀਆਂ ਵਿਚ ਐਵੇਂ ਹੱਥ ਮਾਰਨ ਲੱਗ ਪਿਆ। ਕੁੱਤਿਆਂ ਦੇ ਭੌਂਕਣ ਦੇ ਨਾਲ ਨਾਲ ਆਵਾਜ਼ ਨੇੜੇ ਆਉਂਦੀ ਗਈ ਤੇ ਥੋੜ੍ਹੀ ਦੇਰ ਬਾਅਦ ਮੋਟਰ ਸਾਇਕਲ ਉਨ੍ਹਾਂ ਦੇ ਦਰਵਾਜ਼ੇ ਅੱਗੇ ਆ ਖੜੋਤਾ। ਰਤਨੀਂ ਨੇ ਸਿਰ 'ਤੇ ਪੱਲਾ ਲੈਂਦਿਆਂ ਡਿਊਢੀ ਦਾ ਦਰਵਾਜ਼ਾ ਖੋਲ੍ਹਿਆ, ਉਹਦੇ ਦੋਵੇਂ ਜੇਠ ਸਵਰਨ ਸਿੰਘ ਤੇ ਕਰਮ ਸਿੰਘ ਸਨ। ਉਨ੍ਹਾਂ ਮੋਟਰ ਸਾਈਕਲ ਡਿਊਢੀ ਵਿਚੋਂ ਲੰਘਾ ਕੇ ਕੱਚੇ ਵਿਹੜੇ ਵਿਚ ਖੜਾ ਕਰ ਦਿੱਤਾ। ਵੱਡੇ ਸਵਰਨ ਸਿੰਘ ਨੇ ਆਪਣੀਆਂ ਅੱਖਾਂ ਤੋਂ ਐਨਕਾਂ ਲਾਹੀਆਂ, ਰੁਮਾਲ ਨਾਲ ਉਨ੍ਹਾਂ ਨੂੰ ਸਾਫ ਕੀਤਾ ਤੇ ਫਿਰ ਦਸਤਾਨੇ ਪਹਿਨੇ ਹੱਥਾਂ ਨਾਲ ਓਵਰਕੋਟ ਤੋਂ ਸਿੱਲ੍ਹ ਨੂੰ ਪੂੰਝਦਾ ਡਿਊਢੀ ਵਿਚ ਪਏ ਆਪਣੇ ਪਿਉ ਬਿਸ਼ਨ ਸਿੰਘ ਦੇ ਬਿਸਤਰੇ ਵੱਲ ਵਧਿਆ, ਛੋਟੇ ਕਰਮ ਸਿੰਘ ਨੇ ਗਰਮ ਲੋਈ ਦੀ ਬੁੱਕਲ ਸਵਾਰੀ ਤੇ ਤਿੱਲੇ ਵਾਲੀ ਜੁੱਤੀ ਹੇਠਾਂ ਲੱਗਾ ਗੋਹਾ ਉਤਾਰਨ ਲਈ ਪੈਰ ਨੂੰ ਚੌਂਤਰੇ ਦੀ ਵੱਟ ਨਾਲ ਘਸਾਉਂਦਿਆਂ ਬਚਨੋਂ ਵੱਲ ਮੂੰਹ ਕੀਤਾ।

"ਘੁੱਦੂ ਕਿੱਥੇ ਆ?"

ਬਚਨੋਂ ਨੇ ਬੁੱਕਲ 'ਚੋਂ ਬਾਂਹ ਕੱਢਕੇ ਡੰਗਰਾਂ ਵੱਲ ਕੀਤੀ, ਜਿਥੇ ਮੋਟਰ ਸਾਈਕਲ ਦੇ ਖੜਾਕ ਨਾਲ ਕਿੱਲਾ ਪੁਟਾ ਗਏ ਵਹਿੜਕੇ ਨੂੰ ਘੁੱਦੂ ਫੜ ਰਿਹਾ ਸੀ।

"ਓ ਆ ਭਈ ਭਲਵਾਨਾਂ! ਰਤਾ ਮਸ਼ਵਰਾ ਕਰ ਲੀਏ। ਭਾ ਜੀ ਹੁਰਾਂ ਤੋਂ ਵੀ ਰੋਜ਼ ਰੋਜ਼ ਨੂੰ ਛੁੱਟੀ ਨੀਂ ਆਇਆ ਜਾਂਦਾ... ਮੈਨੂੰ ਵੀ ਸੌ ਕੰਮ ਰਹਿੰਦੇ ਨੇ... ਨਾਲੇ ਬੁਢੜੀ ਦੇ ਫੁੱਲ ਜੇ ਤੂੰ ਜਾਣਾ ਤੂੰ ਸਹੀ... ਤੇ ਜੇ ਮੈਂ ਜਾਣਾ ਤਾਂ ਸਹੀ... ਗੰਗਾ ਪਾ ਆਈਏ...."

"ਆਉਨਾ" ਘੁੱਦੂ ਨੇ ਬੇਪਰਵਾਹੀ ਨਾਲ ਜਵਾਬ ਦਿੱਤਾ ਤੇ ਪੁੱਟੇ ਹੋਏ ਕਿਲ੍ਹੇ ਨਾਲ ਬੱਝਾ ਵਹਿੜਕੇ ਦਾ ਰੱਸਾ ਖੋਲ੍ਹਦਾ ਆਪਣੇ ਮੁੰਡੇ ਨੂੰ ਕਹਿਣ ਲੱਗਾ, "ਓ ਕਾਕੂ ਮੰਜਾ ਕੱਢ ਕੇ ਬਾਪੂ ਆਵਦੇ ਕੋਲ ਡਿਉਢੀ 'ਚ ਡਾਹ..."

ਇਸ ਤੋਂ ਪਹਿਲਾਂ ਕਿ ਕਾਕੂ ਮੰਜਾ ਲਿਆਉਂਦਾ, ਬੁੱਢੇ ਬਿਸ਼ਨ ਸਿੰਘ ਨੇ ਕਿਹਾ, "ਕਾਕੂ ਖੁਰਸੀ ਲੈ ਆ" ਤੇ ਉਹ ਸਿੱਧਾ ਹੋ ਕੇ ਪਾਸੇ ਨੂੰ ਖਿਸਕ ਕੇ ਬੈਠ ਗਿਆ ਤੇ ਸਵਰਨ ਸਿੰਘ ਲਈ 'ਓਨਾ ਚਿਰ' ਬੈਠਣ ਲਈ ਮੰਜੀ ਤੇ ਥਾਂ ਖਾਲੀ ਕਰ ਦਿੱਤੀ। ਪਰ ਸਵਰਨ ਸਿੰਘ ਪੱਗ ਦਾ ਪੱਲਾ ਠੀਕ ਕਰਦਾ ਮੰਜੀ ਲਾਗੇ ਖੜੋਤਾ ਦਾੜ੍ਹੀ ਪਲੋਸਣ ਲੱਗਾ। ਸਵਰਨ ਸਿੰਘ ਤਿੰਨਾਂ ਭਰਾਵਾਂ 'ਚੋਂ ਸਭ ਤੋਂ ਵੱਡਾ ਤੇ ਪੜ੍ਹਿਆ ਲਿਖਿਆ ਸੀ। ਆਪਣੀ ਹਿੰਮਤ ਨਾਲ ਪੜ੍ਹ ਕੇ ਓਹ ਓਵਰਸੀਅਰ ਲੱਗ ਗਿਆ ਸੀ ਤੇ ਚੰਗੀ 'ਕਮਾਈ' ਕਰਦਾ ਸੀ। ਉਹ ਸ਼ਹਿਰ ਹੀ ਕੋਠੀ ਪਾ ਕੇ ਰਹਿ ਰਿਹਾ ਸੀ। ਇਕੋ ਇਕ ਧੀ ਉਸਨੇ ਚੰਗੇ ਘਰ ਵਿਆਹ ਲਈ ਸੀ। ਦੋਵੇਂ ਮੁੰਡੇ ਵੀ ਚੰਗੀਆਂ ਨੌਕਰੀਆਂ ਤੇ ਲੱਗੇ ਹੋਏ ਸਨ। ਚੰਗੇ ਤੇ ਵੱਡੇ ਲੋਕਾਂ ਨਾਲ ਉਹਦਾ ਸੰਪਰਕ ਸੀ, ਲੈਣ ਦੇਣ ਸੀ, ਮਿਲਵਰਤਨ ਸੀ। ਇਕ ਆਪਣਾ ਹੀ ਵਿਸ਼ੇਸ਼ ਦਾਇਰਾ ਬਣ ਚੁੱਕਾ ਸੀ ਉਸਦਾ। ਪਿੰਡ ਉਸਦਾ ਆਉਣ ਜਾਣ ਘੱਟ ਹੀ ਸੀ। ਜਿਹੜੀ ਦੋ ਢਾਈ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਉਂਦੀ ਸੀ, ਉਹ ਘੁੱਦੂ ਹੀ ਵਾਹੁੰਦਾ ਸੀ ਤੇ ਉਹ ਬਕੌਲ ਉਸਦੇ, "ਖਾਣ ਲਈ ਸਾਲ ਦੇ ਦਾਣੇ ਹੀ ਖੜਦਾ ਸੀ।" ਆਪਣੇ ਅੰਗਾਂ-ਸਾਕਾਂ ਤੇ ਯਾਰਾਂ-ਦੋਸਤਾਂ ਵਿਚ ਉਹ ਇਹੋ ਹੀ ਕਹਿੰਦਾ ਕਿ ਉਸਨੇ ਜ਼ਮੀਨ ਘੁੱਦੂ ਨੂੰ ਮੁਫ਼ਤ ਹੀ ਦਿੱਤੀ ਹੋਈ ਹੈ।

ਕਾਕੂ ਕੁਰਸੀ ਲੈ ਆਇਆ। ਲੋਹੇ ਦੀ ਇਹ ਇਕੋ ਇਕ ਕੁਰਸੀ ਬੜੇ ਸਾਲਾਂ ਤੋਂ ਉਨ੍ਹਾਂ ਦੇ ਘਰ ਸੀ। "ਪੁੱਤ! ਖੁਰਸੀ ਤੇ ਕੱਪੜਾ ਫੇਰ ਲੈ ਜ਼ਰਾ" ਬੁੱਢੜੇ ਬਿਸ਼ਨ ਸਿੰਘ ਨੇ ਆਪਣੀ ਉਡੇ ਰੰਗ ਵਾਲੀ ਖੱਦਰ ਦੇ ਅਮਰੇ ਦੀ ਰਜਾਈ ਨੂੰ ਠੀਕ ਕੀਤਾ ਤੇ ਆਪਣੇ ਕੇਸਾਂ ਦੀ ਜੂੜੀ ਕਰਕੇ ਕੰਬਦੇ ਹੱਥਾਂ ਨਾਲ ਮੈਲੀ ਪੱਗ ਸਿਰ 'ਤੇ ਲਪੇਟਣ ਲੱਗਾ। ਬਿਸ਼ਨ ਸਿੰਘ ਜਦੋਂ ਵੀ ਸਵਰਨ ਸਿੰਘ ਦੇ ਸਾਹਮਣੇ ਹੁੰਦਾ ਸੀ, ਉਹਦੀ ਅਵਸਥਾ ਇੰਜ ਹੀ ਹੁੰਦੀ ਜਿਵੇਂ ਕੋਈ ਜੱਟ ਤਹਿਸੀਲਦਾਰ ਦੇ ਸਾਹਮਣੇ ਖੜਾ ਹੋਵੇ। ਉਹ ਉਸ ਨੂੰ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਲੱਗਦਾ, ਜਿਹੜੀ ਡਾਢੀ ਸਾਫ, ਵਧੀਆ ਤੇ ਚੀਕਨੀ ਹੋਵੇ। ਜਿਸਦੇ ਖ਼ਬਰੇ ਗੁੱਡੀਆਂ ਤੇ ਬਾਵੇ ਬਣਦੇ ਹਨ। ਸਵਰਨ ਦੇ ਰਹਿਣ ਸਹਿਣ ਤੇ ਉਸਦੇ ਪੋਚਾਪਾਚੀ ਦੇ ਸਾਹਮਣੇ ਉਹ ਆਪਣੇ ਆਪ ਨੂੰ ਡਾਢਾ ਖੁਰਦਰਾ ਜਿਹਾ ਮਹਿਸੂਸ ਕਰਦਾ। ਇਸੇ ਲਈ ਸ਼ਹਿਰ ਜਾ ਕੇ ਉਹ ਕਦੀ ਵੀ ਸਵਰਨ ਦੇ ਘਰ ਦੇ ਕੂਲੇ ਜਿਹੇ ਮਹੌਲ ਵਿਚ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਉਸਨੂੰ ਲੱਗਦਾ ਜਿਵੇਂ ਉਹਦੇ ਪੈਰ ਉਸ ਘਰ ਵਿਚ ਠੀਕ ਤਰ੍ਹਾਂ ਨਾ ਉਠ ਰਹੇ ਹੋਣ। ਉਹਦੀ ਨੂੰਹ ਤੇ ਪੋਤਰੇ ਪੋਤਰੀਆਂ ਉਹਨੂੰ ਜਿਵੇਂ ਘੂਰ ਘੂਰ ਵੇਖਦੇ ਹੋਣ। ਉਹਨੂੰ ਲੱਗਦਾ ਜਿਵੇਂ ਕੋਈ ਮਿੱਟੀ ਦੇ ਘੁਰਨਿਆਂ ਵਿਚ ਖੇਡਦੇ ਸਹੇ ਨੂੰ ਸੰਗਮਰਮਰ ਦੀ ਗੁਫ਼ਾ ਵਿਚ ਛੱਡ ਆਇਆ ਹੋਵੇ। ਕਾਕੂ ਨੇ ਕੁਰਸੀ ਸਾਫ ਕਰ ਦਿੱਤੀ। ਬਿਸ਼ਨ ਸਿੰਘ ਸਵਰਨ ਨੂੰ ਇਕ ਵਚਨ ਜਾਂ ਬਹੁਵਚਨ ਵਿਚ ਸੰਬੋਧਨ ਕਰਨ ਦੀ ਦੋਚਿੱਤੀ ਵਿਚ ਹੀ ਸੀ ਕਿ ਸਵਰਨ ਕੁਰਸੀ 'ਤੇ ਬੈਠ ਗਿਆ। ਅਜਿਹੇ ਸਮੇਂ ਬਿਸ਼ਨ ਸਿੰਘ ਕਈ ਵਾਰ ਆਪਣੇ ਆਪ 'ਚ ਡਾਢਾ ਕੱਚਾ ਜਿਹਾ ਹੁੰਦਾ। ਉਹਦਾ ਆਪਣਾ ਆਪ ਹੁੰਗਾਰ ਉਠਦਾ, "ਇਹ ਕਿਹੜਾ ਵੈਸਰਾਏ ਦਾ ਬੀ ਐ... ਮੇਰਾ ਮੁੰਡਾ ਈ ਐ... ਮੈਂ ਕਿਉਂ...?"

ਕਰਮ ਸਿੰਘ ਆਪ ਹੀ ਮੰਜਾ ਚੁੱਕ ਕੇ ਡਿਊਢੀ ਵਿਚ ਲੈ ਆਇਆ। ਉਹ ਘੁੱਦੂ ਤੋਂ ਦੋ ਸਾਲ ਵੱਡਾ ਸੀ। ਪੜ੍ਹਾਈ ਵੱਲੋਂ ਲਾਪਰਵਾਹ ਤੇ ਸ਼ਰਾਰਤਾਂ 'ਚ ਨੰਬਰ ਇਕ। ਉਹ ਸੰਤੀ ਮਹਿਰੀ ਦੇ ਬਾਲਣ ਵਿਚ ਬਸਤਾ ਲੁਕਾ ਕੇ ਹਾਣੀਆਂ ਨਾਲ ਖਿਦੋ ਖੂੰਡੀ ਖੇਡਣ ਨਿਕਲ ਜਾਂਦਾ ਤੇ ਛੁੱਟੀ ਹੋਣ ਸਮੇਂ ਬਸਤਾ ਚੁੱਕ ਘਰ ਜਾ ਵੜਦਾ। ਛੋਟਾ ਹੋਣ ਕਰਕੇ ਘੁੱਦੂ ਉਹਦੇ ਨਾਲ ਹੀ ਰਹਿੰਦਾ। ਇਕੱਠੇ ਹੀ ਉਹ ਸਕੂਲ ਗਏ ਤੇ ਇਕੱਠੇ ਹੀ ਪੜ੍ਹਾਈ ਵਿੱਚੇ ਛੱਡ ਕੇ ਉਹ ਘਰ ਦੇ ਕੰਮ ਵਿਚ ਪਿਉ ਦੀ ਮਦਦ ਕਰਾਉਣ ਲੱਗ ਪਏ।

ਜਵਾਨੀ ਚੜ੍ਹਦਿਆਂ ਹੀ ਕਰਮਾਂ ਤਾਂ ਪਾਂਡੀ ਬਣ ਕੇ ਸਮਗਲਿੰਗ ਦਾ ਮਾਲ ਢੋਣ ਲੱਗ ਪਿਆ ਤੇ ਘੁੱਦੂ ਜਿਸਮ ਦਾ ਤਾਜ਼ਾ ਤੇ ਹੱਡਾਂ-ਪੈਰਾਂ ਦਾ ਖੁੱਲ੍ਹਾ ਹੋਣ ਕਰਕੇ ਭਲਵਾਨੀ। ਕਰਮੇਂ ਦਾ ਪਾਂਡੀ ਹੋਣਾ ਤਾਂ ਸੁਕਾਰਥੇ ਆਇਆ। ਹੌਲੀ ਹੌਲੀ ਉਹਨੈ ਬਲੈਕ ਦੇ ਮਾਲ ਵਿਚ ਆਪ ਹਿੱਸਾ ਪੱਤੀ ਰੱਖਣਾ ਸ਼ੁਰੂ ਕਰ ਦਿੱਤਾ। ਅੱਜ ਹੋਰ-ਕਲ੍ਹ ਹੋਰ। ਤੇ ਕਰਮਾਂ ਵੀ ਲਾਗਲੇ ਕਸਬੇ ਦੇ ਚੌਂਕ ਵਿਚ ਆਪਣਾ ਮਕਾਨ ਬਣਵਾ ਕੇ ਠਾਠ ਵਿਚ ਰਹਿ ਰਿਹਾ ਸੀ। ਡੇਅਰੀ ਤੇ ਮੁਰਗੀਖਾਨਾ ਖੋਲ੍ਹ ਰੱਖਿਆ ਸੀ। ਉਹਦੇ ਘਰ ਪੂਰੀ ਲਹਿਰ ਬਹਿਰ ਸੀ।

ਤੇ ਭਲਵਾਨੀ ਕਰਦਾ ਕਰਦਾ ਧਰਮ ਸਿੰਘ ਘੁੱਦੂ ਦਾ ਘੁੱਦੂ ਹੀ ਰਹਿ ਗਿਆ ਸੀ। ਪਿਉ ਵਾਲੀ ਹਲ ਦੀ ਜੰਘੀ ਉਸਦੇ ਹੱਥ ਸੀ। ਬਾਬੇ 'ਝਰਲ' ਨੇ ਭਾਵੇਂ ਮਖੌਲ ਹੀ ਉਹਦੇ ਦੋ ਬੰਦੇ ਬਣ ਜਾਣ, ਇਕ ਦੇ ਹੱਲ ਵਾਹੁਣ ਤੇ ਦਜੂੇ ਦੇ ਪੱਠੇ ਪਾਉਣ ਦੀ ਗੱਲ ਕੀਤੀ ਸੀ। ਪਰ ਘੁੱਦੂ ਸੱਚੀਂ ਹੀ ਵਾਹੀ ਵਿਚ ਦੂਣੇ ਜ਼ੋਰ ਨਾਲ ਲੱਗਾ ਰਿਹਾ ਸੀ। ਉਹ ਆਪਣੀ ਵਲੋਂ ਤਾਂ ਤੇਜ਼ ਦੌੜਨ ਦਾ ਬਹੁਤ ਯਤਨ ਕਰਦਾ, ਪਰ ਸੁਪਨੇ ਵਿਚ ਡਰ ਕੇ ਭੱਜਣ ਵਾਲਿਆਂ ਵਾਂਗ, ਉਸਦਾ ਹਰ ਚੁੱਕਿਆ ਪੈਰ ਅੱਗੇ ਧਰੇ ਜਾਣ ਦਾ ਨਾਂ ਹੀ ਨਹੀਂ ਸੀ ਲੈਂਦਾ। ਜਿਵੇਂ ਕੋਈ ਗੈਬੀ ਸ਼ਕਤੀ ਉਹਦੇ ਲੱਕ ਨੂੰ ਜੱਫਾ ਮਾਰੀ ਪਿਛਾਂਹ ਖਿੱਚੀ ਲਿਜਾ ਰਹੀ ਸੀ।

ਵਹਿੜਕੇ ਦਾ ਕਿੱਲਾ ਗੱਡਦਿਆਂ ਘੁੱਦੂ ਜਿਉਂ ਹੀ ਕਿੱਲੇ ਨੂੰ ਸੱਟ ਮਾਰ ਰਿਹਾ ਸੀ, ਉਹਨੂੰ ਲੱਗ ਰਿਹਾ ਸੀ ਜਿਵੇਂ ਇਹ ਸੱਟ ਉਹਦੇ ਆਪਣੇ ਸਿਰ ਵਿਚ ਵੱਜੀ ਹੋਵੇ ਅਤੇ ਉਹ ਹਰ ਸੱਟ ਨਾਲ ਹੀ ਧਰਤੀ ਦੇ ਅੰਦਰ ਨਿੱਘਰਦਾ ਜਾ ਰਿਹਾ ਹੋਵੇ। ਮਨ ਹੀ ਮਨ ਉਹ ਦੋਹਾਂ ਭਰਾਵਾਂ ਨਾਲ ਕੀਤੀ ਜਾਣ ਵਾਲੀ ਗੱਲਬਾਤ ਬਾਰੇ ਸੋਚ ਰਿਹਾ ਸੀ। ਦੋਹਾਂ ਭਰਾਵਾਂ ਬਾਰੇ ਸੋਚ ਕੇ ਉਹ ਝੁੰਜਲਾ ਉਠਿਆ ਤੇ ਤੀਜੀ ਭੈਣ ਬਚਨੋਂ!... ਉਫ਼! ਇਹ ਕੇਹੇ ਰਿਸ਼ਤੇ ਸਨ।

ਵੱਡੇ ਤੇ ਉਸਨੂੰ ਖਿੱਝ ਸੀ ਕਿ ਉਹ ਅੰਗਾਂ-ਸਾਕਾਂ ਦੇ ਸਾਹਮਣੇ ਘੁੱਦੂ ਨੂੰ ਯਤੀਮ ਜਿਹਾ ਬਣਾ ਕੇ ਪੇਸ਼ ਕਰਦਾ ਸੀ। ਦਾਣੇ ਲਿਜਾ ਕੇ ਵੀ ਜ਼ਮੀਨ ਬਾਰੇ ਇੰਝ ਕਹਿੰਦਾ ਸੀ; ਜਿਵੇਂ ਘੁੱਦੂ ਨੂੰ ਦਾਨ ਕਰ ਦਿੱਤੀ ਹੋਵੇ। ਜ਼ਮੀਨ ਘੁੱਦੂ ਤੋਂ ਛੱਡੀ ਨਹੀਂ ਸੀ ਜਾਂਦੀ ਜਾਂ ਛੱਡਿਆਂ ਉਸਦਾ ਗੁਜ਼ਾਰਾ ਨਹੀਂ ਸੀ ਹੁੰਦਾ। ਪਰ ਏਦਾਂ 'ਮੁਫ਼ਤ ਦੇ ਅਹਿਸਾਨ' ਹੇਠਾਂ ਉਸ ਤੋਂ ਦੱਬਿਆ ਵੀ ਨਹੀਂ ਸੀ ਜਾਂਦਾ। ਤੇ ਕਰਮ ਸਿੰਘ ਤਾਂ ਬਰਾਬਰ ਦਾ ਹਿੱਸਾ ਵੀ ਵੰਡਾ ਕੇ ਲੈ ਜਾਂਦਾ ਸੀ; ਪਰ ਇਹ ਵੀ ਇਤਰਾਜ਼ ਕਰਦਾ ਸੀ ਕਿ ਘੁੱਦੂ ਦੇ ਹੱਥਾਂ ਵਿਚ ਬਰਕਤ ਨਹੀਂ। ਉਹਨੂੰ ਹਿੱਸੇ ਵਿਚੋਂ ਕੁੱਝ ਨਹੀਂ ਬਚਦਾ। ਅਜੇ ਕੱਲ੍ਹ ਮਾਂ ਦੇ ਫੁੱਲ ਚੁਣਦਿਆਂ ਉਹ ਆਪਣੇ ਭਣਵੱਈਏ ਨੂੰ ਕਹਿ ਰਿਹਾ ਸੀ, "ਭਾਈਆ! ਐਤਕੀਂ ਮੇਰੀ ਸਲਾਹ ਏ ਪਿੰਡ ਆਲੀ ਦੋ ਕਿੱਲੇ ਆਪ ਹੀ ਟਰੈਕਟਰ ਨਾਲ ਵਹਾ ਕੇ ਮੱਝਾਂ ਲਈ ਪੱਠੇ ਬੀਜ ਛੱਡਾਂ। ਇਸ 'ਚੋਂ ਬਚਦਾ ਬਚਾਉਂਦਾ ਤਾਂ ਅੱਗੇ ਕੁਛ ਨੀਂ।"

"ਮਾੜੀ ਗੱਲ ਨ੍ਹੀਂ... ਮਾੜੀ ਗੱਲ ਨ੍ਹੀਂ... ਚੰਗਾ ਰਹੇਗਾ.... " ਬਚਨੋਂ ਦਾ ਘਰ ਵਾਲਾ ਬੋਲਿਆ ਸੀ।

ਘੁੱਦੂ ਨੂੰ ਪਤਾ ਸੀ ਕਿ ਉਹ ਉਸਨੂੰ ਸੁਣਾਕੇ ਗੱਲਾਂ ਕਰ ਰਹੇ ਸਨ। ਉਹ ਅੰਦਰੋਂ ਅੰਦਰ ਭਰਿਆ ਪੀਤਾ ਬੈਠਾ ਸੀ। ਬੋਲਿਆ ਕੁੱਝ ਨਹੀਂ। ਜ਼ਮੀਨ ਤਾਂ ਅੱਗੇ ਹੀ ਥੋੜ੍ਹੀ ਸੀ, ਜੇ ਇਹ ਦੋ ਕਿੱਲੇ ਵੀ ਹਲ ਹੇਠੋਂ ਨਿਕਲ ਗਈ? ਉਸਨੂੰ ਫਿਕਰ ਸੀ।

ਆਪ ਤਾਂ ਉਹ ਗੱਲ ਕਰਨੋਂ ਝਿਜਕਦਾ ਸੀ। ਲਾ ਪਾ ਕੇ ਵਿਚਲਾ ਬੰਦਾ ਭੈਣ-ਭਣਵੱਈਆ ਸੀ ਜਾਂ ਪਿਉ-ਜਿਨ੍ਹਾਂ ਨੂੰ ਉਹ ਆਪਣਾ ਦੁੱਖ ਦੱਸ ਸਕਦਾ ਸੀ। ਉਨ੍ਹਾਂ ਦੀ ਮਦਦ ਮੰਗ ਸਕਦਾ ਸੀ। ਪਰ ਭਣਵੱਈਆ ਤਾਂ ਉਸਦੇ ਸਾਹਮਣੇ ਕਰਮ ਸਿੰਘ ਨੂੰ ਜ਼ਮੀਨ ਛੁਡਾ ਲੈਣ ਲਈ ਕਹਿ ਰਿਹਾ ਸੀ। ਤੇ ਭੈਣ ਬਚਨੋਂ ਨੇ ਉਸਦੀ ਮਦਦ ਕੀ ਕਰਨੀ ਸੀ। ਉਸਨੂੰ ਤਾਂ ਅੱਗੇ ਹੀ ਇਤਰਾਜ਼ ਰਹਿੰਦਾ ਸੀ ਕਿ ਵੱਡੇ ਭਰਾ-ਭਰਜਾਈ ਉਸ ਨਾਲ ਚੰਗਾ ਵਰਤਦੇ ਸਨ। ਉਸ ਨਾਲ ਦੁੱਖ ਸੁਖ ਵੰਡਾਉਣ ਆਉਂਦੇ ਜਾਂਦੇ ਸਨ। ਔਖੇ ਸੌਖੇ ਵੇਲੇ ਕੰਮ ਵੀ ਆਉਂਦੇ ਸਨ। ਸਾਲ ਛਿਮਾਹੀ ਸੂਟ ਵੀ ਬਣਾ ਦਿੰਦੇ ਸਨ। ਘਰ ਘੁੱਦੂ ਸੀ ਕਿ ਔਖੇ ਵੇਲੇ ਮਦਦ ਤਾਂ ਕੀ ਕਰਨੀ-ਉਹਨੂੰ ਮਿਲਣ ਤਾਂ ਕੀ ਜਾਣਾ! ਜੇ ਕਿਧਰੋਂ ਸਾਲ ਛਿਮਾਹੀ ਉਹਦਾ ਮੁੰਡਾ ਆ ਗਿਆ ਤਾਂ ਉਸ ਬਾਰੇ ਕਹਿੰਦੀ: "ਹਾਇਆ! ਏਨਾ ਨਮੋਹਾ!... ਮੁੰਡਾ ਹੋਣ ਤੇ ਉਹੋ ਜਿਹੜੇ ਚਾਰ ਪਰੋਲੇ ਜਿਹੇ ਦਿੱਤੇ ਸੀ-ਬੱਸ.... ਮੇਰੀ ਜ਼ਬਾਨ ਸੜ ਜੇ-ਜੇ ਕਿਤੇ ਮੁੰਡੇ ਨੂੰ ਦੋ ਟਾਕੀਆਂ ਬਣਾ ਕੇ ਦਿੱਤੀਆਂ ਹੋਣ ਜਾਂ ਛਿੱਲੜ ਹੀ ਹੱਥ ਤੇ ਰੱਖਿਆ ਹੋਵੇ। ਵੇਖੇਂ ਨਾ... ਅਸੀਂ ਕਿਤੇ ਇਹਦੇ ਪੈਸੇ ਲੀੜਿਆਂ ਤੇ ਨਾਂ ਨ੍ਹੀਂ ਬੈਠੇ- ਪਰ ਫਿਰ ਵੀ ਭੈਣ-ਭੈਣ ਦਾ ਹੰਮਾ ਹੁੰਦਾ.... ਵੇਖੇਂ ਨਾਂ...." ਤੇ ਉਹ ਅੱਖਾਂ ਤੇ ਚੁੰਨੀ ਟੇਰਨ ਲੱਗ ਪੈਂਦੀ।

ਘੁੱਦੂ ਬਚਨੋਂ ਤੋਂ ਅੰਦਰੋਂ ਅੰਦਰ ਭੁੱਜਿਆ ਪਿਆ ਸੀ। ਉਸ ਦਿਨ ਮਾਂ ਦਾ ਸਸਕਾਰ ਕਰਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਵੇਲੇ ਮਾਂ ਦੇ ਕੰਨਾਂ ਵਿਚ ਪਈਆਂ ਸੋਨੇ ਦੀਆਂ ਵਾਲੀਆਂ ਲਾਹ ਕੇ ਵਿਚਕਾਰਲੀ ਭਰਜਾਈ ਨੂੰ ਫੜਾ ਦਿੱਤੀਆਂ ਸਨ। ਉਹ ਜਿਵੇਂ ਵਾਲੀਆਂ ਤੇ 'ਲੱਤ ਫੇਰਦੀ ਰਹੀ ਸੀ।'

ਇਕ ਪਲ ਉਹਨੂੰ ਮਾਂ ਤੇ ਵੀ ਖਿਝ ਆਈ। ਪਰ ਫੇਰ ਮਾਂ ਦਾ ਝੁਰੜੀਆਂ ਭਰਿਆ ਚਿਹਰਾ ਤੇ ਡੂੰਘੀਆਂ ਚਮਕਦੀਆਂ ਅੱਖਾਂ ਯਾਦ ਆਉਣ ਤੇ ਉਹ ਮਾਂ ਦੇ ਪਿਆਰ ਵਿਚ ਭਿੱਜ ਗਿਆ। ਇਕੋ ਮਾਂ ਹੀ ਸੀ, ਜਿਸਨੇ ਉਸਨੂੰ ਅੰਤਾਂ ਦਾ ਪਿਆਰ ਕੀਤਾ ਸੀ। ਸਦਾ ਓਹਦੇ ਹੱਕ ਵਿਚ ਡਟ ਕੇ ਬੋਲੀ ਸੀ। ਜਿਹੜੀ ਗੱਲ, ਜਿਹੜੀ ਭਾਸ਼ਾ ਵਿਚ, ਜਿੰਨੇ ਜ਼ੋਰ ਨਾਲ ਘੁੱਦੂ ਕਹਿਣਾ ਚਾਹੁੰਦਾ ਹੁੰਦਾ, ਉਹਦੀ ਮਾਂ ਉਹ ਗੱਲ ਉਸ ਨਾਲੋਂ ਜ਼ੋਰਦਾਰ ਅੰਦਾਜ਼ ਵਿਚ ਕਿਹਾ ਕਰਦੀ। ਉਹੋ ਹੀ ਸੀ; ਜਿਹੜੀ ਘੁੱਦੂ ਬਾਰੇ ਕਹਿੰਦੀ ਸੀ, "ਇਹ ਤਾਂ ਮੇਰਾ ਲੱਲ੍ਹੜ ਪੁੱਤ ਏ... ਭੋਲਾ ਭਾਲਾ-ਸ਼ਿਵਾਂ ਵਰਗਾ... ਤੁਸੀਂ ਤਾਂ ਸਭ ਕਾਂਟੇ ਓਂ...."

ਘੁੱਦੂ ਨੂੰ ਅਫਸੋਸ ਸੀ ਕਿ ਉਹ ਮਰਦੀ ਹੋਈ ਮਾਂ ਦੇ ਕੋਲ ਨਹੀਂ ਸੀ। ਸਾਰੀ ਉਮਰ ਮਾਂ ਉਹਦੇ ਕੋਲ ਰਹੀ ਪਰ ਮਰਨ ਸਮੇਂ ਉਸ ਕੋਲੋਂ ਚਲੀ ਗਈ। ਦੋ ਮਹੀਨੇ ਹੋਏ ਉਸਨੂੰ ਅਚਾਨਕ ਬੁੱਲ੍ਹਾ ਵੱਜ ਗਿਆ ਤੇ ਪਾਸਾ ਮਾਰਿਆ ਗਿਆ। ਸਵਰਨ ਸਿੰਘ ਮਾਂ ਦਾ ਪਤਾ ਕਰਨ ਆਇਆ ਤਾਂ ਉਹ ਮਾਂ ਦੇ ਵਰਜਦਿਆਂ ਵੀ ਉਸਨੂੰ ਆਪਣੇ ਨਾਲ ਸ਼ਹਿਰ ਲੈ ਗਿਆ ਤਾਂ ਕਿ ਉਸਨੂੰ ਵੱਡੇ ਹਸਪਤਾਲ ਵਿਚ ਦਾਖ਼ਲ ਕਰਵਾ ਕੇ ਇਲਾਜ ਕਰਵਾ ਸਕੇ।

ਲਗਭਗ ਡੇਢ ਮਹੀਨਾ ਇਲਾਜ ਚਲਦਾ ਰਿਹਾ, ਪਰ ਬੁੱਢੜਾ ਤੇ ਕਮਜ਼ੋਰ ਸਰੀਰ ਬੀਮਾਰੀ ਦੀ ਮਾਰ ਨਾ ਝੱਲ ਸਕਿਆ।

ਤੇ ਰਹਿ ਗਿਆ ਸੀ ਬਾਕੀ ਬੁੱਢੜਾ ਬਿਸ਼ਨ ਸਿੰਘ, ਜਿਹੜਾ ਉਸਦੀਆਂ ਔਖਿਆਈਆਂ ਨੂੰ ਸਮਝਦਾ ਸੀ। ਉਸਦੀ ਤੰਗੀ, ਜਿਸਦੀ ਆਪਣੀ ਤੰਗੀ ਸੀ। ਉਸਨੇ ਆਪ ਜੁ ਸਾਰੀ ਉਮਰ ਕਿਸਾਨ ਦੀ ਜੂਨ ਭੋਗੀ ਸੀ। ਪਰ ਓਹ ਵਿਚਾਰਾ ਏਨਾ ਨਿਰਮਾਣ ਤੇ ਦੱਬੂ ਜੱਟ ਸੀ ਜਾਂ ਇੰਜ ਕਹਿ ਲਈਏ ਕਿ ਉਹਦੇ ਵੱਡੇ ਪੁੱਤਾਂ ਦੇ ਪੈਸੇ ਦਾ ਜਬ੍ਹਾ ਉਸ 'ਤੇ ਕੁੱਝ ਇੰਜ ਬੈਠਾ ਸੀ ਕਿ ਉਹ ਉਭਾਸਰ ਕੇ ਕੋਈ ਗੱਲ ਉਨ੍ਹਾਂ ਨੂੰ ਕਹਿ ਹੀ ਨਹੀਂ ਸੀ ਸਕਦਾ।

"ਓ ਆ ਮਾਂ ਦਿਆ ਸ਼ਿਵ ਜੀ!... ਹੈਥੇ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ.... ਅਸੀਂ ਹੋਰ ਵੀ ਕੋਈ ਕੰਮ ਕਰਨੈਂ..." ਕਰਮ ਸਿੰਘ ਨੇ ਘੁੱਦੂ ਨੂੰ ਆਵਾਜ਼ ਮਾਰੀ।

ਘੁੱਦੂ ਮਿੱਟੀ ਨਾਲ ਲਿੱਬੜੇ ਹੱਥ ਤੇੜ ਦੀ ਚਾਦਰ ਨਾਲ ਪੂੰਝਦਾ ਉਠ ਖੜਾ ਹੋਇਆ ਤੇ ਹੌਲੀ ਹੌਲੀ ਤੁਰਦਾ ਡਿਊਢੀ ਵਿਚ ਆਣ ਕੇ ਉਨ੍ਹਾਂ ਕੋਲ ਖੜਾ ਹੋ ਗਿਆ।

"ਬਹਿ ਜਾ" ਕਰਮ ਸਿੰਘ ਨੇ ਘੁੱਦੂ ਨੂੰ ਮੰਜੇ 'ਤੇ ਬੈਠ ਜਾਣ ਲਈ ਇਸ਼ਾਰਾ ਕੀਤਾ। ਬਚਨੋਂ ਵੀ ਬੁੱਕਲ ਸਵਾਰਦੀ ਪਿਓਂ ਦੀ ਪੁਆਂਦੀ ਆ ਬੈਠੀ।

"ਬਜ਼ੁਰਗਾ! ਭਾ ਜੀ ਰਾਤੀਂ ਮੇਰੇ ਕੋਲ ਆ ਗੇ ਸੀ। ਅਸੀਂ ਤੁਹਾਡੇ ਨਾਲ ਮਸ਼ਵਰਾ ਕਰਨ ਆਏ ਆਂ..."

"ਕਰੋ ਪੀ ਮਸ਼ਵਰਾ.... ਜਿਹੜਾ ਕਰਨਾ.... ਕੀ ਗੱਲ ਐ... " ਬਿਸ਼ਨ ਸਿੰਘ ਨੇ ਹੌਲੀ ਜਿਹੀ ਦਾੜ੍ਹੀ ਖੁਰਕੀ।

"ਵੇਖ ਸਲਾਹ ਨਾਲ ਰਲਕੇ-ਆਪੋ ਵਿਚ ਅਸੀਂ ਜਿਹੜੀ ਗੱਲ ਕਰਾਂਗੇ... ਉਹਦੇ ਨਾਲ ਦੀ ਰੀਸ ਨੀਂ... ਕਰਮ ਸਿੰਘ ਇਕ ਪਲ ਰੁਕਿਆ ਤੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ। ਫਿਰ ਖੰਘੂਰਾ ਮਾਰ ਕੇ ਬੋਲਿਆ, "ਗੱਲ ਇਕ ਤਾਂ ਇਹ ਐ ਕਿ ਮਾਂ ਦਾ ਕੱਠ ਕਰਨਾ ਗੱਜ ਵਜਾ ਕੇ... ਸਾਰੇ ਅੰਗ-ਸਾਕ ਸੱਦਣੇ ਨੇਂ... ਬੁੱਢੜੀ ਕਰਮਾਂ ਆਲੀ... ਦੋਹਤਿਆਂ ਪੋਤਿਆਂ ਵਾਲੀ ਹੋ ਕੇ... ਉਮਰ ਭੋਗ ਕੇ ਗਈ ਆ.... ਉਹਨੂੰ ਵੱਡਿਆਂ ਕਰਨਾਂ... ਹੈਂ ਕੀ ਸਲਾਹ ਐ?"

"ਪੁੱਤ! ਮੇਰੀ ਸਲਾਹ ਕੀ ਹੋਣੀ ਐ.. ਪਰ ਸਾਡੇ ਅਰਗੇ ਛੋਟੇ ਬੰਦਿਆਂ ਨੂੰ ਕਾਹਦਾ ਵੱਡਾ ਕਰਨਾ ਹੋਇਆ...." ਬਿਸ਼ਨ ਸਿੰਘ ਦੀ ਟੁੱਟਵੀਂ ਆਵਾਜ਼ ਸੀ।

"ਮੈਂ ਵੀ ਕਰਮ ਨੂੰ ਕਿਹਾ ਕਿ ਇਹ ਫ਼ਜੂਲ ਖਰਚੀ ਐ... ਇਹ ਮੰਨਦਾ ਨ੍ਹੀਂ..." ਸਵਰਨ ਸਿੰਘ ਨੇ ਰਾਇ ਦਿੱਤੀ।

"ਓ ਭਾਜੀ ! ਭਾਈਚਾਰਾ ਕੀ ਆਖੂ! ਚੰਗੇ ਭਲੇ ਪੁੱਤ ਕਮਾਉਂਦੇ.. ਪੈਸੇ ਵਾਲੇ... ਕੀ ਮਰੀ ਪੈਗੀ... ਤੁਹਾਡੇ ਪੜ੍ਹਿਆਂ ਲਿਖਿਆਂ ਲਈ ਹੋਊ ਫਜ਼ੂਲ ਖਰਚੀ.... ਨਾਲੇ ਤੁਹਾਨੂੰ ਕੀ... ਤੁਸੀਂ ਤਾਂ ਸ਼ਹਿਰ ਰਹਿਣਾ। ਏਥੋਂ ਮਿਹਣੇ ਤਾਂ ਸਾਨੂੰ ਵੱਜਣੇ ਨੇ.. " ਕਰਮ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਬਚਨੋਂ ਉਹਦੀ ਗੱਲ ਟੁੱਕ ਕੇ ਬੋਲ ਪਈ:

"ਹਾਹੋ... ਨਹੀਂ ਨਹੀਂ ਭਾਜੀ, ਤੁਸੀਂ ਵੀ ਕਿਹੋ ਜਹੀਆਂ ਗੱਲਾਂ ਕਰਦੇ ਓ.." ਬਚਨੋਂ ਸਵਰਨ ਸਿੰਘ ਨੂੰ ਤਿੱਖੀ ਹੋ ਕੇ ਪਈ, "ਭਾਊ ਕਰਮ ਸੂੰਹ ਠੀਕ ਆਂਹਦਾ ਏ... ਓਧਰ ਮੇਰੇ ਸਹੁਰੇ ਤਾਂ ਤਿਆਰੀਆਂ ਵੀ ਕੱਸੀ ਬੈਠੇ ਹੁਣੇ ਨੇ.... ਮੈਨੂੰ ਤਾਂ ਦਰਾਣੀਆਂ ਜਠਾਣੀਆਂ ਛਿੱਬੀਆਂ ਦੇ ਦੇ ਮਾਰ ਛੱਡਣਾ..."

ਘੁੱਦੂ ਨੂੰ ਪਤਾ ਸੀ; ਬਿਸ਼ਨ ਸਿੰਘ ਦੇ ਰਾਹੀਂ ਗੱਲ ਉਸ ਨਾਲ ਹੀ ਹੋ ਰਹੀ ਸੀ। ਉਸਦਾ ਜੀਅ ਕੀਤਾ ਬਚਨੋਂ ਦੇ ਵੱਟ ਕੇ ਚਪੇੜ ਮਾਰੇ। ਸਵਰਨ ਸਿੰਘ ਠੀਕ ਹੀ ਕਹਿ ਰਿਹਾ ਰਿਹਾ ਸੀ ਕਿ ਇਹ ਫ਼ਜੂਲ ਖਰਚੀ ਹੈ। ਘੁੱਦੂ ਨੂੰ ਆਪਣਾ ਘਰ ਦਿਸ ਰਿਹਾ ਸੀ।

"ਵੇਖੋ ਭਾਈ! ਮੈਂ ਪਿੱਛੇ ਤਾਂ ਨ੍ਹੀ ਹਟਦਾ। ਜਿੰਨਾ ਖਰਚ ਮੇਰੇ ਹਿੱਸੇ ਆਉਂਦਾ, ਦਸ ਦਿਓ ਅਟਾ ਸਟਾ.. ਪਰ ਮੇਰਾ.." ਸਵਰਨ ਸਿੰਘ ਬੋਲਿਆ।

ਘੁੱਦੂ ਨੂੰ ਆਸ ਸੀ ਸਵਰਨ ਸਿੰਘ ਇਸਦੇ ਵਿਰੋਧ ਵਿਚ ਡਟੇਗਾ। ਪਰ ਉਹਦੇ ਸਹਾਰੇ ਦੀ ਲੱਜ ਛੇਤੀ ਹੀ ਉਸਦੇ ਹੱਥੋਂ ਡਿਗ ਪਈ ਤੇ ਉਹ ਸੋਚਾਂ ਤੇ ਫਿਕਰਾਂ ਦੇ ਖੂਹ ਵਿਚ ਧੜੰਮ ਡਿੱਗ ਪਿਆ। ਉਹ ਧੁਖ ਰਿਹਾ ਸੀ ਤੇ ਉਹਦੇ ਅੰਦਰ ਹੀ ਅੰਦਰ ਧੂੰਆਂ ਇਕੱਠਾ ਹੋ ਰਿਹਾ ਸੀ। "ਪੰਜ ਸੱਤ ਹਜ਼ਾਰ ਤਾਂ ਸਹਿਜੇ ਲੱਗ ਜੂ... ਨਾਲੇ ਭਾ ਜੀ ਹੁਰੀਂ ਕਹਿੰਦੇ ਆ ਸਤਾਈ ਸੌ ਰੁਪੈਆ ਮਾਂ ਦੀ ਬੀਮਾਰੀ ਤੇ ਇਨ੍ਹਾਂ ਖਰਚ ਕੀਤਾ। ਆਪਾਂ ਤਿੰਨਾਂ ਨੂੰ ਨੌ ਨੌ ਸੌ ਆਉਂਦਾ..." ਕਰਮ ਸਿੰਘ ਸਾਰੇ ਖ਼ਰਚ ਦਾ ਵਿਸਥਾਰ ਦੱਸ ਰਿਹਾ ਸੀ। ਮਾਂ ਦੀ ਬਿਮਾਰੀ ਦਾ ਖਰਚਾ ਵੰਡੇ ਜਾਣ ਦੀ ਗੱਲ ਸੁਣਕੇ ਘੁੱਦੂ ਨੂੰ ਧੱਕਾ ਲੱਗਾ। ਉਹ ਦੰਦਾਂ ਵਿਚ ਬੁੱਲ੍ਹ ਟੁੱਕਣ ਲੱਗਾ। ਉਹਨੂੰ ਸੁੱਝ ਨਹੀਂ ਸੀ ਰਹੀ, ਕੀ ਕਹੇ-ਕੀ ਨਾ ਕਹੇ? "ਮਾਂ ਦੀ ਬੀਮਾਰੀ ਤੇ ਖਰਚ ਕਰਤਾ। ਫਿਰ ਕੀ ਐ? ਇਹਨੇ ਵਿਚਾਰੇ ਨੇ ਸਾਰੀ ਉਮਰ ਉਹਨੂੰ ਰੋਟੀ ਵੀ ਤਾਂ ਖਵਾਈ ਹੈ।" ਬਿਸ਼ਨ ਸਿੰਘ ਨੇ ਹਿੰਮਤ ਕਰਦੇ ਜਿਵੇਂ ਗੱਲ ਕਹਿ ਹੀ ਦਿੱਤੀ।

"ਲੈ ਵੇਖੇਂ ਨਾ ਬਾਪੂ... ਆਹ ਰਈ ਨ੍ਹੀਂ ਠੀਕ... ਜੇ ਇਹਨੇ ਰੋਟੀ ਖਵਾਈ ਤਾਂ ਸਾਰੀ ਉਮਰ ਗੁਲੱਮ ਵੀ ਤਾਂ ਉਹ ਇਹਦਾ ਈਂ ਕਰਦੀ ਰਹੀ ਐ। ਇਹਦੇ ਨਿਆਣੇ ਸਾਂਭੇ, ਗੂੰਹ-ਮੂਤ ਧੋਤਾ..." ਬਚਨੋਂ ਬੁੱਕਲ 'ਚੋਂ ਹੱਥ ਕੱਢ ਕੇ ਪੰਜਾ ਹਿਲਾ ਹਿਲਾ ਗੱਲਾਂ ਕਰ ਰਹੀ ਸੀ, "ਵੇਖੇਂ ਨਾ ਮਾਂ ਪਿਉ ਦੇ ਹਿੱਸੇ ਦੀ ਜੈਦਾਦ ਵੀ ਤਾਂ ਫਿਰ ਇਹੋ ਖਾਂਦਾ ਸੀ...."

".... ਤੂੰ... ਤੂੰ ਚੁੱਪ ਵੀ ਕਰ। ਵੱਡੀ ਵਕੀਲਣੀ ਆ'ਗੀ।" ਘੁੱਦੂ ਚਮਕ ਕੇ ਪਿਆ। ਉਹਦੀਆਂ ਨਾਸਾਂ ਫਰਕ ਰਹੀਆਂ ਸਨ। ਏਨੀ ਠੰਢ ਵਿਚ ਵੀ ਉਹਦਾ ਮੱਥਾ ਭਖ ਰਿਹਾ ਸੀ।

"ਲੈ... ਮੈਂ ਨੀਂ ਬਹਿੰਦੀ... ਵੇਖੇਂ ਨਾ ਇਹਨੂੰ ਤਾਂ ਮੈਂ ਜ਼ਹਿਰ ਲਗਦੀ ਆਂ ਨਿਰ੍ਹੀ... ਵੇਖੇਂ ਨਾ... ਲੈ ਮੈਂ ਨ੍ਹੀਂ ਬਹਿੰਦੀ..." ਬਚਨੋਂ ਹੱਥ ਮਾਰਦੀ ਗੁੱਸੇ ਵਿਚ ਉਬਲਦੀ ਤੁਰ ਗਈ।

ਤਣਾਉ ਵਾਲਾ ਮਾਹੌਲ ਬਣ ਜਾਣ ਕਰਕੇ ਕਰਮ ਸਿੰਘ ਨੇ ਗੱਲ ਟਾਲਣੀ ਚਾਹੀ ਕਿ ਬਚਨੋਂ ਮੂੰਹ ਭੂਆ ਕੇ ਫਿਰ ਬੋਲ ਪਈ।

"ਵੇਖੇਂ ਨਾ... ਮੇਰਾ ਹਿੱਸਾ ਵੀ ਆ ਏਦਾਂ ਜ਼ਮੀਨ 'ਚ... ਤੂੰ ਬਹੁਤਾ ਆਇਆ.... ਵਕੀਲਣੀ ਤੇ ਵਕੀਲਣੀ ਸਹੀ..."

"ਚੱਲੋ ਛੱਡੋ! ਬਾਕੀ ਗੱਲਾਂ ਫਿਰ ਕਰ ਲਾਂਗੇ... ਸ਼ਾਂਤ ਹੋਵੋ...." ਤੇ ਐਤਕੀਂ ਕਰਮ ਸਿੰਘ ਸਿੱਧਾ ਘੁੱਦੂ ਨੂੰ ਸੰਬੋਧਨ ਹੋਇਆ, "ਭਾ ਜੀ ਕੋਲ ਤਾਂ ਟੈਮ ਨ੍ਹੀਂ... ਬੁੱਢੜੀ ਦੇ ਫੁੱਲ ਦੱਸ ਤੂੰ ਗੰਗਾ ਲੈ ਕੇ ਜਾਣੇ ਜਾਂ ਮੈਂ...."

ਦੋ ਮਿੰਟ ਘੁੱਦੂ ਚੁਪ ਕਰਕੇ ਬੈਠਾ ਰਿਹਾ। ਉਹਦੇ ਅੰਦਰ ਅਨੇਕਾਂ ਵਿਚਾਰ ਇਕ ਦੂਸਰੇ ਨੂੰ ਲਿਤਾੜਦੇ ਹੋਏ, ਕੱਟ-ਵੱਢ ਕੇ ਭੱਜੇ ਜਾ ਰਹੇ ਸਨ। ਪਲ ਭਰ ਲਈ ਬਾਹਰਲੀ ਧੁੰਦ ਜਿਵੇਂ ਉਹਦੇ ਅੰਦਰ ਪਸਰ ਗਈ ਸੀ। ਉਹ ਸੁੰਨ ਹੋਇਆ ਗੁੰਮ ਸੁੰਮ ਬੈਠਾ ਰਿਹਾ। ਤੇ ਫਿਰ ਜਿਵੇਂ ਉਹਦਾ ਧੁਖਦਾ ਅੰਦਰ ਮੱਚ ਪਿਆ ਹੋਵੇ। ਉਹ ਇਕ-ਦਮ ਉਠਕੇ ਖੜੋ ਗਿਆ।

"ਵੇਖੋ ਜੀ! ਤੁਹਾਡੇ ਤੋਂ ਕੋਈ ਗੁਝੀ ਛਿਪੀ ਗੱਲ ਨ੍ਹੀਂ... ਆਪਾਂ ਆ ਮਰੇੜੇ... ਆਪਣੇ ਤੋਂ ਤਾਂ ਅਜੇ ਨ੍ਹੀਂ ਜੇ ਇਹ ਗੰਗਾ ਗੁੰਗਾ ਪੁਗਦੀਆਂ... ਉਹ ਪਲ ਭਰ ਲਈ ਰੁਕਿਆ। ਸੰਘ 'ਚ ਰੁਕਿਆ ਥੁਕ ਲੰਘਾਇਆ ਤੇ ਸਿਰ ਝਟਕ ਕੇ ਬੋਲਿਆ, "ਜੇ ਬਹੁਤੀ ਗੱਲ ਐ... ਤਾਂ ਬੁੱਢੜੀ ਦੇ ਫੁਲ ਤੁਸੀਂ ਗੰਗਾ ਪਾ ਆਓ.... ਤੇ ਔਹ ਬੁਢੜਾ ਬੈਠਾ ਤੁਹਾਡੇ ਸਾਹਮਣੇ ਜਿਊਂਦਾ ਜਾਗਦਾ..." ਉਸ ਬਿਸ਼ਨ ਸਿੰਘ ਵੱਲ ਇਸ਼ਾਰਾ ਕੀਤਾ- "ਇਹਦੇ ਮੈਂ ਕੱਲ੍ਹਾ ਈ ਗੰਗਾ ਪਾ ਆਊਂ..." ਤਿੰਨੇ ਪਿਓ-ਪੁੱਤ ਹੈਰਾਨ ਹੋਏ ਉਸਦੇ ਮੂੰਹ ਵੱਲ ਵੇਖ ਰਹੇ ਸਨ। ਪਰ ਉਹ ਰੁਕਿਆ ਨਹੀਂ। ".... ਸੱਚੀ ਗੱਲ ਆ... ਅਜੇ ਆਪਣੀ ਪੁਜਤ ਨ੍ਹੀਂ.... ਤੇ ਜੇ ਇਹ ਸੌਦਾ ਵੀ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ.... ਔਹ ਕਿੱਲੀ 'ਤੇ ਮੇਰੇ ਤੀਜੇ ਹਿੱਸੇ ਦੇ ਫੁਲ ਲਿਆ ਕੇ ਟੰਗ ਦਿਓ... ਜਦੋਂ ਮੇਰੀ ਪਹੁੰਚ ਪਈ... ਮੈਂ ਆਪੇ ਪਾ ਆਊਂ..."

ਤੇ ਉਹ ਉਨ੍ਹਾਂ ਦੇ ਵਿੰਹਦਿਆਂ ਵਿੰਹਦਿਆਂ ਮੂੰਹ ਘੁਟ ਕੇ ਅੰਦਰ ਨੂੰ ਤੁਰ ਗਿਆ।

ਹਿੰਦੀ ਕਹਾਣੀ

# ਭੇੜੀਏ

## ਭੁਵਨੇਸ਼ਵਰ

'ਭੇੜੀਆ ਕੀ ਹੈ'– ਖਾਰੂ ਵਰਜਾਰੇ ਨੇ ਕਿਹਾ– ਮੈਂ ਇਕੱਲਾ ਪਨੇਠੀ ਨਾਲ ਭੇੜੀਆ ਮਾਰ ਸਕਦਾ ਹਾਂ। ਮੈਂ ਉਸ ਦਾ ਵਿਸ਼ਵਾਸ ਕਰ ਲਿਆ। ਖਾਰੂ ਕਿਸੇ ਚੀਜ਼ ਤੋਂ ਡਰ ਨਹੀਂ ਸਕਦਾ। ਅਜੇ ਸੱਤਰਾਂ ਦੇ ਨੇੜੇ-ਤੇੜੇ ਹੋਣ ਅਤੇ ਇਕ ਉਮਰ ਦੀ ਗ਼ਰੀਬੀ ਕਾਰਨ ਉਹ ਬੁਝਿਆ-ਬੁਝਿਆ ਜਿਹਾ ਦਿਖਾਈ ਦਿੰਦਾ ਸੀ, ਪਰ ਤਾਂ ਵੀ ਉਸ ਦੀਆਂ ਅਜਿਹੀਆ ਗੱਲਾਂ ਦਾ ਉਸ ਦੇ ਕਹਿਣ ਨਾਲ ਹੀ ਵਿਸ਼ਵਾਸ ਕਰਨਾ ਪੈਂਦਾ ਸੀ। ਉਸ ਦਾ ਅਸਲੀ ਨਾਂ ਸ਼ਾਇਦ ਇਫ਼ਤਖ਼ਰ ਜਾਂ ਅਜਿਹਾ ਹੀ ਕੁਝ ਸੀ, ਪਰ ਉਸ ਦਾ ਲਘੂਕਰਨ ਖਾਰੂ ਉਸ ਨਾਲ ਬਿਲਕੁਲ ਚਿਪਕਿਆ ਹੋਇਆ ਸੀ। ਉਸ ਦੇ ਚਾਰੇ ਪਾਸੇ ਅਜਿਹੀ ਹੀ ਔਖੀ ਅਤੇ ਅਭੇਦ ਕਠਿਨਾਈ ਸੀ। ਉਸ ਦੀਆਂ ਅੱਖਾਂ ਠੰਢੀਆਂ ਅਤੇ ਜੰਮੀਆਂ ਹੋਈਆਂ ਸਨ ਅਤੇ ਸੰਘਣੀਆਂ ਸਫ਼ੈਦ ਮੁੱਛਾਂ ਹੇਠਾਂ ਉਸ ਦਾ ਮੂੰਹ ਇੰਨਾ ਹੀ ਅਣਮਨੁੱਖੀ ਅਤੇ ਨਿਰਦਈ ਸੀ ਜਿੰਨੀ ਇਕ ਚੂਹੇਦਾਨੀ।

'ਜ਼ਿੰਦਗੀ ਨਾਲ ਉਹ ਨਿਬੇੜਾ ਕਰ ਚੁੱਕਾ ਸੀ, ਮੌਤ ਉਸ ਨੂੰ ਨਹੀਂ ਸੀ ਚਾਹੁੰਦੀ, ਪਰ ਤਦ ਵੀ ਉਹ ਸਮੇਂ ਦੇ ਮੂੰਹ 'ਤੇ ਥੁੱਕ ਕੇ ਜ਼ਿੰਦਾ ਸੀ। ਤੁਹਾਡੀ ਚੰਗੀ ਜਾਂ ਮਾੜੀ ਰਾਇ ਦੀ ਪ੍ਰਵਾਹ ਕੀਤੇ ਬਿਨਾਂ ਵੀ, ਉਹ ਕਦੇ ਝੂਠ ਨਹੀਂ ਸੀ ਬੋਲਦਾ ਅਤੇ ਆਪਣੇ ਨਿਰਦਈ ਕੌੜੇ ਸੱਚ ਨਾਲ ਜਿਵੇਂ ਉਹ ਦਿਖਾ ਦਿੰਦਾ ਸੀ ਕਿ ਸੱਚ ਵੀ ਕਿੰਨਾ ਬੰਜਰ ਅਤੇ ਭਿਆਨਕ ਹੋ ਸਕਦਾ ਹੈ। ਖਾਰੂ ਨੇ ਮੈਨੂੰ ਇਹ ਕਹਾਣੀ ਦੱਸੀ, ਮੈਂ ਇਸ ਨੂੰ ਸ਼ਬਦਾਂ ਵਿਚ ਨਹੀਂ ਲਿਖ ਸਕਦਾ, ਪਰ ਤਾਂ ਵੀ ਇਹ ਕਹਾਣੀ ਮੈਂ ਸੱਚੀ ਮੰਨਦਾ ਹਾਂ– ਇਸ ਦਾ ਇਕ ਇਕ ਅੱਖਰ।

ਮੈਂ ਕਿਸੇ ਚੀਜ਼ ਤੋਂ ਨਹੀਂ ਡਰਦਾ, ਹਾਂ ਭੇੜੀਏ ਤੋਂ ਬਿਨਾਂ ਮੈਂ ਕਿਸੇ ਚੀਜ਼ ਤੋਂ ਨਹੀਂ ਡਰਦਾ। ਖਾਰੂ ਨੇ ਕਿਹਾ। ਇਕ ਭੇੜੀਆ ਨਹੀਂ, ਦੋ-ਚਾਰ ਨਹੀਂ। 200-300 ਭੇੜੀਆਂ ਦਾ ਝੁੰਡ ਜੋ ਸਰਦੀ ਦੀਆਂ ਰਾਤਾਂ ਨੂੰ ਨਿਕਲਦੇ ਹਨ ਅਤੇ ਸਾਰੀ ਦੁਨੀਆ ਦੀਆਂ ਚੀਜ਼ਾਂ ਜਿਨ੍ਹਾਂ ਦੀ ਭੁੱਖ ਨਹੀਂ ਮਿਟਾ ਸਕਦੀਆਂ ਉਨ੍ਹਾਂ ਸ਼ੈਤਾਨਾਂ ਦੀ ਫ਼ੌਜ ਦਾ ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ। ਲੋਕ ਕਹਿੰਦੇ ਹਨ, ਇਕੱਲਾ ਭੇੜੀਆ ਡਰਪੋਕ ਹੁੰਦਾ ਹੈ। ਇਹ ਝੂਠ ਹੈ। ਭੇੜੀਆ ਡਰਪੋਕ ਨਹੀਂ ਹੁੰਦਾ, ਇਕੱਲਾ ਵੀ ਉਹ ਸਿਰਫ਼ ਚੌਕੰਨਾ ਹੁੰਦਾ ਹੈ। ਤੁਸੀਂ ਕਹਿੰਦੇ ਹੋ ਲੂੰਬੜੀ ਚਲਾਕ ਹੁੰਦੀ ਹੈ, ਤਾਂ ਤੁਸੀਂ ਭੇੜੀਏ ਨੂੰ ਨਹੀਂ ਜਾਣਦੇ। ਤੁਸੀਂ ਕਦੇ ਭੇੜੀਏ ਨੂੰ ਸ਼ਿਕਾਰ ਕਰਦੇ ਵੇਖਿਆ ਹੈ ਕਿਸੇ ਬਾਰ੍ਹਾਂ ਸਿੰਗੇ ਦਾ? ਇਹ ਸ਼ੇਰ ਵਾਂਗੂ ਨਾਟਕ ਨਹੀਂ ਕਰਦਾ, ਰਿੱਛ ਵਾਂਗੂ ਸ਼ੇਖ਼ੀ ਨਹੀਂ ਦਿਖਾਉਂਦਾ। ਇਕ ਵਾਰ ਸਿਰਫ਼ ਇਕ ਵਾਰ– ਗੇਂਦ ਵਾਂਗੂ ਬੁੜ੍ਹਕ ਕੇ ਉਸ ਦੇ ਪੱਟ ਵਿਚ ਹਰਾ ਜ਼ਖ਼ਮ ਕਰ ਦਿੰਦਾ ਹੈ– ਬੱਸ। ਫ਼ਿਰ ਪਿੱਛੇ ਬਹੁਤ ਪਿੱਛੇ ਰਹਿ ਕੇ ਟਪਕਦੇ ਹੋਏ ਖ਼ੂਨ ਦੀ ਲਕੀਰ 'ਤੇ ਤੁਰ ਕੇ ਉੱਥੇ ਪਹੁੰਚ ਜਾਂਦਾ ਹੈ, ਜਿੱਥੇ ਉਹ ਬਾਰਾਂ ਸਿੰਗਾ ਕਮਜ਼ੋਰ ਹੋ ਕੇ ਡਿੱਗ ਪਿਆ ਹੁੰਦਾ ਹੈ। ਜਾਂ, ਟੱਪ ਕੇ ਇਕ ਪਲ ਵਿਚ ਆਪਣੇ ਨਾਲੋਂ ਤਿਗੁਣੇ ਜਾਨਵਰ ਦਾ ਢਿੱਡ ਚੀਰ ਦਿੰਦਾ ਹੈ– ਅਤੇ ਉੱਥੇ ਚਿੰਬੜ ਜਾਂਦਾ ਹੈ। ਭੇੜੀਆ ਬਹੁਤ ਚਲਾਕ ਅਤੇ ਬਹਾਦਰ ਜਾਨਵਰ ਹੈ। ਉਹ ਥੱਕਣਾ ਤਾਂ ਜਾਣਦਾ ਹੀ ਨਹੀਂ। ਚੰਗੇ ਤਕੜੇ ਬਲਦ ਸਾਡੇ ਵਣਜਾਰਿਆਂ ਦੇ ਗੱਡਿਆਂ ਨੂੰ ਘੋੜਿਆਂ ਤੋਂ ਤੇਜ਼ ਲੈ ਜਾਂਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਭੇੜੀਏ ਦੀ ਬੋ ਆਉਂਦੀ ਹੈ, ਤਾਂ ਭੱਜਦੇ ਨਹੀਂ, ਉੱਡਦੇ ਹਨ, ਪਰ ਭੇੜੀਏ ਤੋਂ ਤੇਜ਼ ਕੋਈ ਵੀ ਚਾਰ ਪੈਰਾਂ ਵਾਲਾ ਜਾਨਵਰ ਨਹੀਂ ਭੱਜ ਸਕਦਾ।

ਸੁਣ, ਮੈਂ ਗਵਾਲੀਅਰ ਦੇ ਰਾਜ ਤੋਂ ਆਈਨ ਆ ਰਿਹਾ ਸੀ। ਅਜੀਬ ਠੰਢ ਸੀ ਅਤੇ ਭੇੜੀਏ ਝੁੰਡਾਂ ਵਿਚ ਨਿਕਲ ਪਏ ਸਨ। ਸਾਡਾ ਗੱਡਾ ਬਹੁਤ ਭਾਰਾ ਸੀ। ਮੈਂ ਮੇਰਾ ਬਾਪ ਤੇ ਤਿੰਨ ਨਟਨੀਆਂ– 15, 15, 16 ਸਾਲ ਦੀਆਂ। ਅਸੀਂ ਉਨ੍ਹਾਂ ਨੂੰ ਪਛਾਂਹ ਲਈ ਜਾ ਰਹੇ ਸਾਂ।

ਕਿਸ ਲਈ, ਮੈਂ ਪੁੱਛਿਆ।

ਤੇਰਾ ਕੀ ਖਿਆਲ ਹੈ, ਮੁਜਰਾ ਕਰਾਉਣ? ਓ ਭਾਈ! ਵੇਚਣ ਲਈ ਹੋਰ ਕਾਹਦੇ ਲਈ? ਗਵਾਲੀਅਰ ਦੀਆਂ ਨਟਨੀਆਂ ਛੋਟੀਆਂ-ਛੋਟੀਆਂ ਅਤੇ ਸੁਡੌਲ ਹੁੰਦੀਆਂ ਹਨ ਅਤੇ ਪੰਜਾਬ ਵਿਚ ਖ਼ੂਬ ਵਿਕ ਜਾਂਦੀਆਂ ਹਨ। ਇਹ ਕੁੜੀਆਂ ਬੜੀਆਂ ਨਿੱਖਰਵੀਆਂ ਹੁੰਦੀਆਂ ਹਨ ਪਰ ਭਾਰੀਆਂ ਵੀ ਬਹੁਤ ਹੁੰਦੀਆ ਹਨ। ਸਾਡੇ ਕੋਲ ਤੇਜ਼ ਵਣਜਾਰੀ ਗੱਡਾ ਸੀ ਅਤੇ ਘੋੜਿਆਂ ਤੋਂ ਵੀ ਤੇਜ਼ ਭੱਜਣ ਵਾਲੇ ਬਲਦ।

ਅਸੀਂ ਤੜਕੇ ਹੀ ਤੁਰ ਪਏ ਸੀ, ਦਿਨੇ ਦਿਨੇ ਹੀ ਅਸੀਂ ਅੱਗੇ ਜਾਣ ਵਾਲੇ ਸਾਥੀਆਂ ਨਾਲ ਮਿਲ ਜਾਣਾ ਚਾਹੁੰਦੇ ਸੀ। ਔਖੇ ਵੇਲੇ ਲਈ ਸਾਡੇ ਕੋਲ ਦੋ ਕਮਾਨ ਅਤੇ ਟੋਪੀਦਾਰ ਬੰਦੂਕ ਸੀ। ਬਲਦ ਹਿੰਮਤ ਨਾਲ ਭੱਜ ਰਹੇ ਹਨ ਅਤੇ ਅਸੀਂ 20 ਮੀਲ ਆ ਗਏ ਸਾਂ ਕਿ ਬੜੇ ਮੀਆਂ ਨੇ ਘੁੰਮ ਕੇ ਕਿਹਾ– ਖਾਰੇ ਭੇੜੀਏ ਹਨ?

ਮੈਂ ਕਾਹਲੀ ਵਿਚ ਕਿਹਾ– 'ਕੀ ਕਿਹਾ?' ਭੇੜੀਏ? ਹੁੰਦੇ ਤਾਂ ਬਲਦ ਨਾ ਚੌਂਕਦੇ?

ਬੁੱਢੇ ਨੇ ਸਿਰ ਹਿਲਾ ਕੇ ਕਿਹਾ– ਨਹੀਂ ਭੇੜੀਏ ਜ਼ਰੂਰ ਹਨ। ਖ਼ੈਰ, ਉਹ ਸਾਥੋਂ ਦਸ ਮੀਲ ਪਿੱਛੇ ਹਨ ਅਤੇ ਸਾਡੇ ਬਲਦ ਥੱਕ ਚੁੱਕੇ ਹਨ, ਪਰ ਅਸੀਂ ਪੱਚੀ ਮੀਲ ਹੋਰ ਜਾਣਾ ਹੈ। ਬੁੱਢੇ ਨੇ ਕਿਹਾ– ਅਤੇ ਮੈਂ ਇਨ੍ਹਾਂ ਭੇੜੀਆਂ ਨੂੰ ਜਾਣਦਾ ਹਾਂ, ਪਿਛਲੇ ਸਾਲ ਇਨ੍ਹਾਂ ਨੇ ਕੁਝ ਕੈਦੀਆਂ ਨੂੰ ਖਾ ਲਿਆ ਸੀ ਅਤੇ ਬੇੜੀਆਂ ਅਤੇ ਸਿਪਾਹੀਆਂ ਦੀਆਂ ਬੰਦੂਕਾਂ ਦੇ ਬਿਨਾਂ ਕੁਝ ਨਹੀਂ ਸੀ ਬਚਿਆ। ਬੰਦੂਕ ਭਰ ਲੈ।

ਮੈਂ ਕਮਾਨਾਂ ਨੂੰ ਤਾਣ ਕੇ ਦੇਖਿਆ, ਬੰਦੂਕ ਤੋੜੀ, ਸਭ ਠੀਕ ਸੀ। ਬੰਦੂਕ ਦੀ ਨਵੀਂ ਪੋਂਗਲੀ ਵੀ ਕੱਢ ਕੇ ਦੇਖ ਲੈ। ਮੇਰੇ ਬਾਪ ਨੇ ਕਿਹਾ।

ਬਾਰੂਦ ਦੀ ਪੋਂਗਲੀ– ਮੈਂ ਕਿਹਾ– ਮੇਰੇ ਕੋਲ ਤਾਂ ਪੁਰਾਣੀ ਹੀ ਹੈ।

ਤਦ ਬੁੱਢੇ ਨੇ ਮੈਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਤੂੰ ਇਹ ਹੈ ਤੂੰ ਉਹ ਹੈ।

ਮੈਂ ਪੂਰਾ ਗੱਡਾ ਫ਼ੋਲ ਮਾਰਿਆ, ਪਰ ਨਵੀਂ ਪੋਂਗਲੀ ਕਿਤੇ ਨਹੀਂ ਸੀ।

ਮੇਰੇ ਬਾਪ ਨੇ ਸਭ ਟੋਹਿਆ– ਤੂੰ ਝੂਠ ਬੋਲਦਾ ਏਂ, ਤੂੰ ਭੇੜੀਏ ਦੀ ਉਲਾਦ, ਮੈਂ ਤੈਨੂੰ ਨਵੀਂ ਪੋਂਗਲੀ ਦਿੱਤੀ ਸੀ। ਪਰ ਉਹ ਬਾਰੂਦ ਇੱਥੇ ਕਿਤੇ ਨਹੀਂ ਸੀ। ਮੇਰੇ ਬਾਪ ਨੇ ਮੇਰੀ ਪਿੱਠ 'ਤੇ ਕੂਹਣੀ ਮਾਰਦਿਆਂ ਹੋਇਆਂ ਕਿਹਾ– ਸ਼ਹਿਰ ਪਹੁੰਚ ਕੇ ਮੈਂ ਤੇਰੀ ਚਮੜੀ ਉਧੇੜ ਦਿਆਂਗਾ, ਸ਼ਹਿਰ ਪਹੁੰਚ ਕੇ... ਅਤੇ ਉਸੇ ਵੇਲੇ ਅਚਾਨਕ ਬਲਦ ਇਕ ਕਦਮ ਰੁਕ ਕੇ ਪੂਛ ਹਿਲਾ ਕੇ ਜ਼ੋਰ ਨਾਲ ਭੱਜੇ। ਮੈਂ ਸੁਣਿਆ ਕਈ ਮੀਲ ਦੂਰੋਂ ਇਕ ਅਵਾਜ਼ ਆ ਰਹੀ ਸੀ, ਬਹੁਤ ਧੀਮੀ, ਜਿਵੇਂ ਖੰਡਰਾਂ ਵਿਚੋਂ ਹਨੇਰੀ ਲੰਘਣ ਨਾਲ ਆਉਂਦੀ ਹੈ।

ਹੂ... ਆ ਆ ਆ ਆ ਆ ਆ ਆ ਆ।

ਹਵਾ– ਮੈਂ ਸਹਿਮ ਕੇ ਕਿਹਾ। ਭੇੜੀਏ! ਬਾਪ ਨੇ ਨਫ਼ਰਤ ਨਾਲ ਕਿਹਾ ਅਤੇ ਬਲਦਾਂ ਨੂੰ ਇਕੱਠੇ ਕੀਤਾ।

*ਭੇੜੀਏ ਅੱਗੇ ਆਉਂਦੇ ਜਾ ਰਹੇ ਸਨ, ਅਸੀਂ ਭੂਰੀ ਪਥਰੀਲੀ ਧਰਤੀ 'ਤੇ ਉੱਡਦੇ ਜਾ ਰਹੇ ਸਾਂ, ਪਰ ਭੇੜੀਏ। ਬੁੱਢੇ ਨੇ ਲਗਾਮਾਂ ਛੱਡ ਦਿੱਤੀਆਂ ਅਤੇ ਬੰਦੂਕ ਸੰਭਾਲ ਕੇ ਬਹਿ ਗਿਆ। ਮੈਂ ਕਮਾਨ ਸੰਭਾਲੀ– ਮੈਂ ਹਨੇਰੇ ਵਿਚ ਉੱਡਦੀਆਂ ਹੋਈਆਂ ਮੁਰਗਾਬੀਆਂ ਦਾ ਸ਼ਿਕਾਰ ਕਰ ਸਕਦਾ ਸੀ ਅਤੇ ਮੇਰਾ ਬਾਪ– ਉਹ ਜਿਸ ਚੀਜ਼ 'ਤੇ ਨਿਸ਼ਾਨਾ ਲਾਉਂਦਾ ਸੀ ਅੱਲਾ ਉਸ ਨੂੰ ਭੁੱਲ ਜਾਂਦਾ ਸੀ। ਕੋਈ 400 ਗਜ਼ 'ਤੇ ਮੇਰੇ ਬਾਪ ਨੇ ਅਗਲੇ ਭੇੜੀਏ ਨੂੰ ਡੇਗ ਦਿੱਤਾ। ਠਾਹ! ਉਸ ਨੇ ਨਟਾਂ ਵਾਂਗੂ ਇਕ ਬਾਜ਼ੀ ਪਾਈ ਅਤੇ ਫ਼ਿਰ ਦੂਜੀ ਬਿਲਕੁਲ ਨਟਾਂ ਵਾਂਗੂ। ਬਲਦ ਪਾਗਲ ਹੋ ਕੇ ਭੱਜ ਰਹੇ ਸਨ। ਹਵਾ ਨਾਲ, ਉਨ੍ਹਾਂ ਦੇ ਮੂੰਹ ਦਾ ਫ਼ੇਨ ਉੱਡ ਕੇ ਸਾਡੇ ਮੂੰਹਾਂ 'ਤੇ ਮੀਂਹ ਵਾਂਗੂ ਡਿੱਗਦਾ ਸੀ ਅਤੇ ਉਹ ਰੰਭ ਰਹੇ ਸਨ, ਜਿਵੇਂ ਵਣਜਾਰਨਾਂ ਸੁਣ ਵਾਲੀਆਂ ਮੱਝਾਂ ਦੀਆਂ ਨਕਲਾਂ ਕਰਦੀਆਂ ਹਨ। ਪਰ ਭੇੜੀਏ ਨੇੜੇ ਹੀ ਆਉਂਦੇ ਜਾ ਰਹੇ ਸਨ। ਡਿੱਗੇ ਹੋਏ ਭੇੜੀਏ ਨੂੰ ਉਹ ਬਿਨਾਂ ਰੁਕੇ ਖਾ ਲੈਂਦੇ ਸਨ; ਉਹ ਉਨ੍ਹਾਂ ਦੇ ਉੱਪਰ ਤੈਰ ਜਾਂਦੇ ਸਨ। ਮੇਰੇ ਬਾਪ ਨੇ ਮੇਰੇ ਮੋਢੇ 'ਤੇ ਬੰਦੂਕ ਦੀ ਨਲੀ ਰੱਖ ਲਈ ਸੀ। ਠਾਂਹ-ਠਾਂਹ (ਮੇਰੀ ਧੌਣ 'ਤੇ ਹੁਣ ਤੱਕ ਸੜੇ ਦਾ ਦਾਗ ਹੈ) ਮੈਂ ਵੀ 16 ਤੀਰਾਂ ਨਾਲ 16 ਭੇੜੀਏ ਸੁੱਟੇ, ਬੁੱਢੇ ਨੇ ਦਸ ਮਾਰੇ ਸਨ, ਪਰ ਤਦ ਵੀ ਉਹ ਝੁੰਡ ਵਧਦਾ ਹੀ ਆਉਂਦਾ ਸੀ।*

ਪਰ ਉਨ੍ਹਾਂ ਨੂੰ ਮਾਰਨ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਭੇੜੀਏ ਦੀ ਬੋ ਆ ਗਈ ਸੀ ਅਤੇ ਉਹ ਜਾਨ ਤੋੜ ਕੇ ਭੱਜ ਰਹੇ ਸਨ। ਦੂਰ ਮੈਂ ਇਕ ਛੋਟੇ ਜਿਹੇ ਕਾਲੇ ਧੱਬੇ ਨੂੰ ਹਰਕਤ ਕਰਦਿਆਂ ਦੇਖ ਰਿਹਾ ਸਾਂ। ਉਸ ਸੈਂਕੜੇ ਮੀਲਾਂ ਦੇ ਚਪਟੇ ਰੇਗਿਸਤਾਨੀ ਬੰਜਰ ਵਿਚ ਤੁਸੀਂ ਦੋਵੇਂ ਚੀਜ਼ਾਂ ਦੇਖ ਸਕਦੇ ਹੋ ਅਤੇ ਦੂਰ ਉਸ ਕਾਲੇ ਧੱਬੇ ਨੂੰ ਬੱਦਲ ਵਾਂਗੂ ਆਉਂਦਿਆਂ ਮੈਂ ਦੇਖ ਰਿਹਾ ਸੀ। ਬੁੱਢੇ ਨੇ ਕਿਹਾ– ਜਿਵੇਂ ਹੀ ਉਹ ਨੇੜੇ ਆ ਜਾਣ, ਮਾਰੀਂ। ਇਕ ਵੀ ਤੀਰ ਬੇਕਾਰ ਗਵਾਇਆ ਤਾਂ ਮੈਂ ਕਲੇਜਾ ਕੱਢ 'ਲਵਾਂਗਾ' ਅਤੇ ਤਦ ਤਿੰਨੇ ਕੁੜੀਆਂ ਨੇ ਇਕ ਦੂਸਰੀ ਨਾਲ ਚਿੰਬੜ ਕੇ ਅੱਥਰੂ ਵਗਾਉਣੇ ਸ਼ੁਰੂ ਕਰ ਦਿੱਤੇ। ਚੁੱਪ ਰਹੋ। ਮੈਂ ਉਨ੍ਹਾਂ ਨੂੰ ਕਿਹਾ– ਜੇ ਤੁਸੀਂ ਆਵਾਜ਼ ਕੱਢੀ ਤਾਂ ਮੈਂ ਤੁਹਾਨੂੰ ਧੱਕਾ ਦੇ ਦਿਆਂਗਾ।

ਭੇੜੀਏ ਅੱਗੇ ਆਉਂਦੇ ਜਾ ਰਹੇ ਸਨ, ਅਸੀਂ ਭੂਰੀ ਪਥਰੀਲੀ ਧਰਤੀ 'ਤੇ ਉੱਡਦੇ ਜਾ ਰਹੇ ਸਾਂ, ਪਰ ਭੇੜੀਏ। ਬੁੱਢੇ ਨੇ ਲਗਾਮਾਂ ਛੱਡ ਦਿੱਤੀਆਂ ਅਤੇ ਬੰਦੂਕ ਸੰਭਾਲ ਕੇ ਬਹਿ ਗਿਆ। ਮੈਂ ਕਮਾਨ ਸੰਭਾਲੀ– ਮੈਂ ਹਨੇਰੇ ਵਿਚ ਉੱਡਦੀਆਂ ਹੋਈਆਂ ਮੁਰਗਾਬੀਆਂ ਦਾ ਸ਼ਿਕਾਰ ਕਰ ਸਕਦਾ ਸੀ ਅਤੇ ਮੇਰਾ ਬਾਪ– ਉਹ ਜਿਸ ਚੀਜ਼ 'ਤੇ ਨਿਸ਼ਾਨਾ ਲਾਉਂਦਾ ਸੀ ਅੱਲਾ ਉਸ ਨੂੰ ਭੁੱਲ ਜਾਂਦਾ ਸੀ। ਕੋਈ 400 ਗਜ਼ 'ਤੇ ਮੇਰੇ ਬਾਪ ਨੇ ਅਗਲੇ ਭੇੜੀਏ ਨੂੰ ਡੇਗ ਦਿੱਤਾ। ਠਾਹ! ਉਸ ਨੇ ਨਟਾਂ ਵਾਂਗੂ ਇਕ ਬਾਜ਼ੀ ਪਾਈ ਅਤੇ ਫ਼ਿਰ ਦੂਜੀ ਬਿਲਕੁਲ ਨਟਾਂ ਵਾਂਗੂ। ਬਲਦ ਪਾਗਲ ਹੋ ਕੇ ਭੱਜ ਰਹੇ ਸਨ। ਹਵਾ ਨਾਲ, ਉਨ੍ਹਾਂ ਦੇ ਮੂੰਹ ਦਾ ਫ਼ੇਨ ਉੱਡ ਕੇ ਸਾਡੇ ਮੂੰਹਾਂ 'ਤੇ ਮੀਂਹ ਵਾਂਗੂ ਡਿੱਗਦਾ ਸੀ ਅਤੇ ਉਹ ਰੰਭ ਰਹੇ ਸਨ, ਜਿਵੇਂ ਵਣਜਾਰਨਾਂ ਸੁਣ ਵਾਲੀਆਂ ਮੱਝਾਂ ਦੀਆਂ ਨਕਲਾਂ ਕਰਦੀਆਂ ਹਨ। ਪਰ ਭੇੜੀਏ ਨੇੜੇ ਹੀ ਆਉਂਦੇ ਜਾ ਰਹੇ ਸਨ। ਡਿੱਗੇ ਹੋਏ ਭੇੜੀਏ ਨੂੰ ਉਹ ਬਿਨਾਂ ਰੁਕੇ ਖਾ ਲੈਂਦੇ ਸਨ; ਉਹ ਉਨ੍ਹਾਂ ਦੇ ਉੱਪਰ ਤੈਰ ਜਾਂਦੇ ਸਨ। ਮੇਰੇ ਬਾਪ ਨੇ ਮੇਰੇ ਮੋਢੇ 'ਤੇ ਬੰਦੂਕ ਦੀ ਨਲੀ ਰੱਖ ਲਈ ਸੀ। ਠਾਂਹ-ਠਾਂਹ (ਮੇਰੀ ਧੌਣ 'ਤੇ ਹੁਣ ਤੱਕ ਸੜੇ ਦਾ ਦਾਗ ਹੈ) ਮੈਂ ਵੀ 16 ਤੀਰਾਂ ਨਾਲ 16 ਭੇੜੀਏ ਸੁੱਟੇ, ਬੁੱਢੇ ਨੇ ਦਸ ਮਾਰੇ ਸਨ, ਪਰ ਤਦ ਵੀ ਉਹ ਝੁੰਡ ਵਧਦਾ ਹੀ ਆਉਂਦਾ ਸੀ।

'ਲੈ ਬੰਦੂਕ ਫੜ!' ਉਸ ਨੇ ਕਿਹਾ– ਮੈਂ ਬਲਦਾਂ ਨੂੰ ਦੇਖਦਾ ਹਾਂ।

ਉਸ ਦਾ ਖਿਆਲ ਸੀ ਕਿ ਬਲਦ ਉਸ ਤੋਂ ਵੀ ਤੇਜ਼ ਭੱਜ ਸਕਦੇ ਸਨ, ਪਰ ਇਹ ਖਿਆਲ ਗਲਤ ਸੀ। ਦੁਨੀਆ ਦੇ ਕੋਈ ਬਲਦ ਇਸ ਤੋਂ ਤੇਜ਼ ਨਹੀਂ ਸਨ ਭੱਜ ਸਕਦੇ।

ਮੈਂ ਬੰਦੂਕ ਦਾ ਨਿਸ਼ਾਨਾ ਵੀ ਬਹੁਤ ਚੰਗਾ ਲਾਉਂਦਾ ਸਾਂ, ਪਰ ਉਹ ਦੇਸੀ ਜੰਗਾਲ ਲੱਗੀ ਬੰਦੂਕ। ਖ਼ੈਰ, ਉਹ ਕੁੜੀ ਉਸ ਨੂੰ ਪੰਜ ਮਿੰਟ ਵਿਚ ਭਰ ਦਿੰਦੀ ਸੀ। ਬਾਦੀਂ ਚੰਗੀ ਕੁੜੀ ਸੀ, ਉਹ ਬੰਦੂਕ ਭਰਦੀ ਸੀ, ਮੈਂ ਨਿਸ਼ਾਨਾ ਮਾਰਦਾ ਸੀ– ਅਚੁੱਕ। ਮੈਂ ਦਸ ਹੋਰ ਸੁੱਟੇ-ਠਾਂਹ-ਠਾਂਹ-ਠਾਂਹ। ਜਦ ਸਾਰਾ ਬਾਰੂਦ ਮੁੱਕ ਗਿਆ ਤਾਂ ਭੇੜੀਏ ਵੀ ਕੁਝ ਹਾਰੇ ਜਿਹੇ ਲੱਗਣ ਲੱਗੇ।

ਮੈਂ ਕਿਹਾ– ਹੁਣ ਉਹ ਪੱਛੜ ਗਏ ਹਨ।

ਬੁੱਢਾ ਹੱਸਿਆ– ਉਹ ਇੰਨੀ ਕੁ ਗੱਲ ਨਾਲ ਨਹੀਂ ਪੱਛੜ ਸਕਦੇ। ਪਰ ਮੈਂ ਮਰਦਿਆਂ ਮਰਦਿਆਂ ਕਹਿ ਜਾਵਾਂਗਾ ਕਿ ਸੱਤ ਦੇਸ਼ਾਂ ਦੇ ਵਣਜਾਰਿਆਂ ਵਿਚ ਖਾਰੇ ਵਰਗਾ ਖਰਾ ਨਿਸ਼ਾਨੇਬਾਜ਼ ਨਹੀਂ ਹੈ।

ਮੇਰਾ ਬਾਪ ਬੁਢਾਪੇ 'ਚ ਹਸਮੁੱਖ ਹੋ ਗਿਆ ਸੀ।

ਹਾਂ, ਤਾਂ ਭੇੜੀਏ ਕੁਝ ਪਿੱਛੇ ਰਹਿ ਗਏ ਸਨ। ਉਨ੍ਹਾਂ ਨੂੰ ਕੁਝ ਖਾਣ ਲਈ ਮਿਲ ਗਿਆ ਸੀ। 'ਸਪ-ਸਪ-ਚਟ' ਬਲਦਾਂ ਤੇ ਛਾਂਟਾ ਬੋਲ ਰਿਹਾ ਸੀ ਕਿ ਪੰਜ ਮਿੰਟ ਬਾਅਦ ਹੀ ਉਨ੍ਹਾਂ ਨੇ ਫ਼ਿਰ ਸਾਡਾ ਪਿੱਛਾ ਸ਼ੁਰੂ ਕੀਤਾ। ਉਹ ਸਾਡੇ ਕੋਲੋਂ 200 ਗਜ਼ 'ਤੇ ਰਹਿ ਗਏ ਹੋਣਗੇ ਅਤੇ ਵਧਦੇ ਹੀ ਆਉਂਦੇ ਸਨ। ਸਾਮਾਨ ਕੱਢ ਕੇ ਸੁੱਟ ਦਿਓ, ਗੱਡਾ ਹੌਲਾ ਕਰੋ।

ਇਕ ਵਾਰ ਠੋਕਰ ਖਾ ਕੇ ਗੱਡਾ ਚਰਮਰਾ ਗਿਆ। ਸਾਰੇ ਵਣਜਾਰਿਆਂ ਦੇ ਗੱਡਿਆ ਵਿਚੋਂ ਇਹ ਗੱਡਾ ਅਫ਼ਸਰ ਸੀ ਅਤੇ ਸਾਰਾ ਸਾਮਾਨ ਸੁੱਟ ਕੇ ਅਸੀਂ ਇਸ ਨੂੰ ਫੁਲ ਵਰਗਾ ਹੌਲਾ ਕਰ ਦਿੱਤਾ ਸੀ। ਕੁਝ ਦੇਰ ਤਾਂ ਭੇੜੀਆਂ ਤੋਂ ਦੂਰ ਨਿਕਲਦੇ ਜਾਪੇ, ਪਰ ਛੇਤੀ ਹੀ ਉਹ ਫ਼ਿਰ ਵਾਪਸ ਆ ਗਏ।

ਬੜੇ ਮੀਆ ਨੇ ਕਿਹਾ– ਹੁਣ ਤਾਂ ਇਕ ਬਲਦ ਖੋਲ੍ਹ ਦੇ।

ਕੀ? ਮੈਂ ਕਿਹਾ– ਦੋ ਬਲਦ ਗੱਡਾ ਖਿੱਚ ਕੇ ਲੈ ਜਾਣਗੇ?

ਉਸ ਨੇ ਕਿਹਾ– ਚੰਗਾ ਤਾਂ ਇਕ ਨਟਨੀ ਸੁੱਟ ਦੇ। ਮੈਂ ਉਨ੍ਹਾਂ ਤਿੰਨਾਂ ਵਿਚੋਂ ਮੋਟੀ ਨੂੰ ਹੀ ਚੁੱਕਿਆ ਅਤੇ ਗੱਡੇ ਤੋਂ ਬਾਹਰ ਝੁਲਾ ਕੇ ਸੁੱਟ ਦਿੱਤਾ। ਹਾਂ! ਗਵਾਲੀਅਰ ਦੀਆਂ ਨਟਨੀਆਂ, ਉਨ੍ਹਾਂ ਦੇ ਦੰਦ ਲਾ ਦਿਉ ਤਾਂ ਉਹ ਵੀ ਭੇੜੀਏ ਦਾ ਮੁਕਾਬਲਾ ਕਰ ਲੈਣ। ਪਹਿਲਾਂ ਤਾਂ ਉਹ ਭੱਜੀ, ਪਰ ਇਹ ਦੇਖ ਕੇ ਕਿ ਭੱਜਣਾ ਫਜ਼ੂਲ ਹੈ, ਘੁੰਮ ਕੇ ਖੜ੍ਹੀ ਹੋ ਗਈ ਅਤੇ ਅਗਲੇ ਭੇੜੀਏ ਦੀਆਂ ਲੱਤਾਂ ਫੜ਼ ਲਈਆਂ, ਪਰ ਇਸ ਦਾ ਵੀ ਕੀ ਫ਼ਾਇਦਾ ਸੀ। ਇਕਦਮ ਉਹ ਨਜ਼ਰ ਤੋਂ ਉਝਲ ਹੋ ਗਈ। ਜਿਵੇਂ ਕਿਸੇ ਖੂਹ ਵਿਚ ਡਿੱਗ ਪਈ ਹੋਵੇ। ਗੱਡਾ ਹੌਲਾ ਹੋ ਕੇ ਅੱਗੇ ਵਧਿਆ, ਪਰ ਭੇੜੀਏ ਫਿਰ ਮੁੜ ਆਏ।

'ਦੂਜੀ ਸੁੱਟ ਦੇ'– ਬੜੇ ਮੀਆਂ ਨੇ ਕਿਹਾ ਪਰ ਹੁਣ ਮੈਂ ਕਿਹਾ– ਆਖ਼ਰ ਕੀ ਅਸੀਂ ਸੈਰ ਕਰਨ ਲਈ ਮਾਰੇ-ਮਾਰੇ ਫਿਰਦੇ ਹਾਂ, ਇਕ ਬਲਦ ਨਾ ਖੋਲ੍ਹ ਦਈਏ।

ਮੈਂ ਇਕ ਬਲਦ ਖੋਲ੍ਹ ਦਿੱਤਾ। ਉਹ ਪਿੱਠ 'ਤੇ ਪੂਛ ਰੱਖ ਕੇ ਚਿੰਘਾੜਦਾ ਹੋਇਆ ਭੱਜਾ ਅਤੇ ਝੁੰਡ ਉਸ ਦੇ ਪਿੱਛੇ ਮੁੜ ਗਿਆ।

ਮੇਰੇ ਬਾਪ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਬੜਾ ਸੀਲ ਬਲਦ ਸੀ, ਬੜਾ ਸੀਲ ਬਲਦ... ਉਹ ਬੁੜਬੁੜਾ ਰਿਹਾ ਸੀ।

ਅਸੀਂ ਤਾਂ ਬਚ ਗਏ। ਪਰ ਤਦੇ ਹੂੰ ਆ ਆ ਆ ਆ ਆ। ਝੁੰਡ ਵਾਪਸ ਆ ਗਿਆ ਸੀ। ਅੱਜ ਕਿਆਮਤ ਦਾ ਦਿਨ ਹੈ– ਮੈਂ ਕਿਹਾ ਅਤੇ ਬਲਦਾਂ ਨੂੰ ਇੰਨਾ ਭਜਾਇਆ ਕਿ ਮੇਰੀ ਤਲੀ ਵਿਚ ਖ਼ੂਨ ਸਿੰਮ ਪਿਆ।

ਪਰ ਭੇੜੀਏ ਪਾਣੀ ਵਾਂਗੂ ਵਧੇ ਆ ਰਹੇ ਸਨ ਅਤੇ ਸਾਡੇ ਬਲਦ ਮਰ ਕੇ ਡਿੱਗਣ ਹੀ ਵਾਲੇ ਸਨ ਦੂਜੀ ਕੁੜੀ ਵੀ ਸੁੱਟ। ਮੇਰੇ ਬਾਪ ਨੇ ਚੀਕ ਕੇ ਕਿਹਾ।

ਇਨ੍ਹਾਂ ਦੋਵਾਂ ਵਿਚੋਂ ਬਾਂਦੀ ਭਾਰੀ ਸੀ ਅਤੇ ਕੁਝ ਸੋਚ ਕੇ ਕੰਬਦੇ ਹੱਥਾਂ ਨਾਲ ਉਹ ਆਪਣੀ ਚਾਂਦੀ ਦੀ ਨੱਥ ਲਾਹੁਣ ਲੱਗੀ ਸੀ ਪਰ ਮੈਂ ਸ਼ਾਇਦ ਦੱਸਿਆ ਨਹੀਂ, ਮੈਨੂੰ ਉਹ ਕੁਝ ਚੰਗੀ ਵੀ ਲਗਦੀ ਸੀ।

ਇਸ ਲਈ ਮੈਂ ਦੂਜੀ ਨੂੰ ਕਿਹਾ– ਤੂੰ ਚੱਲ। ਪਰ ਉਸ ਨੂੰ ਜਿਵੇਂ ਲਕਵਾ ਮਾਰ ਗਿਆ ਸੀ। ਮੈਂ ਉਸ ਨੂੰ ਸੁੱਟ ਦਿੱਤਾ ਅਤੇ ਉਹ ਜਿਵੇਂ ਡਿੱਗੀ ਸੀ, ਉਂਜ ਹੀ ਪਈ ਰਹੀ। ਗੱਡਾ ਹੋਰ ਹੌਲਾ ਹੋ ਗਿਆ ਅਤੇ ਤੇਜ਼ ਭੱਜਣ ਲੱਗਾ, ਪਰ ਪੰਜ ਮੀਲ ਵਿਚ ਹੀ ਭੇੜੀਏ ਮੁੜ ਆਏ। ਬੜੇ ਮੀਆਂ ਨੇ ਡੂੰਘਾ ਸਾਹ ਲਿਆ, ਮੱਥਾ ਠੋਕ ਲਿਆ– ਅਸੀਂ ਕੀ ਕਰੀਏ, ਭੀਖ ਮੰਗ ਕੇ ਖਾਣਾ ਵਣਜਾਰਿਆਂ ਦਾ ਦੀਨ ਹੈ, ਅਸੀਂ ਰਈਸ ਬਣਨ ਚੱਲੇ ਸਾਂ...

ਮੈਂ ਬਾਂਦੀ ਵੱਲ ਦੇਖਿਆ, ਉਸ ਨੇ ਮੇਰੇ ਵੱਲ। ਮੈਂ ਕਿਹਾ– ਤੂੰ ਖ਼ੁਦ ਛਾਲ ਮਾਰੇਗੀ ਕਿ ਮੈਂ ਤੈਨੂੰ ਧੱਕਾ ਦੇਵਾਂ। ਉਸ ਨੇ ਚਾਂਦੀ ਦੀ ਨੱਥ ਲਾਹ ਕੇ ਮੈਨੂੰ ਦੇ ਦਿੱਤੀ ਅਤੇ ਬਾਹਾਂ ਨਾਲ ਅੱਖਾਂ ਢਕ ਕੇ ਛਾਲ ਮਾਰ ਦਿੱਤੀ। ਗੱਡਾ ਬਿਲਕੁਲ ਹਵਾ ਵਿਚ ਉੱਡਣ ਲੱਗਾ। ਉਹ ਪੂਰੇ ਵਣਜਾਰਿਆਂ ਵਿਚ ਗੱਡਿਆਂ ਦਾ ਅਫ਼ਸਰ ਸੀ।

ਪਰ ਸਾਡੇ ਬਲਦ ਬਹੁਤ ਥੱਕ ਗਏ ਸਨ ਅਤੇ ਬਸਤੀ ਤੱਕ ਪਹੁੰਚਣ ਲਈ ਅਜੇ ਵੀ 30 ਮੀਲ ਬਾਕੀ ਸੀ। ਮੈਂ ਬੰਦੂਕ ਦੇ ਕੁੰਦੇ ਨਾਲ ਉਨ੍ਹਾਂ ਨੂੰ ਮਾਰ ਰਿਹਾ ਸੀ, ਪਰ ਭੇੜੀਏ ਫ਼ਿਰ ਮੁੜ ਆਏ ਸਨ।

ਮੇਰੇ ਬਾਪ ਦੇ ਮੂੰਹ ਤੋਂ ਪਸੀਨਾ ਟਪਕਣ ਲੱਗ ਪਿਆ ਦੂਜਾ ਬਲਦ ਵੀ ਖੋਲ੍ਹ ਦਈਏ।

ਮੈਂ ਕਿਹਾ– ਇਹ ਮੌਤ ਦੇ ਮੂੰਹ ਵਿਚ ਜਾਣਾ ਹੈ। ਅਸੀਂ ਦੋਵੇਂ ਮਾਰੇ ਜਾਵਾਂਗੇ, ਮੈਨੂੰ ਜਾਂ ਤੈਨੂੰ ਕਿਸੇ ਨੂੰ ਤਾਂ ਬਚਣਾ ਚਾਹੀਦਾ ਹੈ।

ਤੂੰ ਠੀਕ ਆਖਦਾ ਹੈ। ਉਸ ਨੇ ਕਿਹਾ– ਮੈਂ ਬੁੱਢਾ ਬੰਦਾ ਹਾਂ। ਮੇਰਾ ਜੀਵਨ ਖ਼ਤਮ ਹੋ ਗਿਆ। ਮੈਂ ਛਾਲ ਮਾਰ ਦਿਆਂਗਾ।

ਮੈਂ ਕਿਹਾ– ਨਿਰਾਸ਼ ਨਾ ਹੋਵੀਂ। ਮੈਂ ਬਚ ਗਿਆ ਤਾਂ ਇਕ ਇਕ ਭੇੜੀਏ ਨੂੰ ਵੱਢ ਦਿਆਂਗਾ।

ਤੂੰ ਮੇਰਾ ਅਸਲੀ ਪੁੱਤ ਏਂ। ਮੇਰੇ ਬਾਪ ਨੇ ਕਿਹਾ ਅਤੇ ਮੇਰੀਆਂ ਦੋਵਾਂ ਗੱਲਾਂ ਚੁੰਮ ਲਈਆਂ। ਉਸ ਨੇ ਆਪਣੇ ਦੋਵਾਂ ਹੱਥਾਂ ਵਿਚ ਵੱਡੀਆਂ ਵੱਡੀਆਂ ਛੁਰੀਆਂ ਫੜ ਲਈਆਂ ਅਤੇ ਗਲ 'ਤੇ ਮਜ਼ਬੂਤੀ ਨਾਲ ਕੱਪੜਾ ਲਪੇਟ ਲਿਆ।

ਰੁਕ, ਉਸ ਨੇ ਕਿਹਾ, ਮੈਂ ਨਵੀਂ ਜੁੱਤੀ ਪਾਈ ਹੈ, ਉਸ ਨੂੰ ਮੈਂ ਦਸ ਸਾਲ ਪਾਉਂਦਾ, ਪਰ ਦੇਖ ਤੂੰ ਇਸ ਨੂੰ ਨਾ ਪਾਈਂ, ਮਰੇ ਹੋਏ ਬੰਦਿਆਂ ਦੀ ਜੁੱਤੀ ਨਹੀਂ ਪਾਉਂਦੇ, ਤੂੰ ਇਸ ਨੂੰ ਵੇਚ ਦਈਂ।

ਉਸ ਨੇ ਜੁੱਤੀ ਲਾਹ ਕੇ ਗੱਡੇ 'ਤੇ ਸੁੱਟ ਦਿੱਤੀ ਅਤੇ ਭੇੜੀਆਂ ਦੇ ਵਿਚਕਾਰ ਛਾਲ ਮਾਰ ਦਿੱਤੀ। ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ। ਪਰ ਥੋੜ੍ਹੀ ਦੇਰ ਮੈਂ ਉਸ ਨੂੰ ਚੀਕਦੇ ਸੁਣਦਾ ਰਿਹਾ– ਇਹ ਲੈ! ਭੇੜੀਏ ਦੀ ਔਲਾਦ। ਭੇੜੀਏ ਦੀ ਔਲਾਦ ਅਤੇ ਫ਼ਿਰ ਚਟ-ਚਟ। ਚਟ-ਚਟ। ਮੈਂ ਹੀ ਕਿਸੇ ਤਰ੍ਹਾਂ ਭੇੜੀਆਂ ਕੋਲੋਂ ਬਚ ਗਿਆ।

ਖਾਰੂ ਨੇ ਮੇਰੇ ਡਰੇ ਹੋਏ ਚਿਹਰੇ ਵੱਲ ਦੇਖਿਆ, ਜ਼ੋਰ ਨਾਲ ਹੱਸਿਆ ਅਤੇ ਫ਼ਿਰ ਘੰਗਾਰਦੇ ਹੋਏ ਧਰਤੀ 'ਤੇ ਕਿੰਨਾ ਸਾਰਾ ਥੁੱਕ ਦਿੱਤਾ।

ਮੈਂ ਦੂਜੇ ਹੀ ਸਾਲ ਉਨ੍ਹਾਂ ਵਿਚੋਂ ਸੱਠ ਭੇੜੀਏ ਹੋਰ ਮਾਰੇ। ਖਾਰੂ ਨੇ ਫ਼ਿਰ ਹੱਸ ਕੇ ਕਿਹਾ। ਪਰ ਉਸ ਦੇ ਨਾਲ ਹੀ ਉਸ ਦੀਆਂ ਅੱਖਾਂ ਵਿਚ ਇਕ ਅਣਹੋਣੀ ਕਠਿਆਈ ਆ ਗਈ ਅਤੇ ਉਹ ਭੁੱਖਾ, ਨੰਗਾ ਉੱਠ ਕੇ ਸਿੱਧਾ ਖੜ੍ਹਾ ਹੋ ਗਿਆ।

***ਅਨੁਵਾਦ: ਭਜਨਬੀਰ ਸਿੰਘ***
***ਮੋਬਾਈਲ +91-98556-75724***

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 587-879-7404 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਰ ਦੀ ਲੋੜ

ਜੱਟ ਸਿੱਖ ਬੱਲ 27 ਸਾਲ 5'-5", ਪੜ੍ਹੀ ਲਿਖੀ ਸੁੰਦਰ ਕਨੇਡੀਅਨ ਇਮੀਗਰਾਂਟ ਲੜਕੀ ਵਾਸਤੇ ਯੋਗ, ਵੈਸ਼ਨੂੰ, ਖਾਨਦਾਨੀ, ਪੜ੍ਹੇ-ਲਿਖੇ ਸੁੰਦਰ ਲੜਕੇ ਦੀ ਲੋੜ ਹੈ। ਵਿੰਨੀਪੈਗ ਰਹਿੰਦੇ ਲੜਕਿਆਂ ਲਈ ਪਹਿਲ। ਹੋਰ ਜਾਣਕਾਰੀ ਲਈ sunshinewin1985@gmail.com ਜਾਂ 204-480-7777 ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਆਪਣਾ ਬਿਜ਼ਨਸ ਕਰਨ ਵਾਲੇ ਯੂ.ਐਸ.ਏ.ਰਹਿੰਦੇ 34 ਸਾਲਾ, ਕੱਦ 5'11' ਕਲੀਨ ਸ਼ੇਵ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਭੈਣ ਕਨੇਡਾ ਵਿਚ ਸੈੱਟ ਹੈ। ਸੰਪਰਕ ਕਰੋ : 780-242-6563 ਜਾਂ ਈਮੇਲ ਕਰੋ : bhantgrewal@yahoo.co.uk

---

USA Citizen 34 yrs/5'11" Clean-Shaved, own business in US, sisters settled in Canada; Contact: 780-242-6563 or email bhantgrewal@yahoo.co.uk

---

## ਕੰਨਿਆ ਦੀ ਲੋੜ

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

## ਕੰਨਿਆ ਦੀ ਲੋੜ

In search for a UNMARRIED, SIKH RAJPUT Beautiful Bride for a very Handsome Groom. The Groom is CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6", very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

# Classified Plus

## change of name

I, Surinder Kaur Vinepal 1715-65 Street, Edmonton, Alberta T6L 1N1 Canada. I hereby authorize Barjinder Singh Hamrad to publish in AJIT NEWS PAPER, my name change, By adding my surname as Venipal. It should read as from Surinder Kaur to Surinder Kaur Vinipal. I futher authorize him to sign all documents to effect the same and is authorized to collect all documents on my behalf.

## House For Sale or Rent to own

**1460 Sq Ft 2 Story Town House for sale or rent to own or for Rent in Millwoods area with 4 Large Bed Room, 2.5 Bathroom, New Floor, Newly Renovated, Lots of Up gradations. Very Close to Bus stop, Town Center, School & other facilities. For more information please call**

**780-200-5328.**

## Lot for sale

Lot for sale in Royal Oakes (Beaumont), 54 pocket size and 185 feet deep (1/4 acre) $ 305,000 call 780-803-8081

## House for Sale

Brand New 2243 sq. ft. sing detached 2 Story home with includes: big window, 2 fire place and double attached garage for sale, for more information please call Anil Jain 780-245-0351



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4 780-478-1811

# Laddi Padda Realtor

PROFESSIONAL REALTY GROUP

## Medallio Award Winner 2012

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ



ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ

**ਲਾਡੀ ਪੱਡਾ**

For Buying, Selling or Investing
Call Honest Realtor
**Laddi Padda**



MLS MULTIPLE LISTING SERVICE  R REALTOR

**Cell: 780-667-6767**

**9222-51 Avenue, Edmonton, AB T6E 5L8**

*Phone : 780-439-9818, Fax : 780-439-1257*



# ਨੰਗੇ ਪੈਰੀਂ ਅੰਗਿਆਰਿਆਂ 'ਤੇ ਚੱਲਣ ਵਾਲਾ ਸ਼ਾਇਰ

# ਜਾਵੇਦ ਅਖ਼ਤਰ

ਸੁਰਜੀਤ ਮਾਨ
+91-98153-18755



'ਜਾਵੇਦ ਅਖ਼ਤਰ ਕੀ ਸ਼ਾਇਰੀ ਏਕ ਐਸੇ ਜ਼ਹੀਨ ਇਨਸਾਨ ਕੀ ਸ਼ਾਇਰੀ ਹੈ ਜੋ ਨੰਗੇ ਪੈਰ ਅੰਗਾਰੋਂ ਪੇ ਚਲਾ ਹੈ। ਜਿਸ ਨੇ ਓਸ ਮੇਂ ਭੀਗੇ ਹੁਏ ਫੂਲੋਂ ਕੋ ਚੂਮਾਂ ਹੈ। ਜ਼ਿੰਦਗੀ ਕੇ ਹਰ ਮੀਠੇ, ਕੜਵੇ ਅਹਿਸਾਸ ਕੋ ਛੂਹ ਕਰ ਦੇਖਾ ਹੈ। ਜਾਵੇਦ ਜ਼ਿੰਦਗੀ ਕੋ ਕਿਸੀ ਔਰ ਕੀ ਆਂਖ ਸੇ ਨਹੀਂ ਦੇਖਤਾ ਇਸੀ ਲੀਏ, ਸ਼ਾਇਦ, ਉਸ ਕੀ ਸ਼ਾਇਰੀ ਅਪਨੀ ਹੀ ਆਵਾਜ਼ ਹੈ, ਕਿਸੀ ਔਰ ਕੀ ਗੂੰਜ ਨਹੀਂ। ਇਹ ਕਵਿਤਾ ਵਰਗੇ ਸ਼ਬਦ ਕਿਸੇ ਹੋਰ ਦੇ ਨਹੀਂ, ਸਗੋਂ ਭਾਰਤੀ ਸਾਹਿਤ ਦੇ ਇਕ ਸਥਾਪਤ ਹਸਤਾਖਰ ਡਾ. ਗੋਪੀ ਚੰਦ ਨਾਰੰਗ ਦੇ ਹਨ, ਜੋ ਉਨ੍ਹਾਂ ਜਾਵੇਦ ਅਖ਼ਤਰ ਦੀ ਐਲਬਮ 'ਤਰਕਸ਼' ਦੇ ਸ਼ੁਰੂ ਵਿਚ ਕਹੇ ਹਨ।

ਸ਼ਾਇਦ ਬਹੁਤਿਆਂ ਨੂੰ ਨਾ ਪਤਾ ਹੋਵੇ ਕਿ ਆਰਟ ਫ਼ਿਲਮ 'ਸਾਥ ਸਾਥ' ਵਿਚ ਜਗਜੀਤ ਦੁਆਰਾ ਗਾਈ, ਜਾਵੇਦ ਦੁਆਰਾ ਲਿਖੀ ਦਿਲ ਨੂੰ ਛੂਹਣ ਵਾਲੀ ਗ਼ਜ਼ਲ ਦੀਆਂ ਇਹ ਪਹਿਲੀਆਂ ਦੋ ਸਤਰਾਂ:

'ਤੁਮਕੋ ਦੇਖਾ ਤੋ ਯੇ ਖ਼ਯਾਲ ਆਇਆ, ਜ਼ਿੰਦਗੀ ਧੂਪ ਤੁਮ ਘਨਾ ਸਾਇਆ'

ਦੀਵਾਨੇ ਗ਼ਾਲਿਬ ਦਾ ਇੰਤਖਾਵ ਕਰਨ ਵਾਲੇ ਮੌਲਾਨਾ ਫ਼ਜ਼ਲੇ ਹੱਕ ਖ਼ੈਰਾਬਾਦੀ ਦੀਆਂ ਹਨ, ਜੋ ਜਾਵੇਦ ਦੇ ਸਕੇ ਦਾਦਾ ਜੀ ਸਨ। ਹੈਰਾਨੀ ਹੁੰਦੀ ਹੈ ਉਸ ਦੀ ਸਾਹਿਤਕ ਵਿਰਾਸਤ ਜਾਣ ਕੇ, ਜਿਸ 'ਚੋਂ ਸਦਮਿਆਂ ਅਤੇ ਸ਼ਾਇਰੀ ਦੀ ਗੁੜ੍ਹਤੀ ਲੈ ਕੇ ਉਹ ਵੱਡਾ ਹੋਇਆ।

'ਦਿਲ ਤੋਂ ਕਯਾ ਚੀਜ਼ ਥੀ ਹਮ ਰੂਹ ਮੇਂ ਉੱਤਰੇ ਹੋਤੇ, ਆਪਨੇ ਚਾਹੇ ਹੀ ਨਹੀਂ ਚਾਹਨੇ ਵਾਲੋਂ ਕੀ ਤਰਹ।' ਵਰਗੀ ਪਾਏ ਦੀ ਸ਼ਾਇਰੀ ਕਰਨ ਵਾਲੇ ਤਰੱਕੀ ਪਸੰਦ ਕਵੀ ਜਾਂ ਨਿਸਾਰ ਅਖ਼ਤਰ ਦਾ ਜਾਵੇਦ ਪੁੱਤਰ ਹੈ ਅਤੇ ਫ਼ਿਲਮਾਂ ਵਿਚ ਵੀ ਸ਼ਾਇਰੀ ਦੀ ਪੈਂਠ ਕਾਇਮ ਰੱਖਣ ਵਾਲੇ ਕੈਫ਼ੀ ਆਜ਼ਮੀ ਦਾ ਦਾਮਾਦ। 'ਜ਼ੇਰੇ ਲਬ' ਵਰਗੇ ਦਿਲ ਚੀਰਵੇਂ ਖ਼ੱਤਾਂ ਦੇ ਸੰਗ੍ਰਹਿ ਦੀ ਲੇਖਕਾ ਅਤੇ ਜਾਣੀ-ਪਛਾਣੀ ਕਹਾਣੀਕਾਰ ਸਾਫੀਆ ਅਖ਼ਤਰ ਉਸ ਦੀ ਮਾਂ ਸੀ ਅਤੇ ਹਿੰਦੀ ਫ਼ਿਲਮ ਸੰਸਾਰ ਦੀ ਨਿਵੇਕਲੀ ਅਦਾਕਾਰਾ ਸ਼ੌਕਤ ਆਜ਼ਮੀ ਉਸ ਦੀ ਸੱਸ। ਸਭ ਤੋਂ ਮਾਣ ਅਤੇ ਪਛਾਣ ਵਾਲੀ ਗੱਲ ਇਹ ਕਿ ਸ਼ਬਾਨਾ ਆਜ਼ਮੀ ਵਰਗੀ ਮਹਾਨ ਅਦਾਕਾਰਾ ਉਸ ਦੀ ਪਤਨੀ ਹੈ। ਅਜਿਹੇ ਸਾਹਿਤਕ ਖ਼ਾਨਦਾਨ ਨਾਲ ਸਬੰਧਤ ਹੈ ਜਾਵੇਦ ਅਤੇ ਇਸ ਅਮੀਰ ਵਿਰਾਸਤ ਵਿਚ ਨਿੱਗਰ ਅਤੇ ਨਿਵੇਕਲਾ ਵਾਧਾ ਕੀਤਾ ਹੈ, ਕਰ ਰਿਹਾ ਹੈ।

ਜਾਵੇਦ ਦਾ ਬਚਪਨ ਡਿਕਨਜ਼ ਦੇ ਸਵੈ-ਜੀਵਨਕ ਪਾਤਰ ਡੇਵਿਡ ਕੋਪਰਫੀਲਡ ਦੇ ਹਾਰਾਂ ਭਰੇ ਮਰਹੱਲਿਆਂ ਦੀ ਯਾਦ ਦਿਵਾ ਦਿੰਦਾ ਹੈ। ਜਾਵੇਦ ਪੈਦਾ ਹੋਇਆ ਗਵਾਲੀਅਰ 'ਚ, ਹੋਸ਼ ਸੰਭਾਲੀ ਲਖਨਊ ਦੀ ਸ਼ਾਇਰਾਨਾ, ਸਭਯ ਸਰਜ਼ਮੀਂ 'ਚ ਅਤੇ 'ਖੋਈ' ਅਲੀਗੜ੍ਹ 'ਚ। ਸਕੂਲੀ ਵਿੱਦਿਆ ਨਾਨਕਿਆਂ ਦੇ ਮਦਰੱਸਿਆਂ 'ਚ ਪ੍ਰਾਪਤ ਕੀਤੀ, ਜੋ ਕਾਫੀ ਉੱਚ ਪੱਧਰੇ ਸਨ। ਫੇਰ ਇਕ ਦਿਨ, ਚਾਰੇ ਪਾਸਿਓਂ ਉਦਾਸ ਹੋ ਕੇ, ਹਾਰ-ਟੁੱਟ ਕੇ ਸਿਰਫ ਸਤਾਈ ਪੈਸੇ ਜੇਬ੍ਹ 'ਚ ਲੈ ਕੇ, ਛੋਲਿਆਂ ਦੇ ਦਾਣੇ ਚੱਬਦਾ ਬੰਬਈ ਜਾ ਪਹੁੰਚਿਆ। ਮਾਂ ਸਵਰਗਵਾਸ ਹੋ ਚੁੱਕੀ ਸੀ ਅਤੇ ਪਿਤਾ ਨੇ ਦੂਸਰੀ ਸ਼ਾਦੀ ਕਰ ਲਈ, ਜੋ ਹੈਮਲਟ ਵਾਂਗ ਜਾਵੇਦ ਨੇ ਦਿਲ 'ਤੇ ਲਈ ਅਤੇ ਲਾਈ। ਰਾਤਾਂ ਕੱਟਦਾ ਸੀ ਰੇਲਵੇ ਸਟੇਸ਼ਨ 'ਤੇ, ਰੋਟੀ ਦਾ ਜੁਗਾੜ ਕਰਦਾ ਸੀ ਸਿੱਖ ਦੋਸਤ, ਜਗਦੀਸ਼। ਹੋਣੀ ਵੇਖੋ ਜਗਦੀਸ਼ ਕੱਚੀ ਦਾਰੂ ਪੀ ਪੀ ਕੇ ਮਰ ਗਿਆ ਅਤੇ ਉਸ ਦਾ ਕਿਰਿਆ-ਕਰਮ ਉੱਥੇ ਰਹਿਣ ਵਾਲੇ ਸਾਧੂਆਂ ਅਤੇ ਝੌਂਪੜ-ਪੱਟੀ ਵਾਲਿਆਂ ਨੇ ਕੀਤਾ। ਇਸ ਦੌਰਾਨ ਜਾਵੇਦ ਦੀ ਦੋਸਤੀ ਇਕ ਹੋਰ ਸਿੱਖ ਮੁਸ਼ਤਾਕ ਸਿੰਘ ਨਾਲ ਹੋਈ ਜਿਸ ਦੇ ਟੱਬਰ ਦੇ ਗਿਆਰਾਂ 'ਚੋਂ ਦਸ ਜੀਅ ਉਸ ਦੇ ਸਾਹਮਣੇ ਮਾਰ ਦਿੱਤੇ ਗਏ। ਉਹ ਪਤਾ ਨਹੀਂ ਕਿਵੇਂ ਬਚ ਗਿਆ ਸੀ। ਸਦਾ ਲਈ ਜੁਦਾ ਹੋਣ ਵੇਲੇ ਮੁਸ਼ਤਾਕ ਨੇ ਜੋ ਕੜਾ ਨਿਸ਼ਾਨੀ ਵਜੋਂ ਦਿੱਤਾ ਉਹ ਅੱਜ ਵੀ ਜਾਵੇਦ ਦੇ ਹੱਥ 'ਚ ਪਾਇਆ ਹੋਇਆ ਹੈ।

ਹੌਲੀ-ਹੌਲੀ ਜਾਵੇਦ ਨੂੰ 'ਕਮਾਲ ਸਟੂਡੀਓ' ਵਿਚ ਸਿਰ ਢਕਣ ਦੀ ਥਾਂ ਮਿਲ ਗਈ। ਇਕ ਰਾਤ, ਦੇਸੀ ਦਾਰੂ ਦੇ ਨਸ਼ੇ ਵਿਚ, 'ਹਨੇਰੇ ਬੰਦ ਕਮਰੇ ਮੇਂ' ਅਲਮਾਰੀ 'ਚ ਪਈਆਂ ਖ਼ੂਬਸੂਰਤ ਅਤੇ ਖ਼ੂਬਸੀਰਤ ਮੀਨਾ ਕੁਮਾਰੀ, ਜੋ ਉਦੋਂ ਤਕ ਕਮਾਲ ਦੀ ਪਤਨੀ ਬਣ ਚੁੱਕੀ ਸੀ, ਦੀਆਂ ਤਿੰਨ ਫ਼ਿਲਮਫੇਅਰ ਟਰੌਫੀਆਂ ਟੋਹ-ਟੋਹ ਕੇ ਨਿਹਾਰਦਾ ਰਿਹਾ, ਸੋਚਦਾ ਰਿਹਾ ਕਿ ਕਦੇ ਮੈਂ ਵੀ'। 18 ਅਗਸਤ, 1976 ਨੂੰ ਜਾਵੇਦ ਨੂੰ ਬਾਪ ਦੇ ਇੰਤਕਾਲ ਦੀ ਖ਼ਬਰ ਮਿਲੀ। ਉਹ ਬਾਪ, ਜਿਸ ਨੇ ਕਦੇ ਆਪਣੀ ਕਿਤਾਬ 'ਤੇ ਇਹ ਉਕਰਿਆ ਸੀ- 'ਜਬ ਹਮ ਨਾ ਹੋਂਗੇ ਤੋਂ ਬਹੁਤ ਯਾਦ ਕਰੋਗੇ।' ਲੱਗਿਆ ਕਿ ਜਿਵੇਂ ਯਤੀਮ ਹੋ ਗਿਆ ਹੋਵੇ।

ਸਾਲ 1979 'ਚ ਜਾਵੇਦ ਦੀ ਮੁਲਾਕਾਤ ਸ਼ਬਾਨਾ ਆਜ਼ਮੀ ਨਾਲ ਹੋਈ ਜਿਸ ਨੂੰ ਉਹ 'ਕੈਫ਼ੀ ਕੀ ਬੇਟੀ' ਆਖਦਾ ਹੈ। ਨਾਟਕਕਾਰ ਮਾਰਲੋ ਦੀ 'ਪਹਿਲੀ ਤੱਕਣੀ' ਮੁਹੱਬਤ 'ਚ ਬਦਲ ਜਾਂਦੀ ਹੈ। ਭਾਵੇਂ ਉਹ ਉਸ ਵੇਲੇ ਦੋ ਬੱਚਿਆਂ, ਜ਼ੋਆ ਅਤੇ ਫ਼ਰਹਾਨ, ਦਾ ਬਾਪ ਸੀ ਅਤੇ ਹਨੀ ਇਰਾਨੀ ਦਾ ਪਤੀ, ਜਿਸ ਤੋਂ ਉਹ 1983 ਵਿਚ ਵੱਖ ਹੋ ਜਾਂਦਾ ਹੈ। ਪਰ ਇਸ ਕਦਮ ਬਾਅਦ ਜਾਵੇਦ ਦੀ ਜ਼ਿੰਦਗੀ, ਉਸ ਦੇ ਆਪਣੇ ਸ਼ਬਦਾਂ ਵਿਚ,'ਕਟੀ ਉਮਰ ਹੋਟਲੋਂ ਮੇਂ ਔਰ ਮਰੇ ਹਸਪਤਾਲ ਜਾ ਕਰ' ਵਰਗੀ ਹੋ ਗਈ। ਸ਼ਰਾਬ ਪੀਂਦਾ ਤਾਂ ਪਹਿਲਾਂ ਹੀ ਸੀ, ਹੁਣ ਉਸ ਵਿਚ ਡੁੱਬਣਾ ਸ਼ੁਰੂ ਕਰ ਦਿੱਤਾ।

ਸ਼ਬਾਨਾ ਦੇ ਜੀਵਨ ਰਾਹ 'ਤੇ ਚਮਕਣ ਨਾਲ, ਜਾਵੇਦ ਅੰਦਰਲੀ ਕਵਿਤਾ ਜਾਗ ਪਈ ਅਤੇ ਉਸ ਨੇ ਸ਼ਿਅਰ ਕਹਿਣੇ ਸ਼ੁਰੂ ਕੀਤੇ। ਹੁਣ ਤਕ ਸਲੀਮ ਖ਼ਾਨ ਨਾਲ ਫ਼ਿਲਮਾਂ ਦੀਆਂ ਪੱਟ-ਕਥਾਵਾਂ ਲਿਖਣ ਵਾਲੇ ਜਾਵੇਦ ਨੇ ਮੁਹੱਬਤ-ਵਰੋਸਾਈ ਫ਼ਿਲਮ 'ਸਿਲਸਿਲਾ' ਵਿਚ ਪਹਿਲੀ ਵਾਰ ਨਜ਼ਮਾਂ ਵਰਗੇ ਗੀਤ ਲਿਖੇ। ਸਾਹਿਰ ਲੁਧਿਆਣਵੀ ਦੀ 'ਕਭੀ ਕਭੀ' ਵਿਚਲੇ ਅਹਿਸਾਸਾਂ ਵਰਗੀ ਉਦਾਸ ਅਤੇ ਸੁਪਨਈ ਭਾਵਨਾ ਵਾਲੀਆਂ ਇਹ ਸਤਰਾਂ ਅੱਜ ਤਕ ਦਿਲਾਂ ਵਾਲਿਆਂ ਦੀ ਰਿੰਗ ਟੋਨ ਬਣੀਆਂ ਹੋਈਆਂ ਹਨ: 'ਮੈਂ ਔਰ ਮੇਰੀ ਤਨਹਾਈ ਅਕਸਰ ਯੇ ਬਾਤੇਂ ਕਰਤੇ ਹੈਂ, ਤੂ ਹੋਤੀ ਤੋ ਕੈਸਾ ਹੋਤਾ ਤੂ ਹੋਤੀ ਤੋ ਐਸਾ ਹੋਤਾ।'



ਜਾਵੇਦ ਅਖ਼ਤਰ ਦੀ ਆਪਣੀ ਪਹਿਲੀ ਬੇਗ਼ਮ ਹਨੀ ਇਰਾਨੀ ਤੇ ਬੱਚਿਆਂ ਨਾਲ ਪੁਰਾਣੀ ਤਸਵੀਰ

ਹੌਲੀ-ਹੌਲੀ ਜਾਵੇਦ-ਸ਼ਬਾਨਾ ਦੀ ਜੋੜੀ ਮਹਿਫ਼ਲਾਂ ਅਤੇ ਸਮਾਰੋਹਾਂ ਖਾਸ ਕਰ ਸਾਹਿਤਕ ਵਿਚ ਬਹੁਤ ਉਡੀਕੀ ਜਾਣ ਵਾਲੀ ਜੋੜੀ ਬਣ ਗਈ ਹੈ। ਜੇ ਸਫਦਰ ਹਾਸ਼ਮੀ ਦੇ ਭਰੇ ਬਾਜ਼ਾਰ ਵਿਚ ਹੋਏ ਵਹਿਸ਼ੀਆਨਾ ਕਤਲ ਵਿਰੁੱਧ ਸੜਕਾਂ 'ਤੇ ਰੋਹ ਭਰਿਆ ਵਿਦਰੋਹ, ਤਾਂ ਵੀ ਅੱਗੇ: ਜੇ ਫ਼ਿਲਮਫੇਅਰ ਪੁਰਸਕਾਰ ਦੇ ਚਮਕਦੇ-ਚਮਕਦੇ ਸਮਾਰੋਹ, ਤਾਂ ਵੀ ਅੱਗੇ। ਜਾਵੇਦ ਦੇ ਪ੍ਰਭਾਵ ਹੇਠ ਸ਼ਬਾਨਾ, ਜਿਸ ਨੂੰ ਕਦੇ ਸਿਆਸਤ ਤੋਂ ਅੰਤਾਂ ਦੀ ਨਫ਼ਰਤ ਸੀ, ਵੀ ਸਿਆਸੀ ਮਸਲਿਆਂ ਵਿਚ ਪੂਰਾ ਸ਼ੌਕ ਰੱਖਣ ਅਤੇ ਸ਼ਿਰਕਤ ਕਰਨ ਲੱਗ ਗਈ ਹੈ।

ਜਾਵੇਦ ਜਿੰਨਾ ਫ਼ਿਲਮੀ ਪੱਟ-ਕਥਾਵਾਂ ਲਿਖਣ ਵਿਚ ਤੇਜ਼ ਅਤੇ ਕਾਹਲਾ ਸੀ, ਓਨਾ ਹੀ ਸ਼ਾਇਰੀ-ਪੁਸਤਕਾਂ ਛਪਵਾਉਣ ਵਿਚ ਸੁਸਤ। ਅੱਜ ਤਕ ਦੀ ਉਸ ਦੀ ਸਭ ਤੋਂ ਜ਼ਿਆਦਾ ਚਰਚਿਤ ਅਤੇ ਸਰਾਹੀ ਹੋਈ ਪੁਸਤਕ 'ਤਰਕਸ਼' ਹੈ, ਜਿਸ ਦੇ ਪੰਦਰਾਂ ਤੋਂ ਵੀ ਵੱਧ ਸੰਸਕਰਨ ਛਪ ਚੁੱਕੇ ਹਨ।

ਪ੍ਰਗਤੀਸ਼ੀਲ ਤਾਂ ਜਾਵੇਦ ਹੈ, ਪਰ ਧੀਮੇ ਸੁਰ ਵਾਲਾ। ਸ਼ਾਇਰ ਦੀਆਂ ਸਮਾਜਕ ਜ਼ਿੰਮੇਵਾਰੀਆਂ ਤੋਂ ਉਹ ਹਮੇਸ਼ਾ ਚੇਤਨ ਹੈ। ਇਸੇ ਕਰ ਕੇ ਉਸ ਦੀਆਂ ਕਈ ਕਵਿਤਾਵਾਂ ਵਿਚ ਉਹ 'ਕੁੜੱਤਣ' ਹੈ ਜਿਸ ਨੂੰ ਅੰਗਰੇਜ਼ੀ ਦਾ ਸਿਰਮੌਰ ਕਵੀ ਆਲੋਚਕ ਟੀ.ਐਸ. ਐਲੀਅਟ ਰੋਮਾਂਟਿਕ ਕਵੀ ਵਿਲੀਅਮ ਬਲੇਕ ਦੀ 'ਗੁਸੈਲੀ ਅਤੇ ਬਲਦੀ' ਕਵਿਤਾ ਦੇ ਸੰਦਰਭ ਵਿਚ (Unpleasantness of poetry) ਕਹਿੰਦਾ ਹੀ ਨਹੀਂ, ਸਰਹਾਉਂਦਾ ਵੀ ਹੈ।

'ਸ਼ਹਿਰ ਕੇ ਦੁਕਾਂ ਦਾਰੋ' ਅਤੇ 'ਦੁਸ਼ਵਾਰੀ' ਵਰਗੀਆਂ ਨਿੱਜੀ ਮੁਹੱਬਤ ਦੀਆਂ ਕਵਿਤਾਵਾਂ ਰਚਣ ਵਾਲੇ ਜਾਵੇਦ ਨੇ 'ਏਕ ਮੋਹਰੇ ਕਾ ਸਫ਼ਰ' ਅਤੇ 'ਮਦਰ ਟੈਰੇਸਾ' ਵਰਗੀਆਂ ਸਰਵਕਾਲੀ ਵਿਸ਼ਿਆਂ ਬਾਰੇ ਵੀ ਪਾਏ ਦੀਆਂ ਕਵਿਤਾਵਾਂ ਲਿਖੀਆਂ।

ਜਾਵੇਦ ਵਲੋਂ ਆਪਣੀ ਧੀ ਜ਼ੋਇਆ ਲਈ ਲਿਖੀ ਨਜ਼ਮ 'ਦੋਰਾਹਾ' ਅਮਰੀਕਨ ਕਵੀ ਰੌਬਰਟ ਫਰੌਸਟ ਦੀ ਚਰਚਿਤ ਕਵਿਤਾ "ਉਹ ਰਾਹ ਜਿਸ 'ਤੇ ਚੱਲ ਨਾ ਹੋਇਆ" ਦਾ ਭੁਲੇਖਾ ਪਾਉਂਦੀ ਹੈ। ਫਰੌਸਟ ਵਾਂਗ ਜਾਵੇਦ ਵੀ ਚਾਹੁੰਦਾ ਹੈ ਕਿ ਉਸ ਦੀ ਧੀ ਕਦਰਾਂ-ਕੀਮਤਾਂ ਵਾਲੇ ਰਾਹਾਂ 'ਤੇ ਚੱਲੇ। ਭਾਵੇਂ ਅਜਿਹਾ ਸਫ਼ਰ ਬਹੁਤ ਦੁਸ਼ਵਾਰ ਹੁੰਦਾ ਹੈ। ਇਸ 'ਤੇ ਚੱਲਣ ਵਾਲੇ ਇਕੱਲੇ ਰਹਿ ਜਾਂਦੇ ਹਨ:

"ਯੇ ਜੀਵਨ ਇਕ ਰਾਹ ਨਹੀਂ, ਦੋਰਾਹਾ ਹੈ
ਪਹਿਲਾ ਰਸਤਾ ਬਹੁਤ ਸਹਿਲ ਹੈ,
ਇਸਮੇਂ ਕੋਈ ਮੋੜ ਨਹੀਂ ਹੈ
ਦੂਸਰਾ ਰਸਤਾ ਬਹੁਤ ਕਠਿਨ ਹੈ,
ਇਸਮੇਂ ਕੋਈ ਸਾਥ ਨਹੀਂ ਹੈ
ਕੋਈ ਸਹਾਰਾ ਦੇਨੇ ਵਾਲਾ ਹਾਥ ਨਹੀਂ ਹੈ। ਤੁਮ ਇਸ ਰਸਤੇ ਪਰ ਹੀ ਚਲਨਾ-ਫਿਰ ਭੀ।'

ਜਾਵੇਦ ਦੇ ਮਨਪਸੰਦ ਵਿਸ਼ਿਆਂ 'ਚੋਂ ਤਨਹਾਈ ਇਕ ਹੈ ਜਿਸ ਨੂੰ ਉਸ ਨੇ ਦੁਹਰਾਇਆ ਵੀ।

'ਉਸਕੇ ਇਕ ਹਾਥ ਮੇਂ ਹੈ ਜੀਤ ਉਸਕੀ,
ਦੂਸਰੇ ਹਾਥ ਮੇਂ ਤਨਹਾਈ ਹੈ।'
'ਹਮ ਤੋ ਬਚਪਨ ਮੇਂ ਭੀ ਅਕੇਲੇ ਥੇ,
ਸਿਰਫ ਦਿਲ ਕੀ ਗਲੀ ਮੇਂ ਖੇਲੇ ਥੇ।
ਖ਼ੁਦਕੁਸ਼ੀ ਕਯਾ ਦੁਖੋਂ ਕਾ ਹਲ ਬਨਤੀ,
ਮੌਤ ਕੇ ਅਪਨੇ ਸੌ ਝਮੇਲੇ ਥੇ।'

ਬਹੁਤ ਹੀ ਘੱਟ ਹੁੰਦੇ ਨੇ ਅਜਿਹੇ, ਜੋ ਨਜ਼ਮ, ਗ਼ਜ਼ਲ, ਇਥੋਂ ਤੱਕ ਕਿ ਗੀਤ, ਇਕੋ ਮੁਹਾਰਤ ਨਾਲ ਲਿਖ ਸਕਦੇ ਹਨ। ਜਾਵੇਦ ਉਨ੍ਹਾਂ ਵਿਚੋਂ ਇਕ ਹੈ। ਕਵਿਤਾ ਦੇ ਵੱਖ-ਵੱਖ ਰੂਪਾਕਾਰ ਹੀ ਨਹੀਂ ਉਹ ਵਾਰਤਕ ਵੀ ਤਕਰੀਬਨ ਉਸੇ ਸ਼ਿੱਦਤ ਨਾਲ ਲਿਖਦਾ ਹੈ ਅਤੇ ਬੋਲਦਾ ਹੈ। ਸੰਖੇਪਤਾ ਵਿਚ ਉਸ ਦੀ ਸਰਦਾਰੀ ਹੈ- ਕੁਝ ਸ਼ਬਦਾਂ ਵਿਚ ਬਹੁਤ ਕੁਝ ਕਹਿਣਾ। ਇਕ ਵਾਰ ਲਤਾ ਮੰਗੇਸ਼ਕਰ ਦੇ ਸਨਮਾਨ-ਸਮਾਰੋਹ ਵਿਚ ਵੱਖ-ਵੱਖ ਬੁਲਾਰਿਆਂ ਨੇ ਲੰਮੀਆਂ-ਲੰਮੀਆਂ ਤਕਰੀਰਾਂ ਕੀਤੀਆਂ- ਵਿਸ਼ੇਸ਼ਣਾਂ-ਲੱਦੀਆਂ। ਜਾਵੇਦ ਸਟੇਜ 'ਤੇ ਗਿਆ, ਸਿਰਫ ਇਹ ਕਹਿ ਕੇ, 'ਜਿਸ ਜੌਹਰੀ ਨੇ ਕੋਹੀਨੂਰ ਹੀਰੇ ਨੂੰ ਸਭ ਤੋਂ ਸੁੰਦਰ ਕਿਹਾ ਹੈ, ਉਸ ਨੇ ਲਤਾ ਜੀ ਦੀ ਆਵਾਜ਼ ਨਹੀਂ ਸੁਣੀ ਹੋਣੀ' ਬਿਨਾਂ ਇਕ ਵੀ ਸ਼ਬਦ ਹੋਰ ਬੋਲੇ, ਸਟੇਜ ਤੋਂ ਉੱਤਰ ਗਿਆ।

ਇਹ ਹੈ ਜਾਵੇਦ ਅਖ਼ਤਰ ਦੀ ਕਲਾਕਾਰੀ, ਖਾਸਕਰ ਸ਼ਾਇਰਾਨਾਂ ਸ਼ਖ਼ਸੀਅਤ ਦਾ ਦੁਸ਼ਵਾਰੀਆਂ ਅਤੇ ਉਦਾਸੀਆਂ ਭਰਿਆ ਸੰਖੇਪ ਸਫ਼ਰ। 'ਜ਼ੰਜੀਰ' 'ਸ਼ੋਅਲੇ' ਅਤੇ 'ਦੀਵਾਰ' ਵਰਗੀਆਂ ਫ਼ਿਲਮਾਂ ਦੀਆਂ ਪਟਕਥਾਵਾਂ ਲਿਖਣ ਤੋਂ 'ਮੇਰਾ ਆਂਗਨ ਮੇਰਾ ਪੇੜ', 'ਏਕ ਮੋਹਰੇ ਕਾ ਸਫ਼ਰ' 'ਮੈਂ ਔਰ ਮੇਰੀ ਤਨਹਾਈ' ਅਤੇ 'ਵੋਹ ਕਮਰਾ ਯਾਦ ਆਤਾ ਹੈ' ਵਰਗੀਆਂ ਸੰਜੀਦਾ ਨਜ਼ਮਾਂ ਲਿਖਣ ਤੱਕ: ਕਮਾਲ ਅਮਰੋਹੀ ਦੇ 'ਬਖਸ਼ੇ' ਸਟੋਰ-ਨੁਮਾਂ ਕਮਰੇ ਵਿਚ ਮੀਨਾ ਕੁਮਾਰੀ ਨੂੰ ਮਿਲੇ ਪੁਰਸਕਾਰਾਂ ਨੂੰ ਤਾਂਘ ਭਰੇ ਨੈਣਾਂ ਨਾਲ ਨਿਹਾਰਨ ਤੋਂ ਸਾਹਿਤ ਅਤੇ ਫ਼ਿਲਮ ਜਗਤ ਦੇ ਸਿਖਰਲੇ ਪੁਰਸਕਾਰ ਪ੍ਰਾਪਤ ਕਰਨ ਤੱਕ। ਅੱਜ ਉਹ ਪਰ੍ਹੇ ਵਿਚ ਬੜੇ ਮਾਣ ਨਾਲ ਮੰਨਦਾ ਹੈ ਕਿ ਉਸ ਕੋਲ ਅੱਲ੍ਹਾ ਦਾ ਬਖਸ਼ਿਆ ਬਹੁਤ ਕੁਛ ਹੈ- ਸ਼ੁਹਰਤ, ਸ਼ਿੱਦਤ, ਸ਼ਊਰ, ਸ਼ਬਦ ਅਤੇ ਇਨ੍ਹਾਂ ਸਭ ਤੋਂ ਉਪਰ, ਸ਼ਬਾਨਾ- ਫਿਰ ਵੀ ਇਕ ਸਦਮੱਈ ਯਾਦ ਹੈ, ਪ੍ਰਛਾਵਾਂ ਹੈ ਜੋ ਹਮੇਸ਼ਾ ਉਸ ਦੇ ਅੰਗ ਸੰਗ ਰਹਿੰਦਾ ਹੈ। ਉਹ ਹੈ ਜਨਵਰੀ 18,1953 ਦਾ ਉਹ ਮੰਜ਼ਰ ਜਦੋਂ ਉਸ ਦੀ ਮਾਂ ਕੱਫਣ ਵਿਚ ਵਲੇਟੀ ਪਈ ਸੀ। ਇਕ ਬੁੱਢੀ ਕਹਿ ਰਹੀ ਸੀ: "ਜਾਦੂ, ਆਪਣੀ ਮਾਂ ਦਾ ਚਿਹਰਾ ਆਖਰੀ ਵਾਰ ਵੇਖ ਲੈ ਅਤੇ ਵਾਅਦਾ ਕਰ ਕੇ ਤੂੰ ਜ਼ਿੰਦਗੀ ਵਿਚ ਕੁਛ ਬਣੇਂਗਾ, ਕੁਝ ਕਰੇਂਗਾ। ਮੈਂ ਕੁਛ ਨਹੀਂ ਕਹਿ ਸਕਦਾ, ਬੱਸ ਵੇਖਦਾ ਰਹਿੰਦਾ ਹਾਂ ਆਪਣੀ ਮਾਂ ਦੇ ਚਿਹਰੇ ਵੱਲ। ਇਹ ਤਾਂ ਨਹੀਂ ਕਿ ਮੈਂ ਜ਼ਿੰਦਗੀ ਵਿਚ ਕੁਛ ਨਹੀਂ ਕੀਤਾ, ਪਰ ਜਿੰਨਾ ਕਰ ਸਕਦਾ ਸੀ ਉਸ ਦਾ ਮਹਿਜ਼ ਚੌਥਾ ਹਿੱਸਾ ਅਤੇ ਇਸ ਅਹਿਸਾਸ ਦੀ ਬੇਚੈਨੀ ਕਦੇ ਚੈਨ ਨਾਲ ਨਹੀਂ ਰਹਿਣ ਦਿੰਦੀ।" ਪਰ ਇਹ ਵੀ ਸੱਚ ਹੈ ਕਿ ਇਸੇ ਬੇਚੈਨੀ ਵਿਚ, ਅਤੇ ਕਰ ਕੇ, ਇਸ ਦੀ ਕਵਿਤਾ ਹੈ, ਕਿਉਂਕਿ, ਕਵੀ ਦੇ ਪੈਰ ਅੰਗਿਆਰਿਆਂ 'ਤੇ ਹੁੰਦੇ ਹਨ।

*ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ*



# ਸਿਨੇਮਾ ਤੇ ਮਨੁੱਖੀ ਸਰੋਕਾਰ

ਜਤਿੰਦਰ ਮੌਹਰ
+91-97799-34747



ਕਲਾ ਬੰਦੇ ਨੂੰ ਸੰਵੇਦਨਸ਼ੀਲ ਬਣਾਉਂਦੀ ਹੈ। ਸੰਵੇਦਨਸ਼ੀਲ ਬੰਦਾ ਬੇਹਤਰ ਸਮਾਜ ਦਾ ਸੁਪਨਾ ਦੇਖਦਾ ਹੈ ਪਰ ਸੰਵੇਦਨਾ ਦਾ ਦਲੀਲ ਦੀ ਸਾਣ 'ਤੇ ਤਿੱਖੇ ਹੁੰਦੇ ਰਹਿਣਾ ਜ਼ਰੂਰੀ ਹੈ। ਕਲਾ ਸਮਕਾਲੀ ਸਰੋਕਾਰਾਂ ਤੋਂ ਟੁੱਟ ਕੇ ਬੀਤੇ ਦਾ ਜਾਪ ਕਰਨ ਲਈ ਨਹੀਂ ਹੁੰਦੀ। ਉਹ ਲਗਾਤਾਰ ਇਨ੍ਹਾਂ ਸਰੋਕਾਰਾਂ ਨਾਲ ਮੁਖ਼ਾਤਬ ਹੁੰਦੀ ਹੈ। ਫ਼ਿਲਮ ਨੂੰ ਇਸ ਘੇਰੇ ਤੋਂ ਬਾਹਰ ਨਹੀਂ ਰੱਖਿਆ ਜਾ ਸਕਦਾ। ਫ਼ਿਲਮ ਦਾ ਕੰਮ ਮਨੁੱਖ ਨੂੰ ਮਨੁੱਖ ਨਾਲ ਜੋੜਨਾ ਹੈ। ਦੋਹਾਂ ਵਿਚਕਾਰ ਰੋੜਾ ਚਾਹੇ ਬੋਲੀ ਦਾ ਹੋਵੇ ਜਾਂ ਖਿੱਤੇ ਦਾ, ਫ਼ਿਲਮ ਉਸ ਨੂੰ ਭੰਨ ਕੇ ਰੱਖ ਦਿੰਦੀ ਹੈ। ਫ਼ਿਲਮ ਉੱਤੇ ਭਗੌੜਾਵਾਦ ਅਤੇ ਵਿੱਤੀ ਸਰੋਕਾਰਾਂ ਤੱਕ ਮਹਿਦੂਦ ਰਹਿਣ ਦਾ ਦੋਸ਼ ਲੱਗਦਾ ਹੈ ਜੀਹਦਾ ਸਮਾਜੀ ਵਰਤਾਰੇ ਨਾਲ ਵਾਹ-ਵਾਸਤਾ ਨਹੀਂ ਹੁੰਦਾ। ਚਾਲੂ ਫ਼ਿਲਮਾਂ ਦਾ ਖ਼ਾਸਾ ਇਸ ਕਸੂਰ ਲਈ ਜ਼ਿੰਮੇਵਾਰ ਰਿਹਾ ਹੈ। ਗਾਂਧੀ ਜੀ ਨੇ ਫ਼ਿਲਮ ਨੂੰ ਵੇਸਵਾਗ਼ਮਨੀ ਦਾ ਦੂਜਾ ਰੂਪ ਕਿਹਾ ਸੀ। ਖ਼ਵਾਜ਼ਾ ਅਹਿਮਦ ਅੱਬਾਸ ਹੋਰਾਂ ਨੇ ਇਸ ਦੋਸ਼ ਦਾ ਦਲੀਲ ਸਹਿਤ ਖੰਡਨ ਕੀਤਾ ਅਤੇ ਗਾਂਧੀ ਜੀ ਨੂੰ ਜਵਾਬੀ ਚਿੱਠੀ ਲਿਖੀ। ਅੱਬਾਸ ਨੇ ਫ਼ਿਲਮ ਦੀ ਅਸਲੀ ਸਮਰੱਥਾ ਤੋਂ ਜਾਣੂ ਕਰਾਇਆ। ਚਿੱਠੀ ਪੜ੍ਹ ਕੇ ਗਾਂਧੀ ਜੀ 'ਤੇ ਹੋਏ ਅਸਰ ਬਾਰੇ ਪੱਕੇ ਰੂਪ 'ਚ ਨਹੀਂ ਕਿਹਾ ਜਾ ਸਕਦਾ ਪਰ ਉਨ੍ਹਾਂ ਨੇ ਫ਼ਿਲਮ ਬਾਰੇ ਚੰਗਾ-ਮੰਦਾ ਬੋਲਣਾ ਬੰਦ ਕਰ ਦਿੱਤਾ।

ਫ਼ਲਸਤੀਨੀ-ਚਿੰਤਕ ਐਡਵਰਡ ਸਈਦ ਕਹਿੰਦਾ ਹੈ ਕਿ ਹਰ ਸਮਾਜ 'ਚ ਉਸ ਦੀ ਚੇਤਨਾ ਦੇ ਨੁਮਾਇੰਦੇ ਜ਼ਰੂਰ ਹੁੰਦੇ ਹਨ ਬੇਸ਼ੱਕ ਉਹ ਘੱਟ ਗਿਣਤੀ ਵਿੱਚ ਹੋਣ। ਉਹ ਸਵਾਲ ਕਰਦਾ ਹੈ ਕਿ ਇਜ਼ਰਾਈਲੀ ਚੇਤਨਾ ਦੇ ਨੁਮਾਇੰਦੇ ਕਿੱਥੇ ਹਨ? ਇਹਦਾ ਜਵਾਬ ਇਜ਼ਰਾਈਲ ਦੇ ਫ਼ਿਲਮਸਾਜ਼ਾਂ ਨੇ ਦਿੱਤਾ ਹੈ। ਉਨ੍ਹਾਂ ਨੇ ਲਗਾਤਾਰ ਜੰਗ ਵਿਰੋਧੀ ਅਤੇ ਇਜ਼ਰਾਈਲੀ ਹੈਂਕੜ ਦੇ ਖ਼ਿਲਾਫ਼ ਫਿਲਮਾਂ ਬਣਾਈਆਂ ਤੇ ਦੱਸਿਆ ਕਿ ਅਸੀਂ ਯਹੂਦੀ ਹਾਂ ਤੇ ਇਜ਼ਰਾਈਲੀ ਚੇਤਨਾ ਦੇ ਨੁਮਾਇੰਦੇ ਹਾਂ। ਇਜ਼ਰਾਈਲੀ ਹੈਂਕੜ ਅਤੇ ਜੰਗੀ ਨੀਤੀਆਂ ਦੇ ਖ਼ਿਲਾਫ਼ ਮੁਲਕ 'ਚ ਸਭ ਤੋਂ ਵੱਡੀ ਧਿਰ ਫ਼ਿਲਮਸਾਜ਼ ਤੇ ਸਿਨੇਮਾ ਹੈ।

ਰੂਸੀ ਇਨਕਲਾਬ ਤੋਂ ਬਾਅਦ ਲੈਨਿਨ ਨੇ ਕਿਹਾ ਸੀ ਕਿ ਲੋਕਾਂ ਦੀ ਗੱਲ ਕਰਨ ਦਾ ਅਤੇ ਲੋਕਾਂ ਤੱਕ ਗੱਲ ਪੁਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਸਿਨੇਮਾ ਹੋਊਗਾ। ਇਸ ਐਲਾਨ ਤੋਂ ਬਾਅਦ ਸਾਮਰਾਜੀ ਮੁਲਕਾਂ ਨੇ ਪਹਿਲੀ ਵਾਰ ਸਿਨੇਮਾ 'ਤੇ ਸੈਂਸਰਸ਼ਿਪ ਬਿਠਾਈ। ਸਰਮਾਏਦਾਰੀ ਨਿਜ਼ਾਮ ਨੂੰ ਵਡਿਆਉਂਦੀਆਂ ਫ਼ਿਲਮਾਂ ਗ਼ੁਲਾਮ ਬਸਤੀਆਂ 'ਚ ਵੰਡੀਆਂ। ਇਨ੍ਹਾਂ ਬਸਤੀਆਂ 'ਚ ਸਾਡਾ ਮੁਲਕ ਸ਼ਾਮਲ ਹੋਣ ਕਰ ਕੇ ਪੰਜਾਬੀਆਂ 'ਤੇ ਅਸਰ ਹੋਣਾ ਸੁਭਾਵਕ ਸੀ। ਪੰਜਾਬੀਆਂ ਦਾ ਸਿਨੇਮੇ ਨਾਲ ਰਿਸ਼ਤਾ ਲੋੜ 'ਚੋਂ ਨਿਕਲਿਆ ਹੈ। ਰੁਚੀ ਰਾਮ ਸਾਹਨੀ ਨੇ 1886 ਦੇ ਨੇੜੇ 'ਪੰਜਾਬ ਵਿਗਿਆਨ ਸੰਸਥਾ' ਬਣਾਈ ਜੀਹਦਾ ਮੰਤਵ ਵਿਗਿਆਨ ਨੂੰ ਆਮ ਲੋਕਾਂ ਤੱਕ ਮੁਕਾਮੀ ਬੋਲੀ 'ਚ ਪੁਚਾਉਣਾ ਸੀ। ਉਹ ਲਾਲਟੈਣ ਦੇ ਪ੍ਰੋਜੈਕਟਰ ਰਾਹੀਂ ਸਲਾਈਡ-ਸ਼ੋਅ ਦਿਖਾ ਕੇ ਪੰਜਾਬੀਆਂ ਦੀ ਸਿਨੇਮੇ ਨਾਲ ਪਹਿਲੀ ਸਾਂਝ ਪਵਾਉਂਦਾ ਹੈ। ਬਾਇਨੋਕੁਲਰਸ ਦੀ ਤਸਵੀਰ ਪੇਂਡੂਆਂ ਨੂੰ ਦਿਖਾ ਕੇ ਪੰਜਾਬੀ 'ਚ ਨਾਮ ਰੱਖਣ ਲਈ ਕਹਿੰਦਾ ਸੀ। ਪੰਜਾਬੀ ਨੂੰ 'ਦੂਰਬੀਨ' ਸ਼ਬਦ ਮਿਲਿਆ। ਰੁਚੀ ਰਾਮ ਸਾਹਨੀ ਨੇ ਸੱਚੀ ਜਮਹੂਰੀਅਤ ਦਾ ਸੁਪਨਾ ਦੇਖਿਆ। ਆਜ਼ਾਦੀ ਦਾ ਮਤਲਬ ਮਹਿਜ਼ ਰਾਜ ਪਲਟਾ ਨਹੀਂ ਹੈ ਸਗੋਂ ਵਿਗਿਆਨ ਤੋਂ ਲੈ ਕੇ ਲੋਕ-ਹਿੱਤ ਦੀ ਹਰ ਚੀਜ਼ ਆਵਾਮ ਤੱਕ ਪਹੁੰਚਣ ਤੋਂ ਹੈ। ਇਸੇ ਪਹੁੰਚ ਨੇ ਤੈਅ ਕਰਨਾ ਸੀ ਕਿ ਆਜ਼ਾਦੀ ਤੋਂ ਬਾਅਦ ਕਿਸ ਤਰ੍ਹਾਂ ਦਾ ਮਨੁੱਖ ਅਤੇ ਸਮਾਜ ਸਿਰਜਿਆ ਜਾਣਾ ਹੈ? ਭਗਤ ਸਿੰਘ ਅਤੇ ਸਾਥੀ ਪੁਰਾਣੇ ਕ੍ਰਾਂਤੀਕਾਰੀਆਂ ਦੀਆਂ ਤਸਵੀਰਾਂ ਦਾ ਸਲਾਈਡ-ਸ਼ੋਅ ਲੋਕਾਂ ਨੂੰ ਦਿਖਾਉਂਦੇ ਅਤੇ ਭਾਸ਼ਣ ਦਿੰਦੇ ਸਨ। ਕਾਲਜੋਂ ਭੱਜ ਕੇ ਚਾਰਲੀ ਚੈਪਲਿਨ ਦੀਆਂ ਫ਼ਿਲਮਾਂ ਦੇਖਣ ਦਾ ਜ਼ਿਕਰ ਮਿਲਦਾ ਹੈ। ਰੁਚੀ ਰਾਮ ਸਾਹਨੀ ਜਿਹਾ ਵਿਗਿਆਨੀ ਤੇ ਭਗਤ ਸਿੰਘ ਵਰਗਾ ਇਨਕਲਾਬੀ, ਪੰਜਾਬ ਦੀ ਪ੍ਰਾਪਤੀ ਹਨ। ਦੋਵਾਂ ਦੀ ਇਕਸੁਰਤਾ ਹੈ ਕਿ ਲੋਕ-ਹਿੱਤ ਦੀ ਗੱਲ ਜਨਤਾ ਤੱਕ ਪਹੁੰਚਣੀ ਜ਼ਰੂਰੀ ਹੈ ਜੀਹਦਾ ਵੱਡਾ ਮਾਧਿਅਮ ਫ਼ਿਲਮ ਹੈ।

ਪੰਜਾਬੀਆਂ ਦੇ ਹਿੱਸੇ ਆਈ ਫ਼ਿਲਮ ਦੀ ਇਸ ਮਹਾਨ ਵਿਰਾਸਤ ਨੂੰ ਸਾਂਭਣਾ ਤੇ ਅੱਗੇ ਵਧਾਉਣਾ ਵੱਡੀ ਜ਼ਿੰਮੇਵਾਰੀ ਹੈ। ਪੰਜਾਬੀਆਂ ਦੇ ਸੋਚਣ ਦਾ ਮਸਲਾ ਹੈ ਕਿ ਇਸ ਮਹਾਨ ਵਿਰਾਸਤ ਉੱਤੇ, ਉਹ ਵਪਾਰੀ ਕਿਵੇਂ ਕਾਬਜ਼ ਹੋ ਗਏ ਜਿਨ੍ਹਾਂ ਲਈ ਪਰਵਾਸ ਦੇ ਕੁਝ ਖਾਸ ਪੱਖ, ਬੇਹੂਦਾ ਤਿਕੋਣੀਆਂ ਪ੍ਰੇਮ ਕਹਾਣੀਆਂ ਅਤੇ ਹੋਛੇ ਕਿਸਮ ਦਾ ਹਾਸਰਸ ਹੀ ਸਿਨੇਮਾ ਹੈ? ਫ਼ਿਲਮ ਦੇ ਕੇਂਦਰ 'ਚੋਂ ਪਿੰਡ ਤੇ ਪੇਂਡੂ ਗਾਇਬ ਹੋ ਗਏ ਤੇ ਪੰਜਾਬੀ ਮਨੁੱਖ ਮੰਡੀ ਦਾ ਮਾਲ ਬਣ ਗਿਆ। ਕਾਲੀਆਂ ਔਡੀਆਂ ਅਤੇ ਉੱਚੇ ਮਹਿਲਾਂ ਵਾਲੇ ਕਿਰਦਾਰ ਪੰਜਾਬੀ ਮਨ ਦੇ ਨੁਮਾਇੰਦੇ ਹੋਣ ਦਾ ਰੌਲਾ ਪਾਉਣ ਲੱਗੇ। ਹੈਂਕੜ ਦੀਆਂ ਭੰਨੀਆਂ ਦੇਹਾਂ 'ਮਿੱਟੀ ਦੇ ਪੁੱਤ' ਬਣ ਕੇ ਡੁੱਬਦੀ ਕਿਸਾਨੀ ਦਾ 'ਤਾਰਨਹਾਰ' ਕਹਾਉਂਦੀਆਂ ਹਨ। ਨੱਚਣ-ਟੱਪਣ ਨਾਲ 'ਪੰਜਾਬੀਅਤ' ਦਾ ਝੰਡਾ ਦੁਨੀਆ 'ਚ ਲਹਿਰਾਉਣ ਦੇ ਦਾਅਵੇ ਨੇ, ਪੰਜਾਬੀ ਮਨੁੱਖ ਦਾ ਕੱਖ ਨਹੀਂ ਸੰਵਾਰਿਆ। ਲੋਕ-ਮਸਲਿਆਂ ਦੀ ਸਮੁੱਚਤਾ ਮੁੰਡਿਆਂ ਦੇ ਕਬੱਡੀ ਖੇਡਣ, ਪਿੰਡ ਦੀ ਸਫ਼ਾਈ ਕਰਨ ਤੇ ਜਿੰਮ ਜਾਣ ਤੱਕ ਮਹਿਦੂਦ ਹੋ ਗਈ ਜਿਵੇਂ ਪੰਜਾਬੀ ਗੱਭਰੂ ਹੀ ਲੋਕ-ਸਮੱਸਿਆਵਾਂ ਦਾ ਕਾਰਨ ਹੋਣ? ਪੰਜਾਬੀ ਉਪ-ਬੋਲੀਆਂ ਨੂੰ ਲਗਾਤਾਰ ਹਾਸ਼ੀਏ 'ਤੇ ਧੱਕਿਆ ਗਿਆ। ਫ਼ਿਲਮਸਾਜ਼ਾਂ ਦੀ ਬੌਧਿਕ ਕੰਗਾਲੀ ਦੇ ਅਜੋਕੇ-ਦੌਰ 'ਚ ਹਰ ਕਿਸੇ ਨੂੰ ਚੰਮ੍ਹ ਦੀਆਂ ਚਲਾਉਣ ਦਾ ਮੌਕਾ ਮਿਲਿਆ। ਪੰਜਾਬੀ ਸਿਨੇਮਾ ਦੇ ਸਾਊ ਤੇ ਵੱਡੇ ਮੰਨੇ ਜਾਂਦੇ ਫ਼ਿਲਮਸਾਜ਼ ਦਾ ਬਿਆਨ ਪਾਠਕਾਂ ਨੇ ਦਿਲਚਸਪੀ ਨਾਲ ਪੜ੍ਹਿਆ ਹੋਵੇਗਾ ਕਿ ਪੰਜਾਬੀਆਂ (ਸੰਗਤ) ਦਾ ਬੌਧਿਕ ਪੱਧਰ ਉੱਚਾ ਨਾ ਹੋਣ ਕਰਕੇ ਉਹ ਚੰਗੀ ਅਤੇ ਮੁੱਦਾ-ਪ੍ਰਧਾਨ ਫ਼ਿਲਮ ਨਹੀਂ ਬਣਾਉਂਦੇ। ਇਹ ਸੰਗਤ ਦੇ ਬੌਧਿਕ ਪੱਧਰ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਜਿਸ ਸੰਗਤ ਨੂੰ ਸਾਡੇ ਗੁਰੂ ਸਾਹਿਬਾਨ ਨੇ ਇੱਕੀ ਵਿਸਵੇ ਕਹਿ ਕੇ ਖੁਦ ਤੋਂ ਵੱਡਾ ਸਿੱਧ ਕੀਤਾ ਹੋਵੇ। ਉਨ੍ਹਾਂ ਦੇ ਬੌਧਿਕ ਪੱਧਰ 'ਤੇ ਸਵਾਲ ਖੜ੍ਹਾ ਕਰਨਾਂ ਗੁਰੂ ਤੋਂ ਬੇਮੁੱਖ ਹੋਣ ਵਾਲੀ ਗੱਲ ਹੈ ਅਤੇ ਫ਼ਿਲਮਸਾਜ਼ ਦੀ ਬੌਧਿਕ ਕੰਗਾਲੀ ਦਾ ਉਘੜਵਾਂ ਰੂਪ ਹੈ। ਅਪਣੀ ਨਲਾਇਕੀ ਨੂੰ ਲੁਕੋਣ ਲਈ ਸੰਗਤ ਨੂੰ ਨਲਾਇਕ ਕਹਿਣ ਵਾਲਿਆਂ ਤੋਂ ਪੰਜਾਬੀ ਸਿਨੇਮੇ ਦੀ ਬੇਹਤਰੀ ਦੀ ਆਸ ਕਰਨਾ ਧੁੰਦ ਦੇ ਬੱਦਲਾਂ 'ਚੋਂ ਮੀਂਹ ਲੱਭਣ ਦੇ ਬਰਾਬਰ ਹੈ।

ਸੱਭਿਆਚਾਰਕ ਮੁਹਾਜ਼ ਤੋਂ ਸਿਆਸਤ ਦੇ ਮੁਹਾਜ਼ ਤੱਕ ਇੱਕ ਗੱਲ ਵਾਰ ਵਾਰ ਪ੍ਰਚਾਰੀ ਜਾਂਦੀ ਹੈ ਕਿ ਜੇ ਅਸੀਂ ਐਨੇ ਬੁਰੇ ਹਾਂ ਤੇ ਲੋਕ ਵਿਰੋਧੀ ਹਾਂ ਤਾਂ ਲੋਕ ਸਾਨੂੰ ਕਿਉਂ ਸੁਣਦੇ ਹਨ ਤੇ ਕਿਉਂ ਚੁਣਦੇ ਹਨ? ਇਹ ਦਾ ਜਵਾਬ ਮਸ਼ਹੂਰ ਇਨਕਲਾਬੀ ਚੀ ਗੁਵੇਰਾ ਦਿੰਦਾ ਹੈ ਜਿਸ ਨੂੰ ਮਾਰਨ ਤੋਂ ਪਹਿਲਾਂ ਬੋਲੀਵੀਆਈ ਆਰਮੀ ਦਾ ਅਫ਼ਸਰ ਏਹੀ ਸਵਾਲ ਪੁੱਛਦਾ ਹੈ। ਚੀ ਗੁਵੇਰਾ ਦਾ ਜਵਾਬ ਹੈ "ਕਿਉਂਕਿ ਲੋਕ ਥੋੜੇ ਕੁਫ਼ਰ ਤੇ ਭਰੋਸਾ ਕਰਦੇ ਨੇ ਪਰ ਸਾਡਾ ਸੰਗਰਾਮ ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਜ਼ਰੂਰ ਜਗਾਊਗਾ"। ਪਾਸ਼ ਕਈ ਦਹਾਕੇ ਪਹਿਲਾਂ ਅਜਿਹੇ ਲੋਕਾਂ ਨੂੰ ਕੁੱਤੇ ਕਹਿ ਕੇ ਗਿਆ ਹੈ ਜੋ ਲੋਕਾਂ ਦੀਆਂ ਚੀਕਾਂ 'ਚੋਂ ਸੰਗੀਤ ਲੱਭਦੇ ਹਨ। ਲੋਕਾਂ ਦੀਆਂ ਚੀਕਾਂ 'ਚੋਂ ਸੰਗੀਤ ਲੱਭਣਾ ਬੜਾ ਲਾਹੇਵੰਦ ਧੰਦਾ ਬਣ ਗਿਆ ਹੈ।

> ਫ਼ਿਲਮ ਬਣਾਉਣ ਦਾ ਇੱਕ ਨਜ਼ਰੀਆ ਖ਼ਾਲਸ ਮੁਨਾਫ਼ਾ ਕਮਾਉਣ ਤੱਕ ਮਹਿਦੂਦ ਹੁੰਦਾ ਹੈ। 'ਦਬੰਗ' ਜਾਂ 'ਗ਼ਜ਼ਨੀ' ਦੀ ਕਰੋੜਾਂ ਦੀ ਕਮਾਈ ਦੇ ਅੰਕੜੇ ਇਸਦੀ ਪੁਸ਼ਟੀ ਕਰਦੇ ਹਨ। ਦਮੜਿਆਂ ਦੀ ਚਕਾਚੌਂਧ ਵਿੱਚ ਸੰਗਤ ਦੇ ਦੁੱਖ-ਦਰਦ ਸਹਿਜੇ ਭੁਲਾਏ ਜਾ ਸਕਦੇ ਹਨ।

ਫ਼ਿਲਮਸਾਜ਼ ਹੋਣ ਦੇ ਨਾਤੇ ਮੇਰਾ ਮੰਨਣਾ ਹੈ ਕਿ ਅਸੀਂ ਉਸ ਵਿਚਾਰ 'ਤੇ ਫ਼ਿਲਮ ਬਣਾਉਂਦੇ ਹਾਂ ਜੋ ਸਾਨੂੰ ਭਾਵੁਕ ਕਰਦਾ ਹੈ ਤੇ ਭਾਵੁਕਤਾ ਲਈ ਬੇਚੈਨੀ ਹੋਣੀ ਜ਼ਰੂਰੀ ਹੈ। ਜਿਸ ਦੀ ਤੰਦ ਸੰਗਤ ਨਾਲ ਜੁੜੀ ਹੋਣੀ ਚਾਹੀਦੀ ਹੈ। ਜੋ ਬੰਦਾ ਆਲੇ ਦੁਆਲੇ ਤੋਂ ਬੇਚੈਨ ਨਹੀਂ ਹੈ। ਉਸਦੀ ਭਾਵੁਕਤਾ ਵੀ ਨਕਲੀ ਹੋਵੇਗੀ ਤੇ ਕਲਾ ਵੀ। ਫ਼ਿਲਮ ਦਾ ਖ਼ਾਸਾ ਫ਼ਿਲਮਸਾਜ਼ ਦੇ ਨਜ਼ਰੀਏ ਨੇ ਤੈਅ ਕਰਨਾ ਹੈ। ਫ਼ਿਲਮਸਾਜ਼ ਲਈ ਸੰਗਤ ਸਿਰਫ਼ ਖਪਤਕਾਰ ਹੈ ਜਾਂ ਜਿਉਂਦੀ ਜਾਗਦੀ ਸ਼ੈਅ ਹੈ ਜੀਹਦੇ ਨਾਲ ਗੱਲ ਕੀਤੀ ਜਾ ਸਕਦੀ ਹੈ ਤੇ ਜਿਸ ਨੂੰ ਮਨੁੱਖੀ ਜ਼ਿੰਦਗੀ ਦੀ ਬੇਹਤਰੀ ਦਾ ਸੁਪਨਾ ਦੇਖਣ ਦਾ ਹੱਕ ਹੈ? ਫ਼ਿਲਮ ਬਣਾਉਣ ਦਾ ਇੱਕ ਨਜ਼ਰੀਆ ਖ਼ਾਲਸ ਮੁਨਾਫ਼ਾ ਕਮਾਉਣ ਤੱਕ ਮਹਿਦੂਦ ਹੁੰਦਾ ਹੈ। 'ਦਬੰਗ' ਜਾਂ 'ਗ਼ਜ਼ਨੀ' ਦੀ ਕਰੋੜਾਂ ਦੀ ਕਮਾਈ ਦੇ ਅੰਕੜੇ ਇਸਦੀ ਪੁਸ਼ਟੀ ਕਰਦੇ ਹਨ। ਦਮੜਿਆਂ ਦੀ ਚਕਾਚੌਂਧ ਵਿੱਚ ਸੰਗਤ ਦੇ ਦੁੱਖ-ਦਰਦ ਸਹਿਜੇ ਭੁਲਾਏ ਜਾ ਸਕਦੇ ਹਨ। ਜੇ ਫ਼ਿਲਮ ਬੰਗਲਿਆਂ ਤੇ ਕਾਲੀਆਂ ਔਡੀਆਂ ਲਈ ਬਣਾਈ ਜਾਂਦੀ ਹੈ ਤਾਂ ਕਾਮਯਾਬੀ ਦਾ ਪੈਮਾਨਾ ਵਿੱਤੀ ਰੂਪ 'ਚ ਦੇਖਿਆ ਜਾਵੇਗਾ। ਦੂਜਾ ਨਜ਼ਰੀਆ ਸੰਗਤ ਨਾਲ ਸਾਰਥਕ ਸੰਵਾਦ ਰਚਾਉਣ ਲਈ ਫ਼ਿਲਮ ਬਣਾਉਣ ਦਾ ਹੈ। ਫਿਰ ਕਾਮਯਾਬੀ ਦਾ ਪੈਮਾਨਾ ਇਹ ਹੋਊ ਕਿ ਫਿਲਮ ਸੰਗਤ ਨਾਲ ਸਾਰਥਕ ਤੇ ਗੰਭੀਰ ਸੰਵਾਦ ਰਚਾਉਣ 'ਚ ਕਾਮਯਾਬ ਹੋਈ ਹੈ ਜਾਂ ਨਹੀਂ? ਸਾਨੂੰ ਮੰਨਣਾ ਪਏਗਾ ਕਿ 'ਹਰ ਮਿੱਟੀ ਕੁੱਟਿਆਂ ਨੀ ਭੁਰਦੀ, ਕਾਰ ਸੇਵਾ, ਜੰਗ ਤੇ ਅਮਨ, ਮੜ੍ਹੀ ਦਾ ਦੀਵਾ ਅਤੇ ਆਕ੍ਰੋਸ਼' ਵਰਗੀਆਂ ਫ਼ਿਲਮਾਂ ਦਬੰਗ ਤੇ ਗ਼ਜ਼ਨੀ ਜਿੰਨ੍ਹੀਆਂ ਕਾਮਯਾਬ ਹਨ। ਸਾਰੀਆਂ ਨੇ ਆਪੋ-ਅਪਣੇ ਨਿਸ਼ਾਨੇ ਹਾਸਲ ਕੀਤੇ ਹਨ।

ਫ਼ਿਲਮਸਾਜ਼ ਸੰਗਤ ਨੂੰ ਆਮ ਹੀ ਦਲੀਲ ਦਿੰਦੇ ਹਨ ਕਿ ਫ਼ਿਲਮ ਦੇਖਣ ਵੇਲੇ ਦਿਲ ਤੇ ਦਿਮਾਗ ਘਰ ਰੱਖ ਕੇ ਆਉ। ਜਾਣ-ਬੁੱਝ ਕੇ ਜਾਂ ਸੁਤੇ-ਸਿੱਧ ਦਿੱਤੀ ਜਾਂਦੀ ਇਸ ਦਲੀਲ ਉੱਤੇ ਗੁੱਸਾ ਆਉਣਾ ਸੁਭਾਵਕ ਹੈ। ਫ਼ਿਲਮਸਾਜ਼ ਕੋਲ ਕੋਈ ਬੌਧਿਕ ਹੱਕ ਨਹੀਂ ਹੈ ਕਿ ਉਹ ਸੰਗਤ ਨੂੰ ਅਪਣੀਆਂ ਗਿਆਨ ਇੰਦਰੀਆਂ ਵਰਤਣ ਤੋਂ ਰੋਕੇ। ਸ਼ਹੀਦ ਭਗਤ ਸਿੰਘ ਦੇ ਸ਼ਬਦਾਂ 'ਚ ਇਹ ਮਨੁੱਖ ਵਰਗੇ ਉੱਚੇ ਜੀਵ ਦੀ ਹੱਤਕ ਹੈ। ਅਜਿਹਾ 'ਹੁਕਮ' ਸੁਣਾਉਣ ਪਿੱਛੇ ਫ਼ਿਲਮਸਾਜ਼ ਦੀ ਮਨਸ਼ਾ ਨੂੰ ਸਮਝਣਾ ਜ਼ਰੂਰੀ ਹੈ। ਸੰਗਤ ਨੂੰ ਮੰਡੀ ਦਾ ਮਾਲ ਸਮਝਣ ਵਾਲੀ ਸੋਚ ਲਈ, ਦਿਲ ਅਤੇ ਦਿਮਾਗ ਤੋਂ ਗੈਰਹਾਜ਼ਰ ਬੰਦਾ ਚੰਗਾ ਗ੍ਰਾਹਕ ਹੁੰਦਾ ਹੈ। ਗ੍ਰਾਹਕ ਨਾਲ ਰਿਸ਼ਤਾ ਸਿਰਫ਼ ਮੁਨਾਫ਼ੇ ਦਾ ਹੋ ਸਕਦਾ ਹੈ। ਮਨੁੱਖ ਦੇ ਖ਼ਿਲਾਫ਼ ਭੁਗਤ ਰਹੇ ਢਾਂਚੇ ਲਈ ਅਜਿਹਾ ਗ੍ਰਾਹਕ ਫ਼ਾਇਦੇਮੰਦ ਹੈ ਪਰ ਜਦੋਂ ਅਸੀਂ ਦਰਸ਼ਕ ਨੂੰ ਸੰਗਤ ਦੇ ਰੂਪ 'ਚ ਪ੍ਰਵਾਨ ਕਰਾਂਗੇ ਤਾਂ ਉਹਦੇ ਨਾਲ ਅਪਣੱਤ ਦੀ ਤੰਦ ਜੁੜੇਗੀ, ਜੀਹਨੇਂ ਫ਼ਿਲਮਸਾਜ਼ ਨਾਲ ਜ਼ਿੰਮੇਵਾਰੀ ਵਾਲਾ ਰਿਸ਼ਤਾ ਤੈਅ ਕਰਨਾ ਹੈ। ਇਸ ਜ਼ਿੰਮੇਵਾਰੀ ਦੇ ਅਹਿਸਾਸ 'ਚੋਂ ਫ਼ਿਲਮ ਸੰਵਾਦ ਕਰਨ ਦਾ ਮਾਧਿਅਮ ਬਣਦੀ ਹੈ ਤੇ ਸੰਵਾਦ ਕਦੇ ਇਕਤਰਫਾ ਨਹੀਂ ਹੋ ਸਕਦਾ। ਸੰਵਾਦ, ਫ਼ਿਲਮਸਾਜ਼ ਅਤੇ ਸੰਗਤ ਨੂੰ ਬਰਾਬਰ ਦੀ ਅਹਿਮੀਅਤ ਦਿੰਦਾ ਹੈ। ਸੰਗਤ ਦਾ ਕੀਮਤੀ ਸਮਾਂ ਅਤੇ ਸਰਮਾਇਆ ਲੁੱਟਣ ਦਾ ਫ਼ਿਲਮਸਾਜ਼ ਨੂੰ ਕੋਈ ਹੱਕ ਨਹੀਂ ਜੇ ਉਸ ਕੋਲ ਸਾਂਝੀ ਕਰਨ ਲਈ ਸਾਰਥਕ ਗੱਲ ਨਹੀਂ ਹੈ।

ਅੱਜ ਪਛਾਣ ਕਰਨੀ ਬਣਦੀ ਹੈ ਕਿ ਉਹ ਕੇਹੜੇ ਲੋਕ ਹਨ ਜੋ ਪੰਜਾਬੀ ਸੱਭਿਆਚਾਰ, ਸਿਆਸਤ ਅਤੇ ਧਰਮ ਦੇ ਨੁਮਾਇੰਦੇ ਹੋਣ ਦਾ ਸਾਜਸ਼ੀ ਡਰਾਮਾ ਕਰ ਰਹੇ ਹਨ? ਅੱਜ ਜਦੋਂ ਸਾਡਾ ਆਲਾ ਦੁਆਲਾ ਤੇ ਪੂਰੀ ਦੁਨੀਆ ਏਨੀ ਵਿਸਫੋਟਕ ਹੈ, ਜਦੋਂ ਵੱਢ ਮਾਰ ਕੇ ਗੱਲ ਕਰਨ ਦੀ ਘੜੀ ਆਈ ਹੋਵੇ ਤੇ ਡਾਹਢਿਆਂ ਦੇ ਹੱਥ ਸਾਡੇ ਗਲਾਂ ਤੱਕ ਪਹੁੰਚ ਚੁੱਕੇ ਹੋਣ; ਉਸ ਵੇਲੇ ਸਿਨੇਮਾ ਪਿੱਛੇ ਨਹੀਂ ਰਹਿ ਸਕਦਾ। ਸਿਨੇਮਾ ਜੋ ਸੰਗਤ ਦੀ ਗੱਲ ਕਰਨ ਦਾ ਤੇ ਸੰਗਤ ਤੱਕ ਗੱਲ ਪੁਚਾਉਣ ਦਾ ਸਭ ਤੋਂ ਵੱਡਾ ਮਾਧਿਅਮ ਹੈ। ਇਸ ਮਾਧਿਅਮ ਰਾਹੀਂ ਅਸੀਂ ਸੰਗਤ ਨਾਲ ਸੰਵਾਦ ਕਰਨਾ ਹੈ। ਸੰਵਾਦ ਜੋ ਸਾਨੂੰ ਬਾਬੇ ਨਾਨਕ ਦੀ ਵਿਰਾਸਤ 'ਚੋਂ ਮਿਲਿਆ ਹੈ ਤੇ ਸਮੇਂ ਦਾ ਸੱਚ ਸਮੇਂ ਦੇ ਨਾਲ ਹੀ ਬੋਲਿਆ ਜਾਣਾ ਚਾਹੀਦਾ ਹੈ।


# PUNJABI MARKET
ਪੰਜਾਬੀ ਮਾਰਕੀਟ ਗਰੋਸਰੀ ਸਟੋਰ GROCERY STORE



ਇਥੋਂ ਇੰਡੀਅਨ ਪਾਕਿਸਤਾਨੀ ਗਰੋਸਰੀ, ਮਸਾਲੇ, ਤਾਜ਼ੀਆਂ ਸਬਜ਼ੀਆਂ ਅਤੇ ਫਲ-ਫਰੂਟ ਮਿਲਦੇ ਹਨ।

A Large Selection of Indian, Pakistani, Fijian Groeries, Spices, Fresh Vegetables & Much Much More....



For More Info : 403-277-7736
#527 4774 Westwinds Dr. N.E. Calgary
(Behind Green Plaza)



# Royal Executive Homes

Hurry Only 2 Left

## Town Houses in Wildwood

- Excellent Location
- Close To all Amenities
- Transit Access
- Affordable Prices
- Future Rec Center
- Close to White Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen

Available From 1232sq ft. to 1589 sq ft. with attached Single and Double Garage. Starting Pirce : $ ~~309,900~~

**Price Reduced**

**Now Only**

**$ 289,900**

For Show Home Hours:
Contact
780-965-7390









## Wild Wood Town Houses

1820, 34th AVE Edmonton.
780-965-7390
780-906-4497
Email : royalexecutivehomes@hotmail.com




SALES CONTACT :

Roohi@ 780-905-6970
Kul Bhatia @ 780-266-5500



SOHAIL QUADRI, MLA
EDMONTON - MILL WOODS

**Sohail Quadri, MLA invites you to a Round Table Discussion during February 2014**

As your MLA, I am always available to assist you. If you have any concerns, if you would like to discuss any Provincial matter or questions, please feel free to book an appointment and join in a discussion at the Constituency Office

We also provide Notary and Commissioner of Oaths Services (By Appointments Only)

Committees and Councils the MLA is a member of:
- Member of the Select Special Ethics Commissioner Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



BRIDGEPORT HOMES LTD.
BEST PRICES IN TOWN
WE ASSURE BEATING MARKET PRICE

Special Offer $350000.00 only

Now New Homes in wildwood crs (South Edmonton)
loaded with Upgrades & Ready to Move

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718